




# ਕਿੰਨਰਾਂ ਦਾ ਵੀ ਦਿਲ ਹੁੰਦਾ ਹੈ

(ਹਿਜੜਿਆਂ ਦੀ ਜ਼ਿੰਦਗੀ ਨਾਲ ਸਬੰਧਿਤ ਕਹਾਣੀਆਂ)

**ਇਸੇ ਕਲਮ ਤੋਂ**

-ਸਿਖਰ ਦੁਪਹਿਰਾ (2003, 2005)
-ਖਿੱਤੀਆਂ ਘੁੰਮ ਰਹੀਆਂ ਨੇ (2008)
-ਮੈਂ ਤੇ ਮੇਰੀ ਖਾਮੋਸ਼ੀ (2013)
-ਮੇਰੀਆਂ ਬਾਲ ਕਹਾਣੀਆਂ (2015)
-ਬਿੱਲੀਆਂ ਅੱਖਾਂ ਦਾ ਜਾਦੂ (2015)

# ਕਿੰਨਰਾਂ ਦਾ ਵੀ ਦਿਲ ਹੁੰਦਾ ਹੈ

(ਹਿਜੜਿਆਂ ਦੀ ਜ਼ਿੰਦਗੀ ਨਾਲ ਸਬੰਧਿਤ ਕਹਾਣੀਆਂ)

ਸੰਪਾਦਕ
**ਜਸਵੀਰ ਰਾਣਾ**

Caliber Publication

**Kinra'n Da Vi Dil Hunda Hai**
(A Book Of Short Stories)
Edited By
**Jasvir Rana** ©
#Swaran Villa
V.P.O. Amargarh (Sangrur)
M. 98156-59220
Ph. 01675-284896

Caliber Publication
Patiala (Punjab) 148002
Mob. 98154-48958, 80548-69313
E-mail. caliberpublication@gmail.com

1st Edition 2015
2nd Edition 2016
ISBN 978-93-85235-03-0

ਮੁੱਲ-160 (P.B.)
Printing: Shiv Sakti Printers, Delhi

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਪੰਜਾਬੀ ਸੁਰ, ਸਾਜ਼, ਸ਼ਾਇਰੀ ਤੇ ਕਥਾਕਾਰੀ ਦੀ ਸੱਜਰੀ ਪੈੜ
ਜਸਮੀਤ ਕੌਰ ਤੇ ਉਨ੍ਹਾਂ ਦੇ ਹਮਸਫ਼ਰ ਸ. ਬਲਦੇਵ ਸਿੰਘ ਦੇ ਨਾਂ,
ਜਿਨ੍ਹਾਂ ਨੇ ਆਪਣੀ ਰੂਹ ਵਿਚ ਵਸਦੀ ਦਾਨਿਸ਼ਵਰੀ ਨਾਲ ਜ਼ਿੰਦਗੀ ਦੀ ਕਿਤਾਬ
ਵਿਚ ਸਫ਼ਲਤਾ ਦੀ ਨਵੀਂ ਪਰਿਭਾਸ਼ਾ ਦਰਜ਼ ਕੀਤੀ ਹੈ...।

# ਤਤਕਰਾ


| | | |
|---|---|---|
| ♦ | ਕਿੰਨਰਾਂ ਦਾ ਵੀ ਦਿਲ ਹੁੰਦਾ ਹੈ | ਜਸਵੀਰ ਰਾਣਾ/7 |
| ♦ | ਹਮਜਿਨਸ | ਕਰਤਾਰ ਸਿੰਘ ਦੁੱਗਲ/10 |
| ♦ | ਉੱਚਾ ਬੁਰਜ ਲਾਹੌਰ ਦਾ | ਨਵਤੇਜ ਪੁਆਧੀ/18 |
| ♦ | ਮਟਕਣ ਲਾਲ ਖੋਜਾ | ਮੋਹਨ ਭੰਡਾਰੀ/26 |
| ♦ | ਉਸਦਾ ਬਾਪ | ਰਾਮ ਸਰੂਪ ਅਣਖੀ/34 |
| ♦ | ਭੇਤ ਵਾਲੀ ਗੱਲ | ਮਨਿੰਦਰ ਕਾਂਗ/40 |
| ♦ | ਸਤੀ | ਵੀਨਾ ਵਰਮਾ/61 |
| ♦ | ਰੇਤਲਾ | ਨਿਰਮਲ ਜਸਵਾਲ/78 |
| ♦ | ਮਲਕਾ | ਡਾ. ਹਰਜੀਤ ਕੌਰ/87 |
| ♦ | ਮਹਾਂਨਾਚ | ਡਾ. ਤਰਸਪਾਲ ਕੌਰ/99 |
| ♦ | ਮ੍ਰਿਗਤ੍ਰਿਸ਼ਨਾ | ਐੱਸ. ਬਲਵੰਤ/107 |
| ♦ | ਵੇ ਸੋਨੇ ਦਿਆ ਕੰਗਣਾ | ਗੁਰਮੀਤ ਕੜਿਆਲਵੀ/112 |
| ♦ | ਜੀਣ ਜੋਗਾ | ਗੁਰਸੇਵਕ ਪ੍ਰੀਤ/120 |
| ♦ | ਨੂਰੀ | ਅਨੇਮਨ ਸਿੰਘ/134 |
| ♦ | ਕੰਨ 'ਚ ਪਾਇਆ ਬੂੰਦਾ | ਰਸ਼ੀਦ ਅੱਬਾਸ/147 |
| ♦ | ਘੁੰਗਰੂ-ਕਥਾ | ਜਸਵੀਰ ਰਾਣਾ/153 |
| ♦ | ਸੰਪਾਦਕ ਦਾ ਜੀਵਨ-ਬਿਊਰਾ | /175 |




# ਕਿੰਨਰਾਂ ਦਾ ਵੀ ਦਿਲ ਹੁੰਦਾ ਹੈ

ਮਨੁੱਖੀ ਸਮਾਜ ਵਿੱਚ ਬਹੁਤ ਸਾਰੇ ਲੋਕ ਐਸੇ ਹਨ ਜਿਹੜੇ ਹਾਸ਼ੀਏ 'ਤੇ ਬੈਠੇ ਹਨ। ਬਹੁਤ ਸਾਰੇ ਲੋਕ ਐਸੇ ਹਨ ਜਿਹੜੇ ਹਾਸ਼ੀਏ ਤੋਂ ਵੀ ਪਾਰ ਬੈਠੇ ਹਨ। ਐਸੇ ਲੋਕਾਂ ਵਿੱਚੋਂ ਇੱਕ ਵਰਗ ਹਿਜੜਿਆਂ ਜਾਂ ਕਿੰਨਰਾਂ ਦਾ ਹੈ। ਇਹ ਉਹ ਲੋਕ ਹਨ ਜਿਨ੍ਹਾਂ ਦੀ ਮਨੁੱਖੀ ਸਮਾਜ ਦੀ ਮੁੱਖ-ਧਾਰਾ ਵਿੱਚ ਕੋਈ ਥਾਂ ਨਹੀਂ। ਇਹ ਨਿਥਾਵੇਂ ਹਨ। ਸਮਾਜ ਵਿੱਚ ਇਨ੍ਹਾਂ ਦੇ ਘਰ, ਪਰਿਵਾਰ, ਖ਼ਾਨਦਾਨ, ਸਾਂਝ, ਰਿਸ਼ਤੇਦਾਰੀ, ਔਲਾਦ, ਹੋਂਦ ਤੇ ਪਛਾਣ ਸਭ ਕੁਝ ਮਨਫ਼ੀ ਹੈ। ਇਹ ਸਮਾਜਿਕ ਤੌਰ 'ਤੇ ਵਿਛੁੰਨੇ ਹੋਏ ਲੋਕ ਹਨ। ਪਰ ਫਿਰ ਵੀ ਇਹ ਮਨੁੱਖ ਹਨ। ਇਨ੍ਹਾਂ ਦੀਆਂ ਵੀ ਭੁੱਖਾਂ, ਤੇਹਾਂ, ਲੋੜਾਂ, ਥੁੜਾਂ, ਭਾਵਨਾਵਾਂ, ਚਾਹਤਾਂ, ਸੁਪਨੇ ਅਤੇ ਸੱਧਰਾਂ ਹਨ। ਇਨ੍ਹਾਂ ਦੀ ਸਭ ਤੋਂ ਵੱਡੀ ਸੱਧਰ ਆਪਣੀ ਹੋਂਦ ਤੇ ਪਛਾਣ ਲਈ ਤਾਂਘ ਅਤੇ ਤੜਪ ਹੈ। ਪਰ ਸਮਾਜ ਦੀ ਮੁੱਖ-ਧਾਰਾ ਇਨ੍ਹਾਂ ਵੱਲ ਪਿੱਠ ਕਰਕੇ ਖਲੋਤੀ ਹੈ। 21ਵੀਂ ਸਦੀ ਦੇ ਸਾਲ 2014 ਤੱਕ ਪਹੁੰਚਦਿਆਂ ਭਾਵੇਂ ਕਿ ਸੁਪਰੀਮ ਕੋਰਟ ਨੇ ਇਨ੍ਹਾਂ ਲੋਕਾਂ ਲਈ 'ਤੀਸਰਾ ਲਿੰਗ' ਹੋਣ ਦਾ ਫ਼ੈਸਲਾ ਸੁਣਾ ਕੇ ਕਿਹਾ ਹੈ ਕਿ ਹਰ ਸਰਕਾਰੀ ਦਸਤਾਵੇਜ਼ ਵਿੱਚ ਔਰਤ ਅਤੇ ਮਰਦ ਦੇ ਨਾਲ ਹੀ ਹਿਜੜਿਆਂ ਜਾਂ ਕਿੰਨਰਾਂ ਲਈ 'ਤੀਸਰਾ ਲਿੰਗ' ਦਾ ਕਾਲਮ ਵੀ ਜ਼ਰੂਰ ਹੋਵੇ। ਇਸ ਦੇ ਨਾਲ ਹੀ ਇਸ ਸਮਾਜ ਨੂੰ ਪੱਛੜੇ ਵਰਗ ਵਿੱਚ ਰੱਖੇ ਜਾਣ ਨਾਲ ਰਾਖਵੇਂਕਰਨ ਦੀ ਸਹੂਲਤ ਵੀ ਮਿਲ ਗਈ ਹੈ। ਪਰ ਕੀ ਇਸ ਨਾਲ ਸਮਾਜ ਵਿੱਚ ਇਨ੍ਹਾਂ ਦੀ ਹੋਂਦ ਤੇ ਪਛਾਣ ਨਿਸ਼ਚਿਤ ਹੋ ਜਾਂਦੀ ਹੈ!

ਸੱਚ ਤਾਂ ਇਹ ਹੈ ਕਿ ਹਾਸ਼ੀਏ ਤੋਂ ਵੀ ਪਾਰ ਵਿਚਰ ਰਹੀ ਇਸ ਧਿਰ ਦਾ ਜੀਵਨ-ਯਥਾਰਥ ਬਹੁਤ ਕਰੂਰ ਹੈ। ਸਮਾਜ ਦੀ ਮੁੱਖ-ਧਾਰਾ ਵਿੱਚ ਵਸਦੇ ਮਨੁੱਖਾਂ ਦੀਆਂ ਖੁਸ਼ੀਆਂ ਲਈ ਨੱਚ-ਗਾ ਕੇ ਆਪਣਾ ਜੀਵਨ ਬਸਰ ਕਰਨ ਵਾਲੀ ਇਸ ਧਿਰ ਸੰਬੰਧੀ ਮਈ-ਅਗਸਤ 2014 ਦੇ 'ਹੁਣ' ਮੈਗਜ਼ੀਨ ਦੀ ਸੰਪਾਦਕੀ ਵਿੱਚ ਪੰਜਾਬੀ ਦਾ ਚਿੰਤਕ ਸ਼ਾਇਰ ਸੁਸ਼ੀਲ ਦੁਸਾਂਝ ਲਿਖਦਾ ਹੈ, "ਭਾਰਤ ਦੀ ਸਾਹਿਤਕ ਰਵਾਇਤ ਹਾਸ਼ੀਏ 'ਤੇ ਬੈਠੇ ਵਿਅਕਤੀ ਨੂੰ ਉਠਾ ਕੇ ਆਪਣੀ ਮੰਜ਼ਿਲ ਵੱਲ ਤੋਰ ਦੇਣ ਦੀ ਰਹੀ ਹੈ। ਲੇਖਕ ਹੀ ਹਰ ਦਲਿਤ, ਦਮਿਤ ਤੇ ਸੋਸ਼ਤ ਵਿਅਕਤੀ ਦਾ ਸੱਚਾ ਸਾਥੀ ਹੈ। ਪਰ ਭਾਰਤੀ ਸਮਾਜ ਵਿੱਚ ਸਭ ਤੋਂ ਹੇਠਲੇ ਦਰਜ਼ੇ 'ਤੇ ਵਿਚਰ ਰਹੇ ਕਿੰਨਰ ਸਮਾਜ ਪ੍ਰਤੀ ਭਾਰਤੀ ਲੇਖਕ ਵੀ ਅਵੇਸਲਾ ਹੀ ਰਿਹਾ ਹੈ। ਕਿੰਨਰਾਂ 'ਤੇ ਕੇਂਦਰਤ ਸਾਹਿਤ ਸਿਰਜਣਾ ਬੇਹੱਦ ਚੁਣੌਤੀਆਂ ਭਰਪੂਰ ਹੈ। ਉਨ੍ਹਾਂ ਦੇ ਦੁੱਖ-ਸੁੱਖ, ਲਿੰਗਕ ਅਪਾਹਜਤਾ ਕਰਕੇ ਉਨ੍ਹਾਂ ਨਾਲ ਹੁੰਦਾ ਭੇਦ-ਭਾਵ, ਰੁਜ਼ਗਾਰ ਅਤੇ ਪਰਿਵਾਰਾਂ ਤੋਂ ਸਦੀਵੀ ਵਿਛੋੜੇ ਕਾਰਨ ਉਨ੍ਹਾਂ ਦੀ ਜ਼ਿੰਦਗੀ ਲਗਭਗ ਨਰਕ ਬਣੀ ਹੁੰਦੀ ਹੈ। ਅੱਜ ਭਾਰਤੀ ਸਮਾਜ ਵਿੱਚ ਜੇਕਰ ਕੋਈ ਵਰਗ ਸਮਾਜਿਕ ਤੌਰ 'ਤੇ ਸਭ ਤੋਂ ਜ਼ਿਆਦਾ ਅਛੂਤ ਬਣਾ ਦਿੱਤਾ ਗਿਆ ਹੈ ਤਾਂ ਉਹ ਕਿੰਨਰ ਸਮਾਜ ਹੀ ਹੈ। ਇਸ ਹਾਲਤ ਵਿੱਚ ਸਾਹਿਤ ਨੇ ਹੀ ਬਾਕੀ ਸਮਾਜ ਨੂੰ ਇਹ ਦੱਸਣਾ ਹੈ ਕਿ ਕਿੰਨਰਾਂ ਦਾ ਵੀ ਦਿਲ ਹੁੰਦਾ ਹੈ ਤੇ ਉਹ ਹਰ ਮਰਦ ਤੇ ਇਸਤਰੀ ਦੇ ਦਿਲ ਵਾਂਗ ਧੜਕਦਾ ਹੈ!"

ਇਸ ਨੁਕਤਾ ਨਿਗਾਹ ਤੋਂ ਜਦੋਂ ਅਸੀਂ ਇਨ੍ਹਾਂ ਧੜਕਦੇ ਦਿਲ ਵਾਲੇ ਲੋਕਾਂ ਦੀ ਸੰਕਟਕਾਲੀ ਜ਼ਿੰਦਗੀ ਨੂੰ ਆਪਣੀ ਵਸਤੂ-ਸਮੱਗਰੀ ਬਣਾਉਂਦੀਆਂ ਪੰਜਾਬੀ ਰਚਨਾਵਾਂ ਦੀ ਨਿਸ਼ਾਨਦੇਹੀ ਕਰਦੇ ਹਾਂ, ਤਾਂ ਗਿਣਤੀ ਪਹਿਲੇ ਹੱਥ ਦੀਆਂ ਉਂਗਲਾਂ ਉਪਰ ਹੀ ਮੁੱਕ ਜਾਂਦੀ ਹੈ। ਇੱਕਾ-ਦੁੱਕਾ ਨਾਵਲ, ਨਾਟਕ ਤੇ ਕਵਿਤਾਵਾਂ ਦੇ ਸਮਾਨਅੰਤਰ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਕੁਝ ਕੰਮ ਜ਼ਰੂਰ ਹੋਇਆ ਹੈ। ਜਿਨ੍ਹਾਂ ਕਹਾਣੀਕਾਰਾਂ ਨੇ ਹਿਜੜਿਆਂ ਜਾਂ ਕਿੰਨਰਾਂ ਦੀ ਜੀਵਨ ਰਹਿਤਲ ਨੂੰ ਆਧਾਰ ਬਣਾ ਕੇ ਕਥਾ-ਸਿਰਜਣਾ ਕੀਤੀ ਹੈ, ਉਨ੍ਹਾਂ ਵਿੱਚ ਕਰਤਾਰ ਸਿੰਘ ਦੁੱਗਲ, ਨਵਤੇਜ ਪੁਆਧੀ, ਮੋਹਨ ਭੰਡਾਰੀ, ਰਾਮ ਸਰੂਪ ਅਣਖੀ, ਮਨਿੰਦਰ ਕਾਂਗ, ਜਸਵੀਰ ਰਾਣਾ, ਵੀਨਾ ਵਰਮਾ, ਗੁਰਮੀਤ ਕੜਿਆਲਵੀ, ਨਿਰਮਲ ਜਸਵਾਲ, ਅਨੇਮਨ ਸਿੰਘ, ਡਾ. ਹਰਜੀਤ ਕੌਰ, ਡਾ. ਤਰਸਪਾਲ ਕੌਰ, ਐੱਸ ਬਲਵੰਤ ਤੇ ਗੁਰਸੇਵਕ ਸਿੰਘ ਪ੍ਰੀਤ ਦਾ ਨਾਂ ਵਿਸ਼ੇਸ਼ ਜ਼ਿਕਰ ਦਾ ਧਾਰਨੀ ਹੈ। ਇਸ ਪੁਸਤਕ ਵਿੱਚ ਇਨ੍ਹਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਸ਼ਾਮਿਲ ਹਨ। ਇਹ ਕਹਾਣੀਆਂ ਹਿਜੜਾ ਬਿਰਾਦਰੀ ਦੀ ਅੰਤਰੀਵ ਤੇ ਬਾਹਰੀ ਜ਼ਿੰਦਗੀ ਨਾਲ ਜੁੜੇ ਤਮਾਮ ਤੱਤੇ-ਠੰਡੇ ਅਹਿਸਾਸਾਂ ਔਰ ਵਿਸੰਗਤੀਆਂ ਨੂੰ ਆਪਣੀ ਕਥਾ-ਵਸਤੂ ਬਣਾਉਂਦੀਆਂ ਹਨ। ਇਨ੍ਹਾਂ ਕਥਾਵਾਂ ਦਾ ਪਾਠ ਪਾਠਕ ਦੀ ਸੁਰਤਿ ਅੰਦਰ ਕਿੰਨਰ ਸਮਾਜ ਪ੍ਰਤੀ ਚਿੰਤਨ ਨੂੰ ਇੱਕ ਨਵੇਂ ਸਿਰੇ ਤੋਂ ਵਿਉਂਤਦਾ ਹੈ। ਪਾਠਕ-ਮਨ ਅੰਦਰ ਹਾਸ਼ੀਏ ਤੋਂ ਵੀ ਪਾਰ ਵਿਚਰਦੀ ਹਿਜੜਾ ਬਿਰਾਦਰੀ ਪ੍ਰਤੀ ਦ੍ਰਿਸ਼ਟੀ ਔਰ ਸੋਚ-ਵਿਚਾਰ ਨੂੰ ਇੱਕ ਨਵੀਂ ਵਿਉਂਤਬੰਦੀ ਪ੍ਰਦਾਨ ਕਰਨਾ ਇਸ ਸੰਪਾਦਿਤ ਪੁਸਤਕ ਦਾ ਪ੍ਰਮੁੱਖ ਉਦੇਸ਼ ਹੈ।

ਇਸ ਕਥਾ-ਪੁਸਤਕ ਦਾ ਦੂਜਾ ਐਡੀਸ਼ਨ ਸੰਪਾਦਿਤ ਕਰਦਿਆਂ ਮੈਂ ਕੁਝ ਗੱਲਾਂ ਵਿਸ਼ੇਸ਼ ਤੌਰ ’ਤੇ ਸਪਸ਼ਟ ਕਰਨੀਆਂ ਚਾਹੁੰਦਾ ਹਾਂ। ਸਭ ਤੋਂ ਪਹਿਲੀ ਗੱਲ ਇਹ ਕਿ ਮੇਰੀ ਖੋਜ ਤੇ ਪੜ੍ਹਨ ਦੀ ਸੀਮਾ ਕਾਰਨ ਇਸ ਪੁਸਤਕ ਦੀ ਪਹਿਲੀ ਛਾਪ ਵਿੱਚ ਕੁਝ ਕਹਾਣੀਆਂ ਸ਼ਾਮਿਲ ਕਰਨ ਤੋਂ ਰਹਿ ਗਈਆਂ ਸਨ। ਉਨ੍ਹਾਂ ਦੇ ਰਹਿ ਜਾਣ ਦਾ ਸਭ ਤੋਂ ਵੱਡਾ ਕਾਰਨ ਉਨ੍ਹਾਂ ਦਾ ਨਾ ਲੱਭਣਾ ਸੀ। ਹੁਣ ਉਹ ਲੱਭ ਗਈਆਂ ਹਨ। ਉਨ੍ਹਾਂ ਨੂੰ ਲੱਭਣ ਦੀ ਪ੍ਰਕਿਰਿਆ ਵਿੱਚ ਡੀ.ਏ.ਵੀ. ਕਾਲਜ ਚੰਡੀਗੜ੍ਹ ਵਿਚ ਪੜ੍ਹਾਉਂਦੇ ਬਹੁਤ ਹੀ ਸੰਜ਼ੀਦਾ ਸੋਚ ਵਾਲੇ ਮਿੱਤਰ ਡਾ. ਗੁਰਪ੍ਰੀਤ ਸਿੰਘ ਦਾ ਵਿਸ਼ੇਸ਼ ਯੋਗਦਾਨ ਹੈ। ਮੈਂ ਉਸ ਦੀ ਜ਼ਿੰਮੇਵਾਰੀ ਵਾਲੀ ਭਾਵਨਾ ਦਾ ਰਿਣੀ ਹਾਂ। ਦੂਜੀ ਗੱਲ ਇਹ ਕਿ ਇਸ ਪੁਸਤਕ ਦੇ ਸਰਵਰਕ ਉਪਰ ਲੱਗੀ ਘੁੰਗਰੂਆਂ ਵਾਲੇ ਪੈਰਾਂ ਦੀ ਤਸਵੀਰ ਲੱਭ ਕੇ ਦੇਣ ਲਈ ਮੈਂ ਦੇਵ ਦਵਿੰਦਰ ਦਾ ਵਿਸ਼ੇਸ਼ ਤੌਰ ’ਤੇ ਸ਼ੁਕਰਗੁਜ਼ਾਰ ਹਾਂ। ਉਸ ਦੀ ਲੱਭਤ ਨੇ ਪੁਸਤਕ ਨੂੰ ਇਕ ਖਾਸ ਕਿਸਮ ਦੀ ਖ਼ੂਬਸੂਰਤੀ ਬਖਸ਼ੀ ਹੈ। ਤੀਜੀ ਗੱਲ ਇਹ ਕਿ ਇਸ ਕਥਾ-ਪੁਸਤਕ ਦੀ ਪਹਿਲੀ ਛਾਪ ਵਿੱਚੋਂ ਗੈਰਹਾਜ਼ਰ ਰਹੀਆਂ ਜਿਹੜੀਆਂ ਕਹਾਣੀਆਂ ਇਸ ਛਾਪ ਵਿੱਚ ਹਾਜ਼ਰ ਹੋਈਆਂ ਹਨ, ਉਨ੍ਹਾਂ ਵਿੱਚ ਕਰਤਾਰ ਸਿੰਘ ਦੁੱਗਲ (ਹਮਜਿਨਸ), ਰਾਮ ਸਰੂਪ ਅਣਖੀ (ਉਸਦਾ ਬਾਪ), ਡਾ. ਤਰਸਪਾਲ ਕੌਰ (ਮਹਾਂਨਾਚ) ਅਤੇ ਐਸ. ਬਲਵੰਤ (ਮ੍ਰਿਗ ਤ੍ਰਿਸ਼ਨਾ) ਰਸ਼ੀਦ ਅੱਬਾਸ (ਕੰਨ ‘ਚ ਪਾਇਆ ਬੁੰਦਾ) ਸ਼ਾਮਿਲ ਹਨ। ਚੌਥੀ ਗੱਲ ਇਹ ਕਿ ਇਸ ਪੁਸਤਕ ਵਿੱਚ ਹਿਜੜਾ ਬਿਰਾਦਰੀ ਨਾਲ ਸੰਬੰਧਿਤ ਤਿੰਨ ਕਿਸਮਾਂ



ਦੀਆਂ ਕਹਾਣੀਆਂ ਸ਼ਾਮਿਲ ਹਨ। ਇੱਕ ਤਾਂ ਉਹ ਜਿਹੜੀਆਂ ਸਮਾਜਿਕ ਹਾਸ਼ੀਏ ਤੋਂ ਪਾਰ ਡੇਰਿਆਂ ਵਿੱਚ ਨੱਚ-ਗਾ ਕੇ ਜੀਵਨ ਬਸਰ ਕਰਦੇ ਕਿੰਨਰ ਸਮਾਜ ਦੀ ਜੀਵਨ-ਝਾਕੀ ਦੇ ਆਰ-ਪਾਰ ਫੈਲੇ ਸੰਕਟਾਂ ਨੂੰ ਸਿੱਧੇ ਤੌਰ ’ਤੇ ਆਪਣੀ ਕਥਾ-ਵਸਤੂ ਬਣਾਉਂਦੀਆਂ ਹਨ। ਦੂਜੀਆਂ ਉਹ ਜਿਹੜੀਆਂ ਵੱਖ-ਵੱਖ ਕਾਰਨਾਂ ਕਰਕੇ ਸਮਾਜ, ਪਰਿਵਾਰ ਤੇ ਘਰਾਂ ਵਿੱਚ ਲੁਕ ਕੇ ਰਹਿ ਰਹੇ ਜਾਂ ਲੁਕਾ ਕੇ ਰੱਖੇ ਗਏ ਕਿੰਨਰਾਂ ਦੀ ਰੂਪੋਸ਼ ਜ਼ਿੰਦਗੀ ਦੇ ਅੰਤਰ-ਦਵੰਦਾਂ ਦਾ ਸੰਕਟ ਬਿਆਨ ਕਰਦੀਆਂ ਹਨ। ਅਤੇ ਤੀਜੀਆਂ ਕਹਾਣੀਆਂ ਉਹ ਜਿਨ੍ਹਾਂ ਦੇ ਕੇਂਦਰ ਵਿਚ ਉਂਝ ਤਾਂ ਸਾਬਤੇ-ਸਬੂਤੇ ਮਨੁੱਖਾਂ ਦੀ ਸਾਵੀਂ-ਪੱਧਰੀ ਜ਼ਿੰਦਗੀ ਦਿਖਾਈ ਦਿੰਦੀ ਹੈ, ਪਰ ਡੂੰਘੀ ਨਜ਼ਰ ਨਾਲ ਵੇਖਿਆਂ ਉਨ੍ਹਾਂ ਦੀ ਸਮਾਜਿਕਤਾ ਕਿੰਨਰਾਂ ਦੀ ਜ਼ਿੰਦਗੀ ਨੂੰ ਫੇਟ ਮਾਰ ਲੰਘਦੀ ਨਜ਼ਰ ਆਉਂਦੀ ਹੈ। ਇਨ੍ਹਾਂ ਤਿੰਨਾਂ ਕਿਸਮ ਦੀਆਂ ਕਹਾਣੀਆਂ ਦਾ ਕੇਂਦਰੀ-ਸੂਤਰ ਕਿੰਨਰ ਸਮਾਜ ਦੀ ਸੰਕਟਕਾਲੀਨ ਜੀਵਨ-ਰਹਿਤਲ ਨੂੰ ਇਕ ਸਮੁੱਚ ਵਿੱਚ ਪੇਸ਼ ਕਰਨ ਵਿੱਚ ਨਿਹਤ ਹੈ।

ਕਿੰਨਰ ਸਮਾਜ ਦੀ ਜ਼ਿੰਦਗੀ ਦੇ ਅੰਤਰੀਵ-ਸੱਚ ਨੂੰ ਜਾਨਣ ਦੀ ਪੜ੍ਹਨ ਵਾਲਿਆਂ ਅੰਦਰ ਕਿੰਨੀ ਤਲਬ ਹੈ। ਪਾਠਕ-ਵਰਗ ਨਵੀਂ ਵਸਤੂ-ਸਮੱਗਰੀ ਤੇ ਵੱਖਰੀ ਰੰਗਤ ਵਾਲੀ ਰਚਨਾਕਾਰੀ ਦਾ ਕਿਸ ਤਰ੍ਹਾਂ ਸਵਾਗਤ ਕਰਦਾ ਹੈ। ਕੁਝ ਸਮਿਆਂ ਵਿੱਚ ਹੀ ਇਸ ਪੁਸਤਕ ਦਾ ਪਹਿਲਾ ਐਡੀਸ਼ਨ ਵਿਕ ਜਾਣਾ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਸਾਹਿਤ ਦੀ ਦੁਨੀਆਂ ਵਿੱਚ ਹਰ ਨਵੀਂ ਵੱਖਰੀ, ਤੇ ਵੱਡ-ਅਰਥੀ ਰਚਨਾ ਦਾ ਹਮੇਸ਼ਾ ਸਵਾਗਤ ਹੁੰਦਾ ਹੈ। ਪਾਠਕਾਂ ਦੀ ਇਸ ਸਵਾਗਤੀ ਰਾਇ ਦੀ ਰੌਸ਼ਨੀ ਵਿੱਚ ਮੈਨੂੰ ਪਤਾ ਲੱਗਾ ਸੀ ਕਿ ਮਹਿੰਦਰ ਸਿੰਘ ਸਰਨਾ ਨੇ ਵੀ ‘ਕਿੰਨਰਾਂ’ ਉਪਰ ਇਕ ਕਹਾਣੀ ਲਿਖੀ ਹੈ। ਪਰ ਉਹ ਕਹਾਣੀ ਕਿਤੋਂ ਲੱਭੀ ਨਹੀਂ। ਉਸ ਵਾਂਗ ਕਿੰਨਰ ਸਮਾਜ ਉਪਰ ਲਿਖੀ ਕੋਈ ਹੋਰ ਕਹਾਣੀ ਵੀ ਜੇਕਰ ਰਹਿ ਗਈ ਹੈ। ਉਹ ਮੇਰੀ ਖੋਜ ਤੇ ਪੜ੍ਹਨ ਦੀ ਸੀਮਾ ਆਖੀ ਜਾ ਸਕਦੀ ਹੈ। ਇਸ ਨੂੰ ਅਗਲੀ ਛਾਪ ਵਿੱਚ ਸੁਧਾਰਿਆ ਜਾ ਸਕਦਾ ਹੈ। ਫਿਲਹਾਲ ਇਸ ਕਥਾ-ਪੁਸਤਕ ਨੂੰ ਤੁਹਾਡੀ ਨਜ਼ਰ ਕਰਦਾ ਹੋਇਆ ਮੈਂ ਇਸ ਵਿੱਚ ਸ਼ਾਮਿਲ ਕਹਾਣੀਕਾਰ ਦੋਸਤਾਂ ਦਾ ਵਿਸ਼ੇਸ਼ ਧੰਨਵਾਦੀ ਹਾਂ। ਮੇਰਾ ਇਹ ਧੰਨਵਾਦ ਪ੍ਰੀਤੀ ਸ਼ੈਲੀ ਤੇ ਸੁਖਵਿੰਦਰ ਸੁੱਖੀ ਭੀਖੀ ਦੇ ਨਾਂ ਵੀ ਹੈ, ਜਿਨ੍ਹਾਂ ਇਸ ਪੁਸਤਕ ਨੂੰ ਛਾਪਣ ਦੀ ਜ਼ਿੰਮੇਵਾਰੀ ਨਿਭਾਈ ਹੈ। ਇਸ ਵੱਖਰੀ ਕਥਾ-ਸਮੱਗਰੀ ਵਾਲੀ ਪੁਸਤਕ ਨੂੰ ਸੰਪਾਦਿਤ ਕਰਨ ਦੀ ਜ਼ਿੰਮੇਵਾਰੀ ਵਿੱਚ ਕਿੰਨਾ ਕੁ ਸਫ਼ਲ ਹੋਇਆ ਹਾਂ। ਇਹ ਗੱਲ ਪੜ੍ਹਨ ਵਾਲਿਆਂ ਦੀ ਪੜ੍ਹਤ ਦੀ ਤਾਸੀਰ ਨੇ ਤੈਅ ਕਰਨੀ ਹੈ।

ਤੁਹਾਡੇ ਹੁੰਗਾਰੇ ਦੀ ਉਡੀਕ ਵਿੱਚ
ਜਸਵੀਰ ਰਾਣਾ
# ਸਵਰਨ ਵਿਲਾ
V.P.O. ਅਮਰਗੜ੍ਹ (ਸੰਗਰੂਰ)
ਮੋ:-98156-59220

# ਹਮਜਿਨਸ

**ਕਰਤਾਰ ਸਿੰਘ ਦੁੱਗਲ**

ਕੁੰਦਨ ਸੁਨਿਆਰੇ ਦੇ ਬੱਚਾ ਹੋਇਆ ਸੀ। ਹੁਣ ਤੇ ਆਪਣੇ ਆਪ ਨੂੰ ਉਹ ਲੋਕ ਜੀਊਲਰ ਸਦਵਾਂਦੇ ਸਨ। ਮੋਤੀਆਂ ਦੇ ਵਪਾਰੀ। ਹੁਣ ਤੇ ਉਨ੍ਹਾਂ ਦੀ ਦੁਕਾਨ ਦੇ ਸਾਹਮਣੇ ਜਹਾਜ਼ ਜਿੱਡੀਆਂ ਮੋਟਰਾਂ ਦੀ ਲੇਨ-ਡੋਰੀ ਲਗੀ ਰਹਿੰਦੀ ਸੀ। ਗੋਰੇ ਕੀ ਤੇ ਦੇਸੀ ਫਿਟੇ ਹੋਏ ਅਮੀਰ ਕੀ, ਲੋਕੀ ਇੰਜ ਉਨ੍ਹਾਂ ਦੇ ਢੁਕੇ ਰਹਿੰਦੇ ਜਿਵੇਂ ਮਖਿਆਰੀਆਂ ਦਾ ਛੱਤਾ ਹੋਵੇ। ਹੀਰੇ ਤੇ ਜਵਾਹਰ, ਪੁਖਰਾਜ ਤੇ ਪੰਨੇ, ਮਾਣਕ ਤੇ ਮੋਤੀ, ਸੋਨੇ ਤੇ ਚਾਂਦੀ ਦੇ ਨਿਤ ਨਵੇਂ ਗਹਿਣਿਆਂ ਦੇ ਫ਼ੈਸ਼ਨ। ਤੇ ਹੁਣ ਉਹ ਨੌਹਰੀਆਂ ਦੀ ਗਲੀ ਦੇ ਧੁਆਂਖੇ ਹੋਏ ਘਰ ਵਿੱਚ ਥੋੜ੍ਹੇ ਰਹਿੰਦੇ ਸਨ, ਹੁਣ ਤੇ ਮਾਡਲ ਟਾਊਨ ਵਿੱਚ ਉਨ੍ਹਾਂ ਕੋਠੀ ਪਾਈ ਸੀ। ਕੋਠੀ ਕੀ ਸੀ ਜਿਵੇਂ ਮਹਿਲ ਹੋਵੇ, ਤਕ ਤਕ ਕੇ ਭੁੱਖ ਨਹੀਂ ਲਹਿੰਦੀ ਸੀ, ਰਾਹ ਗੁਜ਼ਰੂ ਇਕ ਵਾਰ ਖਲੋਕੇ ਉਨ੍ਹਾਂ ਦੇ ਧੌਲਰ ਦਾ ਨਜ਼ਾਰਾ ਜ਼ਰੂਰ ਕਰਦੇ।

ਪਰ ਸਵਾਲ ਇਹ ਸੀ, ਕੁੰਦਨ ਸੁਨਿਆਰੇ ਨੂੰ ਮੁਸੀਬਤ ਕੀ ਪਈ ਸੀ, ਬੱਚਿਆਂ ਤੇ ਬੱਚੇ ਪੈਦਾ ਕਰਦਾ ਜਾ ਰਿਹਾ ਸੀ? ਹਰ ਸਾਲ ਨਵਾਂ ਕੈਲੰਡਰ। ਪਹਿਲੇ ਉਹਦੇ ਪੰਜ ਬੱਚੇ ਸਨ, ਤਿੰਨ ਧੀਆਂ ਤੇ ਦੋ ਪੁੱਤਰ।

"ਉਹਦਾ ਖਿਆਲ ਏ ਉਲਾਦ ਸਾਂਵੀਂ ਹੋਣੀ ਚਾਹੀਦੀ ਏ। ਜਿਤਨੀਆਂ ਧੀਆਂ ਉਤਨੇ ਹੀ ਪੁੱਤਰ।"

"ਤੇ ਫਿਰ ਇਸ ਵਾਰ ਧੀ ਹੋਈ ਕਿ ਪੁੱਤਰ?" ਉਸ ਆਪਣੀ ਤ੍ਰੀਮਤ ਤੋਂ ਪੁਛਿਆ। ਉਹਦੀ ਤ੍ਰੀਮਤ ਲੇਡੀ ਡਾਕਟਰ ਸੀ। ਉਨ੍ਹਾਂ ਦੇ ਨਰਸਿੰਗ ਹੋਮ ਵਿੱਚ ਹੀ ਤੇ ਕੁੰਦਨ ਦੀ ਤ੍ਰੀਮਤ ਦੀ ਜ਼ਚਗੀ ਹੋਇਆ ਕਰਦੀ ਸੀ।

ਉਹਦੀ ਤ੍ਰੀਮਤ ਨੇ ਕੋਈ ਜਵਾਬ ਨਹੀਂ ਦਿੱਤਾ। ਆਪਣੇ ਹਸਪਤਾਲ ਦੇ ਮਰੀਜ਼ਾਂ ਬਾਰੇ ਕੋਈ ਜ਼ਿਕਰ ਕਰਨਾ ਉਸ ਨੂੰ ਕਦੀ ਵੀ ਚੰਗਾ ਨਹੀਂ ਲਗਾ ਸੀ। ਪਰ ਕੁੰਦਨ ਹੋਰੀਂ ਮਰੀਜ਼ ਥੋੜ੍ਹੇ ਸਨ, ਉਹ ਤੇ ਗੁਆਂਢੀ ਸਨ। ਉਨ੍ਹਾਂ ਦਾ ਆਪਸ ਵਿੱਚ ਆਉਣ ਜਾਣ ਸੀ। ਭੈਣਾਂ-ਭਰਾਵਾਂ ਵਾਂਗ ਉਹ ਲੋਕ ਘਿਉ-ਖਿਚੜੀ ਸਨ।

ਤੇ ਫੇਰ ਗੱਲ ਆਈ ਗਈ ਹੋ ਗਈ। ਕੀ ਫ਼ਰਕ ਪੈਂਦਾ ਸੀ। ਕੁੰਦਨ ਵਰਗੇ ਸਰਮਾਇਦਾਰ ਦੇ ਪੰਜ ਬੱਚੇ ਹੋਏ ਕੀ ਤੇ ਛੇ ਬੱਚੇ ਹੋਏ ਕੀ। ਉਸ ਨੂੰ ਕੀ ਪਰਵਾਹ ਸੀ। ਨੌਕਰ-ਚਾਕਰ ਪਾਲਣ ਲਈ ਸਨ। ਅੰਤਾਂ ਦੀ ਉਥਲ-ਪੁਥਲ ਸੀ।

ਉਸ ਸ਼ਾਮ ਉਸ ਆਪਣੀ ਤ੍ਰੀਮਤ ਨੂੰ ਟੈਲੀਫ਼ੋਨ ਤੇ ਗੱਲ ਕਰਦੇ ਸੁਣਿਆ। ਦੂਜੇ ਪਾਸੇ ਕੁੰਦਨ ਸੀ।

"ਨਹੀਂ ਕੁੰਦਨ ਭਰਾ ਜੀ, ਮੈਂ ਨਹੀਂ ਸੋਚਦੀ ਕੋਈ ਫ਼ਾਇਦਾ ਹੋਵੇਗਾ।"

... ... ...

"ਓਪਰੇਸ਼ਨ ਦਾ ਵੀ ਨਹੀਂ।"

... ... ...

"ਤੁਸੀਂ ਬੇਸ਼ਕ ਕਿਸੇ ਹੋਰ ਡਾਕਟਰ ਨੂੰ ਵਿਖਾ ਲਵੋ। ਦਿੱਲੀ ਲੈ ਜਾਉ, ਲੰਡਨ ਲੈ ਜਾਉ।"



... ... ...

"ਤੁਸੀਂ ਕਿਉਂ ਨਹੀਂ ਸਮਝਦੇ ਉਹ ਨਾ ਇਧਰ ਹੈ ਨਾ ਉਧਰ। ਆਖ਼ਰ ਇਸ ਤਰ੍ਹਾਂ ਦੇ ਬੱਚੇ ਵੀ ਤੇ ਹੁੰਦੇ ਨੇ।"

... ... ...

"ਰੱਬ ਦੀ ਮਰਜ਼ੀ ਨਾਲ ਕੋਈ ਲੜਿਆ ਥੋੜ੍ਹਾ ਜਾਂਦਾ ਏ।"

ਤੇ ਫੇਰ ਉਹਦੀ ਤ੍ਰੀਮਤ ਨੇ ਝੁੰਝਲਾ ਕੇ ਜਿਵੇਂ ਟੈਲੀਫ਼ੋਨ ਬੰਦ ਕਰ ਦਿੱਤਾ। "ਫ਼ਜ਼ੂਲ, ਵਿਹਲੀਆਂ ਗੱਲਾਂ..." ਉਹ ਇਸ ਤਰ੍ਹਾਂ ਦਾ ਕੁਝ ਆਪਣੇ ਹੋਠਾਂ ਵਿੱਚ ਬੁੜਬੁੜਾ ਰਹੀ ਸੀ।

"ਕੀ ਗੱਲ ਹੈ, ਕੁੰਦਨ ਹੋਰਾਂ ਦੇ ਧੀ ਆਈ ਹੈ ਕਿ ਪੁੱਤਰ?" ਉਸ ਆਪਣੀ ਤ੍ਰੀਮਤ ਤੋਂ ਪੁਛਿਆ। ਸਟੈਥਸਕੋਪ ਚੁੱਕੀ ਉਹ ਨਰਸਿੰਗ ਹੋਮ ਰਾਊਂਡ ਤੇ ਜਾ ਰਹੀ ਸੀ। ਉਸ ਆਪਣੇ ਘਰ ਵਾਲੇ ਦੇ ਸਵਾਲ ਦਾ ਕੋਈ ਜਵਾਬ ਨਹੀਂ ਦਿੱਤਾ।

ਜਵਾਬ ਦੇਣ ਵਾਲੀ ਗੱਲ ਹੀ ਕੀ ਸੀ! ਉਸ ਸਾਰੀ ਗੱਲ ਆਪਣੇ ਕੰਨੀਂ ਸੁਣ ਲਈ ਸੀ। ਕੁੰਦਨ ਨਾਲ ਕੁਦਰਤ ਦਗ਼ਾ ਕਰ ਗਈ ਸੀ।

ਅਗਲੇ ਰੋਜ਼ ਸਵੇਰੇ ਸਵੇਰੇ ਕੁੰਦਨ ਆਪ ਉਨ੍ਹਾਂ ਦੇ ਘਰ ਆਇਆ। ਲੇਡੀ ਡਾਕਟਰ ਅਗੇ ਹੱਥ ਜੋੜ ਰਿਹਾ ਸੀ, ਉਹ ਇਸ ਬਾਰੇ ਕਿਸੇ ਨਾਲ ਗੱਲ ਨਾ ਕਰੇ। ਕਿਸੇ ਨੂੰ ਭਿਣਕ ਨਾ ਪਵੇ। ਹਸਪਤਾਲ ਦੀਆਂ ਨਰਸਾਂ ਨੂੰ ਉਸ-ਦੇ-ਦਿਵਾ ਕੇ ਮਨਾ ਲਿਆ ਸੀ। ਕੁੰਦਨ ਨੂੰ ਡਰ ਸੀ, ਜੇ ਕਿਤੇ ਸ਼ਹਿਰ ਦੇ ਖੁਸਰਿਆਂ ਨੂੰ ਪਤਾ ਲਗ ਗਿਆ ਤੇ ਉਹ ਆ ਕੇ ਬੱਚੇ ਤੇ ਕਬਜ਼ਾ ਕਰ ਲੈਣਗੇ। ਇਸ ਤਰ੍ਹਾਂ ਦਾ ਬੱਚਾ ਕਿਤੇ ਵੀ ਪੈਦਾ ਹੋਵੇ, ਉਹ ਉਨ੍ਹਾਂ ਦੀ ਬਰਾਦਰੀ ਦੀ ਮਲਕੀਅਤ ਹੁੰਦਾ ਹੈ। ਉਸ ਨੂੰ ਆਪਣੀ ਬਰਾਦਰੀ ਦੇ ਮਹੱਲੇ ਵਿੱਚ ਹੀ ਰਹਿਣਾ ਪੈਂਦਾ ਹੈ। ਉਨ੍ਹਾਂ ਨਾਲ ਉਠਣਾ ਬੈਠਣਾ ਉਨ੍ਹਾਂ ਨਾਲ ਸੌਣਾ-ਜਾਗਣਾ, ਉਨ੍ਹਾਂ ਨਾਲ ਖਾਣਾ ਪੀਣਾ।

ਤੇ ਫੇਰ ਕੁੰਦਨ ਹੋਰੀਂ ਇਸ ਭੇਦ ਨੂੰ ਲੁਕਾਉਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਹੋ ਗਏ। ਪੈਸਾ ਕੀ ਨਹੀਂ ਕਰ ਸਕਦਾ? ਘਰ ਦੇ ਨੌਕਰ, ਬੱਚੇ ਦੀ ਆਯਾ, ਹਰ ਕਿਸੇ ਦਾ ਮੂੰਹ ਬੰਦ ਕਰ ਦਿੱਤਾ ਗਿਆ।

ਜਦੋਂ ਕੁੰਦਨ ਦਾ ਇਹ ਬੱਚਾ ਤੁਰਨ-ਫਿਰਨ ਜੋਗਾ ਹੋਇਆ, ਮਾਂ ਦੀ ਮਮਤਾ, ਉਹ ਉਸ ਨੂੰ ਮੁੰਡਿਆਂ ਵਾਲੇ ਕਪੜੇ ਪੁਆਉਂਦੀ, ਮੁੰਡਿਆਂ ਦੀ ਤਰ੍ਹਾਂ ਉਹਦੇ ਵਾਲ ਬਣਾਂਦੀ। ਉਹਦਾ ਨਾਂ ਵੀ ਉਨ੍ਹਾਂ ਮੁੰਡਿਆਂ ਵਾਲਾ ਰਖਿਆ ਸੀ-ਕਸਤੂਰੀ ਲਾਲ। ਪਰ ਕਸਤੂਰੀ ਸੀ ਕਿ ਹਮੇਸ਼ਾਂ ਕੁੜੀਆਂ ਵਿੱਚ ਵੜਿਆ ਰਹਿੰਦਾ। ਉਨ੍ਹਾਂ ਨਾਲ ਗੱਲਾਂ ਕਰਕੇ ਖ਼ੁਸ਼। ਉਨ੍ਹਾਂ ਨਾਲ ਹੱਸ-ਖੇਡ ਕੇ ਰਾਜ਼ੀ। ਹੱਸਦਾ ਤੇ ਉਨ੍ਹਾਂ ਵਾਂਗ, ਖੇਡਦਾ ਤੇ ਕੁੜੀਆਂ ਦੀਆਂ ਖੇਡਾਂ, ਗਾਂਦਾ ਤੇ ਕੁੜੀਆਂ ਦੇ ਗੀਤ। ਉਹਦੀ ਮਾਂ, ਉਹਦੇ ਨੌਕਰ-ਚਾਕਰ ਲੱਖ ਉਸ ਨੂੰ ਸਮਝਾਂਦੇ, ਕਸਤੂਰੀ ਨੂੰ ਉਨ੍ਹਾਂ ਦੀ ਕੋਈ ਗੱਲ ਸਮਝ ਨਾ ਆਉਂਦੀ। ਜੋ ਉਹਦੀ ਮਨ ਮਰਜ਼ੀ ਹੁੰਦੀ ਸੋਈ ਕਰਦਾ।

ਜਦੋਂ ਹੋਰ ਵੱਡਾ ਹੋਇਆ, ਕਸਤੂਰੀ ਨੂੰ ਸਕੂਲ ਨਹੀਂ ਪਾਇਆ ਗਿਆ। ਉਹਦੇ ਲਈ ਘਰ ਹੀ ਮਾਸਟਰ ਰੱਖ ਦਿੱਤੇ ਗਏ, ਜਿਹੜੇ ਵਾਰੋ-ਵਾਰੀ ਉਸ ਨੂੰ ਸਵੇਰੇ-ਸ਼ਾਮ ਪੜ੍ਹਾ ਜਾਂਦੇ। ਕੱਚੀ ਪਹਿਲੀ, ਪੱਕੀ ਪਹਿਲੀ, ਦੂਜੀ, ਤੀਜੀ, ਚੌਥੀ, ਕਸਤੂਰੀ ਘਰ

ਵਿੱਚ ਹੀ ਪੜ੍ਹ ਕੇ ਜਮਾਤ ਉਤੇ ਚੜ੍ਹਨ ਲਗ ਪਿਆ। ਫਿਰ ਇੰਜ ਹੀ ਪ੍ਰਾਈਵੇਟ ਪੜ੍ਹ ਕੇ ਉਸ ਮੈਟ੍ਰਿਕ ਦਾ ਇਮਤਿਹਾਨ ਪਾਸ ਕਰ ਲਿਆ।

ਨਿੱਕਰ ਪਾਂਦਾ ਸੀ, ਪਤਲੂਣ ਪਾਂਦਾ ਸੀ, ਕਦੀ ਬੁੱਸ਼ਰਟ, ਕਦੀ ਕਮੀਜ਼ ਪਰ ਜਦੋਂ ਮੌਕਾ ਮਿਲਦਾ ਰਸੋਈ ਵਿੱਚ ਜਾ ਵੜਦਾ ਤੇ ਬਾਵਰਚੀ ਨਾਲ ਰਿੰਨ੍ਹਣ-ਪਕਾਣ ਦਾ ਕੰਮ ਕਰਨ ਲਗ ਪੈਂਦਾ। ਕਦੀ ਆਟਾ ਗੁੰਨ੍ਹ ਰਿਹਾ ਹੈ ਤੇ ਕਦੀ ਦਾਲ ਚੜ੍ਹਾ ਰਿਹਾ ਹੈ।

ਜਿਉਂ ਜਿਉਂ ਵੱਡਾ ਹੁੰਦਾ, ਕਸਤੂਰੀ ਦੀ ਅਜੀਬ ਜਹੀ ਸ਼ਕਲ ਨਿਕਲਦੀ ਆ ਰਹੀ ਸੀ, ਅਜੀਬ ਜਹੀ ਉਹਦੀ ਆਵਾਜ਼ ਬਣਦੀ ਜਾ ਰਹੀ ਸੀ। ਬਾਕੀ ਮੁੰਡਿਆਂ ਤੋਂ ਫ਼ਰਕ। ਤੇ ਫੇਰ ਉਸ ਨੂੰ ਸਮਝ ਆ ਗਈ ਕਿ ਉਹ ਫ਼ਰਕ ਸੀ। ਨਾ ਮੁੰਡਾ ਨਾ ਕੁੜੀ। ਨਾ ਮਰਦ ਨਾ ਔਰਤ।

ਇੱਕ ਧੱਕਾ ਜਿਹਾ ਉਸ ਨੂੰ ਲਗਾ ਪਰ ਉਸ ਅਸਲੀਅਤ ਨੂੰ ਸਵੀਕਾਰ ਕਰ ਲਿਆ। ਜਿਵੇਂ ਉਹਦੇ ਮਾਪਿਆਂ ਨੇ ਭੈਣਾਂ-ਭਰਾਵਾਂ ਨੇ ਕਦੋਂ ਦਾ ਇਸ ਨਾਗਵਾਰ ਸਚਾਈ ਨੂੰ ਕਬੂਲਿਆ ਹੋਇਆ ਸੀ।

ਪਰ ਇਹ ਗੱਲ ਕਿ ਕਸਤੂਰੀ ਨਿਪੁੰਸਕ ਸੀ, ਕਦੋਂ ਤੀਕ ਛੁਪੀ ਰਹਿੰਦੀ। ਭਰੇ ਸ਼ਹਿਰ ਵਿੱਚ ਇਸ ਤਰ੍ਹਾਂ ਦਾ ਰਾਜ ਕਿਤਨਾ ਚਿਰ ਲੁਕਿਆ ਰਹਿੰਦਾ। ਆਖ਼ਰ ਇਹ ਖ਼ਬਰ ਹਿਜੜਿਆਂ ਦੇ ਮਹੱਲੇ ਤੀਕ ਅਪੜ ਗਈ। ਜਿਸ ਦਿਨ ਉਨ੍ਹਾਂ ਨੂੰ ਇਸ ਦਾ ਪਤਾ ਲਗਾ, ਖੁਸਰੇ ਥਹੀਆ ਥਹੀਆ ਕਰਦੇ ਉਨ੍ਹਾਂ ਦੀ ਕੋਠੀ ਆਣ ਲੱਥੇ। ਉਹ ਤੇ ਆਪਣੀ ਜਾਤ ਦੇ ਪ੍ਰਾਣੀ ਨੂੰ ਲੈ ਕੇ ਜਾਣਗੇ। ਕਸਤੂਰੀ ਨੂੰ ਛੁਪਾ ਦਿੱਤਾ ਗਿਆ। ਪਰ ਉਹ ਮੰਨਣ ਵਾਲੇ ਥੋੜ੍ਹੇ ਸਨ। ਛਾਉਣੀ ਪਾ ਕੇ ਬਹਿ ਗਏ। ਹਿਲਣ ਦਾ ਨਾਂ ਹੀ ਨਾ ਲੈਣ। ਸਵੇਰ ਦੇ ਆਏ, ਹੁਣ ਸ਼ਾਮਾਂ ਪੈਣ ਲਗੀਆਂ ਸਨ। ਚੰਗਾ-ਚੋਖਾ ਉਨ੍ਹਾਂ ਖਾ ਵੀ ਲਿਆ, ਆਪਣੀ ਖਾਤਰ ਵੀ ਕਰਵਾ ਲਈ, ਪਰ ਕਸਤੂਰੀ ਬਿਨਾਂ ਉਥੋਂ ਜਾਣ ਲਈ ਤਿਆਰ ਨਹੀਂ ਸਨ। ਕੋਠੀ ਦੇ ਬੂਹੇ ਤੇ ਬੈਠੇ ਸਨ। ਆਂਢੀ-ਗੁਆਂਢੀ, ਰਾਹ ਗੁਜ਼ਰੂ ਮੁੜ-ਮੁੜ ਇਕੱਠੇ ਹੁੰਦੇ, ਮੁੜ ਮੁੜ ਖਿੰਡਰ ਪੁੰਡਰ ਜਾਂਦੇ।

ਆਖ਼ਰ ਕੁੰਦਨ ਨੇ ਹਿਜੜਿਆਂ ਨਾਲ ਸੌਦਾ ਕਰ ਲਿਆ। ਉਨ੍ਹਾਂ ਨੂੰ ਕੁਝ ਦੇ ਦਿਵਾ ਕੇ ਘੱਲ ਦਿੱਤਾ ਗਿਆ। ਮੂੰਹ ਮੰਗੀ ਮੁਰਾਦ। ਜੋ ਉਨ੍ਹਾਂ ਮੂੰਹੋਂ ਕੱਢਿਆ ਸੋਈ ਲੈ ਕੇ ਟਲੇ।

ਖੁਸਰਿਆਂ ਦੀ ਬਰਾਦਰੀ ਨਾਲ ਕੁੰਦਨ ਦਾ ਇਹ ਫ਼ੈਸਲਾ ਹੋਇਆ ਸੀ ਕਿ ਹਰ ਮਹੀਨੇ ਦੀ ਪਹਿਲੀ ਤਰੀਕ ਉਹ ਸੌ ਰੁਪਿਆ ਨਕਦ ਤੇ ਹੋਰ ਨਿੱਕ-ਸੁੱਕ ਆ ਕੇ ਲੈ ਜਾਇਆ ਕਰਨਗੇ। ਮਹੀਨੇ ਦੇ ਦੌਰਾਨ ਵੀ ਖੁਸਰਿਆਂ ਵਿੱਚੋਂ ਜਦੋਂ ਕਿਸੇ ਨੇ ਉਧਰ ਆਉਣਾ ਹੁੰਦਾ, ਤਾੜੀਆਂ ਵਜਾਂਦਾ ਕੁੰਦਨ ਹੋਰਾਂ ਦੀ ਕੋਠੀ ਅੱਗੇ ਆਣ ਖਲੋਂਦਾ। ਅਖੇ ਇਕ ਨਜ਼ਰ ਅਸੀਂ ਆਪਣੇ ਕਸਤੂਰੀ ਨੂੰ ਵੇਖਣਾ ਹੈ! ਕਸਤੂਰੀ ਦੇ ਭੈਣ-ਭਰਾ ਉਹਨੂੰ ਦੇ ਦਿਵਾ ਕੇ ਮਗਰੋਂ ਲਾਹੁੰਦੇ। ਇਤਨੇ ਵੱਡੇ ਘਰ ਵਿੱਚ ਆਇਆ ਗਿਆ ਲਗਾ ਰਹਿੰਦਾ ਸੀ। ਕੋਈ ਸੁਣਦਾ ਤਾਂ ਕੀ ਕਹਿੰਦਾ?



ਸੌ ਰੁਪੈ ਮਹੀਨਾ ਤੋਂ ਸ਼ੁਰੂ ਹੋਏ, ਵਧਦੇ ਵਧਦੇ ਅੱਜ ਕਲ ਪੰਜ ਸੌ ਰੁਪੈ ਮਹੀਨਾ ਉਨ੍ਹਾਂ ਦੀ ਲਾਗ ਹੋ ਗਈ ਸੀ। ਜਿਉਂ ਜਿਉਂ ਵਰ੍ਹੇ ਬੀਤਦੇ, ਉਹ ਲੋਕ ਹੋਰ ਹੋਰ ਪੈਰ ਫ਼ੈਲਾਈ ਜਾਂਦੇ। ਕਪੜਿਆਂ ਨਾਲ ਕਪੜੇ ਲੈਂਦੇ। ਰਸਦ ਨਾਲ ਰਸਦ, ਫਲਾਂ ਨਾਲ ਫਲ। ਤੇ ਲਾਗ ਆਪਣੀ ਵਖ ਪਹਿਲੀ ਤਰੀਕ ਨੋਟਾਂ ਦੀ ਦੱਥੀ ਗਿਣ ਕੇ ਧਰਾ ਲੈਂਦੇ।

ਕੁੰਦਨ ਦੇ ਘਰ ਵਾਲੇ ਵੀ ਸੱਚੇ ਸਨ। ਬੇਸ਼ਕ ਖੁਸਰਾ ਸੀ ਪਰ ਇਤਨੇ ਵੱਡੇ ਘਰ ਵਿੱਚੋਂ ਕੋਈ ਆਪਣੀ ਉਲਾਦ ਕਿਵੇਂ ਖੁਸਰਿਆਂ ਦੇ ਮਹੱਲੇ ਵਿੱਚ ਰਹਿਣ ਲਈ ਭੇਜ ਦੇਵੇ?

ਉਧਰ ਖੁਸਰੇ ਵੀ ਸੱਚੇ ਸਨ। ਉਹ ਲੋਕ ਆਪਣੀ ਉਲਾਦ ਤੇ ਪੈਦਾ ਨਹੀਂ ਸਨ ਕਰ ਸਕਦੇ। ਜੇ ਸ਼ਹਿਰ ਵਿੱਚ ਜੰਮੇ ਖੁਸਰੇ ਉਨ੍ਹਾਂ ਨਾਲ ਆ ਕੇ ਸ਼ਾਮਲ ਨਾ ਹੋਣ ਤਾਂ ਉਨ੍ਹਾਂ ਦਾ ਧੰਦਾ ਕਿਵੇਂ ਚੱਲੇ। ਉਹ ਲੋਕ ਤੇ ਭੁੱਖੇ ਮਰ ਜਾਣ। ਉਨ੍ਹਾਂ ਨੂੰ ਖਾਣਾ ਵੀ ਲੋੜੀਂਦਾ ਸੀ, ਪਾਣਾ ਵੀ ਲੋੜੀਂਦਾ ਸੀ, ਸਿਰ ਤੇ ਛੱਤ ਵੀ ਲੋੜੀਂਦੀ ਸੀ। ਉਨ੍ਹਾਂ ਨੂੰ ਗਾਣਾ ਸਿਖਣਾ ਪੈਂਦਾ ਸੀ, ਨੱਚਣਾ ਸਿਖਣਾ ਪੈਂਦਾ ਸੀ, ਸੱਜਣ-ਸਜਾਣ ਲਈ ਸੁਰਖੀਆਂ-ਪਾਊਡਰ ਖ਼ਰੀਦਣੇ ਹੁੰਦੇ ਸਨ। ਹਾਰਮੋਨੀਅਮ ਬਾਜੇ ਤੇ ਤਬਲੇ। ਸ਼ਿੰਗਾਰ-ਪੱਟੀਆਂ ਤੇ ਘੁੰਗਰੂ, ਖ਼ੁਸ਼ਬੂਦਾਰ ਤੇਲ ਤੇ ਉੱਚੀ ਅੱਡੀ ਵਾਲੀਆਂ ਗੁਰਗਾਬੀਆਂ।

ਜਿਤਨੇ ਜ਼ਿਆਦਾ ਖੁਸਰੇ ਕਿਤੇ ਜਾਂਦੇ ਉਤਨੀ ਹੀ ਵਧੇਰੇ ਉਨ੍ਹਾਂ ਦੀ ਆਮਦਨ ਹੁੰਦੀ। ਉਨ੍ਹਾਂ ਤਾਂ ਮਹੱਲੇ ਤੇ ਬਸਤੀਆਂ ਵੰਡੀਆਂ ਹੋਈਆਂ ਸਨ। ਅੱਜ ਕਲ ਦੇ ਸ਼ਹਿਰ ਵੀ ਤੇ ਇਸ ਤਰ੍ਹਾਂ ਵਧ ਰਹੇ ਸਨ ਕਿ ਵਿਚਾਰੇ ਖੁਸਰਿਆਂ ਤੋਂ ਪੂਰੀ ਨਾ ਪੈਂਦੀ।

ਨਾਲੇ ਅੱਜ ਕਲ ਲੋਕਾਂ ਦੇ ਘਰ ਅਕਸਰ ਕੁਝ-ਨਾ-ਕੁਝ ਹੋਇਆ ਰਹਿੰਦਾ। ਬੱਚੇ ਬੇਸ਼ਕ ਘਟ ਪੈਦਾ ਹੁੰਦੇ ਸਨ ਪਰ ਹੋਰ ਖ਼ੁਸ਼ੀਆਂ ਅਨੇਕ ਵਧ ਗਈਆਂ ਸਨ। ਜਨਮ ਦਿਨ ਹੀ ਨਹੀਂ ਸਨ ਮਾਣ। ਮੁੰਡਨ ਤੇ ਨਾਮਕਰਣ। ਮੰਗਣੀਆਂ ਤੇ ਟਿੱਕੇ, ਵਿਆਹ ਤੇ ਮੁਕਲਾਵੇ। ਖੁਸਰੇ ਜਿਤਨੇ ਉਤਨੇ ਥੋੜ੍ਹੇ!

ਕਸਤੂਰੀ ਜਿਉਂ ਜਿਉਂ ਵੱਡਾ ਹੋ ਰਿਹਾ ਸੀ ਇਕ ਅਜੀਬ ਪਰੇਸ਼ਾਨੀ ਉਹ ਮਹਿਸੂਸ ਕਰਨ ਲੱਗਾ। ਕਦਮ ਕਦਮ ਤੇ ਕੋਈ-ਨਾ-ਕੋਈ ਉਲਝਣ ਉਸ ਨੂੰ ਆ ਕੇ ਘੇਰ ਲੈਂਦੀ। ਅੱਲੇ-ਮਹੱਲੇ ਦੇ ਮੁੰਡੇ ਉਸ ਨੂੰ 'ਛੋਕਰੀ' ਕਹਿ ਕੇ ਬੁਲਾਂਦੇ ਤੇ ਕੁੜੀਆਂ ਨੂੰ ਉਹਦੇ ਵਿਚੋਂ ਮਰਦ ਦੀ ਬੂ ਆਂਦੀ ਸੀ। ਅਜੀਬ ਬੇਢੱਬਾ ਉਹਦਾ ਚਿਹਰਾ ਨਿਕਲਦਾ ਆ ਰਿਹਾ ਸੀ। ਮੋਟੇ ਮੋਟੇ ਹੋਠ। ਪਕੌੜਾ ਜਿਹਾ ਨੱਕ, ਘਣੇ ਕਾਲੇ ਭਰਵੱਟੇ। ਸਾਹਮਣੇ ਗਰਦਨ ਵਿਚ ਵਧੀ ਹੋਈ ਘੁੰਡੀ। ਫਟੀ ਹੋਈ ਆਵਾਜ਼। ਮੁੰਡਿਆਂ ਦੇ ਕਪੜੇ ਪਾਂਦਾ ਸੀ ਪਰ ਕੁੜੀਆਂ ਵਾਲੀ ਚਾਲ। ਕੁੜੀਆਂ ਵਾਂਗਰਾਂ ਸ਼ਰਮਾਂਦਾ। ਕੁੜੀਆਂ ਵਾਂਗਰਾਂ ਝਕਦਾ-ਝਿਝਕਦਾ।

ਕਸਤੂਰੀ ਹੈਰਾਨ ਹੁੰਦਾ, ਮੁੰਡਿਆਂ ਵਾਂਗਰਾਂ ਉਹ ਰਹਿੰਦਾ ਸੀ, ਮੁੰਡਿਆਂ ਨਾਲ ਉਠਦਾ ਬਹਿੰਦਾ ਸੀ, ਮੁੰਡਿਆਂ ਨਾਲ ਹੱਸਦਾ-ਖੇਡਦਾ ਸੀ ਪਰ ਰਾਤੀਂ ਜਦੋਂ ਉਹ ਸੌਂਦਾ ਉਸ ਨੂੰ ਕੁੜੀਆਂ ਵਾਲੇ ਸੁਫ਼ਨੇ ਆਂਦੇ ਸਨ। ਕਈ ਵਾਰ ਸੁਤੇ-ਸਿਧ ਉਸ ਦੇ ਮੂੰਹ ਵਿੱਚੋਂ ਕੁੜੀਆਂ ਵਾਲੇ ਬੋਲ ਨਿਕਲ ਜਾਂਦੇ- 'ਨੀ ਮੈਂ ਸਦਕੇ ਜਾਵਾਂ', 'ਨੀ ਮੈਂ ਵਾਰੀ ਜਾਵਾਂ', 'ਹਾਏ, ਮੇਰੀ ਤੋਬਾ।' ਉਹਦੀ ਠੋਡੀ ਤੇ ਅਜੇ ਕੋਈ ਵਾਲ ਨਹੀਂ ਸੀ।

ਉਹਦੇ ਹਾਣੀ ਸਾਰੇ ਹਜਾਮਤ ਬਣਾਉਂਦੇ ਸਨ, ਬਲੇਡਾਂ ਤੇ ਉਸਤਰਿਆਂ ਦੀਆਂ ਗੱਲਾਂ ਕਰਦੇ, ਉਹ ਬਸ ਉਨ੍ਹਾਂ ਦੇ ਮੂੰਹ ਵੱਲ ਵੇਖਦਾ ਰਹਿ ਜਾਂਦਾ।

ਅੱਲੇ-ਮਹੱਲੇ ਦੇ ਮੁੰਡਿਆਂ ਨਾਲ ਖੇਡਦਾ, ਕਸਤੂਰੀ ਮਹਿਸੂਸ ਕਰਦਾ ਉਹ ਆਪਣੇ ਸਾਥੀਆਂ ਤੋਂ ਕਿਤੇ ਪਹਿਲੇ ਥੱਕ ਜਾਂਦਾ ਸੀ। ਆਪਣੇ ਸਾਥੀਆਂ ਤੋਂ ਕਿਤੇ ਪਹਿਲੇ ਉਸ ਨੂੰ ਪਰਸਿਉ ਛੁਟਣ ਲੱਗ ਪੈਂਦਾ ਸੀ। ਆਪਣੇ ਸਾਥੀਆਂ ਤੋਂ ਕਿਤੇ ਪਹਿਲੋਂ ਉਹਦਾ ਸਾਹ ਫੁੱਲਣ ਲਗ ਪੈਂਦਾ ਸੀ। ਆਪਣੇ ਸਾਥੀਆਂ ਤੋਂ ਕਿਤੇ ਪਹਿਲੇ ਉਹਦਾ ਮੂੰਹ ਲਾਲ-ਬਿੰਬ ਹੋ ਜਾਂਦਾ ਸੀ। ਉਹਦੇ ਨਾਲ ਦੇ ਮੁੰਡਿਆਂ ਨੇ ਉਹਦਾ ਨਾਂ ਪਾਇਆ ਸੀ- "ਉਈ, ਮੈਂ ਤੇ ਥਕ ਗਈ।"

ਉਸ ਸਿਆਲੇ ਉਨ੍ਹਾਂ ਦੇ ਘਰ ਦੇ ਸਾਹਮਣੇ ਕੋਠੀ ਵਿੱਚ ਕੋਈ ਕਿਰਾਏਦਾਰ ਆ ਗਏ ਸਨ। ਕੋਈ ਸਟੇਟ ਬੈਂਕ ਦਾ ਮੈਨੇਜਰ ਸੀ। ਢੇਰ ਸਾਰਾ ਟੱਬਰ। ਐਤਵਾਰ ਨੂੰ ਜਦੋਂ ਸਵੇਰੇ ਸਾਰੇ ਸੱਜ ਕੇ ਗਿਰਜੇ ਇਬਾਦਤ ਲਈ ਜਾਂਦੇ, ਇਕ ਧਰੱਚੇ ਦਾ ਧਰੱਚਾ ਘਰੋਂ ਨਿਕਲਦਾ। ਹਰ ਉਮਰ ਦੇ ਬੱਚੇ, ਜਵਾਨ-ਜਹਾਨ ਮੁੰਡੇ ਕੁੜੀਆਂ, ਤੇ ਅਜੇ ਮਾਪਿਆਂ ਦਾ ਕੁਝ ਨਹੀਂ ਵਿਗੜਿਆ ਸੀ। ਮਾਂ ਇੰਜ ਸਜਦੀ, ਇੰਜ ਸ਼ੋਖ ਰੰਗ ਦੇ ਕਪੜੇ ਪਾਂਦੀ ਕਿ ਲੋਕੀਂ ਵੇਖਦੇ ਰਹਿ ਜਾਂਦੇ।

ਨਵੇਂ ਆਏ ਗੁਆਂਢੀਆਂ ਦੀ ਇਕ ਧੀ ਨੂੰ ਕਸਤੂਰੀ ਚੰਗਾ ਲਗਣ ਲਗ ਪਿਆ। ਘੰਟਿਆਂ ਬੱਧੀ ਖਿੜਕੀ ਵਿੱਚ ਬੈਠੀ ਇਸ ਨੂੰ ਵੇਖਦੀ ਉਡੀਕਦੀ ਰਹਿੰਦੀ। ਉਹਦਾ ਕਮਰਾ ਕਸਤੂਰੀ ਦੇ ਕਮਰੇ ਦੇ ਠੀਕ ਸਾਹਮਣੇ ਖੁਲ੍ਹਦਾ ਸੀ। ਕਸਤੂਰੀ ਉਸ ਤੋਂ ਕਤਰਾਂਦਾ ਰਹਿੰਦਾ। ਜਿਉਂ ਜਿਉਂ ਇਹ ਉਸ ਤੋਂ ਬਚਣ ਦੀ ਕੋਸ਼ਿਸ਼ ਕਰਦਾ, ਗੁਆਂਢਣ ਕੁੜੀ ਤਿਉਂ ਤਿਉਂ ਇਹਦੀ ਦੀਵਾਨੀ ਹੁੰਦੀ ਜਾਂਦੀ। ਤਿਉਂ ਤਿਉਂ ਇਹਦਾ ਉਹ ਪਿੱਛਾ ਕਰਦੀ। ਅੱਖੀਆਂ ਵਿੱਚ ਅੱਥਰੂ ਭਰੀ ਢੇਰ ਰਾਤ ਗਏ ਤੀਕ ਖਿੜਕੀ ਵਿੱਚ ਬੈਠੀ ਇਕ ਨਜ਼ਰ ਕਸਤੂਰੀ ਨੂੰ ਵੇਖਣ ਲਈ ਤੜਫਦੀ ਰਹਿੰਦੀ। ਜਦੋਂ ਇਹ ਨਜ਼ਰ ਆਂਦਾ ਆਪਣੇ ਲਬਾਂ ਤੇ ਉਂਗਲੀਆਂ ਰਖ ਕੇ ਇਹਨੂੰ ਚੁੰਮਣ ਸੁੱਟਣ ਲਗ ਪੈਂਦੀ। ਕਸਤੂਰੀ ਆਪਣੀ ਖਿੜਕੀ ਬੰਦ ਕਰ ਲੈਂਦਾ। ਪਰ ਕੁੜੀ ਜਿਵੇਂ ਸਮੂਲੀ ਇਸ ਲਈ ਵਿਕ ਚੁਕੀ ਹੋਵੇ। ਉਸ ਇਹਨੂੰ ਚਿੱਠੀਆਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ।

ਤੇ ਫੇਰ ਕਸਤੂਰੀ ਨੂੰ ਵੀ ਜਿਵੇਂ ਉਹ ਚੰਗੀ ਲਗਣ ਲਗ ਪਈ ਹੋਵੇ। ਕਿਤਨੀਆਂ ਪਿਆਰੀਆਂ ਇਹਨੂੰ ਚਿੱਠੀਆਂ ਲਿਖਦੀ ਸੀ! ਉਹ ਤੇ ਇਸ ਲਈ ਕੋਈ ਕੁਰਬਾਨੀ ਕਰ ਸਕਦੀ ਸੀ। ਬੇਸ਼ਕ ਰੰਗ ਉਹਦਾ ਸਾਂਵਲਾ ਸੀ, ਪਰ ਕਿਤਨਾ ਨਮਕ ਸੀ ਉਸ ਵਿੱਚ! ਮੋਟੀਆਂ ਮੋਟੀਆਂ ਕਾਲੀਆਂ ਅੱਖੀਆਂ! ਇੰਜ ਇਹਦੇ ਵੱਲ ਵੇਖਦੀ ਸੀ ਜਿਵੇਂ ਘੁਟ ਘੁਟ ਇਹਨੂੰ ਪੀ ਰਹੀ ਹੋਵੇ।

ਤੇ ਫੇਰ ਉਨ੍ਹਾਂ ਦੀ ਜਿਵੇਂ ਖੇਡ ਹੋ ਗਈ ਹੋਵੇ। ਰਾਤ ਰਾਤ ਭਰ ਖਿੜਕੀਆਂ ਵਿੱਚ ਬੈਠੇ ਜਾਗਦੇ ਰਹਿੰਦੇ। ਸੜਕ ਪਾਰ ਆਪਣੇ ਕਮਰੇ ਵਿੱਚ ਖੁਲ੍ਹੀ ਖਿੜਕੀ ਵਿੱਚ ਖਲੋਤੀ ਕੁੜੀ ਆਪਣੀ ਨੁਮਾਇਸ਼ ਕਰਦੀ ਰਹਿੰਦੀ। ਕਦੀ ਕੋਈ ਤ੍ਰੇਵਰ ਪਾਂਦੀ, ਕਦੀ ਕੋਈ। ਕਦੀ ਕਿਸੇ ਤਰ੍ਹਾਂ ਵਾਲਾਂ ਨੂੰ ਬਣਾਂਦੀ ਕਦੀ ਕਿਸੇ ਤਰ੍ਹਾਂ। ਕਦੀ



ਨੱਚਣ ਲਗ ਪੈਂਦੀ, ਕਦੀ ਗਾਣ ਲਗ ਪੈਂਦੀ, ਕਦੀ ਰੋਣ ਲਗਦੀ, ਛਲ ਛਲ ਅੱਥਰੂ।

ਇੰਜ ਹੀ ਇਕ ਵਾਰ ਕੋਈ ਅੱਧੀ ਰਾਤ ਵੇਲੇ ਉਹ ਹਰ ਰੋਜ਼ ਦਾ ਨਾਟਕ ਕਰ ਰਹੀ ਸੀ। ਉਸ ਰਾਤ ਉਹਨੇ ਦੁੱਧ ਚਿੱਟੇ ਰੰਗ ਦਾ ਰੇਸ਼ਮੀ ਗਾਊਨ ਪਾਇਆ ਹੋਇਆ ਸੀ। ਮੋਢਿਆਂ ਤੋਂ ਲੈ ਕੇ ਪੈਰਾਂ ਤੀਕ। ਕਪੜਾ ਇਤਨਾ ਮਹੀਨ ਸੀ ਕਿ ਉਸ ਦਾ ਅੰਗ ਅੰਗ ਜਿਵੇਂ ਉਭਰ ਕੇ ਬਾਹਰ ਆ ਰਿਹਾ ਹੋਵੇ। ਨਾਲੇ ਗਾਊਨ ਪਾ ਕੇ ਉਹ ਉੱਚੀ ਕਿਤਨੀ ਲਗ ਰਹੀ ਸੀ। ਕਸਤੂਰੀ ਇਕ ਟਕ ਉਸ ਨੂੰ ਵੇਖ ਰਿਹਾ ਸੀ, ਜਿਵੇਂ ਅਰਸ਼ੋਂ ਲੱਥੀ ਪਰੀ ਹੋਵੇ। ਤੇ ਫੇਰ ਉਸ ਆਪਣੀਆਂ ਦੋਹਾਂ ਬਾਹਵਾਂ ਨੂੰ ਉਤੇ ਚੁਕਿਆ, ਉਹਦੀ ਜੁਆਨ ਦਾ ਉਭਾਰ, ਇਕ ਨਸ਼ੇ ਨਸ਼ੇ ਵਿੱਚ ਕੁੜੀ ਦੀਆਂ ਅੱਖੀਆਂ ਮੁੰਦ ਗਈਆਂ। ਇਧਰੋਂ ਕੁੜੀ ਦੀਆਂ ਪਲਕਾਂ ਭਿੜੀਆਂ, ਉਧਰ ਜਿਵੇਂ ਕੋਈ ਤੰਦੀਆਂ ਛੁੜਕ ਪਈਆਂ ਹੋਣ, ਰੇਸ਼ਮੀ ਗਾਊਨ ਤਿਲਕ ਕੇ ਕੁੜੀ ਦੇ ਪੈਰਾਂ ਵਿੱਚ ਢੇਰੀਂ ਹੋ ਗਿਆ। ਇਕ ਅੱਖ ਪਲਕਾਰੇ ਵਿਚ ਕੁੜੀ ਨੇ ਹੱਥ ਵਧਾ ਕੇ ਕਮਰੇ ਦੀ ਬੱਤੀ ਬੁਝਾ ਦਿੱਤੀ।

ਉਹ ਸਾਰੀ ਰਾਤ ਕਸਤੂਰੀ ਦੀਆਂ ਅੱਖੀਆਂ ਵਿਚ ਇਕ ਹਸੀਨਾ ਦਾ ਬੂਟੇ ਵਰਗਾ ਬੁੱਤ ਘੁੰਮਦਾ ਰਿਹਾ।

ਤੇ ਫੇਰ ਉਨ੍ਹਾਂ ਮਿਲਣਾ ਸ਼ੁਰੂ ਕਰ ਦਿੱਤਾ। ਕਦੀ ਕਿਤੇ, ਕਦੀ ਕਿਤੇ, ਕਦੀ ਕਿਵੇਂ, ਕਦੀ ਕਿਵੇਂ। ਕਸਤੂਰੀ ਹਮੇਸ਼ਾਂ ਉਸ ਤੋਂ ਕਤਰਾਂਦਾ, ਉਹਨੂੰ ਘੁਸਾਣ ਦੀ ਕੋਸ਼ਿਸ਼ ਕਰਦਾ ਪਰ ਕੁੜੀ ਆਪਣੀ ਧੁੰਨ ਦੀ ਪੱਕੀ ਸੀ। ਨਾਲੇ ਕਿੰਜ ਇਸ ਤੇ ਉਹ ਡ਼ਿਦਾ ਸੀ। ਉਹਦੀਆਂ, ਭੈਣਾਂ ਉਹਦੀ ਚੋਣ ਤੇ ਉਹਦੇ ਉਤੇ ਹੱਸਦੀਆਂ ਉਹ ਉਨ੍ਹਾਂ ਦਾ ਮੂੰਹ ਸਿਰ ਪੋਚ ਲੈਂਦੀ। ਇਕ ਕਸਤੂਰੀ ਤੇ ਹੋਰ ਕੁਝ ਵੀ ਨਹੀਂ। ਉਹਦੀ ਮਾਂ ਨੂੰ ਕੋਈ ਇਤਰਾਜ਼ ਨਹੀਂ ਸੀ। ਅੰਤਾਂ ਦਾ ਪੈਸਾ ਸੀ ਕਸਤੂਰੀ ਦੇ ਪਿਉ ਕੋਲ। ਉਨ੍ਹਾਂ ਦੀ ਕੋਠੀ ਹੀ ਨਹੀਂ ਮਾਣ ਸੀ।

ਲੱਖ ਉਸ ਤੋਂ ਬਚਣ ਦੀ ਕੋਸ਼ਿਸ਼ ਕਰਦਾ, ਇਕ ਦਿਨ ਤ੍ਰਕਾਲਾਂ ਵੇਲੇ ਪਾਰਕ ਦੇ ਇਕਲਵੰਜੇ ਕਸਤੂਰੀ, ਉਸ ਕੁੜੀ ਦੇ ਕਾਬੂ ਆ ਗਿਆ। ਸ਼ਾਮ ਦੀ ਉਹ ਇਕ ਰੁੱਖ ਪਿੱਛੇ ਛਿਪੀ ਖਲੋਤੀ, ਇਹਦੀ ਉਡੀਕ ਕਰ ਰਹੀ ਸੀ, ਕਦੋਂ ਇਹ ਖੇਡ ਕੇ ਉਧਰੋਂ ਨਿਕਲੇ। ਇਕੋ ਸਾਹ ਇਸ ਨੂੰ ਪਿਆਰ ਕਰਨ ਲਗ ਪਈ। ਮੁੜ ਮੁੜ ਇਹਦੇ ਨਾਲ ਚਿਮਟਦੀ, ਮੁੜ ਮੁੜ ਇਹਨੂੰ ਛਾਤੀ ਨਾਲ ਘੁਟਦੀ ਤੇ ਪਿਆਰ ਕਰੀ ਜਾਂਦੀ। ਪਰ ਅਗਲਾ ਤੇ ਠੰਡਾ ਯਖ ਸੀ। ਜਿਵੇਂ ਬਰਫ਼ ਵਿੱਚ ਲਾਈ ਹੋਈ ਸੋਢੇ ਦੀ ਫਿੱਕੀ ਬੋਤਲ ਹੋਵੇ। ਕੁੜੀ ਹਾਰਨ ਵਾਲੀ ਨਹੀਂ ਸੀ। ਇਕ ਨਜ਼ਰ ਇਹਦੇ ਮੂੰਹ ਵੱਲ ਵੇਖ ਕੇ ਫੇਰ ਜਿਵੇਂ ਉਹਦੇ ਅੰਗ ਅੰਗ ਵਿੱਚ ਵਹਿਸ਼ਤ ਆ ਗਈ ਹੋਵੇ, ਉਸ ਫੇਰ ਇਸ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਤੇ ਪੈਰੋ-ਪੈਰ ਵਧ ਰਹੇ ਹਨੇਰੇ ਵਿੱਚ, ਉਹ ਕਸਤੂਰੀ ਨੂੰ ਚੁੰਮਦੀ ਜਾ ਰਹੀ ਸੀ, ਇਕ ਨਸ਼ੇ ਵਿੱਚ, ਇਕ ਹੁਲਾਰ ਵਿੱਚ, ਉਹਦੇ ਹੋਠ ਇਹਦੇ ਹੋਠਾਂ ਤੇ। ਉਹਦੀ ਜੀਭ ਇਹਦੀ ਜੀਭ ਤੇ। ਉਹਦੇ ਦੰਦ ਇਹਦੇ ਦੰਦਾਂ ਵਿੱਚ।

ਇੰਜ ਇਹਨੂੰ ਪਿਆਰ ਕਰ ਰਹੀ ਕੁੜੀ ਨੇ ਕਸਤੂਰੀ ਨੂੰ ਹੇਠ ਘਾਹ ਤੇ ਪਾ ਲਿਆ, ਆਪ ਇਕ ਮਸਤੀ ਵਿੱਚ ਇਹਦੇ ਨਾਲ ਲੇਟ ਗਈ। ਘਣੇ ਰੁੱਖਾਂ ਦੇ ਵਿਚਕਾਰ, ਪਾਰਕ ਦੇ ਸੁੰਨੇ ਖੂੰਜੇ ਵਿੱਚ, ਆਕਾਸ਼ ਤੇ ਚੰਨ ਨਿਕਲ ਆਇਆ ਸੀ। ਉਹ ਤੇ ਪੂਰੇ ਚੰਨ ਦੀ ਰਾਤ ਸੀ। ਚੰਨ-ਚਾਨਣੀਂ ਰੁੱਖਾਂ ਦੇ ਪੱਤਿਆਂ ਵਿਚੋਂ ਛਣ ਛਣ ਕੇ ਉਹਦੀ ਛਾਤੀ ਦੇ ਉਭਾਰਾਂ ਤੇ ਪੈ ਰਹੀ ਸੀ। ਇਕ ਹੁਲਾਰ ਵਿੱਚ, ਉਨਮਾਦ ਵਿੱਚ, ਇਕ ਨਸ਼ੇ ਵਿੱਚ ਉਹ ਘਾਹ ਤੇ ਚੌਫ਼ਾਲ ਪਈ ਹੋਈ ਸੀ। ਇਕ ਬੇਪਨਾਹ ਵੇਗ ਤੇ ਇਕ ਇਕ ਕਰਕੇ ਉਹਦੀ ਅੰਗੀ ਦੇ ਬੀੜੇ ਆਪ ਆਪ ਖੁਲ੍ਹਦੇ ਗਏ। ਚੰਨ-ਚਾਨਣੀ ਉਹਦੇ ਟੋਇਆਂ ਵਿੱਚ ਖੁਭ-ਖੁਭ ਜਾ ਰਹੀ ਸੀ, ਉਹਦੇ ਟਿੱਬਿਆਂ ਨਾਲ ਖਹਿਸਰ ਰਹੀ ਸੀ। ਉਹਦੇ ਦਿਲ ਦੀ ਧੜਕਣ ਤੇਜ਼, ਹੋਰ ਤੇਜ਼, ਹੋਰ ਤੇਜ਼ ਹੁੰਦੀ ਜਾ ਰਹੀ ਸੀ।

ਤੇ ਉਹਦੇ ਨਾਲ ਘਾਹ ਤੇ ਲੇਟਿਆ ਕਸਤੂਰੀ ਇੰਜ ਪਿਆ ਸੀ ਜਿਵੇਂ ਭਿਝੀ ਹੋਈ ਇਟ ਹੋਵੇ, ਠੰਡਾ-ਠਾਰ ਬਿਟ-ਬਿਟ ਉਹਦੇ ਵੱਲ ਵੇਖ ਰਿਹਾ। ਇਹਦਾ ਦਿਲ ਧੜਕੂੰ ਧੁੜਕੂੰ ਕਰ ਰਿਹਾ ਸੀ ਕੁੜਿੱਕੀ ਵਿੱਚ ਫਸੀ ਘੁੱਗੀ ਵਾਂਗਰਾਂ।

ਤੇ ਫੇਰ ਅਚਾਨਕ ਉਹਦੇ ਮਨ ਵਿੱਚ ਪਤਾ ਨਹੀਂ ਕੀ ਆਈ, ਕਹਿਰਾਂ ਦੀ ਜੁਆਨੀ ਨੇ ਪਾਸਾ ਪਰਤਿਆ, ਇਕ ਪੰਜੇ ਦੇ ਭਾਰ ਉਹ ਉਠੀ ਤੇ ਦੰਦ ਕਰੀਚ ਕੇ ਕਸਤੂਰੀ ਦੇ ਮੂੰਹ ਤੇ ਸੱਜੇ-ਖੱਬੇ ਇੱਕ, ਦੋ, ਤਿੰਨ, ਚਾਰ ਚੁਪੇੜਾਂ ਮਾਰ ਕੇ ਸ਼ੂਕਦੀ, ਫੁੰਕਾਰਦੀ ਤੇਜ਼ ਤੇਜ਼ ਕਦਮ, ਆਪਣੇ ਬਲਾਊਜ਼ ਦੇ ਬੀੜੇ ਬੰਦ ਕਰਦੀ ਪਾਰਕ ਵਿੱਚੋਂ ਨਿਕਲ ਗਈ। ਕਸਤੂਰੀ ਢੇਰ ਰਾਤ ਗਈ ਤੀਕ ਕੱਲ-ਮੁਕੱਲਾ ਪਾਰਕ ਵਿੱਚ ਪਿਆ ਮਿੱਟੀ ਨਾਲ ਮਿੱਟੀ ਹੁੰਦਾ ਰਿਹਾ।

ਉਸ ਦਿਨ ਤੋਂ ਬਾਅਦ ਕਸਤੂਰੀ ਦਾ ਜਿਵੇਂ ਘਰੋਂ ਬਾਹਰ ਨਿਕਲਣ ਦਾ ਮਨ ਨਾ ਕਰਦਾ ਹੋਵੇ। ਆਪਣੇ ਕਮਰੇ ਦੀ ਇਹਦੀ ਖਿੜਕੀ ਹਮੇਸ਼ਾ ਭੀੜੀ ਰਹਿੰਦੀ ਜਿਵੇਂ ਸਾਹਮਣੇ ਘਰ ਦੇ ਕਮਰੇ ਦੀ ਖਿੜਕੀ ਬੰਦ ਰਹਿੰਦੀ ਸੀ। ਤੇ ਫੇਰ ਇਹਦਾ ਮਨ ਪਰਚ ਗਿਆ। ਕਸਤੂਰੀ ਦੇ ਵੱਡੇ ਭਰਾ ਦਾ ਵਿਆਹ ਹੋ ਰਿਹਾ ਸੀ। ਘਰ ਵਿੱਚ ਆਇਆ ਗਿਆ, ਖਾਣਾ-ਪੀਣਾ, ਚਹਿਲ-ਪਹਿਲ। ਫੇਰ ਜੰਞ ਚੜ੍ਹੀ। ਬਰਾਤ ਨਿਕਲੀ। ਡੋਲੀ ਆਈ।

ਡੋਲੀ ਆਏ ਵਧੇਰੇ ਚਿਰ ਨਹੀਂ ਹੋਇਆ ਸੀ ਕਿ ਖੁਸਰਿਆਂ ਦੀ ਜੰਞ ਜਿਵੇਂ ਉਨ੍ਹਾਂ ਦੇ ਵਿਹੜੇ ਆ ਲੱਥੀ ਹੋਵੇ। ਢੇਰ ਸਾਰੇ ਸਨ। ਉਨ੍ਹਾਂ ਦਾ ਆਂਙਣ ਭਰਿਆ ਗਿਆ। ਦੂਰ ਸੜਕ ਦੇ ਮੋੜ ਤੋਂ ਢੋਲਕ ਕੁਟਦੇ, ਤਾੜੀਆਂ ਵਜਾਂਦੇ, ਨੱਚਦੇ ਹੋਏ ਆਏ ਤੇ ਵਧਾਈਆਂ ਦੇਣ ਲਗ ਪਏ। ਖ਼ੁਸ਼ੀ ਦਾ ਮੌਕਾ ਸੀ। ਇਸ ਤਰ੍ਹਾਂ ਦੇ ਮੌਕੇ ਤੇ ਇਨ੍ਹਾਂ ਲੋਕਾਂ ਦਾ ਆਉਣਾ ਬਣਿਆ ਹੋਇਆ ਸੀ। ਸਾਰੇ ਘਰ ਵਾਲੇ, ਸਾਰੇ ਦੂਰੋਂ ਨੇੜਿਉਂ ਆਏ ਪ੍ਰਾਹੁਣੇ ਕੋਠੀ ਦੇ ਵਿਸ਼ਾਲ ਵਿਹੜੇ ਵਿਚ ਇਕੱਠੇ ਹੋ ਗਏ ਸਨ। ਖੁਸਰਿਆਂ ਨੂੰ ਵੀ ਗਾ ਗਾ ਕੇ ਨੱਚ ਨੱਚ ਕੇ ਹਾਰ ਵਾਰ ਨਹੀਂ ਆ ਰਹੀ ਸੀ। ਇਤਨਾ ਵੱਡਾ ਘਰ। ਇਤਨੇ ਵੱਡੇ ਸਰਮਾਏਦਾਰ ਦੇ ਪੁੱਤਰ ਦਾ ਵਿਆਹ ਉਹ ਤੇ ਜਿਤਨੀ ਖ਼ੁਸ਼ੀ ਮਨਾਉਣ ਉਤਨੀ ਥੋੜ੍ਹੀ ਸੀ, ਜਿਤਨੀਆਂ ਬਲਾਵਾਂ ਲੈਣ ਉਤਨੀਆਂ ਥੋੜ੍ਹੀਆਂ ਸਨ, ਜਿਤਨੀ ਲਾਗ ਮੰਗਣ ਉਤਨੀ ਬਣਦੀ ਸੀ। ਢੋਲਕੀਆਂ ਢੋਲਕ ਕੁਟ ਕੁਟ



ਕੇ ਨਹੀਂ ਰਜਦੇ ਸਨ। ਬਾਜੇ ਵਾਲੇ ਦੀਆਂ ਉਂਗਲੀਆਂ ਫਿਰਕਣੀ ਵਾਂਗ ਸੁਰਾਂ ਤੇ ਚਲ ਰਹੀਆਂ ਸਨ। ਖੁਸਰੇ ਇਕ ਇਕ ਕਰਕੇ ਦੋ ਦੋ ਕਰਕੇ, ਚਾਰ ਚਾਰ ਕਰਕੇ ਨੱਚ ਰਹੇ ਸਨ। ਤੇ ਹੁਣ ਸਭ ਦੇ ਸਭ ਨੱਚਣ ਲਗ ਪਏ ਸਨ। ਤਾੜੀਆਂ ਨਾਲ ਤਾਲ ਦਿੰਦੇ ਤੇ ਨੱਚਦੇ ਜਾਂਦੇ, ਤੇਜ਼, ਹੋਰ ਤੇਜ਼, ਜਿਵੇਂ ਉਨ੍ਹਾਂ ਦੇ ਪੈਰ ਧਰਤੀ ਤੇ ਨਾ ਲਗ ਰਹੇ ਹੋਣ।

ਇੰਜ ਖੁਸਰੇ ਨੱਚ ਰਹੇ ਸਨ, ਚੌਹਾਂ ਪਾਸੇ ਘਰ ਵਾਲਿਆਂ ਦੀ, ਰਿਸ਼ਤੇਦਾਰਾਂ ਦੀ, ਆਂਢੀਆਂ-ਗੁਆਂਢੀਆਂ ਦੀ ਭੀੜ ਢੁਕੀ ਹੋਈ ਸੀ ਕਿ ਕੋਠੀ ਦੇ ਇਕ ਕਮਰੇ ਵਿਚੋਂ ਸਾੜ੍ਹੀ ਬੱਧੀ, ਲਿਪਸਟਿਕ ਨਾਲ ਹੋਠ ਰੰਗੇ, ਪੈਰੀਂ ਘੁੰਗਰੂ, ਕਸਤੂਰੀ ਨੱਚਦਾ ਹੋਇਆ ਨਿਕਲਿਆ ਤੇ ਖੁਸਰਿਆਂ ਦੇ ਨਾਚ ਵਿੱਚ ਸ਼ਾਮਲ ਹੋ ਗਿਆ। ਇੰਜ ਕਸਤੂਰੀ ਨੂੰ ਉਨ੍ਹਾਂ ਵਿਚ ਰਲਦਾ ਵੇਖ ਘਰ ਵਾਲਿਆਂ ਦਾ ਉਤੇ-ਦਾ-ਸਾਹ-ਉਤੇ ਤੇ ਹੇਠ-ਦਾ-ਸਾਹ-ਹੇਠ ਰਹਿ ਗਿਆ। ਖੁਸਰਿਆਂ ਨੇ ਕਸਤੂਰੀ ਨੂੰ ਇੰਜ ਆਪਣੇ ਵਿੱਚ ਸ਼ਾਮਲ ਹੁੰਦਾ ਵੇਖਿਆ ਤੇ ਉਨ੍ਹਾਂ ਦੀ ਲੈ ਹੋਰ ਤੇਜ਼ ਹੋ ਗਈ। ਢੋਲਕੀ ਵਾਲੇ ਨੇ ਹੋਰ ਉਚੇਰੀ ਤੇਜ਼ ਥਾਪ ਦੇਣੀ ਸ਼ੁਰੂ ਕਰ ਦਿੱਤੀ। ਇਕ ਸੁਰ, ਇਕ ਤਾਲ ਪੈਰ ਉਠਦੇ, ਇਕ ਸੁਰ, ਇਕ ਤਾਲ ਅੰਗ ਥਿਰਕਦੇ, ਨਾਚ ਤ੍ਰਿਖੜਾ, ਹੋਰ ਤ੍ਰਿਖੜਾ ਹੋ ਰਿਹਾ ਸੀ।

# ਉੱਚਾ ਬੁਰਜ ਲਾਹੌਰ ਦਾ

✍ ਨਵਤੇਜ ਪੁਆਧੀ

"ਵੇ ਸੋਨੇ ਦਿਆ ਕੰਗਣਾ
ਸੌਦਾ ਇਕੋ ਜਿਹਾ
ਦਿਲ ਦੇਣਾ ਤੇ ਦਿਲ ਮੰਗਣਾ..." ਤੇ ਗੰਭੋ ਨਚਾਰ ਦੇ ਇਹ ਮਿੱਠੇ ਬੋਲ ਅੱਜ ਵੀ ਪਿੰਡਾਂ ਦੀਆਂ ਨੇਰ੍ਹੀਆਂ ਚਾਨਣੀਆਂ ਗਲੀਆਂ ਵਿੱਚ ਬਾਸਮਤੀ ਦੀ ਮਹਿਕ ਵਾਂਗ ਤਾਰੀਆਂ ਲਾ ਰਹੇ ਹਨ ਭਾਵੇਂ ਗੰਭੋ ਨਚਾਰ ਦਾ ਅੱਜ ਕੋਈ ਥਹੁ ਟਿਕਾਣਾ ਨਹੀਂ।

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਅਜੇ ਅੰਮ੍ਰਿਤਸਰ ਤੇ ਲਹੌਰ ਦੀ ਸਾਂਝ ਨਹੀਂ ਸੀ ਟੁੱਟੀ ਤੇ ਜੀਊਣਾ ਅਜੇ ਜਥੇਦਾਰ ਜੀਊਣ ਸਿੰਘ ਨਹੀਂ ਸੀ ਬਣਿਆ ਤੇ ਮਲਖਾਨ ਅਜੇ ਚੌਧਰੀ ਮਲਖਾਨ ਨਹੀਂ ਸੀ ਬਣਿਆ ਤੇ ਇਹ ਦੋਵੇਂ ਨੇਰ੍ਹੀਆਂ ਚਾਨਣੀਆਂ ਰਾਤਾਂ ਨੂੰ ਦੂਰ ਦੂਰ ਪਿੰਡਾਂ ਵਿਚ ਜਾ ਕੇ ਖਾੜਾ ਲਾਉਂਦੇ ਤੇ ਇੱਕ ਹੱਥ ਕੰਨ ਤੇ ਧਰ ਤੇ ਦੂਜੀ ਬਾਂਹ ਹਵਾ 'ਚ ਉਲਾਰ ਬੋਲੀ ਪਾਉਂਦੇ, "ਬਈ ਓਏ ਉੱਚਾ ਬੁਰਜ ਲਾਹੌਰ ਦਾ" ਤੇ ਗੰਭੋ ਨਚਾਰ ਹਰਨੋਟੇ ਵਾਂਗ ਛਾਲ ਮਾਰ ਮੁਰਗਾਈ ਵਾਂਗ ਤੈਰਦਾ ਰਚਨੇ ਮਸਾਲਚੀ ਤੋਂ ਅੱਗੇ ਲੰਘਣ ਦੀ ਕੋਸ਼ਿਸ਼ ਕਰਦਾ ਕਦੇ ਰਚਨੇ ਮਸਾਲਚੀ ਤੋਂ ਅੱਗੇ ਨਹੀਂ ਸੀ ਲੰਘ ਸਕਿਆ।

ਇੱਕ ਸ਼ਾਮ ਜਦ ਕੋਸੀ ਧੁੱਪ ਅਜੇ ਮਿੱਠੀ ਮਿੱਠੀ ਜਿਹੀ ਸੀ ਤੇ ਡੰਗਰਾਂ ਦੇ ਪੁੜਿਆਂ ਤੇ ਬੈਠੀਆਂ ਚਿੜੀਆਂ ਤੇ ਗੁਟਾਰਾਂ ਅਜੇ ਉੜੀਆਂ ਨਹੀਂ ਸਨ, ਮਾਲ ਪਿੰਡ ਆਣ ਵੜਿਆ ਸੀ। ਤੇ ਲਾਲ ਭਾਹਾਂ ਮਾਰਦਾ ਬੁੱਢਾ ਸੂਰਜ ਮੰਦਰ ਦੇ ਸੋਨੇ ਰੰਗੇ ਕਲਸਾਂ ਤੋਂ ਤਿਲਕ ਕੇ ਪਿੰਡ ਦੇ ਬੂਰ ਭਰੇ ਟੋਭੇ ਵਿੱਚ ਡੁੱਬ ਗਿਆ ਸੀ ਪਰ ਜੀਊਣਾ ਤੇ ਗੰਭੋ ਨਚਾਰ ਕਿਸੇ ਪਿੰਡ ਖਾੜਾ ਲਾਉਣ ਜਾਣ ਲਈ ਤਿਆਰ ਹੋ ਕੇ ਖਾਨ ਦੀ ਤੇ ਰਚਨੇ ਮਸਾਲਚੀ ਦੀ ਉਡੀਕ ਕਰ ਰਹੇ ਸਨ ਕਿ ਜੀਊਣੇ ਦੇ ਛੋਟੇ ਭਰਾ ਨਿੰਮੋ ਝੂਣੇ ਸਿਰ ਸੁੱਟੀ ਘਰ ਆਣ ਵੜੇ ਸਨ।

ਜੀਊਣੇ ਨੇ ਆਪਣੇ ਭਰਾਵਾਂ ਤੋਂ ਕੁਝ ਵੀ ਨਹੀਂ ਸੀ ਪੁੱਛਿਆ, ਜੀਊਣਾ ਸਭ ਕੁਝ ਸਮਝ ਗਿਆ ਸੀ ਕਿ ਕੀ ਭਾਣਾ ਵਰਤਿਆ ਹੈ ਤੇ ਉਹ ਖਾਨ ਦੀ ਹੋਰ ਉਡੀਕ ਤੋਂ ਬਿਨਾਂ ਗੰਭੋ ਤੇ ਰਚਨੇ ਨੂੰ ਜਿਹੜਾ ਹੁਣੇ ਆਇਆ ਸੀ ਨਾਲ ਲੈ ਕੇ ਪੜ੍ਹੀ ਪਿੰਡ ਨੂੰ ਤੁਰ ਪਿਆ ਜਿੱਥੋਂ ਉਹ ਅੱਜ ਖਾੜਾ ਲਾਉਣ ਲਈ 'ਰਸਦ' ਲੈ ਆਇਆ ਸੀ ਤੇ ਅੱਜ ਲਈ ਬੋਲੀ ਪਾ ਆਇਆ ਸੀ-ਉਸ ਨੂੰ ਪੂਰਾ ਵਿਸ਼ਵਾਸ ਸੀ ਕਿ ਖਾਨ ਵੀ ਉਥੇ ਹੀ ਪੁੱਜ ਜਾਵੇਗਾ।

ਅਗਲੇ ਦਿਨ ਦੇ ਖਾੜੇ ਲਈ ਜੀਊਣੇ ਨੇ ਬੋਲੀ ਨਹੀਂ ਸੀ ਪਾਈ ਤੇ ਨਾ ਹੀ 'ਰਸਦ' ਲਈ ਸੀ-"ਬਸ ਹੁਣ ਨੀ ਪੁਗਣਾ ਏ ਕੰਮ..." ਜੀਊਣੇ ਦੀਆਂ ਅੱਖੀਆਂ ਪਾਣੀ ਭਰੇ ਢੁਮਾਂ ਵਾਂਗ ਹੋ ਗਈਆਂ ਸਨ।

ਜੀਊਣਾ ਤੇ ਉਸ ਦੇ ਭਰਾ ਆਪਣੀ ਭੋਂਏ ਦਾ ਮੁਕੱਦਮਾਂ ਥਲਵੀਂ ਅਦਾਲਤ ਤੋਂ ਹਾਰ ਗਏ ਸਨ। ਇਹ ਅਲਾਕੇ ਵਿੱਚ ਆਮ ਚਰਚਾ ਸੀ ਕਿ 'ਜੱਜ' ਨੇ ਦੂਜੀ ਧਿਰ ਦੀ ਰਈ ਕੀਤੀ ਸੀ ਤੇ ਮੁਕੱਦਮੇ ਦਾ ਫੈਸਲਾ ਉਨ੍ਹਾਂ ਦੇ ਹੱਕ ਵਿੱਚ ਕਰ ਦਿੱਤਾ ਸੀ।



ਜੀਊਣੇ ਦੇ ਭਰਾ ਉਸ ਤੇ ਇਸ ਕਰਕੇ ਵੀ ਗੁੱਸੇ ਸਨ ਕਿ ਪੂਰੇ ਅਲਾਕੇ ਵਿੱਚ ਉਸ ਦੀ ਸੋਭਾ ਹੈ ਤੇ ਉਸ ਦੇ ਖਾੜੇ ਦਾ ਨਾਂ ਹੈ ਪਰ ਉਸ ਨੇ ਕੋਈ ਸਫਾਰਸ਼ ਨਹੀਂ ਸੀ ਲਾਈ ਤੇ ਨਾ ਹੀ ਉਸਨੇ ਆਪਣੇ ਸੰਗੀ ਜੋੜੀਦਾਰ ਖਾਨ ਨੂੰ ਹੀ ਸਫਾਰਸ ਕਰਨ ਲਈ ਕਿਹਾ ਸੀ ਤੇ ਜਿਸ ਨੇ ਇਹ ਫ਼ੈਸਲਾ ਕੀਤਾ ਸੀ ਉਹ ਖਾਨ ਦੀ ਜਾਣ ਪਛਾਣ ਵਾਲਾ 'ਜੱਜ' ਸੀ।

ਜੀਊਣਾ ਬਹੁਤਾ ਹੀ ਹਾਰਦਾ ਜਾਂਦਾ ਸੀ-ਉਸ ਨੇ ਖਾੜਾ ਲਾਉਣਾ ਬੰਦ ਕਰ ਦਿੱਤਾ ਸੀ। ਖਾਨ ਕਈ ਵਾਰ ਆ ਕੇ ਉਸ ਨੂੰ ਸਮਝਾਉਂਦਾ ਸੀ ਕਿ ਘਰ ਬੈਠਿਆਂ ਤਾਂ ਭੁੱਖੇ ਮਰਨ ਵਾਲੀ ਗੱਲ ਹੈ ਪਰ ਉਸ ਨੇ ਖਾਨ ਦੀ ਇੱਕ ਵੀ ਨਹੀਂ ਸੀ ਸੁਣੀ-ਬਸ ਜਿੱਦ ਫੜ ਗਿਆ ਸੀ ਅਲਕ ਵਹਿੜਕੇ ਵਾਂਗ ਕਿ ਹੁਣ ਉਸ ਰਸਤੇ ਨਹੀਂ ਤੁਰਨਾ ਜਿਹੜਾ ਛੱਡ ਦਿੱਤਾ ਹੈ।

ਜੀਊਣਾ ਢੇਰੀ ਢਾਹ ਬੈਠਾ ਸੀ-ਬਸ ਬੋਲਿਆਂ ਵਾਂਗ ਫਿਰਦਾ ਰਹਿੰਦਾ। ਉਸ ਦੇ ਭਰਾ ਭਤੀਜੇ ਸਗੋਂ ਉਸ ਤੇ ਹੋਰ ਵੀ ਗੁੱਸੇ ਹੋ ਗਏ ਸਨ।

ਥਲਵੀਂ ਅਦਾਲਤ ਤੋਂ ਮੁਕੱਦਮਾਂ ਹਾਰਨ ਕਰਕੇ ਉਸ ਦਾ ਜਿਵੇਂ ਲੱਕ ਹੀ ਟੁੱਟ ਗਿਆ ਸੀ। ਉਪਰਲੀ ਅਦਾਲਤ ਜਾਣ ਦੀ ਉਸ ਦੀ ਗੁੰਜਾਇਸ਼ ਨਹੀਂ ਸੀ ਕਿ ਉਹ ਅਪੀਲ ਕਰ ਸਕੇ। ਪਰ ਯਾਰਾਂ ਮਿੱਤਰਾਂ ਨੇ ਜੀਊਣੇ ਤੇ ਭਰਾਵਾਂ ਨੂੰ ਸਮਝਾਇਆ ਸੀ ਕਿ ਉਪਰਲੀ ਅਦਾਲਤ ਵਿੱਚ ਅਪੀਲ ਜ਼ਰੂਰੀ ਕਰਨੀ ਚਾਹੀਦੀ ਹੈ।

"ਓ ਭਲਿਓ ਲੋਕੋ ਹਾਰ ਤਾਂ ਗੇ-ਏਦੇ ਥੱਲੇ ਤਾਂ ਕੋਈ ਗੱਲ ਨੀ-ਥਲੇ ਆਲਾ ਜੱਜ ਕੇੜ੍ਹਾ ਉਪਰ ਪੁਜ ਜੂ ਸਫ਼ਾਰਸ ਲੌਣ?" ਜੀਊਣੇ ਦੇ ਇੱਕ ਮਿੱਤਰ ਨੇ ਸਮਝਾਇਆ ਪਰ ਜੀਊਣਾ ਨੀਵੀਂ ਪਾਈ ਧਰਤੀ ਤੇ ਡੱਕੇ ਨਾਲ ਮਿੱਟੀ ਖੁਰੇਦਦਾ ਰਿਹਾ।

ਇੱਕ ਦਿਨ ਗੰਭੋ ਨਚਾਰ ਨੇ ਵੀਹ ਰੁਪੈ ਜੀਊਣੇ ਨੂੰ ਦੇਂਦਿਆਂ ਕਿਹਾ, "ਲੈ ਬਾਈ-ਮੇਰੇ ਕੋਲ ਏਹੀ ਆ ਖੌਰੇ ਤੇਰੇ ਕੰਮ ਆ ਜਾਣ" ਤੇ ਗੰਭੋ ਨਚਾਰ ਦੀਆਂ ਅੱਖਾਂ ਤੋਂ ਟੱਪ ਟੱਪ ਅੱਥਰੂ ਗਿਰ ਪਏ। ਗੰਭੋ ਨਚਾਰ ਜੀਊਣੇ ਦੇ ਖਾੜੇ ਦੀ ਜਿੰਦ ਜਾਨ ਸੀ ਜਦ ਉਹ-"ਮੇਰੀ ਐਸੀ ਝਾਂਜਰ ਛਣਕੇ-ਛਣਕਾਟਾ ਪੈਂਦਾ ਗਲੀਓ ਗਲੀ"-ਗੌਂਦਾ ਤਾਂ ਜਿਵੇਂ ਖਾੜਾ ਦੇਖ ਰਹੇ ਲੋਕ ਝੂਮ ਉਠਦੇ ਤੇ ਗੰਭੋ ਨਚਾਰ ਬਾਰੇ "ਕੁਝ ਹੋਰ" ਹੀ ਤਰ੍ਹਾਂ ਸੋਚਣ ਲੱਗ ਪੈਂਦੇ ਸਨ।

ਗੰਭੋ ਨਚਾਰ ਤੋਂ ਵੀਹ ਰੁਪੈ ਫੜ ਜਿਵੇਂ ਜੀਊਣੇ ਨੂੰ ਰਤਾ ਹੌਸਲਾ ਜਿਹਾ ਹੋ ਗਿਆ ਹੋਵੇ-ਉਸ ਨੂੰ ਜਿਵੇਂ ਇੱਕ ਪੌੜੀ ਮਿਲ ਗਈ ਸੀ-ਚੁਬਾਰਾ ਚੜ੍ਹਨ ਲਈ।

ਜੀਊਣੇ ਨੇ ਆਪਣੇ ਭਰਾ ਭਤੀਜਿਆਂ ਨਾਲ ਸਲਾਹ ਕੀਤੀ ਤੇ ਉਨ੍ਹਾਂ ਨੂੰ ਕੁਝ ਹੋਰ ਰੁਪੈ 'ਕੱਠੇ ਕਰਨ ਲਈ ਕਿਹਾ ਪਰ ਸਾਰੇ ਕੰਨ੍ਹਾ ਮਾਰ ਗਏ ਸਨ।

ਇਸ ਤਰ੍ਹਾਂ ਤਾਂ ਗੱਲ ਨਹੀਂ ਸੀ ਬਣਨੀ। ਉਪਰਲੀ ਅਦਾਲਤ ਤੱਕ ਪੁਜਣ ਲਈ ਤਾਂ ਖਰਚਾ ਹੀ ਖਰਚਾ ਸੀ। ਵਕੀਲ ਦਾ ਖਰਚਾ-ਭਾੜਾ ਕਰਾਇਆ-ਆਪਣਾ ਸਾਰਿਆਂ ਦਾ ਖਰਚਾ। ਖੱਲ ਖੂੰਜਿਆਂ ਵਿੱਚ ਹੱਥ ਮਾਰਿਆਂ ਦਸ ਪੰਦਰਾਂ ਰੁਪੈ ਹੋਰ ਹੱਥ ਲੱਗ ਗਏ ਸਨ। ਕੁੱਲ ਰਲਾ ਕੇ ਪੈਂਤੀ ਤੇ ਦੱਸ ਜੀਊਣੇ ਪਾਸ ਹਨ, ਪੰਤਾਲੀ ਹੋ ਗਏ ਸਨ। ਰਚਨਾ ਮਸਾਲਚੀ ਵੀ ਜੀਊਣੇ ਦੀ ਜੇਬ 'ਚ ਕੁਝ ਪਾ ਗਿਆ ਸੀ।

"ਚਲੋ ਕੁਛ ਤਾਂ ਬਨਿਆ..." ਜੀਊਣੇ ਨੇ ਲੰਮਾ ਸਾਹ ਲਿਆ।
ਤੇ ਇੱਕ ਦਿਨ ਛੱਡ ਦੂਜੇ ਦਿਨ ਲਾਹੌਰ ਜਾਣ ਦੀ ਸਲਾਹ ਪੱਕੀ ਹੋ ਗਈ।
ਦੂਜੇ ਦਿਨ ਮੂੰਹ-ਹਨੇਰੇ ਹੀ ਖਾਨ ਵੀ ਆ ਗਿਆ।
"ਲੈ ਬਾਈ ਆਹ ਪੰਦਰਾਂ ਰੁਪੈ ਮੇਰੇ ਕੋਲ ਵੀ ਆ-ਆਪਾਂ ਲਹੌਰ ਉਪਰਲੀ ਅਦਾਲਤ ਜ਼ਰੂਰ ਜਾਣਾ ਐ-ਅਗਲੀਆਂ ਤਰੀਕਾਂ ਥਾਂਈ ਕੋਈ ਹੋਰ ਖੂਹ ਪੱਟਾਂਗੇ...ਮੈਂ ਵੀ ਗੈਲ ਚੱਲੂੰ"-ਖਾਨ ਨੇ ਜੀਊਣੇ ਨੂੰ ਪੈਸੇ ਫੜੌਂਦਿਆਂ ਪੂਰੀ ਹੱਲਾ ਸ਼ੇਰੀ ਦਿੱਤੀ।
ਘਰ ਦੇ ਜੀਆਂ ਦੇ ਚਿਹਰਿਆ ਤੇ ਖੇੜਾ ਜਿਹਾ ਆ ਗਿਆ ਸੀ। ਇੰਝ ਲੱਗ ਰਿਹਾ ਸੀ ਜਿਵੇਂ ਉਨ੍ਹਾਂ ਦਾ ਸੁੱਤਾ ਰੱਬ ਵੀ ਜਾਗ ਪਿਆ ਹੋਵੇ।
ਸ਼ਾਮ ਦੀ ਧੁੱਪ ਨਿੱਘੀ ਲਗਣ ਲੱਗ ਪਈ ਸੀ।
ਤੇ ਸ਼ਾਮ ਤੱਕ ਉਹ ਘਰ ਦੀ ਕੱਢੀ ਦੀਆਂ ਚਾਰ ਬੋਤਲਾਂ ਪੀ ਗਏ ਸਨ। ਜਦ ਵਾੜੇ 'ਚ ਮੰਜਿਆਂ ਤੇ ਬੈਠਿਆਂ ਨੂੰ ਹੀ ਰੋਟੀ ਆ ਗਈ ਤਾਂ ਰੋਟੀ ਖਾਣ ਤੋਂ ਪਹਿਲਾਂ ਜੀਊਣੇ ਨੇ ਆਪਣੇ ਨਾਲ ਰੱਖੇ ਆਪਣੇ ਤੋਂ ਵੀ ਲੰਮੇਂ ਕੋਕਿਆਂ ਵਾਲੇ ਖੂੰਡੇ ਨੂੰ ਹੱਥ ਪਾ ਲਿਆ ਤੇ ਮੰਜੇ ਤੋਂ ਉਠ ਖੜਾ ਹੋਇਆ। ਉਸ ਦੇ ਭਰਾ ਡਰ ਗਏ ਸਨ ਕਿ ਕਿਤੇ ਉਹ ਖਾਨ ਦੇ ਗਲ ਹੀ ਨਾ ਪੈ ਜਾਵੇ ਪਰ ਜੀਊਣੇ ਨੇ ਇੱਕ ਹੱਥ ਕੰਨ ਤੇ ਧਰ ਕੇ ਦੂਜਾ ਹਵਾ 'ਚ ਉਲਾਰ ਕੇ,
"ਬਈ ਉਏ ਉੱਚਾ ਬੁਰਜ ਲਹੌਰ ਦਾ..."
ਤੇ ਨਾਲ ਹੀ ਖਾਨ ਨੇ ਖੜਾ ਹੋ ਕੇ ਕੰਨ ਤੇ ਹੱਥ ਧਰ ਉਸ ਦੀ ਹੇਕ ਨਾਲ ਹੇਕ ਮੇਲ ਦਿੱਤੀ,
"ਮੈਂ ਖੜੀ ਸਕਾਮਾਂ ਕੇਸ..."
ਤੇ ਫੇਰ ਦੋਹਾਂ ਦੀਆਂ ਆਵਾਜ਼ਾਂ ਗੱਡ ਮੱਡ ਹੋ ਗਈਆਂ,
"ਮੈਨੂੰ ਯਾਰ ਦਖਾਈ ਦੇ ਗਿਆ।
ਭਗਮਾ ਪਾ ਕੇ ਭੇਸ..."
ਮੁੜ ਉਹ ਦੋਵੇਂ ਇੱਕ ਦੂਜੇ ਨੂੰ ਜੱਫੀ ਪਾ ਕੇ ਭੁੱਬਾਂ ਮਾਰ ਕੇ ਰੋਣ ਲੱਗ ਪਏ-ਪਰ ਜੀਊਣੇ ਦੇ ਭਰਾਵਾਂ ਨੇ ਦੋਹਾਂ ਨੂੰ ਸਮਝਾ ਬੁਝਾ ਕੇ ਰੋਟੀ ਖਾਣ ਲਾ ਦਿੱਤਾ ਤੇ ਸਾਰੇ ਜਣੇ ਆਪਸ ਦੇ ਗਿਲੇ ਸ਼ਿਕਵੇ ਤੇ ਰੁਠ ਮਰੋੜੇ ਜਿਵੇਂ ਸਾਧਾਂ ਵਾਲੇ ਤਲਾਅ ਵਿੱਚ ਸੁਟ ਆਏ ਹੋਣ।
ਸਵੇਰੇ ਸਾਝਰੇ ਉਠਣ ਦੀ ਇੱਕ ਦੂਜੇ ਨੂੰ ਤਾਕੀਦ ਕਰਕੇ ਸਾਰੇ ਜਣੇ ਥਾਂਓ ਥਾਂਈਂ ਜਾ ਸੁਤੇ। ਜੀਊਣਾ ਤੇ ਖਾਨ ਵਾੜੇ ਵਿੱਚ ਹੀ ਸੌਂ ਰਹੇ।
ਸਵੇਰੇ ਸਾਝਰੇ ਉਠ ਚਾਹ ਪਾਣੀ ਪੀ ਚਾਰੋਂ ਜਣੇ ਲਹੌਰ ਦੇ ਰਾਹ ਪੈ ਗਏ।
ਦੁਪਹਿਰ ਜਿਹੇ ਉਹ ਲਹੌਰ ਕਚਿਹਰੀਆਂ ਵਿਚ ਪੁਜ ਗਏ ਸਨ। ਜਿਸ ਵਕੀਲ ਬਾਰੇ ਉਨ੍ਹਾਂ ਨੂੰ ਕਿਸੇ ਦੱਸ ਪਾਈ ਸੀ, ਉਸ ਨੂੰ ਉਹ ਮਿਲ ਲਏ ਸਨ। ਉਸ ਨੇ ਜੋ ਫੀਸ ਦੱਸੀ-ਜੇਬ ਦੇ ਪੈਸਿਆਂ ਨਾਲ ਸਰ ਗਿਆ ਸੀ ਤੇ ਪਿੰਡ ਤੱਕ ਮੁੜਨ ਦਾ ਖਰਚਾ ਵੀ ਬਚ ਗਿਆ ਸੀ ਪਰ ਨਾਲ ਹੀ ਵਕੀਲ ਨੇ ਕਹਿ ਦਿੱਤਾ ਸੀ ਕਿ ਜੇ ਉਹ "ਐਨੇ" ਪੈਸੇ ਹੋਰ ਦੇ ਦੇਣ ਤਾਂ ਉਹ ਉਨ੍ਹਾਂ ਦਾ ਮੁਕੱਦਮਾਂ ਸ਼ਰਤੀਆ ਜਿੱਤ ਸਕਦਾ ਹੈ ਪਰ ਉਨ੍ਹਾਂ ਪਾਸ ਤਾਂ ਇਹ ਪੈਸੇ ਸਨ ਜੋ ਕਈ ਘਰ ਫਰੋਲਿਆਂ ਕੱਠੇ ਹੋਏ ਸਨ-



ਹੋਰ ਕਿਥੋਂ ਕਰਦੇ ? ਵਕੀਲ ਤਾਂ ਹਿੱਕ ਥਾਪੜ ਕੇ ਕਹਿ ਰਿਹਾ ਸੀ ਪਰ ਮਸਲਾ ਤਾਂ ਪੈਸਿਆਂ ਦਾ ਸੀ-ਇਥੇ ਪਰਦੇਸ ਵਿੱਚ ਕਿਥੋਂ ਪੈਸਾ ਲਿਆਉਂਦੇ। ਜੀਊਣਾ ਬਹੁਤ ਹੀ ਉਦਾਸ ਹੋ ਗਿਆ ਸੀ। ਕੇਸ ਤਾਂ ਵਕੀਲ ਨੇ ਪਾ ਦਿੱਤਾ ਸੀ।
"ਸੋਚਦੇ ਆਂ..." ਉਹ ਚਾਰੋਂ ਵਕੀਲ ਨੂੰ ਆਖ ਕਚਿਹਰੀਆਂ ਤੋਂ ਬਾਹਰ ਆ ਗਏ ਸਨ।
ਸ਼ਾਮ ਪੈ ਗਈ ਸੀ ਪਰ ਨੇਰ੍ਹਾ ਨਹੀਂ ਸੀ ਹੋਇਆ। ਉਹ ਰਾਤ ਕਟਣ ਦੇ ਫਿਕਰ ਵਿਚ, ਸੋਚਦੇ ਸੁਚਾਂਦੇ ਕਚਿਹਰੀਆਂ ਦੇ ਨਾਲ ਲਗਦੀ ਪਾਰਕ ਵਿੱਚ ਆ ਬੈਠੇ।
"ਰਾਤ ਕਿਸੇ ਗੁਰਦੁਆਰੇ ਰਹਿ ਲਈਏ..." ਜੀਊਣੇ ਨੇ ਕਿਹਾ।
"ਠੀਕ ਆ..." ਖਾਨ ਵੀ ਸਹਿਮਤ ਸੀ-ਉਹ ਅਜੇ ਸਲਾਹਾਂ ਹੀ ਬਣਾ ਰਹੇ ਸਨ ਕਿ ਬਾਹਰੋਂ ਇਕ ਹੀਜੜਿਆਂ ਦੀ ਟੋਲੀ ਪਾਰਕ ਵਿੱਚ ਆਣ ਵੜੀ।
"ਮੂਏ ਜੀਊਣੇ ਤੂੰ ਐਥੇ...? ਮੋਹਰੀ ਹੀਜੜੇ ਨੇ ਜੀਊਣੇ ਨੂੰ ਕਿਹਾ।
"ਝਾਕਦਾ ਕਾਨੂ ਆਂ ਬਟੇਰੇ ਮਾਂਗ...ਮੈਂ ਸ਼ਬੋ ਸਾਰਾ ਜੱਗ ਜਾਣਦਾ ਐ ਮੈਨੂੰ ਅਰ ਇਨ੍ਹਾਂ ਮੇਰੀਆਂ ਛੋਟੀਆਂ ਭੈਣਾਂ ਨੂੰ..." ਇਹ ਆਖ ਉਸੇ ਹੀਜੜੇ ਨੇ ਸੱਜੇ ਹੱਥ ਤੇ ਖੱਬਾ ਹੱਥ ਮਾਰ ਤਾੜੀ ਮਾਰ ਦਿੱਤੀ।
ਸਾਰੇ ਹੈਰਾਨੀ ਨਾਲ ਉਨ੍ਹਾਂ ਵੱਲ ਦੇਖਣ ਲੱਗ ਪਏ। ਜੀਊਣੇ ਦੇ ਭਾਈਆਂ ਜੀਊਣੇ ਵੱਲ ਤਕਿਆ ਪਰ ਉਸਨੇ ਮੋਢੇ ਹਲਾ ਕੇ ਨਾਂਹ ਕਰਦਿਆਂ ਕਿਹਾ ਪਤਾ ਨਹੀਂ ਕੌਣ ਹੈ ਪਰ ਜੀਊਣੇ ਨੂੰ ਪਸੀਨਾ ਆ ਗਿਆ ਸੀ।
"ਮੂਏ ਤੈਨੂੰ ਗੌਂਦਿਆਂ ਸੁਣਿਆ ਖਾੜੇ ਵਿੱਚ..." ਸ਼ਬੋ ਨੇ ਕਿਹਾ।
"ਬਈ ਓਏ ਉੱਚਾ ਬੁਰਜ ਲਾਹੌਰ ਦਾ..." ਸ਼ਬੋ ਨੇ ਜੀਊਣੇ ਦੀ ਨਕਲ ਲਾਈ।
"ਪਰ ਆਹ ਬੀ ਤਾਂ ਮੇਰੇ ਗੈਲ ਹੁੰਦਾ ਐ ਮੇਰਾ ਗੁਰ ਭਾਈ..." ਜੀਊਣੇ ਨੇ ਖਾਨ ਦੇ ਮੋਢੇ ਤੇ ਹੱਥ ਰਖ ਕੇ ਕਿਹਾ।
"ਹੋਣਾ ਐ-ਪਤਾ ਨੀ-ਦੇਖਿਆ ਨੀ..." ਸ਼ਬੋ ਨੇ ਜਵਾਬ ਦਿੱਤਾ।
ਕੁਝ ਵੀ ਸੀ-ਜੀਊਣੇ ਨੂੰ ਹੁਣ ਇੱਕ ਨਸ਼ਾ ਜਿਹਾ ਹੋ ਗਿਆ ਸੀ ਕਿ "ਪ੍ਰਦੇਸ" ਵਿੱਚ ਉਸ ਨੂੰ ਵੀ ਕੋਈ ਜਾਣਦਾ ਹੈ ਪਰ ਉਸ ਨੂੰ ਉਦਾਸ ਜਿਹਾ ਦੇਖ ਸ਼ਬੋ ਨੇ ਪੁੱਛਿਆ।
"ਪਰ ਇਥੇ ਕਿਮੇਂ ਬੈਠਾਂ ਸੋਚਾਂ ਵਿਚ ਡੁਬੇ ਕਲਾਖਰਾਂ ਵਿਚ-ਕਿਥੇ ਰੋਪੜ ਤੇ ਕਿਥੇ ਲਾਹੌਰ-"
ਸਾਰੇ ਹੀਜੜੇ ਉਨ੍ਹਾਂ ਦੇ ਲਾਗੇ ਹੀ ਬੈਠ ਗਏ ਸਨ ਤੇ ਬੜੇ ਮੋਹ ਨਾਲ ਉਨ੍ਹਾਂ ਵਲ ਦੇਖ ਰਹੇ ਸਨ। ਸ਼ਬੋ ਨੇ ਦਸਿਆ ਕਿ ਉਨ੍ਹਾਂ ਨੇ ਜੀਊਣੇ ਦਾ ਖਾੜਾ ਇਕ ਪੂਰੀ ਰਾਤ ਸੁਣਿਆ ਸੀ ਜੋ ਉਨ੍ਹਾਂ ਨੂੰ ਬਹੁਤ ਚੰਗਾ ਲੱਗਾ ਸੀ।
"ਤੈਨੂੰ ਯਾਦ ਨੀ ਮੈਂ ਤੈਨੂੰ ਇੱਕ ਰੁਪੱਈਆ ਵੀ ਦਿੱਤਾ ਸੀ-ਮੂਏ। ਪਿੰਡ ਖਣੀ ਝਲੀਆਂ ਜਾਂ ਬੂਰਮਾਜਰਾ ਸੀ। ਮੂਏ ਤੂੰ ਤਾਂ ਐਥੇ ਬੈਠਾ ਉਸੀ ਦਿਨ ਦਾ..." ਸ਼ਬੋ ਨੇ ਆਪਣੀ ਛਾਤੀ ਤੇ ਖੱਬੇ ਪਾਸੇ ਹੱਥ ਮਾਰ ਕੇ ਕਿਹਾ।
"ਤੈਂ ਕਈ ਰਾਤਾਂ ਹਰਾਮ ਕਰੀਆਂ ਮੇਰੀਆਂ..." ਸ਼ਬੋ ਨੇ ਮੁੜ ਕਿਹਾ।
"ਮੂਏ ਦੁੱਖ ਦੱਸ...ਹੋਰ ਛੱਡ ਗੱਲਾਂ..." ਸ਼ਬੋ ਨੇ ਮੁਕਦੀ ਕੀਤੀ।

ਜੀਊਣੇ ਨੇ ਸਾਰੀ ਵਿਥਿਆ ਸੁਣਾ ਦਿਤੀ ਸੀ।

"ਮੈਂ ਮਰ ਗੀ-ਕਿਆ ਮੂਏ ? ਚਲੋ ਸਾਡੇ ਨਾਲ..." ਸ਼ਬੋ ਨੇ ਜੀਊਣੇ ਹੋਰਾਂ ਨੂੰ ਅਪਣਿਆਂ ਵਾਂਗ ਕਿਹਾ। ਜੀਊਣੇ ਨੂੰ ਕੁਝ ਸ਼ਰਮ ਵੀ ਆ ਰਹੀ ਸੀ ਪਰ ਰਾਤ ਕੱਟਣ ਦੀ ਮਜ਼ਬੂਰੀ ਵੀ ਸੀ। ਉਹ ਉਠੇ ਤੇ ਉਨ੍ਹਾਂ ਦੇ ਮਗਰ ਹੋ ਲਏ ਕੁਝ ਹੀ ਪਲਾਂ ਵਿੱਚ ਉਹ ਉਨ੍ਹਾਂ ਦੇ ਘਰ ਪੁਜ ਗਏ। ਘਰ ਜਿਹੜਾ ਦੋ ਮੰਜ਼ਲਾਂ ਚੁਬਾਰਾ ਸੀ। ਜੀਊਣੇ ਹੁਰਾਂ ਨੂੰ ਉਨ੍ਹਾਂ ਨੇ ਉਪਰ ਚੁਬਾਰੇ ਵਿੱਚ ਭੇਜ ਦਿੱਤਾ ਤੇ ਆਪ ਸਾਰੇ ਥਲਵੇਂ ਵੱਡੇ ਕਮਰੇ ਵਿੱਚ ਜਾ ਵੜੇ। ਕੁਝ ਹੀ ਸਮੇਂ ਬਾਦ ਜੀਊਣੇ ਹੁਰਾਂ ਲਈ "ਦਾਲ ਫੁਲਕਾ" ਆ ਗਿਆ ਸੀ। ਜੀਊਣੇ ਹੁਰੀਂ ਦਾਲ ਫੁਲਕਾ ਛਕਦੇ ਹੀ ਗੂੜ੍ਹੀ ਨੀਂਦ ਸੌਂ ਗਏ-ਥਕੇਵੇਂ ਨੇ ਉਨ੍ਹਾਂ ਦਾ ਬੁਰਾ ਹਾਲ ਕਰ ਰਖਿਆ ਸੀ।

ਜਦ ਸਵੇਰੇ ਜੀਊਣੇ ਦੀ ਅੱਖ ਖੁੱਲੀ ਤਾਂ ਉਸ ਦੇ ਮੂੰਹੋਂ ਅਚਾਨਕ ਨਿਕਲ ਗਿਆ,

"ਤੂੰ ਹਸਦੀ ਦਿਲ ਰਾਜੀ ਮੇਰਾ
ਲਗਦੇ ਬੋਲ ਪਿਆਰੇ..."

ਉਸ ਦੇ ਮੂੰਹ ਤੇ ਇਹ ਬੋਲ ਪਤਾ ਨਹੀਂ ਕਿਵੇਂ ਆ ਗਏ ਸਨ-ਉਸ ਨੂੰ ਆਪ ਨੂੰ ਵੀ ਨਹੀਂ ਸਮਝ ਆਈ ਸੀ ਪਰ ਜਦ ਉਸ ਨੇ ਅੱਖਾਂ ਉਤਾਂਹ ਚੁੱਕੀਆਂ ਤਾਂ ਸ਼ਬੋ ਚਾਹ ਦੇ ਚਾਰ ਗਲਾਸ ਛਿੱਕੇ ਵਿਚ ਫੜੀ ਮੁਸਕਰਾਉਂਦਾ ਜੀਊਣੇ ਦੇ ਮੂੰਹੋਂ ਨਿਕਲੇ ਮਿੱਠੇ ਬੋਲ ਸੁਣ ਖੀਵਾ ਹੋ ਉਠਿਆ।

"ਮੂਏ ਸੁਣਾ ਕੁਛ ਹੋਰ ਅੱਗੇ..." ਸ਼ਬੋ ਨੇ ਕਿਹਾ। ਪਰ ਜੀਊਣਾ ਤਾਂ ਇਕਦਮ ਮੋਨ ਹੋ ਗਿਆ ਸੀ ਤੇ ਉਸ ਨੇ ਸ਼ਬੋ ਹਥੋਂ ਛਿੱਕਾ ਫੜ ਲਿਆ ਤੇ ਉਸ ਚੋਂ ਇੱਕ ਗਲਾਸ ਫੜ ਚਾਹ ਪੀਣ ਲੱਗ ਪਿਆ ਤੇ ਬਾਕੀ ਦੇ ਗਲਾਸ ਖਾਨ ਤੇ ਭਰਾਵਾਂ ਅੱਗੇ ਕਰ ਦਿੱਤੇ ਸਨ।

ਜਦ ਉਹ ਚਾਹ ਪੀ ਹਟੇ ਤਾਂ ਉਹ ਅਜੇ ਸੋਚ ਹੀ ਰਹੇ ਸਨ ਕਿ ਕੀ ਕੀਤਾ ਜਾਵੇ-ਤਦੇ ਹੀ ਸ਼ਬੋ ਤੇ ਸਾਰੇ ਹੀਜੜੇ ਉਪਰ ਚੁਬਾਰਾ ਆਣ ਚੜੇ।

"ਮੂਏ ਜੀਊਣੇ ਲੈ ਫੜ ਰੁਪੱਏ-ਮੈਂ ਤੇਰਾ ਰਾਮ ਗਿਰਵੀ ਰਖ ਲਿਆ ਐ..." ਪੈਸੇ ਜੀਊਣੇ ਨੂੰ ਫੜਾਉਂਦਿਆਂ ਸ਼ਬੋ ਨੇ ਕਿਹਾ।

"ਮੇਰਾ ਰਾਮ...?" ਜੀਊਣਾ ਜਿਵੇਂ ਨੀਂਦ ਤੋਂ ਜਾਗਿਆ ਹੋਵੇ।

"ਹਾਂ ਤੇਰਾ ਰਾਮ...! ਆਪਣਾ ਕੰਮ ਸਾਰ..." ਸ਼ਬੋ ਨੇ ਕਿਹਾ। ਬਾਕੀ ਦੇ ਸਾਰੇ ਹੀਜੜੇ ਉਨ੍ਹਾਂ ਦੋਹਾਂ ਵਲ ਤੱਕ ਰਹੇ ਸਨ। ਖਾਨ ਤੇ ਜੀਊਣੇ ਦੇ ਭਰਾ ਤਾਂ ਹੀਜੜਿਆਂ ਦਾ ਮੋਹ ਦੇਖ ਕੇ ਬੌਂਦਲ ਹੀ ਗਏ ਸਨ। ਜੀਊਣੇ ਨੇ ਰੁਪਏ ਫੜ ਲਏ ਤੇ ਉਸ ਨੇ ਆਪਣੇ ਖੂੰਡੇ ਨੂੰ ਹੱਥ ਪਾ ਲਿਆ-ਜਿਸ ਨੂੰ ਉਹ ਸਦਾ ਨਾਲ ਰਖਦਾ ਸੀ। ਉਹ ਖੜਾ ਹੋ ਗਿਆ-ਕੰਨ ਤੇ ਹੱਥ ਰੱਖ ਉਸ ਨੇ ਹੇਕ ਲਾਈ,

"ਬਈ ਉਏ ਉੱਚਾ ਬੁਰਜ ਲਾਹੌਰ ਦਾ..."

ਤੇ ਅਗਲੀ ਤੁਕ ਖੜਾ ਹੋ ਖਾਨ ਨੇ ਚੁੱਕ ਲਈ,

"ਮੈਂ ਖੜੀ ਸਕਾਮਾਂ ਕੇਸ..."

ਤੇ ਅਗੇ ਮੁੜ ਦੋਵੇਂ ਆਵਾਜ਼ਾਂ ਗੜੂੰਦ ਹੋ ਗਈਆਂ,



"ਮੈਨੂੰ ਯਾਰ ਦਖਾਈ ਦੇ ਗਿਆ
ਭਗਮਾਂ ਪਾ ਕੇ ਭੇਸ..."

ਜੀਊਣੇ ਤੇ ਖਾਨ ਦੀਆਂ ਆਵਾਜ਼ਾਂ ਜਿਵੇਂ ਚੁਬਾਰੇ ਦੀਆਂ ਕੰਧਾਂ ਪਾੜ ਕੇ ਨਾਲ ਦੇ ਘਰਾਂ ਵਿੱਚ ਫੈਲ ਗਈਆਂ ਸਨ। ਮਿੱਠੀਆਂ ਆਵਾਜ਼ਾਂ ਸੁਣ ਕੇ ਨਾਲ ਦੇ ਘਰਾਂ ਦੇ ਲੋਕ ਚੁਬਾਰੇ ਵੱਲ ਝਾਕਣ ਲੱਗ ਪਏ ਸਨ। ਇਹ ਮਿੱਠੀਆਂ ਆਵਾਜ਼ਾਂ ਜਿਵੇਂ ਚੁਬਾਰੇ ਦੀਆਂ ਬਾਰੀਆਂ ਤੋੜ ਕੇ ਸਾਰੇ ਲਾਹੌਰ ਤੇ ਛਾ ਗਈਆਂ ਹੋਣ।

ਜੀਊਣੇ ਦੀਆਂ ਅੱਖਾਂ ਮੁੜ ਸੌਣ ਵਾਂਗ ਵਰ੍ਹ ਪਈਆਂ ਸਨ ਤੇ ਨਾਲ ਹੀ ਖਾਨ ਵੀ ਭੁੱਬਾਂ ਮਾਰ ਕੇ ਰੋਣ ਲੱਗ ਪਿਆ ਸੀ। ਸ਼ਬੋ ਦੀਆਂ ਵੀ ਅੱਖਾਂ ਭਰ ਆਈਆਂ ਸੀ। ਸਾਰੇ ਜਣੇ ਮੋਹ-ਮੱਤੇ ਹੋ ਗਏ ਸਨ। ਬਾਕੀ ਦੇ ਹੀਜੜੇ ਉਦਾਸ ਉਦਾਸ ਨਿਗਾਹਾਂ ਨਾਲ ਉਨ੍ਹਾਂ ਵਲ ਤੱਕ ਰਹੇ ਸਨ। ਜੀਊਣੇ ਆਪਣੇ ਪਰਨੇ ਨਾਲ ਆਪਣੀਆਂ ਅੱਖਾਂ ਸਾਫ਼ ਕੀਤੀਆਂ ਤੇ ਝੁਕ ਕੇ ਸ਼ਬੋ ਦੇ ਪੈਰਾਂ ਨੂੰ ਹੱਥ ਲਾਉਣ ਦੀ ਕੋਸ਼ਸ਼ ਕੀਤੀ ਪਰ ਸ਼ਬੋ ਇਹ ਕਹਿੰਦਾ ਪਿਛੇ ਹਟ ਗਿਆ।

"ਮੂਏ ਤੀਮੀਂ ਦੇ ਪੈਰੀਂ ਹੱਥ ਲੌਂਦਾ ਐ ਮਰਦ ਹੋ ਕੇ।" ਜੀਊਣਾ ਮੁੜ ਉੱਚੀ ਉੱਚੀ ਰੋਣ ਲਗ ਪਿਆ ਤੇ ਕਿੰਨਾ ਹੀ ਚਿਰ ਭਾਵਕ ਹੋ ਕੇ ਰੋਂਦਾ ਰਿਹਾ। ਸ਼ਬੋ ਸਾਰੇ ਹੀਜੜਿਆਂ ਨੂੰ ਨਾਲ ਲੈ ਕੇ ਚੁਬਾਰਾ ਉਤਰ ਗਿਆ ਸੀ।

"ਮਣਸਾਂ ਨਾਲੋਂ ਚੰਗੇ ਲੋਕ...।" ਜੀਊਣੇ ਨੇ ਸਾਫੇ ਨਾਲ ਅੱਖਾਂ ਪੂੰਝਦਿਆਂ ਕਿਹਾ।

"ਪ੍ਰਦੇਸ਼ਾਂ ਮਾਂ ਆਪਣੇ ਕੰਮ ਆਏ ਆ...ਇਤੇ ਵੜਾ ਮਨੁੱਖ ਕੌਣ ਹੋ ਸਕਦਾ ਐ..." ਖਾਨ ਨੇ ਕਿਹਾ।

ਤੇ ਕਿੰਨੀ ਦੇਰ ਬਾਅਦ ਉਹ ਸਾਰੇ ਚੁਬਾਰੇ ਤੋਂ ਥੱਲੇ ਉਤਰ ਆਏ ਤੇ ਜਾਣ ਦੀ ਆਗਿਆ ਲੈ, ਸਾਰੇ ਹੀਜੜਿਆਂ ਨੂੰ ਹੱਥ ਜੋੜਦੇ ਉਥੋਂ ਤੁਰ ਗਏ।

ਵਕੀਲ ਨੂੰ ਰੁਪੈ ਦੇ ਤੇ ਉਸ ਤੋਂ ਆਪਣਾ ਮੁਕੱਦਮਾ ਜਿੱਤਣ ਦੀ ਆਸ ਲੈ ਵਾਪਸ ਪਰਤ ਗਏ।

ਗੱਲਾਂ ਤਾਂ ਉਹ ਲਾਹੌਰ ਵੀ ਹੋਰ ਤਰ੍ਹਾਂ ਦੀਆਂ ਸੁਣ ਆਏ ਸਨ ਪਰ ਉਨ੍ਹਾਂ ਦੇ ਪਿੰਡ ਵੜਦਿਆਂ ਹੀ ਇਕ ਦੇਸ਼ ਦੇ ਦੋ ਨਾਂ ਹੋ ਗਏ ਸਨ-ਖਾਨ ਇੱਕ ਰਾਤ ਨੂੰ ਜਦ ਸਾਰਾ ਪਿੰਡ ਸੁਤਾ ਪਿਆ ਸੀ-ਤਾਂਗਾਂ ਜੋੜ, ਕੁਝ ਜ਼ਰੂਰੀ ਸਾਮਾਨ ਤੇ ਪਰਵਾਰ ਦੇ ਜੀਆਂ ਨੂੰ ਤਾਂਗੇ ਵਿੱਚ ਬਠਾ ਰਾਤੋ ਰਾਤ ਕਿਸੇ ਨੂੰ ਦਸੇ ਬਿਨਾ ਕੁਰਾਲੀ ਦੇ ਕੈਂਪ ਜਾ ਵੜਿਆ ਸੀ-ਕਿਵੇਂ ਨਵੇਂ ਨਾਂ ਵਾਲੇ ਦੇਸ਼ ਪੁਜਿਆ-ਰੱਬ ਜਾਣੇ।

ਅੱਗਾਂ, ਲੁੱਟਾਂ, ਸੜਾਂਦਾ ਤੇ ਫੇਰ ਠੰਡ ਠੇਰ ਹੋ ਗਈ। ਉਧਰੋਂ ਆਏ ਲੋਕ ਇਧਰੋਂ ਗਿਆਂ ਦੀਆਂ ਮਲਕੀਅਤਾਂ ਤੇ ਜਾ ਬੈਠੇ ਸਨ-ਜ਼ਮੀਨਾਂ ਅਲਾਟ ਕਰਾ ਲਈਆਂ ਸਨ।

ਕੁਝ ਦੇਰ ਬਾਦ ਜੀਊਣੇ ਦੇ ਨਾਂ ਇਕ ਸਰਕਾਰੀ ਚਿੱਠੀ ਆ ਗਈ ਕਿ ਜ਼ਮੀਨ ਦਾ ਮੁਕੱਦਮਾ ਉਨ੍ਹਾਂ ਦੇ ਹੱਕ ਵਿੱਚ ਹੋ ਗਿਆ ਹੈ। ਜੀਊਣੇ ਤੇ ਭਰਾਵਾਂ ਨੇ ਪੁਠੀਆਂ ਛਾਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਖ਼ੁਸ਼ੀ ਵਿੱਚ ਆ ਕੇ। ਜ਼ਮੀਨ ਤੇ ਕਬਜਾ ਉਨ੍ਹਾਂ ਦਾ ਹੈ ਹੀ ਸੀ-ਵਾਹੀ ਉਹ ਖ਼ੁਦ ਕਰਦੇ ਸਨ। ਦੂਜੀ ਧਿਰ ਨੇ ਕੇਵਲ

ਹੱਕ-ਸੁਫੇ ਦਾ ਦਾਵਾ ਹੀ ਕੀਤਾ ਸੀ ਜਿਸ ਨੂੰ ਜੀਊਣੇ ਹੁਰੀਂ ਥਲਵੀਂ ਅਦਾਲਤ ਤੋਂ ਹਾਰ ਗਏ ਸਨ।

ਤੇ ਹੁਣ ਜੀਊਣੇ ਹੁਰਾਂ ਨੂੰ ਸ਼ਬੋ ਦੀ ਯਾਦ ਆਈ ਜਿਸ ਨੇ ਇਨ੍ਹਾਂ ਦਾ ਰਾਮ ਗਿਰਵੀ ਰੱਖ ਲਿਆ ਸੀ।

ਹੁਣ ਤਾਂ ਜੀਊਣੇ ਹੁਰਾਂ ਪਾਸ ਸੁਖ ਨਾਲ ਚੰਗੀ ਗੁੰਜਾਇਸ਼ ਹੋ ਗਈ ਸੀ। ਉਨ੍ਹਾਂ ਦੇ ਮਨਾਂ ਵਿੱਚ ਹੁਣ ਕੇਵਲ ਇਹ ਗੱਲ ਸੱਪ ਵਾਂਗ ਡੰਗ ਮਾਰ ਰਹੀ ਸੀ ਕਿ ਕਦੇ ਸਮਾਂ ਬਣੇ ਤੇ ਉਹ ਸ਼ਬੋ ਦੇ ਪੈਰੀਂ ਹੱਥ ਲਾ ਕੇ ਉਸ ਦਾ ਧੰਨਵਾਦ ਕਰਨ ਤੇ ਉਸ ਦੇ ਪੈਸੇ ਤਾਰ ਆਪਣਾ ਗਿਰਵੀ ਰਖਿਆ ਰਾਮ ਛਡਵਾ ਲਿਆਉਣ ਪਰ ਸਮਾਂ ਹੀ ਨਹੀਂ ਸੀ ਬਣ ਰਿਹਾ-ਇਕ ਦਿਨ ਅਚਾਨਕ ਹੀ ਉਹ ਜਥੇਦਾਰ ਅਮਰ ਸਿੰਘ ਨਾਲ ਗੱਲ ਕਰ ਬੈਠਾ ਜਿਹੜਾ ਅਲਾਕੇ ਤੋਂ ਪਿਛੇ ਜਿਹੇ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਿਆ ਸੀ ਤੇ ਉਹ ਆਉਣ ਵਾਲੇ ਬਾਬੇ ਨਾਨਕ ਦੇ ਗੁਰਪੁਰਬ ਤੇ ਪਾਕਿਸਤਾਨ ਜਾ ਰਹੇ ਜਥੇ ਦਾ ਛੋਟਾ ਲੀਡਰ ਬਣ ਕੇ ਜਾ ਰਿਹਾ ਸੀ। ਅਮਰ ਸਿੰਘ ਨੇ ਝੱਟ ਜੀਊਣੇ ਦਾ ਨਾਂ ਜਥੇ ਵਿੱਚ ਦਰਜ ਕਰਵਾ ਦਿੱਤਾ ਸੀ ਤੇ ਪ੍ਰਬੰਧ ਕਰਕੇ ਉਸ ਲਈ 'ਕੰਮ ਚਲਾਊ' ਪਾਸਪੋਰਟ ਬਣਵਾ ਦਿੱਤਾ ਸੀ। ਜੀਊਣਾ 'ਉਧਰ' ਜਾਣ ਲਈ ਤਿਆਰ-ਬਰ-ਤਿਆਰ ਹੋ ਗਿਆ ਸੀ।

ਮਿੱਥੀ ਤਰੀਕ ਅਨੁਸਾਰ ਇੱਕ ਦਿਨ ਸਵੇਰੇ ਸਵੇਰੇ ਉਹ ਸਾਰੇ ਅੰਮ੍ਰਿਤਸਰ ਪੁਜ ਗਏ ਸਨ ਤੇ ਅੰਮ੍ਰਿਤਸਰੋਂ ਲਹੌਰ ਜਾਣ ਵਾਲੀ ਗੱਡੀ ਤੇ ਬੈਠ ਕੇ ਉਹ ਸਾਰੇ ਰਲ ਕੇ ਇੱਕ ਜਥਾ ਬਣ ਗਿਆ ਸੀ ਜਿਸ ਦਾ ਦੂਜਾ ਲੀਡਰ ਅਮਰ ਸਿੰਘ ਸੀ।

ਅਟਾਰੀ ਤੋਂ ਸਿੱਧੀ ਗੱਡੀ ਲਹੌਰ ਪੁਜ ਗਈ ਸੀ। ਜੀਊਣਾ ਨਾਲ ਦਿਆਂ ਨੂੰ ਇਹ ਆਖ ਕੇ "ਮੁੜਦਿਆਂ ਮਿਲਦੇ ਆ" ਚੁਪ ਚਾਪ ਗੱਡੀ ਤੋਂ ਉਤਰ ਸਟੇਸ਼ਨੋਂ ਬਾਹਰ ਨਿਕਲ ਗਿਆ। ਕੁਦਰਤੀ ਹੀ ਕਿਸੇ ਨੇ ਉਸ ਨੂੰ ਟੋਕਿਆ ਨਹੀਂ ਸੀ। ਉਸ ਨੂੰ ਕੁਝ ਪਛਾਣ ਸੀ ਤੇ ਉਹ ਸਿੱਧਾ ਉਸੇ ਰਸਤੇ ਪੈ ਗਿਆ ਜਿੱਥੇ ਉਸ ਨੇ ਭਰਾਵਾਂ ਸਮੇਤ ਸ਼ਬੋ ਪਾਸ ਇੱਕ ਰਾਤ ਕਟੀ ਸੀ। ਉਹ ਸਿਧਾ ਤੁਰਿਆ ਗਿਆ-ਤੁਰਿਆ ਗਿਆ। ਲਗਦਾ ਸੀ ਜੀਊਣਾ ਸਹੀ ਥਾਂ ਤੇ ਪੁੱਜ ਗਿਆ ਸੀ।

ਜਦ ਉਹ ਉਸ ਥਾਂ ਪੁਜਿਆ ਜਿਥੇ ਉਸ ਨੇ ਕਦੇ ਰਾਤ ਕਟੀ ਸੀ ਤਾਂ ਅੱਧੀ ਰਾਤ ਹੋ ਗਈ ਸੀ ਤੇ ਇੱਕ ਜਨਾਜਾ ਉਸ ਦੇ ਕੋਲੋਂ ਦੀ ਲੰਘ ਰਿਹਾ ਸੀ ਤੇ ਓਸ ਦੇ ਪਿੱਛੇ ਤੁਰੇ ਜਾ ਰਹੇ ਸਾਰੇ ਉਸ ਨੂੰ ਜੁਤੀਆਂ ਮਾਰ ਰਹੇ ਸਨ ਤੇ ਗਾਲ੍ਹਾਂ ਕੱਢ ਰਹੇ ਸਨ। ਜੀਊਣਾ ਬੌਂਦਲ ਜਿਹਾ ਗਿਆ ਸੀ। ਉਸ ਨੇ ਦੇਖਿਆ ਕਿ ਸ਼ਬੋ ਦੇ ਚੁਬਾਰੇ ਦੇ ਹੇਠਲੇ ਪਾਸੇ ਵੀ ਨੇਰ੍ਹਾ ਸੀ। ਉਸ ਨੇ ਇੱਕ ਬੰਦੇ ਤੋਂ-ਜੋ ਆਪਣੇ ਘਰ ਦੀ ਕੰਧ ਪਿੱਛੇ ਖੜਾ ਦੂਰ ਜਾ ਰਹੇ ਜਨਾਜੇ ਵੱਲ ਦੇਖ ਰਿਹਾ ਸੀ-ਪੁੱਛ ਹੀ ਲਿਆ,

"ਬਾਈ ਸਿਆਂ ਆਹ ਸ਼ਬੋ ਦਾ ਘਰ ਆ ਨਾ- ? ਕੋਈ ਹੈ ਨੀ ਘਰ...?"

"ਆਹੋ ਸ਼ਬੋ ਦਾ ਘਰ ਈ ਆ ਪਰ ਉਹ ਤਾਂ ਮਰ ਗਿਆ ਹਓ ਉਸੇ ਦਾ ਨੜੋਂਆ ਲਈ ਜਾ ਰਹੇ ਆ ਹੀਜੜੇ..." ਤੇ ਬੰਦਾ ਇਕ ਉਪਰਾ ਬੰਦਾ ਦੇਖ ਦਰਵਾਜ਼ਾ ਬੰਦ ਕਰਕੇ ਅੰਦਰ ਜਾ ਵੜਿਆ। ਜੀਊਣਾ ਸਿਰ ਤੋੜ ਭੱਜਦਾ ਉਸ ਜਨਾਜੇ ਦੇ ਨੇੜੇ ਪੁੱਜ ਗਿਆ ਸੀ।



"ਓ ਬਾਈ ਮੇਰਾ ਰਾਮ ਮੋੜ ਜਾ..." ਜੀਊਣਾ ਉੱਚੀ ਉੱਚੀ ਰੌਲਾ ਪਾਉਂਦਾ ਹੀਜੜਿਆਂ ਦੇ ਇੱਕ ਦਮ ਪਾਸ ਪੁੱਜ ਗਿਆ ਸੀ।

"ਓ ਬਾਈ ਮੇਰਾ ਰਾਮ ਮੋੜ ਜਾ..." ਤੇ ਜੀਊਣਾ ਮੁੜ ਚੀਖਿਆ। ਪਰ ਕੁਝ ਹੀਜੜੇ ਟੁੱਟ ਕੇ ਉਸ ਨੂੰ ਪੈ ਗਏ।

"ਮੂਆ ਬੰਦਾ ਅੱਧੀ ਰਾਤ ਨੂੰ ਵੀ ਸਾਡਾ ਪਿੱਛਾ ਕਰਦਾ ਐ..." ਇੱਕ ਹੋਰ ਧੱਫਾ ਉਸ ਨੂੰ ਪਿਆ-ਉਹ ਸੜਕ ਤੇ ਮੂੱਧੇ ਮੂੰਹ ਡਿੱਗ ਪਿਆ।

"ਓ ਬਾਈ ਮੇਰਾ ਰਾਮ ਮੋੜ ਜਾ..." ਉਸ ਦੀ ਪੱਗ ਲੱਥ ਗਈ ਸੀ ਤੇ ਉਸ ਦੀਆਂ ਅੱਖਾਂ ਅੱਗੇ ਭੰਬੂ ਤਾਰੇ ਨੱਚਣ ਲਗ ਪਏ ਸਨ-ਉਸ ਨੇ ਟੁੱਟੇ ਸ਼ਬਦਾਂ

ਵਿੱਚ ਉਹ ਹੇਕ ਲਾਉਣ ਦੀ ਕੋਸ਼ਸ਼ ਕੀਤੀ ਜੋ ਸ਼ਬੋ ਨੂੰ ਬਹੁਤ ਪਸੰਦ ਸੀ,"

"ਬ-ਈ ਓ-ਏ ਉੱਚਾ ਬੁ-ਰ-ਜ ਲਾਹੌਰ..." ਪਰ ਉਸ ਦਾ ਸਾਹ ਉਖੜ ਗਿਆ ਤੇ ਸ਼ਬਦ ਟੁੱਟ ਗਏ। ਉਹ ਸੜਕ ਤੇ ਚੌਫਾਲ ਬੇ-ਸੁੱਧ ਹੋ ਗਿਆ ਸੀ।

ਤੇ ਰਾਵੀ ਦੇ ਨਿਤਰੇ ਕੂੰਗੇ ਪਾਣੀਆਂ 'ਚੋਂ ਚੰਦ-ਚਾਨਣੀ ਟਹਿਕ ਪਈ ਸੀ!

ਸ਼ਾਇਦ ਇਹ ਰਾਤ ਦਾ ਤੀਸਰਾ ਪਹਿਰ ਸੀ।

# ਮਟਕਣ ਲਾਲ ਖੋਜਾ

**ਮੋਹਨ ਭੰਡਾਰੀ**

ਮਟਕਣ ਲਾਲ ਖੋਜੇ ਦੀ ਹਾਲਤ ਹੁਣ ਉਸ ਪਹਿਲਵਾਨ ਵਰਗੀ ਸੀ ਜਿਸ ਨੇ ਅਖਾੜੇ 'ਚ ਵੜਨ ਤੋਂ ਪਹਿਲਾਂ ਹੀ ਹਾਰ ਮੰਨ ਲਈ ਹੋਵੇ।

ਅੱਜ ਉਸ ਦਾ ਹੱਟ 'ਤੇ ਬੈਠੇ ਦਾ ਜੀ ਨਹੀਂ ਸੀ ਲੱਗ ਰਿਹਾ। ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਕੀ ਕਰੇ ਤੇ ਕੀ ਨਾ ਕਰੇ। ਉਸ ਨੇ ਘੜੇ 'ਚੋਂ ਕੱਢ ਕੇ ਠੰਡੇ ਪਾਣੀ ਦੇ ਕਈ ਗਲਾਸ ਪੀਤੇ। ਪਰ ਮਨ ਨੂੰ ਸ਼ਾਂਤੀ ਫੇਰ ਵੀ ਨਾ ਆਈ। ਉਹਨੂੰ ਲੱਗਿਆ ਜਿਵੇਂ ਉਹਦੀ ਚਰਬੀ ਢਲ ਰਹੀ ਹੋਵੇ ਤੇ ਧੁਰ ਅੰਦਰ ਕਾਲਜੇ ਨੂੰ ਅੱਗ ਲੱਗ ਗਈ ਹੋਵੇ।

ਅੱਜ ਉਹਦੀਆਂ ਅੱਖਾਂ ਮਸ਼ਾਲਾਂ ਵਾਂਗ ਬਲ ਰਹੀਆਂ ਸਨ।

ਉਹਨੂੰ ਆਪਣੇ ਆਪ 'ਚੋਂ ਸੇਕ ਆ ਰਿਹਾ ਸੀ। ਉਹ ਗੱਦੀ 'ਤੇ ਬੈਠਾ ਇਉਂ ਔਖ ਮਹਿਸੂਸ ਕਰ ਰਿਹਾ ਸੀ ਜਿਵੇਂ ਉਹ ਗੱਦੀ ਨਾ ਹੋਵੇ, ਸੂਲਾਂ ਦੀ ਸੇਜ ਹੋਵੇ।

ਜਦੋਂ ਗੱਦੀ 'ਤੇ ਪਾਸੇ ਮਾਰਦਾ-ਮਾਰਦਾ ਥੱਕ ਗਿਆ ਤਾਂ ਉਹ ਉੱਠ ਖੜਾ ਹੋਇਆ। ਹੱਟ ਦਾ ਦਰਵਾਜ਼ਾ ਬੰਦ ਕੀਤਾ। ਸਿੱਧਾ ਘਰ ਨੂੰ ਤੁਰ ਪਿਆ। ਉਹ ਤੁਰਦਾ ਗਿਆ, ਤੁਰਦਾ ਗਿਆ। ਸੋਚਦਾ ਗਿਆ, ਸੋਚਦਾ ਗਿਆ। ਕਦੇ ਆਪਣੇ ਬਾਰੇ, ਕਦੇ ਆਪਣੇ ਪਿਉ ਬਾਰੇ। 'ਆਖ਼ਰ ਗ਼ਲਤੀ ਕਿਸ ਦੀ ਹੈ?' ਉਹਦੀ ਸੋਚ ਨੇ ਜਿਵੇਂ ਆਖ਼ਰੀ ਫ਼ੈਸਲਾ ਕਰਨਾ ਚਾਹਿਆ।

ਉਹ ਮੋੜ 'ਤੇ ਆ ਕੇ ਰੁਕ ਗਿਆ। ਸੋਚਦਾ ਰਿਹਾ, ਸੋਚਦਾ ਰਿਹਾ। ਬਹੁਤ ਮਨ ਸਮਝਾਇਆ-"ਗ਼ਲਤੀ ਭਾਵੇਂ ਕਿਸੇ ਦੀ ਹੋਵੇ। ਪਰ ਹੁਣ ਸਵਾਲ ਬੇ-ਇੱਜ਼ਤੀ ਦਾ ਹੈ। ਮੇਰੇ ਬਾਪ ਦੀ ਬੇ-ਇੱਜ਼ਤੀ, ਮੇਰੀ ਬੇ-ਇੱਜ਼ਤੀ ਹੈ। ਸਾਡੇ ਸਾਰੇ ਖ਼ਾਨਦਾਨ ਦੀ ਬੇ-ਇੱਜ਼ਤੀ ਹੈ। ਕਾਸ਼! ਕਦੇ ਮੇਰਾ ਬਾਪ ਵੀ ਇਸ ਤਰ੍ਹਾਂ ਸੋਚ ਲੈਂਦਾ।" ਮਟਕਣ ਦੀ ਸੋਚ ਨੇ ਹਉਂਕਾ ਲਿਆ।

ਸੋਚਦਾ-ਸੋਚਦਾ ਉਹ ਘਰ ਜਾਣ ਦੀ ਬਜਾਏ ਸ਼ਹਿਰ ਤੋਂ ਬਾਹਰ ਨਿਕਲ ਗਿਆ। ਉਹ ਬੜੀ ਦੂਰ ਨਿਕਲ ਆਇਆ। ਪਰ ਉਹਨੇ ਲੰਮੀ ਵਾਟ ਬਿਲਕੁਲ ਮਹਿਸੂਸ ਨਾ ਕੀਤੀ। ਉਹ ਤਾਂ ਸਗੋਂ ਦੂਰ ਨਿਕਲ ਜਾਣਾ ਚਾਹੁੰਦਾ ਸੀ। ਬਹੁਤ ਦੂਰ, ਜਿਥੇ ਕਿਤੇ ਬਾਪ ਆਪਣੇ ਪੁੱਤਾਂ ਨਾਲ ਇਸ ਤਰ੍ਹਾਂ ਧ੍ਰੋਹ ਨਾ ਕਰਦੇ ਹੋਣ, ਜਿਹੋ ਜਿਹਾ ਧ੍ਰੋਹ ਅੱਜ ਮਟਕਣ ਲਾਲ ਦੇ ਪਿਉ ਨੇ ਉਸ ਨਾਲ ਕਮਾਇਆ ਸੀ। ਉਹ ਨਵੇਕਲੀ ਜਿਹੀ ਥਾਂ ਵੇਖ ਕੇ ਬੈਠ ਗਿਆ ਤੇ ਆਪਣੀ ਹੁਣ ਤਕ ਬੀਤੀ ਜ਼ਿੰਦਗੀ ਬਾਰੇ ਸੋਚਣ ਲੱਗਾ। ਅਜੀਬ ਜ਼ਿੰਦਗੀ ਸੀ ਉਹਦੀ। ਮੁੱਢ ਤੋਂ ਦੁੱਖਾਂ ਭਰੀ ਜ਼ਿੰਦਗੀ। ਕਹਿੰਦੇ ਨੇ ਕਾਬਲ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ। ਇਹੋ ਹਾਲ ਮਟਕਣ ਲਾਲ ਖੋਜੇ ਦਾ ਸੀ। ਮੁੱਢ ਤੋਂ ਲੈ ਕੇ ਹੁਣ ਤਕ ਦੁੱਖਾਂ ਭਰੀ ਜ਼ਿੰਦਗੀ ਉਹਦੀਆਂ ਅੱਖਾਂ ਸਾਹਮਣੇ ਗਲੋਟੇ ਵਾਂਗ ਉਧੜਨ ਲੱਗੀ।

ਪਲੇਠੀ ਦਾ ਤੇ ਲਾਡਲਾ ਪੁੱਤ ਹੋਣ ਕਰਕੇ ਉਹਦੀਆਂ ਆਦਤਾਂ ਖ਼ਰਾਬ ਹੋ ਗਈਆਂ ਸਨ। ਉਹ ਰੋਜ਼ ਨਿਆਣਿਆਂ ਤੋਂ ਕੁੱਟ ਖਾ ਆਉਂਦਾ। ਮਾਂ-ਪਿਉ ਉਹਦੇ



ਪਿੱਛੇ ਗੁਆਂਢੀਆਂ ਨਾਲ ਲੜ-ਲੜ ਥੱਕ ਗਏ ਸਨ। ਸੱਤਵੀਂ ਤੇ ਅੱਠਵੀਂ 'ਚੋਂ ਉਹਦੇ ਇਕ-ਇਕ ਵੇਰਾਂ ਫੇਲ੍ਹ ਹੋਣ ਕਰਕੇ ਉਹ ਹੋਰ ਵੀ ਦੁਖੀ ਹੋਏ ਸਨ।

ਜਦੋਂ ਉਹ ਨੌਂਵੀਂ 'ਚ ਦਾਖਲ ਹੋਇਆ ਤਾਂ ਉਮਰ ਤਾਂ ਭਾਵੇਂ ਉਹਦੀ ਸਿਆਣੀ ਹੋ ਗਈ ਸੀ, ਪਰ ਮੁੰਡਿਆਂ ਨੂੰ ਕੌਣ ਸਮਝਾਵੇ? ਉਹ ਉਹਦੇ ਪਿੱਛੇ ਗੁੱਥਮ-ਗੁੱਥਾ ਹੋ ਹੋ ਜਾਂਦੇ। ਉਹਦੇ ਕਰਕੇ ਸਕੂਲ ਵਿੱਚ ਪਾਰਟੀਬਾਜ਼ੀ ਹੋ ਗਈ। ਇਕ ਵੇਰਾਂ ਤਾਂ ਨੌਬਤ ਇੱਥੇ ਤਕ ਆਣ ਪੁੱਜੀ ਕਿ ਦੋਹਾਂ ਧੜਿਆਂ ਦੀ ਫੱਟੀਆਂ ਨਾਲ ਲੜਾਈ ਹੋਈ। ਫੱਟੀਆਂ ਟੁੱਟ ਗਈਆਂ। ਕਈਆਂ ਦੇ ਸਿਰ ਪਾਟ ਗਏ। ਉਸ ਦਿਨ ਕਿੰਨੀਆਂ ਅਫਵਾਹਾਂ ਉੱਡੀਆਂ ਸਨ ਉਹਦੇ ਬਾਰੇ। ਉਹਦੇ ਮਾਪੇ ਸੁਣ-ਸੁਣ ਸ਼ਰਮਸਾਰ ਹੋ ਰਹੇ ਸਨ। ਉਹ ਕਈ ਦਿਨ ਘਰੋਂ ਬਾਹਰ ਨਹੀਂ ਸੀ ਨਿਕਲਿਆ। ਤੇ ਅਖ਼ੀਰ ਸਕੂਲ ਛੱਡਣਾ ਪੈ ਗਿਆ ਸੀ ਉਹਨੂੰ।

ਮਟਕਣ ਦਾ ਜ਼ਿੰਦਗੀ ਦਾ ਇਹ ਪਹਿਲਾ ਪੱਖ ਸੀ।

ਮਟਕਣ ਲਾਲ ਖੋਜਾ ਹੁਣ ਸਤਾਈਵੇਂ ਵਰ੍ਹੇ 'ਚ ਪੈਰ ਧਰਨ ਲੱਗਾ ਸੀ।

"ਪੂਰੇ ਸਤਾਈ ਵਰ੍ਹੇ!" ਉਹ ਹੈਰਾਨ ਹੋ ਰਿਹਾ ਸੀ।

ਉਹ ਬਥੇਰੀ ਕੋਸ਼ਿਸ਼ ਕਰਦਾ ਕਿ ਭੁੱਲ ਜਾਵੇ ਆਪਣੀ ਐਡੀ ਵੱਡੀ ਉਮਰ। ਪਰ ਹਾਏ! ਉਹਦੀ ਜਨਮ-ਪੱਤਰੀ, ਉਹਦਾ ਅੱਠਵੀਂ ਦਾ ਸਰਟੀਫਿਕੇਟ ਉਹਦੀਆਂ ਅੱਖਾਂ ਸਾਹਮਣੇ ਉਭਰ-ਉਭਰ ਕੇ ਆ ਰਹੇ ਸਨ। ਜਿਵੇਂ ਉਹ ਉਹਦੇ ਮੂੰਹ ਉੱਤੇ ਉਦੇਮਾਨ ਹੋਈਆਂ ਝੁਰੜੀਆਂ ਦਾ ਮੂੰਹ ਚਿੜ੍ਹਾ ਰਹੇ ਹੋਣ ਤੇ ਪੁਕਾਰ ਪੁਕਾਰ ਕੇ ਕਹਿ ਰਹੇ ਹੋਣ, "ਮਟਕਣ...! ਹੋਸ਼ ਕਰ, ਹੁਣ ਤੂੰ ਬੱਚਾ ਨਹੀਂ ਰਿਹਾ। ਪੂਰੇ ਸਤਾਈ ਵਰ੍ਹਿਆਂ ਦਾ ਬੁੱਢ ਵਲ੍ਹੇਟ ਹੋ ਗਿਆ ਹੈਂ।"

ਤੇ ਮਟਕਣ ਲਾਲ ਆਪਣੀ ਜਨਮ ਪੱਤਰੀ, ਆਪਣਾ ਅੱਠਵੀਂ ਦਾ ਸਰਟੀਫਿਕੇਟ ਵਗਾਹ-ਵਗਾਹ ਮਾਰਦਾ। ਜਿਵੇਂ ਉਹ ਉਹਨੂੰ ਬੁਰੇ ਲੱਗ ਰਹੇ ਹੋਣ। ਜੋ ਮੁੜ-ਮੁੜ ਉਹਨੂੰ ਉਹਦੀ ਦਿਨ ਪਰ ਦਿਨ ਵਧ ਰਹੀ ਉਮਰ ਦਾ ਚੇਤਾ ਕਰਵਾ ਰਹੇ ਸਨ। "ਪੂਰੇ ਸਤਾਈ ਵਰ੍ਹੇ।" ਉਹਦੇ ਅੰਦਰ ਜਿਵੇਂ ਕਾਂਬਾ ਛਿੜ ਰਿਹਾ ਹੋਵੇ। ਉਹਦੇ ਦੋਵੇਂ ਹੱਥ ਉਹਦੀਆਂ ਕੋਰੀ ਹਾਂਡੀ ਵਰਗੀਆਂ ਗੱਲ੍ਹਾਂ 'ਤੇ ਡਿੱਗ-ਡਿੱਗ ਪੈਂਦੇ ਜਿਵੇਂ ਉਹ ਹੁਣੇ ਆਪਣੀਆਂ ਗੱਲ੍ਹਾਂ ਝਰੀਟ ਸੁੱਟੇਗਾ, ਆਪਣੇ ਬੁੱਲਾਂ ਨੂੰ ਵਲੂੰਧਰ ਦੇਵੇਗਾ, ਤੇ ਆਪਣੀ ਲੰਬੂਤਰੀ ਠੋਡੀ ਨੂੰ ਗਾਜਰ ਵਾਂਗ ਲਾਹ ਸੁਟੇਗਾ।

ਹਕੀਮਾਂ ਤੇ ਡਾਕਟਰਾਂ ਦੇ ਦੱਸੇ ਨੁਸਖ਼ੇ ਵਰਤ-ਵਰਤ ਉਹ ਅੱਕ ਗਿਆ ਸੀ। ਸਰ੍ਹੋਂ ਦਾ ਤੇਲ ਰਲਿਆ ਮੱਕੀ ਦਾ ਆਟਾ ਮਲ ਮਲ ਉਹਨੇ ਮੂੰਹ ਸੁਜਾ ਲਿਆ। ਬਲੇਡ ਘਸਾ-ਘਸਾ ਕੇ ਉਹਨੇ ਗੱਲ੍ਹਾਂ ਛਿਲ ਲਈਆਂ, ਪਰ ਵਾਲ ਕਹਿੰਦੇ ਸਨ-"ਪੁੱਤ ਮਟਕਣ ਖੋਜਿਆ, ਤੇਰਾ ਦੇਣਾ ਹੀ ਕੀ ਐ, ਫਿੱਟੇ ਮੂੰਹ ਸਾਡਾ ਜੇ ਤੇਰੇ ਮੂੰਹ 'ਤੇ ਆ ਜਾਈਏ!"

ਉਮਰ ਉਹਦੀ ਸਤਾਈ ਵਰ੍ਹੇ ਹੋ ਚੱਲੀ ਸੀ, ਪਰ ਦਾੜ੍ਹੀ ਤੇ ਮੁੱਛਾਂ ਸਨ ਕਿ ਉਤਰਨ ਦਾ ਨਾਂ ਨਹੀਂ ਸਨ ਲੈਂਦੀਆਂ। ਉਹ ਹੈਰਾਨ ਸੀ। ਉਹਦੇ ਮਾਪੇ ਫ਼ਿਕਰ-

ਮੰਦ ਸਨ। ਉਹਦੇ ਸ਼ਹਿਰ ਦੇ ਲੋਕ ਉਸ ਵੱਲ ਅੱਖਾਂ ਟੱਡ ਟੱਡ ਵੇਖਦੇ ਸਨ। ਗੱਭਰੂ ਮੁੰਡੇ ਉਹਨੂੰ ਅੱਖਾਂ ਮਾਰ ਮਾਰ ਸ਼ਰਮਸਾਰ ਕਰ ਦਿੰਦੇ ਸਨ।

ਉਹ ਝੁੰਜਲਾ ਉਠਦਾ।

ਜ਼ਿੰਦਗੀ ਉਹਨੂੰ ਫਾਲਤੂ ਬੋਝ ਲੱਗਦੀ।

"ਦਾੜ੍ਹੀ ਕਿੰਨੀ ਜ਼ਰੂਰੀ ਚੀਜ਼ ਹੈ। ਇਹਦਾ ਇਕ ਵੇਰਾਂ ਆਉਣਾ ਜ਼ਰੂਰੀ ਹੈ। ਫੇਰ ਭਾਵੇਂ ਕੋਈ ਰੱਖੇ ਜਾਂ ਨਾ ਰੱਖੇ।" ਮਟਕਣ ਲਾਲ ਸੋਚਦਾ। ਇਸੇ ਤਰ੍ਹਾਂ ਸੋਚਦਿਆਂ-ਸੋਚਦਿਆਂ ਮਟਕਣ ਲਾਲ ਅੱਧਾ ਰਹਿ ਗਿਆ ਸੀ।

ਬੱਸ ਇੱਕ ਪਿੰਜਰ ਜਿਹਾ।

ਆਖ਼ਰ ਉਹਨੂੰ ਹੋ ਕੀ ਗਿਆ ਸੀ? ਉਹਦੇ ਮਾਪੇ ਸੋਚਦੇ ਰਹਿੰਦੇ। ਫ਼ਿਕਰ ਕਰਦੇ ਰਹਿੰਦੇ। ਸੋਚਦੇ-ਸੋਚਦੇ ਉਹ ਲੰਮੇ ਵਹਿਣਾਂ 'ਚ ਵਹਿ ਜਾਂਦੇ। ਉਹਨਾਂ ਸਾਹਮਣੇ ਮਟਕਣ ਦੀ ਜ਼ਿੰਦਗੀ ਦਾ ਸਵਾਲ ਸੀ। ਖ਼ਾਨਦਾਨ ਦੀ ਇੱਜ਼ਤ ਦਾ ਸਵਾਲ ਸੀ। ਆਪਣੀ ਜੜ੍ਹ ਹਰੀ ਰੱਖਣ ਦਾ ਸਵਾਲ ਸੀ।

ਰਿਸ਼ਤੇਦਾਰਾਂ ਦੇ ਪੈਰੀਂ ਉਹਦੀ ਮਾਂ ਨੇ ਚੁੰਨੀ ਧਰੀ ਸੀ। ਉਹਦੇ ਪਿਓ ਨੇ ਪੱਗ ਧਰੀ ਸੀ ਕਿ ਕਿਵੇਂ ਮਟਕਣ ਲਾਲ ਨੂੰ ਕਿਤੋਂ ਨਾਤਾ ਹੋ ਜਾਵੇ। ਉਹ ਮੰਗਿਆ ਜਾਵੇ।

ਪਰ ਮਟਕਣ ਲਾਲ ਨੂੰ ਕੋਈ ਨਾਤਾ ਚੜ੍ਹਨ 'ਚ ਹੀ ਨਹੀਂ ਸੀ ਆ ਰਿਹਾ।

"ਐਨਾ ਠੰਡਾ ਪੈੜਾ ਤਾਂ ਕਦੇ ਕਿਸੇ ਦਾ ਨੀ ਵੇਖਿਆ।" ਉਹਦੀ ਮਾਂ ਝੂਰਦੀ ਰਹਿੰਦੀ ਤੇ ਆਪੇ ਬੁੜਬੁੜਾਉਂਦੀ ਰਹਿੰਦੀ। ਉਹ ਮੜ੍ਹੀਆਂ ਅਤੇ ਸਮਾਧਾਂ 'ਤੇ ਚੜ੍ਹਾਵੇ ਚੜ੍ਹਾ-ਚੜ੍ਹਾ ਆਉਂਦੀ। ਆਥਣ ਸਵੇਰ ਖੁਆਜੇ 'ਤੇ ਦੀਵਾ ਰੱਖਕੇ ਆਉਂਦੀ। ਬਰ੍ਹਮੇਂ ਪਾਣੀ ਪਾਉਂਦੀ। ਦੇਵੀ ਦੇਵਤਿਆਂ ਮੂਹਰੇ ਸੌ-ਸੌ ਸੁੱਖਣਾਂ ਸੁੱਖਦੀ। ਪਰ ਕੋਈ ਵੀ ਸੁੱਖ ਵਰ ਆਉਂਦੀ ਨਜ਼ਰ ਨਹੀਂ ਸੀ ਆ ਰਹੀ ਜਿਵੇਂ ਤੇਤੀ ਦੇ ਤੇਤੀ ਕਰੋੜ ਦੇਵਤੇ ਉਨ੍ਹਾਂ 'ਤੇ ਕਰੋਪ ਹੋਣ। ਫੇਰ ਉਹ ਪੁੜਪੁੜੀਆਂ 'ਤੇ ਹੱਥ ਰੱਖ-ਰੱਖ ਸੋਚਦੀ ਮਤੇ ਉਹਨਾਂ ਪਹਿਲਾਂ ਕੋਈ ਸੁੱਖ ਸੁੱਖੀ ਹੋਵੇ ਤੇ ਪੂਰੀ ਨਾ ਕੀਤੀ ਹੋਵੇ। ਦੇਵਤਾ ਜਾਂ ਕੋਈ ਬਾਬਾ ਵਿਚਾਰਾ ਇਸੇ ਕਰਕੇ ਅੜਿਆ ਬੈਠਾ ਹੋਵੇ ਤੇ ਮਟਕਣ ਲਾਲ ਨੂੰ ਰਿਸ਼ਤਾ ਚੜ੍ਹਨੋਂ ਰੋਕ ਰਿਹਾ ਹੋਵੇ। ਪਰ ਅਜਿਹੀ ਕੋਈ ਭੁੱਲ ਉਹਨੂੰ ਯਾਦ ਨਹੀਂ ਸੀ ਆ ਰਹੀ। ਸਗੋਂ ਉਹ ਤਾਂ ਇਸ ਗੱਲ ਦੀ ਬੜੀ ਪੱਕੀ ਸੀ ਕਿ ਸੁੱਖ ਵਰ ਆਵੇ ਜਾਂ ਨਾ ਆਵੇ, ਪਰ ਲਾਹੁੰਦੀ ਜ਼ਰੂਰ। ਉਹਨੂੰ ਪੱਕੀ ਤਰ੍ਹਾਂ ਯਾਦ ਹੈ ਕਿ ਜਦੋਂ ਵਿਆਹ ਹੋਣ ਤੋਂ ਦੋ ਸਾਲ ਤਕ ਉਹਦੀ ਗੋਦ ਹਰੀ ਨਹੀਂ ਸੀ ਹੋਈ। ਉਹਦੀ ਸੱਸ ਨੇ ਨੈਣਾਂ ਦੇਵੀ 'ਤੇ ਸੋਨੇ ਦਾ ਛਤਰ ਚੜ੍ਹਾਉਣਾ ਸੁੱਖਿਆ ਸੀ ਕਿ ਕਿਵੇਂ ਨਾ ਕਿਵੇਂ ਦੇਵੀ ਦੀ ਮਿਹਰ ਹੋਵੇ ਤੇ ਉਨ੍ਹਾਂ ਦੀ ਜੱਦ ਵਧੇ। ਸੁੱਖ ਨਾਲ ਕੁਝ ਮਹੀਨਿਆਂ ਪਿੱਛੋਂ ਹੀ ਮਟਕਣ ਹੋਰਾਂ ਦੇ ਇਸ ਸੰਸਾਰ 'ਚ ਆਉਣ ਦੇ ਆਸਾਰ ਦਿੱਸਣ ਲੱਗ ਪਏ ਸਨ। ਉਸ ਵੇਲੇ ਸਾਰਾ ਟੱਬਰ ਸੋਨੇ ਦਾ ਛਤਰ ਚੜ੍ਹਾ ਕੇ ਆਇਆ ਸੀ। ਮਾਈ ਦੀਆਂ ਭੇਟਾਂ ਗਾ ਗਾ ਮਟਕਣ ਲਾਲ ਦੇ ਪਿਉ ਦਾ ਗਲ਼ਾ ਬੈਠ ਗਿਆ ਸੀ ਉਸ ਦਿਨ। ਹੋਰ ਤਾਂ ਹੋਰ ਉਹਨੂੰ ਇਹ ਵੀ ਚੰਗੀ ਤਰ੍ਹਾਂ ਯਾਦ ਹੈ ਕਿ ਕਿਵੇਂ ਮਟਕਣ



ਲਾਲ ਦਾ ਪਿਉ ਲੋਕਾਂ ਦੀ ਰੀਸੋ ਰੀਸ ਕੌਲਾਂ ਵਾਲੇ ਟੋਬੇ ਤੋਂ ਡੰਡੋਤ ਬੰਦਨਾ ਕਰਦਾ ਹੋਇਆ ਮੰਦਰ ਤੱਕ ਪੁੱਜਿਆ ਸੀ। ਭਾਵੇਂ ਉਹਦੀ ਸੱਸ ਨੇ ਆਪਣੇ ਪੁੱਤ ਦੀ ਸਿਹਤ ਦਾ ਖ਼ਿਆਲ ਕਰਦਿਆਂ ਡੰਡੌਤ ਬੰਦਨਾ ਸੁੱਖੀ ਨਹੀਂ ਸੀ। ਘਰ ਆ ਕੇ ਮਟਕਣ ਲਾਲ ਦਾ ਪਿਉ ਪੰਦਰਾਂ ਦਿਨ ਮੰਜੇ 'ਤੇ ਪਿਆ ਰਿਹਾ ਸੀ। ਉਹ ਆਪੇ ਉਹਦੇ ਮੰਜੇ ਥੱਲੇ ਤਸਲੇ 'ਚ ਅੱਗ ਪਾ ਪਾ ਕੇ ਰੱਖਦੀ ਰਹੀ ਸੀ। ਉਹਦੀਆਂ ਲੱਤਾਂ ਘੁਟਦੀ ਰਹੀ ਸੀ। ਪੁਰਾਣਾ ਲੋਗੜ ਗਰਮ ਕਰਕੇ ਉਹਦੀ ਛਾਤੀ ਨੂੰ ਸੇਕ ਦਿੰਦੀ ਰਹੀ ਸੀ। ਤਾਂ ਕਿਤੇ ਜਾ ਕੇ ਉਹ ਤੁਰਨ ਫਿਰਨ ਜੋਗਾ ਹੋਇਆ ਸੀ। ਸਾਰਾ ਟੱਬਰ ਖੁਸ਼ ਸੀ ਕਿ ਸੁੱਖ, ਸੁੱਖ-ਸਾਂਦ ਨਾਲ ਲਹਿ ਗਈ ਸੀ।

ਪਰ ਫੇਰ ਵੀ ਮਟਕਣ ਲਾਲ ਦੀ ਮਾਂ ਨੂੰ ਮੁੜ ਮੁੜ ਸ਼ੱਕ ਪੈਂਦਾ ਕਿ ਕਿਤੇ ਉਹਦੀ ਸੱਸ ਨੇ ਕੋਈ ਹੋਰ ਸੁੱਖ ਨਾ ਸੁੱਖ ਲਈ ਹੋਵੇ। ਜਿਹੜੀ ਉਹ ਪੂਰੀ ਨਾ ਕਰ ਸਕੇ ਹੋਣ। ਇਸੇ ਕਰਕੇ ਤਾਂ ਮਟਕਣ ਲਾਲ ਨੂੰ ਨਾਤਾ ਨਹੀਂ ਸੀ ਚੜ੍ਹ ਰਿਹਾ।

ਉਹ ਮੁੜ ਮੁੜ ਧਰਤੀ 'ਤੇ ਨੱਕ ਰਗੜ ਕੇ ਵੱਡੇ-ਵਡੇਰਿਆਂ ਤੋਂ ਭੁੱਲਾਂ ਬਖਸ਼ਾਉਂਦੀ ਰਹਿੰਦੀ। "ਇਸ ਵੇਰਾਂ ਦੇਵਤਿਆਂ ਨੂੰ ਕੀ ਹੋ ਗਿਆ ਹੈ? ਮੰਨਣ 'ਚ ਹੀ ਨਹੀ ਆਉਂਦੇ। ਮਟਕਣ ਦੇ ਜੰਮਣ ਵਾਰੀ ਤਾਂ ਜਿਵੇਂ ਉਹ ਸੁੱਖ ਨੂੰ ਉਡੀਕ ਹੀ ਰਹੇ ਹੋਣ। ਸੁੱਖ ਸੁੱਖੀ ਨਹੀਂ ਤੇ ਮਟਕਣ ਜੰਮਿਆਂ ਨੀ।"

ਉਹ ਆਪੇ ਬੁੜਬੁੜਾ ਉਠਦੀ।

ਇੱਕ ਦਿਨ ਉਹਨੂੰ ਜਿਵੇਂ ਕੁਝ ਯਾਦ ਆ ਗਿਆ ਹੋਵੇ। ਉਹਦੇ ਪੇਕੀਂ ਇੱਕ ਬੁੱਢੀ ਨੇ ਤੀਵੀਆਂ 'ਚ ਬੈਠਿਆਂ ਆਪ ਕਿਹਾ ਸੀ ਕਿ ਹੈਦਰ-ਸ਼ੇਖ ਦੀ ਸੁੱਖ ਸੁੱਖੀ ਖਾਲੀ ਨਹੀਂ ਜਾਂਦੀ। ਉਹਨੇ ਸਰ੍ਹੋਂ ਦਾ ਦੀਵਾ ਜਗਾਇਆ, ਕੌਲ ਸਤਨਾਜਾ, ਗੁੜ ਦੀ ਡਲੀ, ਖੰਮ੍ਹਣੀ ਤੇ ਸੰਧੂਰ ਅਤੇ ਹੋਰ ਨਿੱਕ-ਸੁੱਕ ਇਕ ਕੋਰੀ ਤੌੜੀ 'ਚ ਪਾ ਕੇ ਰੱਖਿਆ। ਉਸ ਅੰਤਰ-ਧਿਆਨ ਹੋ ਕੇ ਹੈਦਰ-ਸ਼ੇਖ ਨੂੰ ਧਿਆਇਆ ਤੇ ਦਿਲ ਹੀ ਦਿਲ 'ਚ ਆਖਿਆ, "ਹੇ ਹੈਦਰ-ਸ਼ੇਖ ਬਾਬਿਆ ਵਿਚਾਰਿਆ, ਜੇ ਕਿਤੇ ਮੇਰੇ ਮਟਕਣ ਦੇ ਘਰ ਟੁੱਕ ਪੱਕਦਾ ਹੋ ਜੇ ਤਾਂ ਤੇਰੇ ਦਰਬਾਰ ਜੋੜੀ ਬੱਕਰਾ ਚੜ੍ਹਾ ਕੇ ਜਾਵੇ।"

ਫੇਰ ਉਹਨੇ ਦੀਵੇ ਸਾਹਮਣੇ ਨੱਕ ਨਾਲ ਸੱਤ ਲਕੀਰਾਂ ਧਰਤੀ 'ਤੇ ਖਿੱਚੀਆਂ। ਦਰਵਾਜ਼ੇ ਦੇ ਅੰਦਰ-ਬਾਹਰ ਗੋਹਾ ਫੇਰਿਆ। ਕੌਲੀ ਪਾਣੀ ਪਾਇਆ ਤੇ ਰਾਮ-ਰਾਮ ਕਰਦੀ ਨੇ ਤੌੜੀ ਸ਼ਰਧਾ ਨਾਲ ਚੁੱਕ ਕੇ ਅਜਿਹੇ ਥਾਂ ਰੱਖ ਦਿੱਤੀ ਜਿੱਥੇ ਉਹਨੂੰ ਕੋਈ ਜੂਠੇ-ਮਿੱਠੇ ਹੱਥ ਨਾ ਲਾ ਦੇਵੇ। ਤੇ ਨਿਸ਼ਚਿੰਤ ਹੋ ਕੇ ਉਸ ਦਿਨ ਦੀ ਉਡੀਕ ਕਰਨ ਲੱਗੀ ਜਿਸ ਦਿਨ ਉਹਦੇ ਮਟਕਣ ਦੇ ਸਿਹਰੇ ਬੰਨ੍ਹਣੇ ਸਨ ਤੇ ਉਹਦੀਆਂ ਦੂਰੋਂ ਨੇੜਿਓਂ ਲੱਗਦੀਆਂ ਭੈਣਾਂ ਨੇ ਗਾਉਣਾ ਸੀ:

ਇਨਹੀਂ ਰਾਹੀਂ, ਇਨਹੀਂ ਰਾਹੀਂ,
ਨੀ ਮਟਕਣ, ਅੱਜ ਤੁਰਿਆ।

ਕਹਿੰਦੇ ਨੇ ਦਿਨ ਫਿਰਦਿਆਂ ਨੂੰ ਦੇਰ ਨਹੀਂ ਲੱਗਦੀ। ਲੋਕਾਂ ਨੇ ਮਟਕਣ ਦੇ ਘਰ ਅੱਗੇ ਕੁੜੀਆਂ ਨੂੰ ਇਉਂ ਗਾਉਂਦਿਆਂ ਸੁਣਿਆ:

ਭਰੀਆਂ ਸਭਾਂ ਵਿੱਚ ਮਟਕਣ ਬੈਠਾ
ਜਿਉਂ ਤਾਰਿਆਂ ਵਿੱਚ ਚੰਨ ਨੀ।

ਮਟਕਣ ਮੰਗਿਆ ਤਾਂ ਗਿਆ, ਪਰ ਉਹ ਮਾਪਿਆਂ ਮੂਹਰੇ ਅੜ-ਅੜ ਰਹਿੰਦਾ: "ਮੇਰੀ ਉਮਰ ਹੀ ਕੀ ਐ ਅਜੇ, ਲੋਕੀ ਪੈਂਤੀ ਪੈਂਤੀ ਸਾਲਾਂ ਦੇ ਵਿਆਹ ਕਰਾਉਂਦੇ ਨੇ। ਮੈਨੂੰ ਕਿਹੜੀ ਆਖ਼ਰ ਆ ਚੱਲੀ ਹੈ।" ਉਹ ਬੜੀਆਂ ਦਲੀਲਾਂ ਦਿੰਦਾ। ਦੋਵੇਂ ਮਾਂ-ਪਿਉ ਜਦੋਂ ਬੜੇ ਪਿਆਰ ਨਾਲ ਉਹਨੂੰ ਪਲੋਸ ਕੇ ਸਮਝਾਉਂਦੇ ਤਾਂ ਉਹ ਡੁਸਕਣ ਲੱਗ ਪੈਂਦਾ। ਕਦੇ ਪਿਉ ਦੇ ਗਲ਼ ਲੱਗ ਅਤੇ ਕਦੇ ਮਾਂ ਦੀ ਗਰਦਨ 'ਚ ਬਾਹਾਂ ਪਾ ਕੇ ਉਹ ਉੱਚੀ ਉੱਚੀ ਰੋਣ ਲੱਗ ਪੈਂਦਾ। ਸਿਸਕੀਆਂ ਲੈ-ਲੈ ਨਿਆਣਿਆਂ ਵਾਂਗ ਜ਼ਿਦ ਕਰਦਾ ਤੇ ਕਹਿੰਦਾ, "ਮੈਂ ਨੀ ਮਾਂ ਵਿਆਹ ਕਰਵਾਉਂਦਾ।"

ਪਰ ਉਹਦੀ ਸੁਣਦਾ ਕੌਣ ਸੀ?

ਸੋ ਉਹਨੂੰ ਹਾਰਨਾ ਪਿਆ।

ਘਰ ਉਹਦੇ ਪਤਨੀ ਛਮਕ ਨਾਜੋ ਨਾਰ ਜਦੋਂ ਉੱਤਰੀ ਤਾਂ ਬਹੁਤਿਆਂ ਦੇ ਦੰਦ ਜੁੜ ਗਏ ਸਨ। ਮਟਕਣ ਮਹੱਲੇ ਦੇ ਮੁੰਡਿਆਂ ਨਾਲੋਂ ਬਾਜ਼ੀ ਲੈ ਗਿਆ ਸੀ। ਇਹ ਗੱਲ ਮਟਕਣ ਨੂੰ ਉਹਦੀਆਂ ਚੁਲਬੁਲੀਆਂ ਭਾਬੀਆਂ ਨੇ ਆਪ ਆਖੀ ਸੀ ਤੇ ਉਨ੍ਹਾਂ ਚਮ੍ਹਲ-ਚਮ੍ਹਲ ਸਿੱਠਣੀਆਂ ਦਿੱਤੀਆਂ ਸਨ:

ਮਟਕਣ ਕੁੜੀਓ ਇਉਂ ਬੈਠਾ,
ਜਿਉਂ ਫੁੱਟੇ ਭੜੋਲੇ ਦਾ ਥੱਲਾ,
ਨਿਕੰਮਿਆਂ ਕੰਮ ਕਰ ਵੇ,
ਤੂੰ ਕਿਉਂ ਬੈਠਾ ਨਿਚੱਲਾ।

**ਕਦੇ ਕਹਿੰਦੀਆਂ:**

ਮਟਕਣ ਜੁੜ ਜਾ ਬੰਨੋ ਦੇ ਨਾਲ,
ਬੰਨੋ ਤੇਰੀ ਕੀ ਲੱਗਦੀ

**ਦੂਜੇ ਪਾਸਿਓਂ ਬੋਲ ਉਠਦੇ:**

ਨੀ ਏ ਕਿਵੇਂ ਜੁੜੇ ਬੰਨੋ ਨਾਲ,
ਬੰਨੋ ਇਹਦੀ ਮਾਂ ਲਗਦੀ।

ਮਟਕਣ ਲਾਲ ਖੂੰਜੇ 'ਚ ਬੈਠਾ ਸੁੰਗੜਦਾ ਜਾਂਦਾ ਤੇ ਲਾਜਵੰਤੀ ਦੇ ਬੂਟੇ ਵਾਂਗ ਕੁਮਲਾਉਂਦਾ ਜਾਂਦਾ। ਜਦੋਂ ਉਹਦੀਆਂ ਭਾਬੀਆਂ ਉਹਨੂੰ ਖਿੱਚ ਕੇ ਨਵੀਂ ਬੰਨੋ ਕੋਲ ਲੈ ਜਾਣ ਦੀ ਕੋਸ਼ਿਸ਼ ਕਰਦੀਆਂ ਤਾਂ ਉਹ ਕੰਬ ਉਠਦਾ। ਸ਼ਰਮ ਨਾਲ ਪਾਣੀ ਪਾਣੀ ਹੋ ਜਾਂਦਾ। ਉਹਦੇ ਮੱਥੇ 'ਤੇ ਤ੍ਰੇਲੀਆਂ ਛੁਟ-ਛੁਟ ਜਾਂਦੀਆਂ ਤੇ ਉਠ-ਉਠ ਬਾਹਰ ਨੂੰ ਭੱਜਦਾ।

ਦਿਨ ਲੰਘਦੇ ਗਏ। ਮਟਕਣ ਲਾਲ ਪਹਿਲਾਂ ਵਾਂਗ ਮੁਹੱਲਿਆਂ 'ਚ ਫਿਰਨ ਦੀ ਥਾਂ ਦੁਕਾਨ 'ਤੇ ਬੈਠਣ ਲੱਗਾ। ਘਰ ਜਾ ਕੇ ਰੋਟੀ ਖਾਣ ਦੀ ਥਾਂ ਉਹ ਹੱਟ 'ਤੇ ਹੀ



ਮੰਗਵਾ ਲੈਂਦਾ। ਪਿਉ ਦੇ ਜ਼ੋਰ ਦੇਣ 'ਤੇ ਵੀ ਉਹ ਘਰ ਰੋਟੀ ਖਾਣ ਨਾ ਜਾਂਦਾ। "ਸਹੁਰਾ ਕਿੰਨਾ ਸੰਗਦਾ ਹੈ।" ਉਹਦਾ ਪਿਉ ਮਨ ਹੀ ਮਨ 'ਚ ਸੋਚਦਾ। ਉਹਨੂੰ ਆਪਣੀ ਜੁਆਨੀ ਯਾਦ ਆ ਜਾਂਦੀ। ਅੰਗੜਾਈ ਲੈ ਕੇ ਉਹ ਰੋਜ਼ਨਾਮਚਾ ਭਰਨ ਲੱਗ ਪੈਂਦਾ।

ਉਂਞ ਮਟਕਣ ਦੀ ਮਾਂ ਨੂੰ ਆਪਣੀ ਨੂੰਹ ਵਿਆਹ ਕੇ ਤਸੱਲੀ ਸੀ। ਉਹ ਸਾਰਾ ਦਿਨ ਘਰ ਦਾ ਕੰਮ ਕਰਦੀ ਰਹਿੰਦੀ। ਉਹਨੂੰ ਗੀਤਾ ਪੜ੍ਹ ਕੇ ਸੁਣਾਉਂਦੀ। ਪਰ ਇੱਕ ਗੱਲ ਉਹਨੂੰ ਬੜੀ ਚੁਭਦੀ ਸੀ। ਮਹੁਕਮ ਦੇਵੀ (ਮਟਕਣ ਦੀ ਘਰ ਵਾਲੀ) ਦੇ ਮੂੰਹ 'ਤੇ ਖੇੜਾ ਕਦੀ ਨਹੀਂ ਸੀ ਆਇਆ। ਉਹ ਟਹਿਕਦੀ ਨਹੀਂ ਸੀ। ਪਰ ਮਹੁਕਮ ਦੇਵੀ ਸੀ ਕਿ ਜਿਵੇਂ ਮੂੰਹ 'ਚ ਜ਼ਬਾਨ ਨਾ ਹੋਵੇ। ਸਗੋਂ ਉਹ ਨੀਵੀਂ ਪਾ ਲੈਂਦੀ ਜਦੋਂ ਕਦੇ ਅਜਿਹੀ ਗੱਲ ਹੁੰਦੀ।

ਇਕ ਦਿਨ ਜਦੋਂ ਮਟਕਣ ਲਾਲ ਦੀ ਮਾਂ ਜ਼ਿੱਦ ਹੀ ਪੈ ਗਈ ਤਾਂ ਉਹਨੇ ਸਾਫ਼ ਸਾਫ਼ ਦੱਸ ਦਿੱਤੀ ਤੇ ਕਹਿਣ ਲੱਗੀ, "ਮਾਂ ਜੀ, ਮੇਰਾ ਘਰ ਵਿਹਲੀ ਬੈਠੀ ਦਾ ਜੀ ਨਹੀਂ ਲੱਗਦਾ। ਪਿਤਾ ਜੀ ਨੂੰ ਆਖੋ ਨਾ ਕਿ ਮੈਨੂੰ ਇਥੇ ਕਿਸੇ ਸਕੂਲ ਵਿੱਚ ਮਾਸਟਰਨੀ ਲਗਵਾ ਦੇਣ। ਪੇਕੀਂ ਵੀ ਤਾਂ ਮੈਂ ਇਕ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਂਦੀ ਰਹੀ ਹਾਂ।"

ਮਟਕਣ ਦੀ ਮਾਂ ਦਾ ਜਿਵੇਂ ਅੰਦਰ ਹਰਾ ਹੋ ਗਿਆ ਹੋਵੇ। "ਘਰ ਦੇ ਕੰਮ ਦਾ ਕੀ ਐ। ਅੱਗੇ ਵੀ ਤਾਂ ਮੈਂ ਇਕੱਲੀ ਕਰਦੀ ਰਹੀ ਆਂ। ਬੰਨ੍ਹੀ ਰੁੰਨ੍ਹੀ ਰਕਮ ਘਰ ਆਇਆ ਕਰੂ। ਮੀਂਹ ਜਾਉ, ਵਾਲ੍ਹ ਜਾਉ, ਸਾਡੇ ਪੈਸੇ ਹਰੇ...।" ਮਟਕਣ ਦੀ ਮਾਂ ਨੇ ਅਜਿਹਾ ਬੜਾ ਕੁਝ ਸੋਚਿਆ। ਪਰ ਉਪਰੋਂ ਮੂੰਹ ਓਦਰਾ ਕੇ ਕਹਿਣ ਲੱਗੀ, "ਨਾ ਪੁੱਤ...। ਤੂੰ ਫੁੱਲ ਵਰਗੀ ਮੇਰੀ ਨੂੰਹ, ਹੁਣੇ-ਹੁਣੇ ਤੈਨੂੰ ਕੰਮ 'ਚ ਪਾ ਦਿਆਂ। ਅਜੇ ਤਾਂ ਥੋੜੇ ਖੇਲਣ ਮੱਲਣ ਦੇ ਦਿਨ ਨੇ ਸੁੱਖ ਨਾਲ।"

ਇਹ ਗੱਲ ਸੁਣ ਕੇ ਮਹੁਕਮ ਦੇਵੀ ਦੀਆਂ ਅੱਖਾਂ ਭਰ ਆਈਆਂ। ਉਹ ਆਪਣੀ ਸੱਸ ਦੇ ਗਲ਼ ਲੱਗ ਕੇ ਉੱਚੀ-ਉੱਚੀ ਰੋਣ ਲੱਗ ਪਈ। ਰੋਂਦੀ ਰਹੀ, ਰੋਂਦੀ ਰਹੀ।

ਅਖ਼ੀਰ ਉਨ੍ਹਾਂ ਦਾ ਕੰਮ ਬਣ ਹੀ ਗਿਆ ਸੀ। ਉਹ ਸੱਠ ਰੁਪਏ ਮਹੀਨੇ ਤੇ ਇੱਕ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਣ ਲੱਗ ਪਈ।

ਅਜੇ ਉਹਨੂੰ ਮਾਸਟਰਨੀ ਲੱਗੀ ਨੂੰ ਪੂਰਾ ਮਹੀਨਾ ਵੀ ਨਹੀਂ ਸੀ ਹੋਇਆ ਕਿ ਉਹਦੇ ਸੁਭਾਅ 'ਚ ਤਬਦੀਲੀ ਆਉਣ ਲੱਗੀ। ਉਹ ਨਿੱਕੀ-ਨਿੱਕੀ ਗੱਲ 'ਤੇ ਆਪਣੀ ਸੱਸ ਨਾਲ ਲੜ ਪੈਂਦੀ। ਮਾੜੀ-ਮਾੜੀ ਗੱਲ 'ਤੇ ਸਾਰੇ ਟੱਬਰ 'ਚ ਉਹਦੀ ਬੇਇੱਜ਼ਤੀ ਕਰ ਦਿੰਦੀ। ਮਟਕਣ ਲਾਲ ਕੋਲ ਬੈਠਾ ਮੁਟਕ-ਮੁਟਕ ਵੇਖਦਾ ਰਹਿੰਦਾ। ਉਹਦਾ ਪਿਉ ਉਂਞ ਹੀ ਨੀਵੀਂ ਪਾ ਲੈਂਦਾ।

ਜਦੋਂ ਕਲੇਸ਼ ਜ਼ਿਆਦਾ ਹੀ ਵਧ ਗਿਆ ਤਾਂ ਮਟਕਣ ਦੀ ਮਾਂ ਆਪਣੇ ਪੇਕੇ ਚਲੀ ਗਈ।

ਦੋ ਤਿੰਨ ਦਿਨ ਲਗਾਤਾਰ ਮਟਕਣ ਦਿਨ 'ਚ ਉੱਕਾ ਹੀ ਘਰ ਨਹੀਂ ਸੀ ਗਿਆ।

ਤੇ ਹੁਣ ਉਸ ਦੀ ਹਾਲਤ ਵੇਖਣ ਵਾਲੀ ਸੀ। ਅੱਜ ਉਹਦਾ ਬਾਪ ਉਠ ਕੇ ਘਰ ਨੂੰ ਤੁਰ ਗਿਆ ਸੀ।

ਕਈ ਘੰਟੇ ਉਹਨੂੰ ਇਸ ਤਰ੍ਹਾਂ ਸੋਚਦੇ ਸੋਚਦੇ ਨੂੰ ਲੰਘ ਗਏ। ਆਖੀਰ ਉਹ ਉਠ ਕੇ ਸ਼ਹਿਰ ਵੱਲ ਨੂੰ ਤੁਰ ਪਿਆ। ਦੁਕਾਨ ਮੂਹਰੇ ਚੌਂਤਰੇ 'ਤੇ ਬੈਠਾ ਉਹਦਾ ਬਾਪ ਉਬਾਸੀਆਂ ਲੈ ਰਿਹਾ ਸੀ।

ਪਹਿਲੇ ਦਿਨ ਪਿਉ ਪੁੱਤ ਇਕ ਦੂਜੇ ਨਾਲ ਵੱਟੇ ਵੱਟੇ ਰਹੇ।

ਦੂਜੇ ਦਿਨ ਮਟਕਣ ਆਪਣੇ ਪਿਉ ਨੂੰ ਸਿੱਧੀਆਂ ਗਾਲ੍ਹਾਂ ਕੱਢ ਰਿਹਾ ਸੀ। ਜਿਵੇਂ ਉਹ ਉਸਦਾ ਕੁਝ ਨਾ ਲੱਗਦਾ ਹੋਵੇ।

ਤੀਜੇ ਦਿਨ ਉਹ ਇਕ ਡਾਕਟਰ ਦੀ ਦੁਕਾਨ 'ਤੇ ਇਕੱਠ ਕਰੀ ਖੜ੍ਹਾ ਸੀ। ਉਹ ਡਾਕਟਰ ਨੂੰ ਗਾਲ੍ਹਾਂ ਕੱਢ ਰਿਹਾ ਸੀ 'ਤੇ ਉਚੀ-ਉਚੀ ਕਹਿ ਰਿਹਾ ਸੀ, "ਤੈਨੂੰ ਡਾਕਟਰ ਕਿਹੜੇ ਕੰਜਰ ਨੇ ਬਣਾਇਐ। ਦਵਾਈ ਮੈਂ ਖਾ ਰਿਹਾ ਹਾਂ ਤੇ ਦਾੜ੍ਹੀ ਮੇਰੀ ਘਰ ਵਾਲੀ ਨੂੰ ਉਤਰ ਰਹੀ ਐ।"

ਉਸ ਤੋਂ ਅਗਲੇ ਦਿਨ ਹੀ ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ ਕਿ ਮਟਕਣ ਲਾਲ ਪਾਗਲ ਹੋ ਗਿਆ ਹੈ। ਉਸ ਦੇ ਪਿੱਛੋਂ ਦਸ-ਦਸ ਪੰਦਰਾਂ-ਪੰਦਰਾਂ ਨਿਆਣਿਆਂ ਦੀਆਂ ਟੋਲੀਆਂ ਲੱਗੀਆਂ ਫਿਰਦੀਆਂ ਹਨ। ਪਿੱਛੋਂ ਆਵਾਜ਼ਾਂ ਪੈ ਰਹੀਆਂ ਹਨ, "ਖੋਜਾ ਓਏ! ਖੋਜਾ ਓਏ!! ਜਨਾਨੜਾ ਓਏ।" ਤਾਂ ਉਹ ਅੱਗੋਂ ਚੁੱਪ ਨਾ ਰਹਿੰਦਾ। ਸਗੋਂ ਨਖ਼ਰੇ ਨਾਲ ਠੋਡੀ 'ਤੇ ਹੱਥ ਰੱਖ-ਰੱਖ ਕੇ ਕਹਿੰਦਾ, "ਖੜ੍ਹੋ ਥੋਡੇ ਦਾਦੇ ਮੰਗਿਆਵਾਂ... ਘਰ ਮਾਵਾਂ ਭੈਣਾਂ ਨੀ। ਉਨ੍ਹਾਂ ਨੂੰ ਕਰੋ ਮਖੌਲ ਜਾ ਕੇ।" ਕਦੇ-ਕਦੇ ਲੋਕਾਂ ਉਹਨੂੰ ਇਹ ਵੀ ਕਹਿੰਦਿਆਂ ਸੁਣਿਆਂ, "ਚਲਦੀ ਦਾ ਨਾਂ ਗੱਡੀ ਹੈ ਭਾਈ। ਕੋਈ ਕਿਸੇ ਦਾ ਪੁੱਤ ਨਹੀਂ। ਕੋਈ ਕਿਸੇ ਦਾ ਪਿਉ ਨਹੀਂ। ਕੋਈ ਕਿਸੇ ਦਾ ਸਹੁਰਾ ਨਹੀਂ। ਕੋਈ ਕਿਸੇ ਦੀ ਨੂੰਹ ਨਹੀਂ। ਚਲਦੀ ਦਾ ਨਾਂ ਗੱਡੀ ਹੈ ਭਾਈ।"

ਕੁਝ ਦਿਨਾਂ ਪਿੱਛੋਂ ਹੀ ਮਟਕਣ ਲਾਲ ਲਾਪਤਾ ਹੋ ਗਿਆ। ਉਹਦੀ ਮਾਂ ਰੋਂਦੀ ਪਿਟਦੀ ਪੇਕਿਆਂ ਤੋਂ ਆ ਗਈ। ਮਟਕਣ ਦੀ ਸਾਰੇ ਭਾਲ ਕੀਤੀ ਗਈ, ਪਰ ਕੋਈ ਪਤਾ ਨਾ ਲੱਗਿਆ। ਅਖ਼ੀਰ ਸੱਸ ਨੂੰਹ ਰੋ ਪਿੱਟਕੇ ਹੰਭ ਗਈਆਂ ਤੇ ਬੇ-ਆਸ ਹੋ ਕੇ ਬੈਠ ਗਈਆਂ।

ਇਕ ਦਿਨ ਕੋਠੀ 'ਚੋਂ ਕੋਈ ਚੀਜ਼ ਕੱਢਣ ਲੱਗਿਆਂ ਮਟਕਣ ਦੀ ਮਾਂ ਨੂੰ ਇਕ ਕੋਰੀ ਤੌੜੀ ਹੱਥ ਲੱਗੀ। ਉਹਦਾ ਝੱਟ ਮੱਥਾ ਠਣਕ ਗਿਆ। ਮਟਕਣ ਦੇ ਵਿਆਹ ਪਿੱਛੋਂ ਉਨ੍ਹਾਂ ਹੈਦਰ-ਸ਼ੇਖ ਦੀ ਸੁੱਖ ਨਹੀਂ ਸੀ ਲਾਹੀ। "ਇਸ ਕਰਕੇ ਤਾਂ ਮੁੰਡਾ ਕਮਲਾ ਹੋ ਗਿਆ। ਹੇ ਹੈਦਰ ਸ਼ੇਖ, ਬਾਬਿਆ ਵਿਚਾਰਿਆ ਸਾਨੂੰ ਭੁੱਲਣਹਾਰਾਂ ਨੂੰ ਬਖ਼ਸ਼ੀਂ।"

ਉਹਨੇ ਧਰਤੀ 'ਤੇ ਸੱਤ ਵਾਰ ਨੱਕ ਰਗੜਿਆ।

ਜਦੋਂ ਇਹ ਗੱਲ ਉਹਨੇ ਆਪਣੇ ਘਰ ਵਾਲੇ ਕੋਲ ਕੀਤੀ ਤਾਂ ਮਹੁਕਮ ਦੇਵੀ ਦਾ ਹਾਸਾ ਨਿਕਲ ਗਿਆ: "ਕਦੇ ਮਾਂ ਜੀ ਏਦਾਂ ਸੁੱਖਾਂ ਨਾਲ ਵੀ ਕੋਈ ਪਾਗਲ ਹੋ ਸਕਦੈ।" ਉਸ ਆਪਣੀ ਸੱਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।



ਪਰ ਬੁੱਢੀ ਕਿੱਥੇ ਮੰਨਣ ਵਾਲੀ ਸੀ। ਉਹ ਅੜ ਕੇ ਬੈਠ ਗਈ। ਮਟਕਣ ਦੇ ਪਿਉ ਨੂੰ ਖੜ੍ਹੇ ਪੈਰੀਂ ਵੀਹ ਰੁਪਏ ਖ਼ਰਚ ਕੇ ਬੱਕਰਾ ਲਿਆਉਣਾ ਪਿਆ।

ਜਦੋਂ ਮਟਕਣ ਦਾ ਪਿਉ ਹੱਥ 'ਚ ਬੱਕਰੇ ਦਾ ਰੱਸਾ ਫੜੀ ਤੇ ਨੂੰਹ-ਸੱਸ ਉਹਦੇ ਪਿੱਛੇ-ਪਿੱਛੇ ਮੋਤੀ ਬਾਜ਼ਾਰ (ਮਾਲੇਰ ਕੋਟਲਾ) ਵਿੱਚ ਦੀ ਲੰਘ ਰਹੀਆਂ ਸਨ ਤਾਂ ਉਹਨਾਂ ਦੀ ਨਜ਼ਰ ਇੱਕ ਇਕੱਠ 'ਤੇ ਪਈ। ਇਕ ਦੁਕਾਨ ਦੇ ਸਾਹਮਣੇ ਦੋ ਹੀਜੜੇ ਨੱਚ ਰਹੇ ਸਨ। ਉਹ ਮੁੜ ਮੁੜ ਮੁੰਡਾ ਜੰਮਣ ਦੀਆਂ ਵਧਾਈਆਂ ਦੇ ਰਹੇ ਸਨ। ਖੂੰਜੇ ਵਿੱਚ ਬੈਠਾ ਇੱਕ ਨੌਜੁਆਨ ਮਸਤ ਹੋਇਆ ਢੋਲਕੀ ਵਜਾ ਰਿਹਾ ਸੀ।

ਮਹੁਕਮ ਦੇਵੀ ਗਸ਼ ਖਾ ਕੇ ਡਿੱਗ ਪਈ।

ਉਹਦੀ ਸੱਸ ਨੂੰ ਹੱਥਾਂ ਪੈਰਾਂ ਦੀ ਪੈ ਗਈ। ਇਕੱਠ ਦੇ ਸਾਰੇ ਆਦਮੀ ਪਿਛਾਂਹ ਨੂੰ ਮੁੜ ਕੇ ਵੇਖਣ ਲੱਗੇ।

ਹੀਜੜਿਆਂ ਨੇ ਨੱਚਣਾ ਛੱਡ ਦਿੱਤਾ।

ਦੂਰ ਪਰ੍ਹਾਂ ਬੱਕਰਾ ਲਈ ਜਾਂਦੇ-ਮਹੁਕਮ ਦੇਵੀ ਦੇ ਸਹੁਰੇ ਨੇ ਜਦੋਂ ਪਿਛਾਂਹ ਮੁੜ ਕੇ ਵੇਖਿਆ, ਤਾਂ ਕੰਨਾਂ 'ਚ ਤੁੰਗਲ ਪਾਈ, ਦੋਵੇਂ ਗੋਡੇ ਢੋਲਕੀ 'ਤੇ ਰੱਖੀ ਮਟਕਣ ਲਾਲ ਖੋਜਾ ਆਪਣੇ ਪਿਉ ਵੱਲ ਮੁਟਕ-ਮੁਟਕ ਵੇਖ ਰਿਹਾ ਸੀ।

# ਉਸਦਾ ਬਾਪ

**✍ ਰਾਮ ਸਰੂਪ ਅਣਖੀ**

ਦੀਦਾਰ ਸਿੰਘ ਜਦ ਜੰਮਿਆ, ਉਹਦੀ ਮਾਂ ਪੇਕੀਂ ਸੀ। ਉਹਦੀ ਦਾਈ ਨੂੰ ਉਹਦੀ ਨਾਨੀ ਨੇ ਦੁੱਗਣੇ ਤਿੱਗਣੇ ਪੈਸੇ ਦਿੱਤੇ ਸਨ। ਦੁੱਗਣਾ ਤਿੱਗਣਾ ਖੁਵਾਇਆ ਪਹਿਨਾਇਆ ਸੀ। ਦਾਈ ਨੇ ਉਹਦੀ ਨਾਨੀ ਦੇ ਵਰਜ ਦੇਣ ਅਨੁਸਾਰ ਕਿਸੇ ਬੁੜ੍ਹੀ ਜਾਂ ਬੰਦੇ ਕੋਲ ਕਿਸੇ ਗੱਲ ਦੀ ਕੋਈ ਭਾਫ਼ ਨਹੀਂ ਸੀ ਕੱਢੀ। ਉਸਦੀ ਮਾਂ ਕਦੇ ਵੀ ਉਸਨੂੰ ਲੈਕੇ ਬਾਹਰ ਨਹੀਂ ਸੀ ਨਿਕਲਦੀ। ਨਾ ਹੀ ਕਿਸੇ ਬੁੜ੍ਹੀ ਨੂੰ ਮੁੰਡਾ ਦੇਖਣ ਕਦੇ ਉਨ੍ਹਾਂ ਨੇ ਅੰਦਰ ਸਬ੍ਹਾਤ ਵਿੱਚ ਵੜਨ ਦਿੱਤਾ ਸੀ। ਉਹ ਤਾਂ ਸੋਹਣਾ ਹੀ ਬੜਾ ਸੀ। ਉਸਨੂੰ ਤਾਂ ਨਜ਼ਰ ਲੱਗ ਜਾਣ ਦਾ ਡਰ ਸੀ। ਦੋ ਮਹੀਨਿਆਂ ਦਾ ਜਦ ਉਹ ਹੋਇਆ, ਉਸਦੀ ਮਾਂ ਸਹੁਰੇ ਘਰ ਆ ਗਈ ਸੀ। ਪਤਾ ਨਹੀਂ ਕਿਉਂ, ਉਸਦਾ ਪਿਓ ਪਹਿਲਾਂ ਤਾਂ ਕਈ ਦਿਨ ਉਦਾਸ ਰਿਹਾ ਪਰ ਫਿਰ ਖ਼ੁਸ਼ ਖ਼ੁਸ਼ ਦਿਸਣ ਲੱਗਿਆ। ਉਸਦੇ ਘਰ ਕਿੰਨੇ ਹੀ ਸਾਲਾਂ ਬਾਅਦ ਲਾਲ ਆਇਆ ਸੀ। ਵਿਆਹ ਹੋਏ ਨੂੰ ਤਾਂ ਨੌ ਸਾਲ ਹੋ ਚੁੱਕੇ ਸਨ। ਐਨੇ ਚਿਰ ਬਾਅਦ ਪਤਾ ਨਹੀਂ ਕਿਵੇਂ ਰੱਬ ਦੀ ਮਿਹਰ ਹੋ ਗਈ ਸੀ।

ਹਮੇਸ਼ਾ ਹੀ ਉਸਦੇ ਗਲ ਵਿੱਚ ਫਰਾਕ ਪਾ ਕੇ ਰਖਦੇ ਤੇ ਤੇੜ ਨਿੱਕਰ। ਨਿੱਕਰ ਤਾਂ ਉਸਦੇ ਹਮੇਸ਼ਾ ਹੀ ਰਹਿੰਦੀ ਜੀ। ਉਸਦੀ ਮਾਂ ਉਸ ਨੂੰ ਟੱਟੀ ਪਿਸ਼ਾਬ ਪਤਾ ਨਹੀਂ ਕਿਹੜੇ ਵੇਲੇ ਕਰਵਾਉਂਦੀ ਸੀ। ਗਵਾਂਢਣਾਂ ਨੇ ਕਦੇ ਵੀ ਉਸ ਮੁੰਡੇ ਦਾ ਨੰਗ ਨਹੀਂ ਸੀ ਦੇਖਿਆ। ਹਮੇਸ਼ਾ ਹੀ ਨਿੱਕਰ।

ਮੁੰਡੇ ਦੀ ਖਬਰ ਸੁਣਕੇ ਖੁਸਰੇ ਵਧਾਈ ਲੈਣ ਆਏ। ਮੁੰਡੇ ਦੀ ਮਾਂ ਕਹਿੰਦੀ ਕਿ ਉਸਦੀ ਵਧਾਈ ਤਾਂ ਉਸਦੇ ਨਾਨਕਿਆਂ ਵਾਲੇ ਖੁਸਰੇ ਲੈ ਗਏ ਸਨ। ਖੁਸਰਿਆਂ ਨੇ ਜ਼ਿੱਦ ਕੀਤੀ ਕਿ ਉਹ ਤਾਂ ਵਧਾਈ ਜ਼ਰੂਰ ਹੀ ਲੈ ਕੇ ਜਾਣਗੇ। ਹੱਕ ਤਾਂ ਸਾਡਾ ਹੈ। ਨਾਨਕਿਆਂ ਦੇ ਖੁਸਰਿਆਂ ਨੂੰ ਕਿਉਂ ਦਿੱਤੀ ਵਧਾਈ? ਉਹ ਪੂਰੀ ਵਾਹ ਲਾ ਹਟੇ ਪਰ ਉਸ ਮਾਂ ਦੀ ਧੀ ਦਾ ਇਕੋ ਜਵਾਬ ਸੀ। ਨਾ ਮੁੰਡਾ ਦਿਖਾਇਆ ਤੇ ਨਾ ਹੀ ਵਧਾਈ ਦਿੱਤੀ। ਕੁੜੀਆਂ-ਬੁੜ੍ਹੀਆਂ ਦਾ ਇਕੱਠ ਚੁੱਪ-ਚਾਪ ਖੁਸਰਿਆਂ ਦੇ ਮੂੰਹਾਂ ਵੱਲ ਦੇਖਦਾ ਰਿਹਾ। ਉਹ ਤਾੜੀਆਂ ਮਾਰਦੇ ਤੇ ਅੱਡੀਆਂ ਵਜਾਉਂਦੇ, ਨਾ ਸੁਣੀਆਂ ਜਾਣ ਵਾਲੀਆਂ ਗੱਲਾਂ ਕਹਿੰਦੇ, ਉਨ੍ਹਾਂ ਦੇ ਵਿਹੜੇ ਵਿੱਚੋਂ ਬਾਹਰ ਹੋ ਗਏ ਸਨ। ਨਿਰਾਸ਼।

OO

ਦੀਦਾਰ ਸਿੰਘ ਤੋਂ ਬਾਅਦ ਹੋਰ ਕੋਈ ਜਵਾਕ ਨਹੀਂ ਸੀ ਹੋਇਆ। ਬੱਸ ਇਕੱਲਾ ਦੀਦਾਰ ਸਿੰਘ।

ਦੀਦਾਰ ਸਿੰਘ ਦਾ ਪਿਓ ਖੱਬੀ ਖਾਨ ਜੱਟ ਸੀ। ਕਿੱਡਾ ਵੱਡਾ ਆਲੀਸ਼ਾਨ ਮਕਾਨ। ਡੰਗਰ-ਪਸ਼ੂਆਂ ਨਾਲ ਵਿਹੜਾ ਭਰਿਆ ਹੋਇਆ, ਦੋ ਦੋ ਮੱਝਾਂ ਹਮੇਸ਼ਾ ਹੀ ਸੂਈਆਂ ਰਹਿੰਦੀਆਂ। ਦੋ ਹਲਾਂ ਦੀ ਜ਼ਮੀਨ ਬਹੁਤ ਵਧੀਆ ਝੋਟੇ ਦੇ ਸਿਰ ਵਰਗੀ।

ਦੀਦਾਰ ਸਿੰਘ ਸੋਲਾਂ ਸਤਾਰਾਂ ਸਾਲਾਂ ਦਾ ਹੋ ਚੱਲਿਆ ਸੀ ਤੇ ਫਿਰ ਵੀਹ ਸਾਲ ਦਾ, ਬਾਈ ਸਾਲ ਦਾ, ਪੱਚੀ ਸਾਲ ਦਾ। ਉਸਦਾ ਪਿਓ ਸੋਚਦਾ ਰਹਿੰਦਾ ਕਿ ਉਹ ਦੀਦਾਰ ਸਿੰਘ ਨੂੰ ਵਿਆਹ ਲਵੇ। ਨੂੰਹ ਉਹਦੇ ਘਰ ਆ ਜਾਵੇ। ਕਿਵੇਂ ਨਾ ਕਿਵੇਂ, ਉਸਦੇ ਜਿਉਂਦੇ ਜਿਉਂਦੇ, ਜਵਾਕ ਹੋ ਜਾਣ ਤੇ ਉਸਦਾ ਧੂਣਾ ਧੁਖਦਾ ਰਹਿ ਜਾਵੇ।



ਪਰ ਕਦੇ ਕਦੇ ਉਹ ਸੋਚਦਾ- 'ਚੱਲ, ਆਪਣੀ ਉਮਰ ਸੋਹਣੀ ਲੰਘ ਗਈ ਹੈ, ਅੱਗੇ ਦੀਦਾਰ ਦੇ ਕਰਮ।'

ਸੋਚਾਂ ਸੋਚਾਂ ਵਿੱਚ ਹੀ ਉਸਦੀ ਮੌਤ ਹੋ ਗਈ। ਹੁਣ ਦੀਦਾਰ ਸਿੰਘ ਸੀ ਤੇ ਉਸਦੀ ਮਾਂ ਸੀ। ਦੂਰੋਂ ਨੇੜਿਓਂ-ਰਿਸ਼ਤੇਦਾਰ, ਭਾਈ ਬੰਧੂ, ਜਾਣੂ-ਪਛਾਣੂ ਬੁੜ੍ਹੀ ਨੂੰ ਟੋਕਦੇ ਰਹਿੰਦੇ, 'ਤੂੰ ਸਾਕ ਕਿਉਂ ਨੀ ਲੈਂਦੀ ਦੀਦਾਰ ਨੂੰ?'

ਉਹ ਕਦੇ ਕਦੇ ਤਾਂ ਪੱਕਾ ਇਰਾਦਾ ਬਣਾ ਲੈਂਦੀ ਕਿ ਸਾਕ ਲੈ ਹੀ ਲਵੇ। ਪਰ ਦੂਜੇ ਦਿਨ ਹੀ ਉਹ ਸੋਚਦੀ, ਕੀ ਕਰੇਗੀ ਉਹ ਸਾਕ ਲੈ ਕੇ? ਉਹਦਾ ਦਿਮਾਗ਼ ਚਕਰਾ ਜਾਂਦਾ, ਉਸਦੇ ਮੱਥੇ ਉਤੇ ਤੌਣੀ ਆ ਜਾਂਦੀ। ਸਾਕ ਵਾਲੇ ਆਉਂਦੇ ਸਨ। ਉਹ ਨਾਂਹ ਨਹੀਂ ਸੀ ਕਹਿੰਦੀ। ਪਰ ਉਸਦੀਆਂ ਰੁੱਖੀਆਂ ਗੱਲਾਂ ਸੁਣਕੇ ਕੋਈ ਵੀ ਬੰਦਾ ਦਿਲ ਨਹੀਂ ਸੀ ਧਰਦਾ। ਉਸਦੀਆਂ ਗੱਲਾਂ ਦਾ ਰੁੱਖ ਵੀ ਨਾਂਹ ਵਰਗਾ ਹੁੰਦਾ।

ਐਡਾ ਵੱਡਾ, ਘਰ-ਬਾਰ, ਐਡੀ ਵੱਡੀ ਜਾਇਦਾਦ ਤੇ ਉਸਦੇ ਘਰ ਵਾਲੇ ਦਾ ਨਾਉਂ ਅਜਾਈਂ ਜਾ ਰਿਹਾ ਸੀ। ਆਖਰ ਉਸਨੂੰ ਇੱਕ ਸੋਚ ਫੁਰੀ। ਉਸਨੇ ਦੀਦਾਰ ਸਿੰਘ ਨੂੰ ਸਾਕ ਲੈ ਲਿਆ।

ਵਿਆਹ ਹੋ ਗਿਆ।

ਨਾਲ ਦਾ ਹੀ ਮੁਕਲਾਵਾ।

ਪਹਿਲੀ ਰਾਤ।

ਦੀਦਾਰ ਸਿੰਘ ਦੀ ਬਹੂ ਪ੍ਰਸਿੰਨ ਕੌਰ ਪੁੱਜ ਕੇ ਸੋਹਣੀ ਸੀ। ਮੱਕੀ ਦੇ ਆਟੇ ਵਰਗਾ ਰੰਗ। ਲੰਬੀ। ਚੁਬਾਰੇ ਵਿੱਚ ਪਲੰਘ ਉਤੇ ਬੈਠੀ ਕਦੇ ਉਹ ਘੁੰਡ ਕੱਢ ਲੈਂਦੀ ਕਦੇ ਮੂੰਹ ਨੰਗਾ ਕਰਕੇ ਚੁਬਾਰੇ ਦੀਆਂ ਪੌੜੀਆਂ ਵੱਲ ਪਲਕਾਂ ਚੁਕਦੀ। ਰੋਟੀ ਤੋਂ ਬਾਅਦ ਦੁੱਧ ਦਾ ਗਲਾਸ ਵੀ ਉਸਨੂੰ ਪਿਆ ਦਿੱਤਾ ਗਿਆ ਸੀ। ਉਨ੍ਹਾਂ ਦੇ ਗਵਾਂਢ ਵਿਚੋਂ ਅਧਖੜ ਜਿਹੀ ਇਕ ਤੀਵੀਂ ਜੋ ਕੱਲ ਦਿਨ ਛਿਪਦੇ ਨਾਲ ਹੀ ਆ ਗਈ ਸੀ ਤੇ ਨਿੱਕੀਆਂ ਨਿੱਕੀਆਂ ਗੱਲਾਂ ਕਰਦੀ ਰਹੀ ਸੀ, ਕਦੋਂ ਦੀ ਉਸਨੂੰ ਇਕੱਲੀ ਛੱਡਕੇ ਆਪਣੇ ਘਰ ਨੂੰ ਚਲੀ ਗਈ ਸੀ। ਉਸਦੀ ਸੱਸ ਦੋ ਤਿੰਨ ਗੇੜੇ ਚੁਬਾਰੇ ਵਿੱਚ ਮਾਰ ਗਈ ਸੀ ਤੇ ਉਸਨੂੰ ਰਾਜੀ ਬਾਜੀ ਪੁੱਛ ਗਈ ਸੀ। ਨਾਲ ਆਇਆ ਉਸਦਾ ਛੋਟਾ ਭਰਾ ਸ਼ਰਾਬ ਦਾ ਅੰਨ੍ਹਾ ਹੋਇਆ ਬਿਨਾਂ ਰੋਟੀ ਖਾਧੇ ਹੀ ਥੱਲੇ ਬੈਠਕ ਵਿੱਚ ਮੰਜੇ ਉਤੇ ਘਰੋੜੇ ਹੀ ਪਿਆ ਅਬਾ ਤਬਾ ਬੋਲ ਰਿਹਾ ਸੀ। ਕਦੇ ਪੈਂਦਾਂ ਉਤੇ ਮੂੰਹ ਪਰਨੇ ਹੋਕੇ ਡਾਕਦਾ ਸੀ। ਪੱਕਾ ਬੇਸ਼ਰਮ।

ਥੱਲੇ ਵਾਲੇ ਲੋਕਾਂ ਦਾ ਬੋਲਣਾ ਬੰਦ ਹੋ ਗਿਆ ਸੀ। ਭਾਂਡੇ ਟੀਂਡੇ ਖੜਕਦੇ ਵੀ ਨਹੀਂ ਸੀ ਸੁਣ ਰਹੇ। ਪ੍ਰਸਿੰਨ ਕੌਰ ਦੀਆਂ ਅੱਖਾਂ 'ਚ ਦੀਦਾਰ ਸਿੰਘ ਦੀ ਮੂਰਤ ਵੱਸੀ ਹੋਈ ਸੀ। ਅੱਜ ਟੈਕਸੀ ਵਿੱਚ ਜਦ ਉਹ ਕੋਲੋ ਕੋਲ ਬਹਿਕੇ ਆਏ ਸਨ ਤਾਂ ਬੰਬਰ ਦੇ ਦੁਪੱਟੇ ਵਿੱਚ ਦੀ ਉਸਨੇ ਉਸਦੀ ਸਾਰੀ ਨੁਹਾਰ ਤੱਕ ਲਈ ਸੀ। ਘਣ ਵਰਗਾ ਸਰੀਰ। ਮੋਟੀਆਂ ਮੋਟੀਆਂ ਗੁਟਰ ਗੁਟਰ ਝਾਕਦੀਆਂ ਅੱਖਾਂ, ਚੱਪਾ ਚੱਪਾ ਛੱਡਵੀਂ ਦਾੜ੍ਹੀ। ਉਪਰ ਨੂੰ ਥੋੜ੍ਹਾ ਜਿਹਾ ਖਮ ਦੇ ਕੇ ਰੱਖੀਆਂ ਬਿੱਖਰਵੀਆਂ ਮੁੱਛਾਂ। ਡਰਾਈਵਰ ਕੋਲ ਉਸਦਾ ਛੋਟਾ ਭਾਈ ਬੈਠਾ ਹੋਣ ਕਰਕੇ ਗੱਲ ਉਨ੍ਹਾਂ ਨੇ ਆਪਸ ਵਿੱਚ ਭਾਵੇਂ ਕੋਈ ਨਹੀਂ ਸੀ ਕੀਤੀ ਪਰ ਨੇੜੇ ਬੈਠ ਲੈਣ ਦਾ ਅਹਿਸਾਸ ਵੀ ਪੂਰਾ ਸੁਆਦ ਦਿੰਦਾ ਸੀ। ਦੋ ਕੁ ਵਾਰ ਉਸਦਾ

ਪੱਟ ਉਸਦੇ ਪੱਟ ਨਾਲ ਖਹਿਆ ਸੀ, ਪਰ ਉਹ ਤਾਂ ਚੁੱਪ ਜਿਹਾ ਹੀ ਬੈਠਾ ਰਿਹਾ ਸੀ। ਸਾਰੇ ਰਾਹ ਹੀ। ਮਜਾਜੀ ਜਿਹਾ ਬਣਿਆ ਹੋਇਆ। ਉਹ ਸੋਚਦੀ ਸੀ-'ਹੁਣ ਭਾਵੇਂ ਕਿੰਨਾ ਘੁੱਟਿਆ ਵੱਟਿਆ ਬੈਠਾ ਰਹਿ। ਰਾਤ ਤਾਂ ਮੂਹਰੇ ਐ। ਜੱਟਾ, ਤੇਰਾ ਸਾਰਾ ਅਕੜੇਵਾਂ ਨਾ ਲਾਹਿਆ ਤਾਂ ਮੈਨੂੰ ਮਾਂ ਦੀ ਧੀ ਕੌਣ ਆਖੂ ?'

ਉਸਦੀ ਸੱਸ ਚੁਬਾਰੇ ਵਿੱਚ ਆਈ। ਉਸਦੀਆਂ ਅੱਖਾਂ ਵਿੱਚ ਹੰਝੂ ਸਨ। ਪ੍ਰਸਿੰਨ ਕੌਰ ਹੈਰਾਨ। 'ਧੀਏ, ਸਿਆਣੀ ਬਣੀਂ। ਤੂੰ ਮੇਰੀ ਕੁਲਵੰਤੀ ਐਂ। ਮੇਰੀ ਲਾਜ ਐਂ, ਸੱਸ ਨੇ ਉਸਦਾ ਮੱਥਾ ਚੁੰਮ ਲਿਆ। ਪ੍ਰਸਿੰਨ ਕੌਰ ਦੀ ਸਮਝ ਵਿੱਚ ਕੁਝ ਨਾ ਆਇਆ। ਵਕਤ ਤੋਂ ਪਹਿਲਾਂ ਹੀ ਇਹ ਲਾਡ ਪਿਆਰ ਕਾਹਦਾ? ਚੁਬਾਰੇ ਦਾ ਬਲਬ ਬੁਝਾ ਕੇ ਸੱਸ ਥਲੇ ਉਤਰ ਗਈ। ਦੂਜੇ ਬਿੰਦ ਹੀ ਚੁਬਾਰੇ ਵਿੱਚ ਮਰਦਾਵੇਂ ਕਦਮਾਂ ਦੀ ਪੈੜ ਚਾਲ ਸੀ। ਪ੍ਰਸਿੰਨ ਕੌਰ ਦਾ ਕਾਲਜਾ ਧੱਕ ਧੱਕ ਕਰਨ ਲੱਗਿਆ। ਮਰਦ ਆਕੇ ਉਸਦੇ ਪਲੰਘ ਉਤੇ ਬੈਠ ਗਿਆ। ਪ੍ਰਸਿੰਨ ਕੌਰ ਸੁੰਗੜਦੀ ਜਾ ਰਹੀ ਸੀ। ਇਕ ਗੱਲੋਂ ਉਹ ਖੁਸ਼ ਸੀ ਕਿ ਟੈਕਸੀ ਵਾਲਾ 'ਮਾਹਾਂ ਦਾ ਆਟਾ' ਹੁਣ 'ਮੋਨ ਪਾ ਕੇ ਗੁੰਨਿਆਂ ਮੈਦਾ' ਬਣਕੇ ਆਪ ਉਸਦੇ ਕੋਲ ਆਇਆ ਹੈ। ਮਰਦ ਨੇ ਉਸਦੀ ਬਾਂਹ ਨੂੰ ਹੱਥ ਪਾਇਆ ਤੇ ਮੂੰਹੋਂ ਸ਼ਰਾਬੀ ਹਵਾੜ ਕੱਢੀ। ਬਾਂਹ ਛੁਡਾਕੇ ਉਹ ਪਲੰਘ ਉੱਤੇ ਢੇਰੀ ਹੋ ਗਈ। ਮਿੱਠੀ ਮਿੱਠੀ ਆਕੜ ਦਿਖਾਕੇ ਉਹ ਵੀ ਚਾਹੁੰਦੀ ਸੀ ਕਿ ਵਾਰੀ ਦਾ ਵੱਟਾ ਲਾਹ ਲਵੇ। ਬਹੁਤਾ ਨਹੀਂ ਤਾਂ ਥੋੜ੍ਹਾ ਜਿਹਾ।

ਆਕੜ ਫਾਕੜ ਤਾਂ ਮਰਦ ਨੇ ਜਿਵੇਂ ਉਹਦੀ ਸੁਣੀ ਹੀ ਨਾ ਹੋਵੇ। ਉਹ ਭੁੱਖੇ ਬਘਿਆੜ ਵਾਂਗ ਉਸ ਉਤੇ ਝਪਟ ਪਿਆ ਸੀ। ਉਸ ਵਿੱਚੋਂ ਸ਼ਰਾਬ ਦੀ ਬੂ ਆ ਰਹੀ ਸੀ। ਸਾਹ ਘੁੱਟ ਦੇਣ ਵਾਲੀ ਗੰਦੀ ਤੇਜ਼ ਬੂ। ਉਸਨੇ ਤਾਂ ਜਿਵੇਂ ਪੀਤੀ ਵੀ ਬਹੁਤ ਹੋਵੇ। ਏਸੇ ਕਰਕੇ ਤਾਂ ਸ਼ਾਇਦ ਉਹ ਬੋਲਦਾ ਨਹੀਂ ਸੀ। ਅੱਧੀ ਰਾਤ ਤੋਂ ਬਾਅਦ ਇਕ ਵਾਰੀ ਫਿਰ ਉਹ ਉਸ ਉਤੇ ਝਪਟਿਆ ਸੀ ਤੇ ਫਿਰ ਵੱਡੇ ਤੜਕੇ ਹੀ ਉਹ ਉਸਦੇ ਪਲੰਘ ਤੋਂ ਉਠਕੇ ਪਤਾ ਨਹੀਂ ਕਦੋਂ ਪੌੜੀਆਂ ਉੱਤਰ ਗਿਆ ਸੀ।

ਦਿਨ ਵੇਲੇ ਬੈਠਕ ਵਿੱਚ ਮੰਜੇ ਉਤੇ ਬੈਠੀ ਨੇ ਉਸਨੂੰ ਵਿਹੜੇ ਵਿੱਚ ਏਧਰ ਉਧਰ ਤੁਰਦੇ ਫਿਰਦੇ ਨੂੰ ਦੇਖਿਆ ਸੀ। ਦੇਖਣ ਵਿੱਚ ਤਾਂ ਉਹ ਡੱਫਰ ਜਿਹਾ ਸੀ। ਮੋਟਾ, ਤਾਜ਼ਾ, ਖੁਲ੍ਹੇ ਖੁਲ੍ਹੇ ਅੰਗਾਂ ਵਾਲਾ। ਚੌੜਾ ਚਕਲਾ ਸਰੀਰ, ਪਰ ਰਾਤ ਨੂੰ ਉਸ ਦੇ ਅੰਗ ਪਿਚਕੇ ਪਿਚਕੇ ਜਿਹੇ ਕਿਉਂ ਲਗਦੇ ਸਨ? ਰਾਤ ਤਾਂ ਉਸਦੇ ਹੱਡ ਜਿਹੇ ਰੜਕਦੇ ਸਨ। ਇਉਂ ਲਗਦਾ ਸੀ ਜਿਵੇਂ ਉਸ ਦੀ ਦਾੜ੍ਹੀ ਮੁੰਨੀ ਹੋਈ ਹੋਵੇ। ਰਾਤ ਵਾਲਾ ਮਰਦ ਕਿਤੇ ਹੋਰ ਹੀ ਨਾ ਕੋਈ ਹੋਵੇ। ਪਰ ਦੂਜੇ ਬਿੰਦ ਹੀ ਉਹ ਆਪਣੇ ਇਸ ਸ਼ੱਕ ਉੱਤੇ ਹੱਸ ਪਈ ਸੀ। ਦੂਜਾ ਮਰਦ? ਵਿਆਹ ਕੇ ਤਾਂ ਮੈਨੂੰ ਇਹ ਲਿਆਇਆ ਹੈ। ਦੂਜੇ ਮਰਦ ਦਾ ਕੀ ਮਤਲਬ? ਉਹ ਫਿਰ ਹੱਸੀ, ਪਰ ਉਹ ਫਿਰ ਵਹਿਣਾਂ ਵਿੱਚ ਗੁੰਮ ਗਈ। ਰਾਤ ਤਾਂ ਇਹ ਸੁੱਕੜ ਜਿਹਾ ਲਗਦਾ ਸੀ, ਹੁਣ ਤਾਂ ਇਹ ਬਾਘੜ ਬਿੱਲੇ ਵਰਗਾ ਪਿਆ ਹੈ। ਉਸ ਦੀ ਸਮਝ ਵਿੱਚ ਕੋਈ ਗੱਲ ਨਾ ਆਈ।

ਦੂਜੀ ਰਾਤ ਫਿਰ ਉਹੀ ਗੱਲ।



ਪ੍ਰਸਿੰਨ ਕੌਰ ਦੀਆਂ ਗੱਲ੍ਹਾਂ ਉਤੇ ਉਸਦੀ ਦਾੜ੍ਹੀ ਤੇ ਕਰਚੇ ਸੂਲਾਂ ਵਾਂਗ ਚੁੱਭਣ ਲੱਗੇ। ਉਸ ਨੇ ਸੋਚਿਆ ਕੀ ਦਿਨ ਵੇਲੇ ਤਾਂ ਜਦ ਉਹ ਉਹਦੇ ਮੂੰਹ ਵਲ ਸੰਵਾਰਕੇ ਝਾਕੀ ਸੀ ਤਾਂ ਉਸ ਦੀ ਚੱਪਾ ਚੱਪਾ ਦਾੜ੍ਹੀ ਦੇਖਣ ਨੂੰ ਰੇਸ਼ਮ ਵਰਗੀ ਮੁਲਾਇਮ ਲਗਦੀ ਸੀ।

'ਬੰਦਿਆ ਰੱਬ ਦਿਆ, ਤੂੰ ਮੂੰਹੋਂ ਤਾਂ ਕੁਛ ਬੋਲ।'

ਉਹ ਚੁੱਪ ਰਿਹਾ। ਸਿਰਫ਼ ਖੰਘੂਰ ਮਾਰੀ। ਸ਼ਰਾਬ ਵਿੱਚ ਜਿਵੇਂ ਬੌਂਦਲਿਆ ਜਿਹਾ ਹੋਵੇ। ਪ੍ਰਸਿੰਨ ਕੌਰ ਨੇ ਪਲੰਘ ਤੋਂ ਉਠ ਕੇ ਬਲਬ ਜਗਾ ਦਿੱਤਾ। ਚਿੱਟੇ ਦੁੱਧ ਚਾਨਣ ਵਿੱਚ ਕਾਲੇ ਜਿਹੇ ਰੰਗ ਦਾ ਮੁੰਨੀ ਦਾੜ੍ਹੀ ਵਾਲਾ ਬੰਦਾ ਪਲੰਘ ਉੱਤੇ ਅੱਖਾਂ ਮੀਚੀਂ ਚੌਫਾਲ ਪਿਆ ਹੋਇਆ ਸੀ। ਪ੍ਰਸਿੰਨ ਕੌਰ ਨੇ ਜ਼ੋਰ ਦੀ ਚੀਕ ਮਾਰੀ। ਚੀਕ ਜਿਸ ਨੇ ਸਾਰਾ ਘਰ ਜਗਾ ਦਿੱਤਾ ਸੀ। ਸੱਸ ਭੱਜ ਕੇ ਚੁਬਾਰੇ ਵਿੱਚ ਆਈ। ਦੀਦਾਰ ਸਿੰਘ ਵੀ। ਉਹ ਬੇਥਾਹ ਰੋ ਰਹੀ ਸੀ। ਘਿੱਗੀ ਬੱਝੀ ਹੋਈ ਸੀ। ਜ਼ੋਰ ਲਾਉਣ ਨਾਲ ਵੀ ਉਸਦੀ ਲੇਰ ਨਹੀਂ ਸੀ ਨਿੱਕਲ ਰਹੀ। ਥੋੜ੍ਹੀ ਦੇਰ ਬਾਅਦ ਹੀ ਉਸਨੂੰ ਗਸ਼ ਪੈ ਗਈ। ਦੀਦਾਰ ਸਿੰਘ ਤੇ ਉਸ ਦੀ ਮਾਂ ਉਸ ਵਲ ਡੌਰ-ਭੌਰੇ ਹੋਏ ਦੇਖਦੇ ਖੜ੍ਹੇ ਸਨ। ਜਿਵੇਂ ਉਹ ਉਸ ਤੋਂ ਡਰ ਰਹੇ ਹੋਣ। ਜਿਵੇਂ ਉਹਨਾਂ ਨੂੰ ਵੀ ਗਸ਼ ਪੈਣ ਵਾਲੀ ਹੋਵੇ। ਮੁੰਨੀ ਦਾੜ੍ਹੀ ਵਾਲਾ ਬੰਦਾ ਹੌਲੀ ਹੌਲੀ ਪਲੰਘ ਉਤੋਂ ਉਠਿਆ। ਉਸ ਦੀਆਂ ਅੱਖਾਂ ਵਿੱਚ ਸ਼ਰਾਬ ਦੀ ਲਾਲੀ ਸੀ। ਅੰਗਾਂ ਵਿੱਚ ਤੋੜ। ਉਸਦੇ ਪੈਰ ਥਿੜਕ ਰਹੇ ਸਨ। 'ਕਿਹਰੂ, ਤੂੰ ਪੌੜੀਆਂ ਉੱਤਰ ਜਾ।' ਦੀਦਾਰ ਸਿੰਘ ਨੇ ਹੌਲੀ ਦੇ ਕੇ ਉਸ ਨੂੰ ਆਖਿਆ।

ਸੱਸ ਨੇ ਨੂੰਹ ਦੀ ਦੰਦਲ ਭੰਨੀ। ਦੀਦਾਰ ਸਿੰਘ ਨੇ ਉਸ ਨੂੰ ਭੁੰਜਿਉਂ ਚੁੱਕ ਕੇ ਪਲੰਘ ਉਤੇ ਪਾ ਦਿੱਤਾ। ਉਸਦੇ ਮੂੰਹ ਨੂੰ ਪਾਣੀ ਦਾ ਗਲਾਸ ਲਾਇਆ। ਪ੍ਰਸਿੰਨ ਕੌਰ ਦੀਦਾਰ ਸਿੰਘ ਦੇ ਮੂੰਹ ਵੱਲ ਡੂੰਘੀਆਂ ਨਜ਼ਰਾਂ ਨਾਲ ਦੇਖਣ ਲੱਗੀ।

OO

ਦੀਦਾਰ ਸਿੰਘ ਦੀ ਮਾਂ ਮਰ ਚੁੱਕੀ ਸੀ। ਪ੍ਰਸਿੰਨ ਕੌਰ ਦਾ ਮੁੰਡਾ ਕਾਫੀ ਉਡਾਰ ਹੋ ਚੁੱਕਿਆ ਸੀ। ਪੰਜ ਛੇ ਸਾਲ ਦਾ ਉਹ ਹੋਇਆ ਤਾਂ ਦੀਦਾਰ ਸਿੰਘ ਉਸ ਨੂੰ ਸਕੂਲ ਵਿੱਚ ਪੜ੍ਹਨ ਲਾ ਆਇਆ। ਪ੍ਰਸਿੰਨ ਕੌਰ ਉਸ ਨੂੰ ਚਾਵਾਂ ਲਾਡਾਂ ਨਾਲ ਪਾਲਦੀ ਸੀ। ਖੁਸ਼ੀ ਖੁਸ਼ੀ ਉਸ ਦੀ ਪੜ੍ਹਾਈ ਕਰਵਾਉਂਦੀ ਸੀ। ਦਿਨੋ ਦਿਨ ਉਹ ਜਵਾਨ ਹੋ ਰਿਹਾ ਸੀ। ਦਿਨੋ ਦਿਨ ਉਹ ਪੜ੍ਹਾਈ 'ਚ ਨਿੱਖਰ ਰਿਹਾ ਸੀ। ਹਰ ਸਾਲ ਹੀ ਜਮਾਤ ਵਿੱਚੋਂ ਵਧੀਆ ਨੰਬਰ ਲੈ ਕੇ ਪਾਸ ਹੁੰਦਾ। ਦਸਵੀਂ ਪਾਸ ਕੀਤੀ ਤੇ ਫਿਰ ਉਹ ਨੇੜੇ ਦੇ ਸ਼ਹਿਰ ਦੇ ਕਾਲਜ ਵਿੱਚ ਜਾਣ ਲੱਗ ਪਿਆ।

ਦੀਦਾਰ ਸਿੰਘ ਨੇ ਖੇਤੀ ਦਾ ਕੰਮ ਮੁੱਢ ਤੋਂ ਹੀ ਨਹੀਂ ਸੀ ਤੋਰਿਆ। ਜਦ ਤੋਂ ਉਸ ਦੀ ਸੁਰਤ ਸੰਭਲੀ ਸੀ, ਨਾ ਉਹ ਕਦੇ ਖੇਤ ਗਿਆ ਸੀ ਤੇ ਨਾ ਹੀ ਉਸ ਨੇ ਘਰੇ ਕਦੇ ਡੰਗਰ-ਵੱਛੇ ਨੂੰ ਕੱਖ ਪੱਠਾ ਪਾਇਆ ਸੀ। ਜਵਾਨੀ ਵਿਚ ਅਜੇ ਉਸਨੇ ਪੈਰ ਧਰਿਆ ਹੀ ਸੀ ਕਿ ਉਸ ਦੇ ਪਿਓ ਨੇ ਖੇਤੀ ਦਾ ਕੰਮ ਆਪ ਕਰਨਾ ਕਰਵਾਉਣਾ ਛੱਡ ਦਿੱਤਾ ਸੀ। ਉਠ ਬਲਦ ਸਭ ਵੇਚ ਦਿੱਤੇ ਸਨ। ਹਿੱਸੇ ਉਤੇ ਜਾਂ ਠੇਕੇ ਉਤੇ ਜ਼ਮੀਨ ਦੇਣੀ ਸ਼ੁਰੂ ਕਰ ਦਿੱਤੀ ਸੀ। ਉਸ ਦਾ ਪਿਓ ਮਰਿਆ ਸੀ ਤਾਂ ਉਸ ਨੇ ਹੋਰ ਵੀ ਕਈ ਪਸ਼ੂ ਵੇਚ ਦਿੱਤੇ

ਸਨ। ਸਿਰਫ਼ ਇਕ ਮੱਝ ਹੁੰਦੀ ਸੀ ਘਰ। ਦੁੱਧ ਪੀਣ ਨੂੰ ਸਿਰਫ਼। ਜ਼ਮੀਨ ਨੂੰ ਉਹ ਵੀ ਅਕਸਰ ਠੇਕੇ ਉਤੇ ਦਿੰਦਾ। ਮੱਝ ਵਾਸਤੇ ਚਰ੍ਹੀ, ਬਰਸੀਨ ਜਾਂ ਕੋਈ ਹੋਰ ਹਰਾ ਉਹ ਮੁੱਲ ਲੈ ਲਿਆ ਕਰਦਾ। ਹੁਣ ਤਾਂ ਬੱਸ ਉਹਦੀ ਇੱਕੋ ਚਾਹ ਸੀ ਕਿ ਉਹ ਆਪਣੇ ਮੁੰਡੇ ਰਛਪਾਲ ਨੂੰ ਖਾਸਾ ਸਾਰਾ ਪੜ੍ਹਾ ਲਵੇ। ਪੜ੍ਹ ਕੇ ਉਹ ਕੋਈ ਅਫ਼ਸਰ ਬਣ ਜਾਵੇ। ਕਿੰਨੀ ਜ਼ਮੀਨ ਸੀ ਉਸ ਕੋਲ। ਰਛਪਾਲ ਨੂੰ ਤਾਂ ਉਹ ਭਾਵੇਂ ਕਿੰਨਾ ਪੜ੍ਹਾ ਲੈਂਦਾ।

ਉਹ ਬੁਢਾਪੇ ਵਿੱਚ ਪੈਰ ਰੱਖ ਰਿਹਾ ਸੀ। ਪ੍ਰਸਿੰਨ ਕੌਰ ਦੀ ਜਵਾਨੀ ਤਾਂ ਉਵੇਂ ਹੀ ਕਾਇਮ ਸੀ।

ਦਿਨੋ ਦਿਨ ਦੀਦਾਰ ਸਿੰਘ ਦਾ ਸਰੀਰ ਢਲਦਾ ਗਿਆ।

ਦਿਨੋ ਦਿਨ ਪ੍ਰਸਿੰਨ ਕੌਰ ਦੀ ਜਵਾਨੀ ਮਾਂਦ ਪੈਂਦੀ ਗਈ।

OO

ਰਛਪਾਲ ਬੀ.ਏ. ਕਰਕੇ ਇਕ ਸਰਕਾਰੀ ਨੌਕਰੀ 'ਤੇ ਲੱਗ ਚੁੱਕਿਆ ਸੀ। ਉਸ ਦਾ ਵਿਆਹ ਵੀ ਹੋ ਗਿਆ ਸੀ। ਉਸ ਦੀ ਬਹੂ ਦੇ ਤਾਂ ਜਵਾਕ ਵੀ ਹੋਣ ਵਾਲਾ ਸੀ।

ਉਹਨਾਂ ਦੇ ਘਰ ਧਾਲੀਵਾਲਾਂ ਦੇ ਕਿਹਰੂ ਦਾ ਅਜੇ ਵੀ ਆਉਣ ਜਾਣ ਸੀ। ਕਿਹਰੂ ਦਾ ਤਾਂ ਉਸ ਘਰ ਵਿੱਚ ਮੋਹ ਹੀ ਬੜਾ ਸੀ। ਰਛਪਾਲ ਉਸ ਨੂੰ ਤਾਇਆ ਕਹਿੰਦਾ। ਪਰ ਪ੍ਰਸਿੰਨ ਕੌਰ ਉਸ ਤੋਂ ਘੁੰਡ ਨਹੀਂ ਸੀ ਕਢਦੀ। ਦੀਦਾਰ ਸਿੰਘ ਉਸ ਨੂੰ 'ਬਾਈ' 'ਬਾਈ' ਕਰਦਾ ਰਹਿੰਦਾ। ਕਿਹਰੂ ਦੇ ਪਿਓ ਦੀ ਤੇ ਦੀਦਾਰ ਸਿੰਘ ਦੇ ਪਿਓ ਦੀ ਪੂਰੀ ਲਿਹਾਜ ਸੀ। ਕਿਹਰੂ ਦੇ ਮਾਂ-ਪਿਓ ਨਿੱਕੇ ਹੁੰਦੇ ਦੇ ਹੀ ਮਰ ਗਏ ਸਨ। ਉਸ ਨੂੰ ਤਾਂ ਉਸ ਦੇ ਚਾਚੇ ਨੇ ਪਾਲਿਆ ਸੀ ਜਾਂ ਫਿਰ ਉਹ ਦੀਦਾਰ ਸਿੰਘ ਨਾਲ ਉਹਨਾਂ ਦੇ ਘਰ ਖੇਡਦਾ ਰਹਿੰਦਾ ਸੀ। ਦੀਦਾਰ ਸਿੰਘ ਦੀ ਮਾਂ ਉਸ ਨੂੰ ਇਕੋ ਜਿਹਾ ਹੀ ਖਾਣ ਪੀਣ ਨੂੰ ਦਿੰਦੀ। ਜਦ ਉਹ ਜਵਾਨ ਹੋਇਆ ਸੀ ਤਾਂ ਸ਼ਰਾਬ ਪੀਣ ਲੱਗ ਪਿਆ ਸੀ। ਬਹੁਤ ਜ਼ਿਆਦਾ ਆਦੀ ਹੋ ਗਿਆ ਸੀ। ਏਸੇ ਕਰਕੇ ਉਸ ਦਾ ਵਿਆਹ ਨਹੀਂ ਸੀ ਹੋਇਆ। ਪੰਜ ਚਾਰ ਘੁਮਾ ਜ਼ਮੀਨ ਜਿਹੜੀ ਉਸ ਦੇ ਹਿੱਸੇ ਦੀ ਉਸ ਨੂੰ ਆਈ ਸੀ, ਸਾਰੀ ਵੇਚ ਕੇ ਉਹ ਉਸ ਦੀ ਸ਼ਰਾਬ ਪੀ ਗਿਆ ਸੀ। ਉਸ ਦੇ ਵੱਡੇ ਦੋ ਭਰਾ ਵਿਆਹੇ ਵਰੇ ਸਨ ਤੇ ਉਹਨਾਂ ਦੀ ਘਰੇਲੂ ਹਾਲਤ ਚੰਗੀ ਸੀ। ਕਿਹਰੂ ਨੂੰ ਤਾਂ ਉਹ ਘਰ ਵੀ ਨਹੀਂ ਸਨ ਵੜਨ ਦਿੰਦੇ। ਨੰਗ ਮਲੰਗ! ਦੀਦਾਰ ਸਿੰਘ ਦੇ ਘਰ ਜੋਗਾ ਹੀ ਉਹ ਰਹਿ ਗਿਆ ਸੀ।

ਗਰਮੀ ਜ਼ੋਰਾਂ ਦੀ ਸੀ। ਸਿਖਰ ਦੁਪਹਿਰ। ਦੀਦਾਰ ਸਿੰਘ ਉਸ ਵੇਲੇ ਸ਼ਹਿਰੋਂ ਮੁੜਿਆ ਸੀ। ਤੇਹ ਬਹੁਤ ਲੱਗੀ ਹੋਈ ਸੀ। ਰੱਜ ਕੇ ਉਸ ਨੇ ਸ਼ਕੰਜਵੀ ਪੀਤੀ। ਉਸ ਦੇ ਸਿਰ ਨੂੰ ਪਤਾ ਨਹੀਂ ਕੀ ਘੁਮੇਰ ਜਿਹੀ ਚੜ੍ਹੀ, ਸਾਰੀ ਦੀ ਸਾਰੀ ਸ਼ਕੰਜਵੀ ਪੁੱਠੀ ਨਿਕਲ ਗਈ। ਉਛਾਲੀਆਂ, ਤੇ ਫਿਰ ਸੁੱਕੇ ਵੱਤ। ਉਸ ਦਾ ਤਾਂ ਕਾਲਜਾ ਇਕੱਠਾ ਹੋ ਹੋ ਜਾਂਦਾ ਸੀ। ਅੱਖਾਂ ਦੇ ਭਾਂਡੇ ਬਾਹਰ ਨੂੰ ਨਿੱਕਲ ਨਿੱਕਲ ਆਉਂਦੇ ਸਨ ਤੇ ਫਿਰ ਗਰਨਾ ਕੇ ਬੁਖਾਰ ਚੜ੍ਹ ਗਿਆ ਸੀ। ਰਛਪਾਲ ਉਸ ਦਿਨ ਘਰ ਹੀ ਸੀ। ਪਿੰਡ ਦੇ ਪ੍ਰਾਈਵੇਟ-ਡਾਕਟਰ ਨੂੰ ਉਹ ਲੈਣ ਗਿਆ। ਆਉਂਦੇ ਨੂੰ ਦੀਦਾਰ ਸਿੰਘ ਦੇ ਹੱਥਾਂ-ਪੈਰਾਂ ਦੇ ਘੁੰਡ ਮੁੜ ਚੁੱਕੇ ਸਨ। ਡਾਕਟਰ ਨੇ ਨਬਜ਼ ਦੇਖਦਿਆਂ ਦੇਖਦਿਆਂ ਹੀ ਉਸ ਦੇ ਪ੍ਰਾਣ ਨਿੱਕਲ ਗਏ ਸਨ। ਇਹੋ ਜਿਹੀ ਚਾਣਚੱਕ ਦੀ ਕਹਿਰੀ ਮੌਤ ਤਾਂ ਕਿਸੇ ਨੂੰ ਆਈ ਨਹੀਂ ਸੀ।



ਅਰਥੀ ਉੱਤੇ ਪਾਉਣ ਤੋਂ ਪਹਿਲਾਂ ਦੀਦਾਰ ਸਿੰਘ ਨੂੰ ਨਵ੍ਹਾਉਣ ਲੱਗੇ।

'ਸਾਰੇ ਪਿੰਡੇ 'ਤੇ ਹੱਥ ਫੇਰ, ਭਾਈ ਰਛਪਾਲ।' ਇੱਕ ਸਿਆਣੇ ਬੰਦੇ ਨੇ ਕਿਹਾ।

ਸਾਬਣ ਲਾ ਲਾ ਰਛਪਾਲ ਆਪਣੇ ਬਾਪ ਦੇ ਸਾਰੇ ਸਰੀਰ ਨੂੰ ਮਲਣ-ਧੋਣ ਲੱਗਿਆ।

'ਨੰਗ ਦੀ ਸੂਗ ਨਾ ਕਰੀਂ, ਮੁੰਡਿਆ। ਟੱਟੀ ਪਿਸ਼ਾਬ ਵਾਲੀ ਥਾਂ ਵੀ ਧੋਅ, ਬਾਪ ਐ। ਬੱਸ, ਐਹੀ ਵੇਲੇ, ਆਖਰੀ ਸੇਵਾ ਦਾ।' ਦੀਦਾਰ ਸਿੰਘ ਦੇ ਮਿਰਤਕ ਸਰੀਰ ਉੱਤੇ ਪਾਣੀ ਦੀ ਬਾਲਟੀ ਡੋਲ੍ਹ ਰਹੇ ਇੱਕ ਹੋਰ ਬੰਦੇ ਨੇ ਪਿਆਰ ਨਾਲ ਰਛਪਾਲ ਨੂੰ ਆਖਿਆ।

ਰਛਪਾਲ ਸਭ ਦੀਆਂ ਮੰਨ ਰਿਹਾ ਸੀ।

ਉਸ ਦੇ ਦਿਮਾਗ ਵਿੱਚ ਕਾਲਜ ਦਾ ਸਮਾਂ ਘੁੰਮ ਗਿਆ। ਇਕ ਦਿਨ ਕਾਲਜ ਵਿੱਚ ਹੜਤਾਲ ਸੀ। ਸ਼ਹਿਰ ਵਿੱਚ ਜਲੂਸ ਕੱਢਣ ਤੋਂ ਬਾਅਦ ਉਹ ਚਾਰ ਪੰਜ ਗੂਹੜੇ ਯਾਰ ਪਹਿਲਾ ਤਾਂ ਚਾਹੁੰਦੇ ਸਨ ਕਿ 'ਨਾਨਕ ਨਾਮ ਜਹਾਜ਼ ਹੈ' ਦਾ ਤਿੰਨ ਵਜੇ ਵਾਲਾ ਸ਼ੋਅ ਦੇਖਿਆ ਜਾਵੇ ਪਰ ਫਿਰ ਉਨ੍ਹਾਂ ਦੇ ਮਨਾਂ ਵਿੱਚ ਪਤਾ ਨਹੀਂ ਕੀ ਆਈ, ਉਹ ਸ਼ੁਗਲ ਸ਼ੁਗਲ ਵਿਚ ਹੀ ਬਾਜ਼ਾਰ ਵਿਚ ਲੰਘੇ ਜਾ ਰਹੇ ਇਕ ਖੁਸਰੇ ਦੇ ਮਗਰ ਲੱਗ ਤੁਰੇ ਸਨ। ਇਕ ਨਿਵੇਕਲੀ ਜਿਹੀ ਥਾਂ ਜਾਕੇ ਉਨ੍ਹਾਂ ਨੇ ਖੁਸਰੇ ਨੂੰ ਆਖਿਆ ਸੀ, 'ਲੈ ਬਈ ਭਰਾਵਾ, ਆਹ ਫੜ ਦਸ ਰੁਪਈਏ, ਤੂੰ ਸਾਡੇ ਨਾਲ ਰੇਲਵੇ ਦੇ ਮਾਲ-ਗੁਦਾਮ ਤਾਈਂ ਚੱਲ।'

ਮਾਲ ਗੁਦਾਮ ਦੇ ਪਲੇਟ ਫਾਰਮ ਉੱਤੇ ਕਣਕ ਦੀਆਂ ਬੋਰੀਆਂ ਦੇ ਓਹਲੇ ਵਿੱਚ ਉਨ੍ਹਾਂ ਨੇ ਖੁਸਰੇ ਦਾ ਸਭ ਕੁਝ ਦੇਖਿਆ ਸੀ। ਦੇਖ ਦੇਖ ਹੈਰਾਨ ਹੋਏ ਸਨ। ਦੇਖ ਦੇਖ ਉਨ੍ਹਾਂ ਦਾ ਚਿੱਤ ਘਿਰਿਆ ਸੀ। ਕੁਦਰਤ ਦੀਆਂ ਖੇਡਾਂ ਨੇ ਪਿਆਰੇ।

ਤੇ ਹੁਣ ਜਦ ਉਹ ਆਪਣੇ ਬਾਪ ਦੀ ਅਰਥੀ ਦੇ ਕਾਨ੍ਹੀਂ ਲੱਗਿਆ ਹੋਇਆ ਸੀ, ਉਹ ਸੋਚ ਰਿਹਾ ਸੀ...।

ਉਸ ਦੇ ਮਨ ਵਿੱਖ ਇੱਕ ਗੱਲ ਹੋਰ ਵੀ ਆਈ। ਉਸ ਦੀ ਮਾਂ ਦਾ ਰੰਗ ਗੋਰਾ ਹੈ। ਉਸ ਦੇ ਬਾਪ ਦਾ ਵੀ (ਜੋ ਹੁਣ ਨਹੀਂ ਹੈ) ਉਸ ਦਾ ਆਪਣਾ ਰੰਗ ਪੱਕਾ ਕਿਉਂ?

OO

ਕਿਹਰੂ ਕਾਫੀ ਬੁੱਢਾ ਹੋ ਚੁੱਕਿਆ ਸੀ। ਹੁਣ ਉਹ ਸ਼ਰਾਬ ਨਹੀਂ ਸੀ ਪੀਂਦਾ ਹੁੰਦਾ। ਰਛਪਾਲ ਦੇ ਘਰ ਹੀ ਉਹ ਪੱਕੇ ਤੌਰ 'ਤੇ ਰਹਿਣ ਲੱਗ ਪਿਆ ਸੀ। ਰਛਪਾਲ ਦੀ ਬਹੂ ਨਿੱਤ ਤੜਕੇ ਉੱਠ ਕੇ ਕਿਹਰੂ ਦੇ ਪੈਰੀਂ ਹੱਥ ਲਾਉਂਦੀ। ਕਈ ਵਾਰ ਗਵਾਂਢਣ ਬੁੜ੍ਹੀਆਂ ਨੇ ਦੇਖਿਆ ਸੀ ਕਿਹਰੂ ਤੇ ਪ੍ਰਸਿੰਨ ਕੌਰ ਵਿਹੜੇ ਵਿੱਚ ਕੋਲ ਕੋਲ ਬੈਠੇ ਗੱਲਾਂ ਕਰ ਰਹੇ ਹੁੰਦੇ।

# ਭੇਤ ਵਾਲੀ ਗੱਲ

**✍ ਮਨਿੰਦਰ ਕਾਂਗ**

ਕਿਹਨੇ ਜਾਣੀ ਭਲਾਂ ਭੇਤ ਵਾਲੀ ਗੱਲ,
ਜੋ ਸਮਝੇ, ਉਹਦੀ ਵਾਹ ਭਲੀ।
ਜਿਹੜਾ ਨਾ ਸਮਝੇ, ਉਹਦੀ ਵੀ ਭਲੀ।
ਕਾਂਗ ਦਾ ਜ਼ਿੰਮਾ ਖਲੀ-ਬਲ਼ੀ॥

ਪੀਰ ਤਾਬੇ ਸ਼ਾਹ ਨੇ ਤਕੀਏ 'ਤੇ ਬੈਠੇ-ਬੈਠੇ ਗਰਦਨ ਲੰਮੀ ਕਰਕੇ ਬਾਹਰ ਝਾਤ ਮਾਰੀ ਤੇ ਸੂਰਜ ਦੀ ਰੋਸ਼ਨੀ ਦਾ ਜਾਇਜ਼ਾ ਲਿਆ। ਫੇਰ ਉੱਡਦੀ ਨਜ਼ਰ ਸਾਹਮਣੇ ਬੈਠੇ ਮੁਰੀਦਾਂ ਵੱਲ ਮਾਰੀ। ਮੁਰੀਦ ਰੋਜ਼ ਵਾਂਗ ਹੀ ਉਨੀ ਕੁ ਨਫ਼ਰੀ ਦੇ ਹੀ ਬੈਠੇ ਸਨ। ਸ਼ਾਇਦ ਇਕ-ਅੱਧ ਵੱਧ ਹੀ ਸੀ। ਪਰ੍ਹੇ ਕਰਕੇ ਪੱਕੇ ਸੇਵਕ ਵੀ ਆਏ ਬੈਠੇ ਸਨ, ਜਿਨ੍ਹਾਂ ਹੁਣੇ ਡੰਗਰ ਚੋਣੇ ਸਨ। ਪਰ ਪੀਰ ਦਾ ਧਿਆਨ ਤੇ ਮਲੰਗਾਂ ਵਿੱਚ ਫਸਿਆ ਹੋਇਆ ਸੀ। ਮਲੰਗ ਅੱਜ ਬੱਸ ਦੋ ਹੀ ਬੈਠੇ ਸਨ। ਉਹ ਤੇ ਪੱਕੇ ਸਨ। ਮਲੰਗ ਘੱਟ ਆਉਣ, ਤਾਂ ਪੀਰ ਦਾ ਦਿਲ ਘਟਦਾ, ਕਿਉਂਕਿ ਮਲੰਗਾਂ ਦੀ ਨਫ਼ਰੀ ਪੰਜ ਤਾਂ ਸੱਤ ਦੀ ਹੋ ਜਾਏ, ਤਾਂ ਪੀਰ ਨੂੰ ਵੀ ਫੇਰ ਸਿਗਰਟਾਂ ਸੁੱਟਣ ਦਾ ਅਜਬ ਨਜ਼ਾਰਾ ਆਉਂਦਾ ਸੀ, ਜੀਹਦਾ ਬਿਆਨ ਹੀ ਵੱਸੋਂ ਬਾਹਰਾ ਸੀ। ਨਾਲ਼ੇ ਪੀਰ ਤਾਬੇ ਸ਼ਾਹ ਨੂੰ ਵੀ ਪੱਕੀਆਂ ਸਿਗਰਟਾਂ ਪੀਣ ਦਾ ਨਜ਼ਾਰਾ ਮਲੰਗਾਂ ਨਾਲ਼ ਹੀ ਬੱਝਦਾ ਸੀ। ਮੁਰੀਦ ਤੇ ਸਹੁਰੇ ਐਵੇਂ ਸਾਦੀਆਂ ਸਿਗਰਟਾਂ ਦੇ ਸੂਟੇ ਮਾਰ ਕੇ ਪੱਲਾ ਝਾੜ ਤੁਰ ਜਾਂਦੇ ਸਨ।

"...ਨੂੰ ਕੀ ਸਾਰ ਐ ਫ਼ਕੀਰੀ ਦੀ?" ਤਾਬੇ ਸ਼ਾਹ ਨੇ ਸਾਦੀਆਂ ਸਿਗਰਟਾਂ ਭਾਲਦੇ ਮੁਰੀਦਾਂ ਵੱਲ ਤੱਕ ਕੇ ਦਿਲ 'ਚ ਹੀ ਉਨ੍ਹਾਂ ਨੂੰ ਗਾਲ਼ ਕੱਢੀ। ਫੇਰ ਉਹਨੇ ਸਾਹਮਣੇ ਪਈਆਂ ਡੱਬੀਆਂ ਵੱਲ ਝਾਤੀ ਮਾਰੀ। ਡੱਬੀਆਂ ਤੇ ਕੁੱਲ ਚਾਰ ਪਈਆਂ ਸਨ, ਯਾਨੀ ਕਿ ਚਾਲੀ ਕੁ ਸਿਗਰਟਾਂ ਕੁੱਲ ਸਨ। ਪਰ ਐਨੇ ਨੂੰ ਦੇਸ ਰਾਜ ਬਾਲਮੀਕ ਦੀ ਨੂੰਹ ਮੱਥਾ ਟੇਕਣ ਆ ਗਈ। ਉਹਨੇ ਆਪਣੇ ਹੀ ਧਿਆਨ ਪੰਜਾਂ ਦਾ ਨੋਟ ਦਰਗਾਹ 'ਤੇ ਚੜ੍ਹਾਇਆ ਤੇ ਸਿੱਧਾ ਆ ਕੇ ਤਾਬੇ ਸ਼ਾਹੇ ਨੂੰ ਮੱਥਾ ਟੇਕਿਆ। ਤਾਬੇ ਸ਼ਾਹ ਨੇ ਮਸ਼ੀਨੀ ਢੰਗ ਨਾਲ਼ ਅਸੀਸ ਦਿੱਤੀ, ਪਰ ਧਿਆਨ ਉਹਦਾ ਬੀਬੀ ਦੀ ਝੋਲ਼ੀ ਵਿੱਚ ਫਸਿਆ ਰਿਹਾ। ਜਦੋਂ ਨੂੰਹ ਰਾਣੀ ਨੇ ਝੋਲ਼ੀ ਵਿੱਚੋਂ ਦੋ ਡੱਬੀਆਂ ਲੰਪ ਦੀਆਂ ਤੇ ਦੋ ਬੰਡਲ ਬੀੜੀਆਂ ਦੇ, ਕੱਢ ਕੇ ਪੀਰਾਂ ਦੇ ਪੈਰਾਂ 'ਤੇ ਰੱਖੇ ਤਾਂ ਪੀਰ ਨੇ ਜਿਵੇਂ ਆਰਾਮ ਦਾ ਲੰਮਾ ਸਾਹ ਲਿਆ, ਮਾਨੋ ਮੁਕਤੀ ਮਿਲੀ ਹੋਵੇ।

"ਹੁਣ ਸਰ ਜਾਣੈ। ਸਿਗਰਟ ਸੁੱਟਣ ਦਾ ਵੀ ਨਜ਼ਾਰਾ ਉਦੋਂ ਈ ਐ, ਜਦੋਂ ਸਾਡੀ ਝੋਲ਼ੀ ਭਰੀ ਹੋਵੇ।" ਤਾਬੇ ਸ਼ਾਹ ਆਪਣੇ ਅੰਦਰਲੇ ਨਾਲ਼ ਗੱਲਾਂ ਕਰਦਾ ਰਹਿੰਦਾ। ਬੀਬੀ ਦੇ ਜਾਣ ਦੀ ਦੇਰ ਸੀ ਕਿ ਪੀਰ ਨੇ ਸਾਰੀਆਂ ਸਿਗਰਟਾਂ ਡੱਬੀਆਂ ਵਿੱਚੋਂ ਕੱਢ ਕੇ ਝੋਲ਼ੀ 'ਚ ਸੁੱਟ ਲਈਆਂ। ਝੋਲ਼ੀ ਗਲ਼ ਪਏ ਪਰਨੇ ਦੀ ਹੀ ਲੜ ਕੱਢ ਕੇ ਬਣਾਈ ਰੱਖਦਾ ਸੀ ਤਾਬੇ ਸ਼ਾਹ, ਫੇਰ ਉਹਦੇ ਵਿੱਚੋਂ ਹੀ ਮੁੱਠ ਭਰਦਾ ਸੀ।



ਲੱਡੂਆਂ ਵਾਗੀ ਵੀ ਇੰਜ ਹੀ ਕਰਦਾ ਸੀ। ਬੱਸ ਪੈਸੇ ਦੀ ਝੋਲ਼ੀ ਨਹੀਂ ਸੀ ਭਰਦਾ। ਪੈਸਾ ਹਮੇਸ਼ਾਂ ਤੱਪੜ ਦੇ ਥੱਲੇ ਰਹਿੰਦਾ ਸੀ। ਲੋੜ ਵੇਲੇ ਹੀ ਤੱਪੜ ਚੁੱਕਿਆ ਜਾਂਦਾ ਸੀ।

"ਲਓ ਕਰੀਏ ਫੇਰ ਸੋਟ?" ਤਾਬੇ ਸ਼ਾਹ ਨੇ ਮਲੰਗਾਂ ਵੱਲ ਝਾਕਦਿਆਂ ਸਾਰਿਆਂ ਨੂੰ ਆਖਿਆ।

"ਹਾਂ ਜੀ! ਕਰੋ ਕਿਰਪਾ ਹੁਣ।" ਬਿਜਲੀ ਬੋਰਡ ਵਾਲ਼ਾ ਜਜੀ ਫ਼ੁਕਰਾ ਘਰ ਜਾਣ ਨੂੰ ਕਾਹਲ਼ਾ ਸੀ।

ਪੀਰ ਨੇ ਫੱਟ ਝੋਲ਼ੀ ਵਿੱਚ ਹੱਥ ਪਾ ਕੇ ਅੱਠ-ਦਸ ਸਿਗਰਟਾਂ ਦਾ ਥੱਬਾ ਕੱਢ ਕੇ ਮੁਰੀਦਾਂ ਵੱਲ ਸੋਟ ਕੀਤੀ। ਸਿਗਰਟਾਂ ਮੁੱਕਣ 'ਤੇ ਬੀੜੀਆਂ ਦੀ ਸੋਟ ਕੀਤੀ। ਉਹਦੇ ਮੁਰੀਦ ਬੜੇ ਧੀਰਜ ਵਾਲ਼ੇ ਸਨ। ਸਭ ਨੂੰ ਸਿਗਰਟ-ਬੀੜੀ ਮਿਲ਼ੀ। ਜੇ ਕਿਸੇ ਨੂੰ ਨਹੀਂ ਵੀ ਮਿਲੀ, ਉਹ ਨਾ ਉੱਠਿਆ, ਨਾ ਕੁਸਕਿਆ, ਦੂਸਰਿਆਂ ਆਪੇ ਲੱਭ ਕੇ ਜਾਂ ਦਰੀ ਤੋਂ ਚੁੱਕ ਕੇ ਫੜਾ ਦਿੱਤੀਆਂ। ਕਈਆਂ ਨੇ ਸੂਟੇ ਸਾਂਝੇ ਕਰ ਲਏ। ਦੋ ਮਿੰਟਾਂ ਵਿਚ ਹੀ ਮਾਹੌਲ ਤਮਾਕੂ ਦੇ ਧੂੰਏਂ ਨਾਲ਼ ਕਸੈਲ਼ਾ ਹੋ ਗਿਆ।

ਇਹ ਹਰ ਸ਼ਾਮ ਦੀ ਸਮਝੌ, ਬਖ਼ਸ਼ਿਸ਼ ਸੀ, ਪਰਸ਼ਾਦ ਸੀ। ਇਕ-ਇਕ, ਦੋ-ਦੋ ਮਿੰਟ ਦੇ ਵਕਫ਼ੇ ਨਾਲ਼ ਸਾਰੇ ਮੁਰੀਦ ਮੱਥਾਂ ਟੇਕ ਨਿਕਲਣੇ ਸ਼ੁਰੂ ਹੋ ਗਏ। ਸੇਵਕ ਮੱਝਾਂ ਆਲੇ ਪਾਸੇ ਟੁਰ ਗਏ। ਸਿਰਫ਼ ਦੋਹੇ ਮਲੰਗ ਬੈਠੇ ਹੋਏ ਸਨ। ਦੋਹਾਂ ਦੀਆਂ ਅੱਖਾਂ ਟਿੱਕੀ ਹੋਈਆਂ ਪਈਆਂ ਸਨ। ਸਵੇਰ ਦੀ ਬੂਟੀ ਦਾ ਪੂਰਾ ਅਸਰ ਸੀ ਅਜੇ ਉਨ੍ਹਾਂ 'ਤੇ, ਉਤੋਂ ਦੂਸਰੀ ਦੀ ਆਸ ਸੀ।

"ਓ ਬੁੱਢੀ ਕੰਜਰੀ ਤੇ ਖੜਸੁੱਕ ਟਾਹਲੀ
ਮਾਲ ਫ਼ਕੀਰਾਂ ਦਾ, ਜੀ ਮਾਲ ਫ਼ਕੀਰਾਂ ਦਾ"

ਪੀਰ ਤਾਬੇ ਸ਼ਾਹ ਨੇ ਤਕੀਏ 'ਤੇ ਬੈਠੇ ਹੀ ਬੋਲ ਚੁੱਕਿਆ। ਹੁਣ ਉਹ ਵਿਹਲਾ ਸੀ।

"ਨਾ ਕੁਝ ਪਾਉਣਾ ਤੇ ਨਾ ਕੁਝ ਲਾਹੁਣਾ
ਜੀ ਤਨ ਦੀਆਂ ਲੀਰਾਂ ਦਾ, ਜੀ..."

ਦੋਹਾਂ ਮਲੰਗਾਂ ਨੇ ਵੀ ਸੁਰ ਮੇਲ਼ੀ। ਮਲੰਗ ਭਾਵੇਂ ਅੱਜ ਦੋ ਹੀ ਸਨ, ਪਰ ਭਾਵੇਂ ਦੋ, ਭਾਵੇਂ ਸੌ ਹੋਣ ਇਹ ਸਭਨਾਂ ਦਾ ਨਿੱਤ ਦਾ ਬੋਲਾ ਸੀ, ਜਿਹੜਾ ਸਾਂਝੇ ਕੀਤੇ ਬਿਨਾਂ ਉਹ ਬਖ਼ਸ਼ਿਸ਼ ਨਹੀਂ ਲੈਂਦੇ ਸਨ।

ਪੀਰ ਤਾਬੇ ਸ਼ਾਹ ਨੇ ਦੂਸਰੀ ਨੁੱਕਰੇ ਸਪੈਸ਼ਲ ਬਣਵਾ ਕੇ ਰੱਖੀਆਂ ਤਿੰਨ ਪੱਕੀਆਂ ਸਿਗਰਟਾਂ ਕੱਢੀਆਂ। ਦੋ ਮਲੰਗਾਂ ਵੱਲ ਸੁੱਟੀਆਂ ਤੇ ਇੱਕ ਆਪ ਲਾ ਲਈ।

ਮੈਂ ਤੇ ਮੇਰਾ ਪੁੱਤ ਜਦੋਂ ਡੇਰੇ ਵੜੇ, ਘੁਸਮੁਸਾ ਹੋ ਗਿਆ ਸੀ। ਪੀਰ ਹੁਰੀਂ ਤਕੀਏ ਤੋਂ ਉੱਠ ਕੇ ਬਾਹਰ ਖੁੱਲ੍ਹੇ 'ਚ ਮੰਜਾ ਡਾਹੀਂ ਬੈਠੇ ਸਨ। ਕੋਲ ਚਰਨਾਂ ਤੇ ਘੁੱਕ, ਦੋਹੇਂ ਪੱਕੇ ਮਲੰਗ ਬੋਰੀਆਂ ਵਿਛਾ ਕੇ ਲੇਟੇ ਹੋਏ ਸਨ। ਅੱਜ ਸਾਡੀ ਹਾਜ਼ਰੀ ਖੁੰਝ ਗਈ ਸੀ, ਨਹੀਂ ਤਾਂ ਸ਼ਾਮ ਵੇਲੇ ਦੀ ਸੋਟ ਸਮੇਂ ਅਸੀਂ ਹਾਜ਼ਰ ਰਹਿੰਦੇ ਸਾਂ। ਸ਼ਾਮ ਦਾ ਚਿਰਾਗ਼ ਤੇ ਰੌਸ਼ਨ ਹੀ ਮੈਂ ਕਰਦਾ ਸਾਂ। ਅੱਜ ਪੀਰ ਹੁਰਾਂ ਆਪ ਕੀਤਾ ਹੋਣੈ। ਸ਼ਾਮ

ਦਾ ਚਿਰਾਗ਼ ਮੈਂ ਜਾਂ ਮੇਰਾ ਪੁੱਤਰ ਰੌਸ਼ਨ ਕਰ ਸਕਦੇ ਹਾਂ, ਕੋਈ ਦੂਸਰਾ ਨਹੀਂ ਜਾਂ ਫੇਰ ਸਾਈਂ ਫੱਤਾ ਕਰ ਸਕਦੈ। ਉਹ ਹੁਣ ਥੋੜ੍ਹਾ ਕੁ ਅੱਲ੍ਹਾ-ਲੋਕ ਹੋਈ ਜਾਂਦੈ, ਜਿਸ ਕਰਕੇ ਉਹਦੀ ਬਿਰਧ ਅਵਸਥਾ ਦਾ ਧਿਆਨ ਰੱਖੀਦੈ। ਲਗਦੀ ਵਾਹ ਅਸੀਂ ਹੀ ਹਾਜ਼ਰ ਰਹਿੰਦੇ ਹਾਂ।

...ਕਦੀ-ਕਦੀ ਇੰਜ ਹੋ ਜਾਂਦੈ। ਕਈ ਵਾਰ ਚੰਗੀ ਕਮਾਈ ਦੇ ਲਾਲਚ ਵਿੱਚ ਸ਼ਾਮ ਖੁੰਝਾ ਦਈਦੀ ਏ, ਪਰ ਡੇਰੇ ਦੀ ਕਰੋਪੀ ਤੋਂ ਵੀ ਡਰੀਦੈ, ਇਸ ਲਈ ਦੋਹਾਂ ਵਿੱਚੋਂ ਇਕ ਤੇ ਡੇਰੇ ਪਰਤ ਹੀ ਆਉਂਦੈ। ਅੱਗੇ ਪਰੂੰ-ਪਰਾਰ ਦੀ ਗੱਲ ਏ, ਅੰਬਰਸਰ ਦੇ ਟੇਸ਼ਣ ਦੇ ਮਗਰ ਪੂਰੀ ਬੋਗੀ, ਦੋ ਨੰਬਰ ਦੇ ਮਾਲ ਦੀ ਉਤਰੀ ਸੀ। ਤਕਰੀਬਨ ਕੁਇੰਟਲ ਮਾਲ ਸਾਨੂੰ ਵੀ ਵੱਜਾ ਸੀ, ਸਾਰਾ ਹੀ ਦਿੱਲੀ ਦਾ! ਆਹੀ ਕੈਂਚੀ, ਚਾਕੂ, ਪੇਚਕੱਸ, ਚਾਬੀਆਂ, ਪਾਨੇ... ਹੋਰ ਨਿੱਕ-ਸੁੱਕ ਸੀ। ਮਿੱਟੀ ਦੇ ਭਾਅ... ਤਿੰਨ ਦਿਨ ਖੜ੍ਹੇ ਪੈਰੀਂ ਅਸੀਂ ਹਾਲ ਗੇਟ ਦੇ ਬਾਹਰ ਖੜ੍ਹੋ ਕੇ ਵੇਚਦੇ ਰਹੇ। ਮਾਰ ਕਿਤੇ ਨੋਟ ਡਿੱਗੇ। ਦੁਪਹਿਰੇ ਹਾਲ ਗੇਟ ਦੇ ਬਾਹਰ ਪੀਰ ਨਬੀ ਦੀ ਦਰਗਾਹ ’ਤੇ ਲੰਗਰ ਵਰਤੀਂਦਾ, ਉਹ ਖਾ ਛੱਡਦੇ ਤੇ ਚਾਹ ਪੀ ਲੈਂਦੇ ਸਾਂ। ਰਾਤ ਉਦੋਂ ਵੀ ਇਕ ਜਣਾ ਡੇਰੇ ਪਰਤ ਜਾਂਦਾ, ਦੂਜਾ ਮਾਲ ਕੋਲ਼ ਸੌਂਦਾ ਸੀ।

...ਪਰ ਉਹ ਵੀ ਵੇਲੇ-ਵੇਲੇ ਦੀ ਗੱਲ ਸੀ। ਹੁਣ ਆਪਣਾ ਮਨ ਵੀ ਵਣਜ ਵਿੱਚ ਘੱਟ ਲੱਗਦੈ। ਬੱਸ ਝੱਸ ਪੂਰਾ ਕਰਦੇ ਆਂ। ਨਾਲ਼ੇ ਪੀਰ ਹੁਰੀਂ ਵੀ ਕਹਿ ਛੱਡਦੇ ਨੇ ਕਿ ਛੱਡ ਝੰਜਟ। ਕਾਹਦੇ ਲਈ? ਪੁੱਤਰ ਲਈ ਤੇ ਉੱਕਾ ਲੋੜ ਨਹੀਂ। ਪੁੱਤਰ ਨੂੰ ਤੇ ਪੀਰ ਹੁਰਾਂ ਆਪਣਾ ਬਾਲਕ ਮੰਨ ਹੀ ਲਿਐ। ਮੇਰਾ ਥਾਂ ਫੱਕਰਾਂ ’ਚ ਸਿਰੇ ’ਤੇ ਬੋਲਦੈ। ਮੈਂ ਤੇ ਬੱਸ ਐਵੇਂ ਠਰਕ ਪੂਰਾ ਕਰਦਾਂ।

...ਪੁੱਤਰ ਮੇਰਾ ਹੁਣ ਸਤਾਰਾਂ ਪੂਰੇ ਕਰਨ ਵਾਲ਼ੈ। ਪੂਰਾ ਜਵਾਨ ਨਿਕਲ਼ਿਐ। ਡੇਰਾ ਭਾਵੇਂ ਕਿਸੇ ਪੀਰ ਨੂੰ ਮਿਲ਼ੇ, ਪੁੱਤਰ ਮੇਰਾ ਹੁਣ ਮੁਖਤਾਰ ਰਹੂ ਹੀ ਰਹੂ। ਪੀਰ ਤਾਬੇ ਸ਼ਾਹ ਨੇ ਤੇ ਹੁਣ ਸਨਦ ਵੀ ਕਰਾ ਛੱਡੀ ਏ। ਏਸੇ ਗੱਲੋਂ ਤੇ ਕਾਮਰੇਡ ਹਰਬੰਸ ਬਾਲਮੀਕ ਦੀਆਂ...ਸੜਦੀਆਂ ਨੇ, ਪਈ ਮੇਰੀ ਥਾਵੇਂ ਏਸ ਛੋਹਰ ਨੂੰ ਮੁਖਤਾਰੀ ਮਿਲ਼ੀ ਏ। ...ਇਹ ਤੇ ਸੱਚ ਪੁੱਛੋਂ ਤਾਂ ਮੇਰੇ ਮੁਰਸ਼ਦ, ਪਹਿਲੇ ਪੀਰ, ਜੋਜਨ ਪੀਰ ਦੀ ਕਿਰਪਾ ਹੋਈ ਏ। ਜੋਜਨ ਪੀਰ ਨੇ ਹੀ ਮੇਰੇ ਬੱਚੇ ਨੂੰ ਸ਼ਰਨੀਂ ਲਿਆ ਸੀ ਤੇ ਤਕੀਏ ਦੀ ਮਿੱਟੀ ਲੈ ਕੇ ਮੇਰੇ ਬਾਲਕੇ ’ਤੇ ਫੂਕ ਮਾਰ ਛੱਡੀ ਸੀ। ਜੁੰਮੇ ਦੇ ਜੁੰਮੇ ਉਹਦੇ, ਨਿੱਕੇ ਜਿਹੇ ਦੇ ਸਿਰ ’ਤੇ ਹਰੀ ਟਾਕੀ ਬੰਨ੍ਹਦੇ ਸਨ।

...ਬਾਕੀ ਤੇ ਸਭ ਠੀਕ ਏ, ਪਰ ਕਦੀ-ਕਦੀ ਮੇਰਾ ਦਿਲ ਘਿਰਦੈ ਪਈ ਪੁੱਤਰ ਦੀ ਜੂਨ ਤੇ ਨਹੀਂ ਖੁਆਰ ਕਰ ਛੱਡੀ? ਪੁੱਤਰ ਮੇਰਾ ਸਮਝਦੈ, ਪਈ ਭਾਪੇ ਮੇਰੇ ਨੂੰ ਮੇਰਾ ਕੁਛ ਪਤਾ ਨਹੀਂ। ਪਰ ਇਹ ਨਹੀਂ ਪਤਾ ਕਿ ਉਹਦਾ ਸਾਰਾ ਹੀਜ-ਪਿਆਜ ਭਾਪੇ ਨੂੰ ਹੀ ਪੂਰਾ ਪਤੈ, ਡੇਰੇ ’ਚ ਹੋਰ ਕਿਸੇ ਨੂੰ ਵੀ ਨਹੀਂ। ਕੁੜੀਆਂ-ਕਤਰੀਆਂ ਮਗਰ ਜਾਂਦਾ ਜਾਂ ਨਸ਼ੇ ਕਰਦਾ; ਜਾਂ ਫੇਰ ਸੇਵਕਾਂ ਵਾਂਗ ਬੂਟੀ ਪੀਣ ਲੱਗ ਜਾਂਦਾ, ਤਾਂ ਮੈਂ ਏਨਾ ਰੰਜ ਨਹੀਂ ਸੀ ਕਰਨਾ। ਵਿੱਚੋਂ ਸਿਆਪਾ ਇਹ ਵੇ ਕਿ ਉਹ ਭੱਪ ਖੁਸਰੇ ਕੋਲ ਜਾਂਦੈ ਚੋਰੀ-ਛਿਪੇ। ਤੇ ਸਮਝਦੈ ਕਿ ਭੱਪ ਦੇ ਡੇਰੇ ’ਤੇ ਜਾਣ ਦਾ ਕਿਸੇ ਨੂੰ



ਪਤਾ ਨਹੀਂ ਲੱਗਣਾ। ਭੱਪ ਨੂੰ ਸ਼ੁਰੂ ਤੋਂ ਹੀ ਜੁਆਨ ਮੁੰਡੇ ਮਗਰ ਲਾਣ ਦਾ ਸ਼ੌਂਕ ਏ, ਪਰ ਮੇਰਾ ਮੁੰਡਾ ਵੀ ਪੱਟ ਲਏਗਾ, ਇਹਦਾ ਮੈਨੂੰ ਕਿੱਥੇ ਇਲਮ ਸੀ? ਚਾਹੇ ਭੱਪ ਹੁਣ ਬੁੱਢਾ ਹੋ ਰਿਹੈ, ਪਰ ਤੜ ਅਜੇ ਵੀ ਪੂਰੀ ਏ ਉਹਦੇ... ਵਿੱਚ। ਕਦੀ-ਕਦੀ ਚਿੱਤ ’ਚ ਆਉਂਦੈ, ਪਈ ਭੱਪ ਨੂੰ ਝਿੜਕ ਦਿਆਂ, ਪਰ ਖੁਸਰੇ ਦੇ ਸਰਾਪ ਤੋਂ ਵੀ ਡਰਦਾਂ, ਨਹੀਂ ਤੇ ਭੱਪ ਦੀ ਕੀ ਮਜਾਲ ਏ ਕਿ ਮੇਰੇ ਅੱਗੇ ਅੱਖ ਚੁੱਕੇ? ਪੀਰ ਤਾਬੇ ਸ਼ਾਹ ਦੀ ਪੀਰੀ ਤੇ ਬੱਸ ਨਾਂ ਦੀ ਏ, ਵਿੱਚੋਂ ਸਭ ਨੂੰ ਪਤੈ ਕਿ ਅਸਲ ਤਾਕਤ ਸਾਡੇ ਪਿਉ-ਪੁੱਤਰ ਕੋਲ਼ ਈ ਏ! ਅੱਗੋਂ ਵੀ ਕਿਹੜਾ ਮਾਈ ਦਾ ਲਾਲ ਉੱਠੂ? ਪੀਰ ਤਾਬੇ ਸ਼ਾਹ ਦੀ ਜਾਨ ਤੇ ਗਿੱਟਿਆਂ ਵਿੱਚ ਏ। ਸਾਈਂ ਫੱਤਾ ਵੀ ਦਿਨ ਗਿਣਦੈ। ਪਰ੍ਹਾਂ ਮਾਸਟਰ ਦਾ ਬਿੱਲੂ ਸਾਈਂ ਬੈਠੈ, ਜਿਹੜਾ ਮੇਰੇ ਪੁੱਛੇ ਬਿਨਾਂ ਪਿਸ਼ਾਬ ਕਰਨ ਵੀ ਨਹੀਂ ਜਾਂਦਾ। ਰਹੀ ਗੱਲ ਕਾਮਰੇਡ ਹਰਬੰਸ ਬਾਲਮੀਕ ਦੀ, ਉਹਨੂੰ ਜਦੋਂ ਚਾਹਾਂ... ਨਾਲ਼ ਪੂੰਝ ਕੇ ਸੁੱਟ ਦਿਆਂ।

...ਮੇਰੀ ਲਗਨ ਸਿਰਫ਼ ਅਪਣੇ ਮੁਰਸ਼ਦ, ਸਾਈਂ ਜੋਜਨ ਵਿੱਚ ਏ। ਡੇਰਾ ਉਹਦਾ ਚਲਾਇਆ ਹੀ ਚਲ ਗਿਆ, ਨਹੀਂ ਤੇ ਇਕ ਵਾਰੀ ਤਾਂ ਦਬੁਰਜੀ ਦੇ ਜੱਟ ਆ ਪਏ ਸਨ। ਉਨ੍ਹਾਂ ਦੀ ਨੀਤ ਤੇ ਇੱਥੇ ਕਬਜ਼ਾ ਕਰਕੇ ਗੁਰਦੁਆਰਾ ਬਨਾਉਣ ਦੀ ਸੀ। ਇਹ ਸ਼ੈਤ ਪਚਵੰਜਾ-ਸੱਠ ਦੀਆਂ ਗੱਲਾਂ ਨੇ। ਉਹ ਤੇ ਭਲਾ ਹੋਏ ਸਾਈਂ ਜੋਜਨ ਦਾ, ਜਿਹੜਾ ਰਾਤੋ-ਰਾਤ ਪੈਦਲ ਜਾ ਕੇ ਜੇਠੂਵਾਲ਼ੇ-ਵੇਰਕੇ ਦੇ ਸਰਦਾਰਾਂ ਨੂੰ ਬੁਲਾ ਲਿਆਇਆ। ਇਹ ਜਗ੍ਹਾ ਉਨ੍ਹਾਂ ਦੇ ਨਾਂ ਬੋਲਦੀ ਸੀ ਕਦੀ, ਜਦੋਂ ਭਲੇ ਵੇਲੇ ਅੰਗਰੇਜ਼ਾਂ ਨੇ ਉਨ੍ਹਾਂ ਨੂੰ ਮੁਰੱਬਾ ਦਿੱਤਾ ਸੀ। ਬੜੀ ਦੇਰ ਉਨ੍ਹਾਂ ਦੇ ਆਥੜੀ ਤੇ ਕੰਮੀ-ਕਮੀਣ ਇੱਥੇ ਵਾਹੀ ਕਰਦੇ ਰਹੇ, ਫੇਰ ਜਦੋਂ ਉਨ੍ਹਾਂ ਦਾ ਬਾਬਾ...ਨਾਲ਼ ਮਰਿਆ, ਉਹ ਇਹ ਭੋਇੰ ਪੰਜ-ਪੀਰ ਦਾ ਡੇਰਾ ਬਣਾ ਕੇ ਡੇਰੇ ਨਾਉਂ ਕਰ ਗਏ।

...ਇਹ ਵੀ ਪੂਰੀ ਕਹਾਣੀ ਏ, ਜਿਹੜੀ ਹਰ ਵੇਲੇ ਮੇਰੇ ਅੰਦਰ ਜਿਵੇਂ ਵੱਜਦੀ ਰਹਿੰਦੀ ਏ। ਸਾਈਂ ਜੋਜਨ ਨੇ ਮੈਨੂੰ ਇਹ ਏਨੀ ਵਾਰੀ ਸੁਣਾਈ ਏ ਕਿ ਕਿਸੇ ਗੌਣ ਵਾਂਗ ਇਹ ਮੇਰੇ ਅੰਦਰ ਵਸ ਗਈ ਏ। ਮੈਂ ਵੀ ਅੱਗੋਂ ਉੱਦਾਂ ਦੀ ਉੱਦਾਂ ਆਪਣੇ ਪੁੱਤ ਨੂੰ ਸੁਣਾ ਛੱਡਦਾਂ।

...ਪੀਰ ਤਾਬੇ ਸ਼ਾਹ ਹੁਰੀਂ ਵੀ ਕਈ ਵਾਰ ਮੁਰੀਦਾਂ ਨੂੰ ਸੁਣਾਂਦੇ ਨੇ-“ਕਹਿੰਦੇ ਨੇ ਪਈ ਵੱਲ੍ਹੇ-ਵੇਰਕੇ ਵਲ ਦੇ ਕਿਸੇ ਜ਼ਿਮੀਂਦਾਰ ਨੂੰ ਸਰਕਾਰੇ-ਦਰਬਾਰੇ ਬਣੇ ਰਹਿਣ ਦਾ ਸ਼ੌਂਕ ਸੀ। ਉਹ ਅੰਗਰੇਜ਼ਾਂ ਦਾ ਪੱਕਾ ਹੀ ਟੋਡੀ-ਬੱਚਾ ਬਣ ਗਿਆ। ਅੰਗਰੇਜ਼ਾਂ ਉਹਨੂੰ ਬੜੀਆਂ ਬਖ਼ਸ਼ਿਸ਼ਾਂ ਕੀਤੀਆਂ। ਜੇਠੂਵਾਲ਼ੇ ਕਿਸੇ ਦੇਸ਼ਭਗਤ ਦੀ ਕੁਰਕ ਹੋਈ ਜ਼ਮੀਨ ਦਿੱਤੀ। ਵੇਰਕੇ ਦੇ ਬਾਹਰ ਕੋਠੀ ਪਵਾ ਦਿੱਤੀ, ਜਿੱਥੇ ਤਹਿਸੀਲਏ, ਥਾਣੇਦਾਰ ਤੇ ਹੋਰ ਅਫ਼ਸਰ ਅਕਸਰ ਉਸ ਕੋਲ ਰਾਤਾਂ ਕੱਟਦੇ ਸਨ। ਤਹਿਸੀਲਦਾਰ ਨੇ ਅੰਗਰੇਜ਼ ਸਰਕਾਰ ਦਾ ਇਸ਼ਾਰਾ ਪਾ ਕੇ ਦਬੁਰਜੀ ਕੋਲ਼ੋਂ ਨਵੀਂ ਬਣੀ ਨਹਿਰ ਦੇ ਨਾਲ਼-ਨਾਲ਼ ਵਾਧੂ ਪਈ ਪਿੰਡ ਦੀ ਜ਼ਮੀਨ ਵੀ ਉਸੇ ਜ਼ਿਮੀਂਦਾਰ ਦੇ ਨਾਂ ਚਾੜ੍ਹ ਦਿੱਤੀ। ਪਿੰਡ ਆਲ਼ਿਆਂ ਦੀ ਜੁਰੱਅਤ ਨਹੀਂ ਪਈ ਕਿ ਚੂੰ ਵੀ ਕਰ ਜਾਣ। ਉਸ ਜ਼ਿਮੀਂਦਾਰ ਨੇ ਆਪ ਤੇ ਕੀ ਆਉਣਾ ਸੀ, ਅਪਣੇ ਕੰਮੀ-ਕਮੀਣਾਂ ਨੂੰ ਉੱਥੇ ਡੇਰੇ

ਪਾ ਦਿੱਤੇ। ਅੰਗਰੇਜ਼ਾਂ ਉਸਦੇ ਖੇਤਾਂ ਦੇ ਨਾਲ਼-ਨਾਲ਼ ਕੱਚੀ ਸੜਕ ਨੂੰ ਨਵੀਂ ਬਣਾ ਕੇ ਉਹਨੂੰ ਬਣ ਰਹੀ ਨਵੀਂ ਗੁਮਟਾਲਾ ਜੇਲ ਵਾਲ਼ੀ ਸੜਕ ਨਾਲ਼ ਜੋੜ ਦਿੱਤਾ। ਉਸ ਭੋਇੰ ਦੀ ਬੱਲੇ-ਬੱਲੇ ਹੋ ਗਈ। ਜ਼ਿਮੀਂਦਾਰ ਨੇ ਉੱਧਰ ਕਦੀ ਫੇਰਾ ਨਾ ਪਾਇਆ। ਉਹ ਤੇ ਵੇਰਕੇ, ਜੇਠੂਵਾਲ਼ੇ ਵਾਲ਼ੀ ਭੋਇੰ ਵੱਲ ਵੀ ਕਦੀ ਨਾ ਜਾਂਦਾ, ਸਗੋਂ ਸਾਰਾ ਵੇਲਾ ਅੰਗਰੇਜ਼ ਅਫ਼ਸਰਾਂ ਦੀ ਝੋਲ਼ੀ ਚੁੱਕਦਾ। ਜੋਜਨ ਪੀਰ ਹੁਰੀਂ ਦੱਸਿਆ ਕਰਦੇ ਸਨ ਕਿ ਉਹ ਜਨਾਨੀਆਂ ਦਾ ਅੱਤ ਦਾ ਠਰਕੀ ਸੀ। ਨਵੀਂ ਖਿੜੀ ਕਲੀ, ਕਿਤੇ ਵੀ ਖੜ੍ਹੀ ਹੋਵੇ, ਉਹਨੂੰ ਧੱਕੇ ਨਾਲ਼ ਚੁੱਕ ਲਿਔਣਾ, ਜਾਂ ਵਿਆਹ ਲਿਔਣਾ। ਇਕ ਦੋ ਰਾਤਾਂ ਰੱਖ ਕੇ, ਅੱਗੇ ਤੋਰ ਦੇਣਾ। ਕਦੀ ਕਿਸੇ ਅੰਗਰੇਜ਼ ਨੂੰ ਤੋਹਫ਼ੇ 'ਚ ਦੇ ਦੇਣੀ, ਕਦੀ ਰਾਮਬਾਗ ਦੇ ਕੰਜਰਾਂ ਨੂੰ ਵੇਚ ਦੇਣੀ, ਉਹਦਾ ਨੇਮ ਸੀ। ਰਾਮਬਾਗ 'ਚ ਮੁਸਲਮਾਨਾਂ ਦਾ ਕੰਜਰਖਾਨਾ ਸੀ, ਜਿੱਥੇ ਦੱਲੇ ਗਾਹਕ ਉਡੀਕਦੇ ਸਨ। ਉਨ੍ਹਾਂ ਨੂੰ ਹਰਮਿੰਦਰ ਸਾਹਿਬ ਵਾਲ਼ੀ ਸੜਕ 'ਤੇ ਜਾਣ ਦਾ ਹੁਕਮ ਨਹੀਂ ਸੀ, ਇਸ ਲਈ ਉਹ ਉੱਥੇ ਕੁ ਹੀ ਚਕਲਾ ਚਲਾਂਦੇ ਸਨ।

"...ਕਦੀ-ਕਦੀ ਇਹ ਸਰਦਾਰ ਇਥੇ ਵੀ ਅੱਯਾਸ਼ੀ ਲਈ ਆਪਣੇ ਸਾਥੀਆਂ ਨਾਲ਼ ਆਣ ਧਮਕਦਾ, ਜਦ ਕਦੀ ਕਿਸੇ ਸੋਹਣੀ-ਸੁਣੱਖੀ ਰੰਡੀ ਦੇ ਆਉਣ ਦਾ ਪਤਾ ਲਗਦਾ।"

"...ਜੋਜਨ ਸਾਈਂ ਹੁਰੀਂ ਦੱਸਦੇ ਨੇ ਪਈ ਸਮਾਂ ਪਾ ਕੇ ਸਰਦਾਰ ਬੁੱਢਾ ਹੋ ਗਿਆ, ਪਰ ਚਾਲੇ ਨਾ ਬਦਲੇ। ਕੁਦਰਤ ਦੇ ਨੇਮ ਵੇਖੋ, ਅੱਤ ਭੋਗ ਕਰਕੇ ਤੇ ਕਿਸੇ ਨਵੀਂ ਆਈ ਕੰਜਰੀ ਕੋਲ਼ ਜਾਣ ਨਾਲ਼ ਉਹਨੂੰ ਆਤਸ਼ਕ ਹੋ ਗਈ। ਬੁਢਾਪੇ ਨੂੰ ਪਰ੍ਹੇ ਰੱਖਣ ਤੇ ਨੌਜੁਆਨ ਕੰਜਰੀ ਦੀ ਨਿਸ਼ਾ ਕਰਾਣ ਦੇ ਚੱਕਰ ਵਿੱਚ ਕਿਤੇ ਗ਼ਲਤ ਕੁਸ਼ਤੇ ਖਾਧੇ ਗਏ। ਆਤਸ਼ਕ ਨਾਲ਼ ਪਹਿਲੇ ਨੱਕ, ਫੇਰ ਉਂਗਲ਼ਾਂ ਗਲ਼ੀਆਂ ਤੇ ਫੇਰ ਸਾਰੇ ਸਰੀਰ ਵਿੱਚ ਜਿਵੇਂ ਕੋਹੜ ਫੈਲ ਗਿਆ। ਜਿਹੜੇ ਨੇੜੇ ਢੁੱਕ-ਢੁੱਕ ਬਹਿੰਦੇ ਸੀ, ਉਹ ਸਦਾ ਲਈ ਪਰ੍ਹੇ ਹੋ ਗਏ। ਅੰਗਰੇਜ਼, ਤਹਿਸੀਲੀਏ, ਥਾਣੇਦਾਰ, ਸਭ ਉਹਦੇ ਨੌਜਵਾਨ ਪੁੱਤਰਾਂ ਦੇ ਹੋ ਗਏ ਤੇ ਉਹਨੂੰ ਭੁੱਲ-ਭੁਲਾ ਗਏ। ਉਹਦੇ ਪੁੱਤਰਾਂ ਨੇ ਇਲਾਜ ਕਰਾਇਆ, ਪਰ ਲਾਇਲਾਜ ਬੀਮਾਰੀ ਜਾਣਕੇ ਉਹਦੇ ਜੁਆਈ ਨੇ ਤੇ ਪੁੱਤਰਾਂ ਨੇ ਸਲਾਹ ਕਰਕੇ ਉਹਨੂੰ ਏਸ ਭੋਇੰ 'ਤੇ ਲਿਆ ਸੁੱਟਿਆ। ਮੁਜਾਰੇ ਤੇ ਕੰਮੀ-ਕਮੀਣ ਦੂਸਰੀ ਰਾਤ ਹੀ ਭੋਇੰ ਛੱਡ ਕੇ ਨੱਸ ਗਏ। ਇਹ ਬੀਮਾਰੀ ਬੜੀ ਮਨਹੂਸ ਤੇ ਛੂਤ ਵਾਲ਼ੀ ਮੰਨੀ ਜਾਂਦੀ ਸੀ। ਉਹ ਬੁੱਢਾ ਸਰਦਾਰ ਕੋਹੜ ਨਾਲ਼ ਭਰਿਆ ਪੁੱਤਰਾਂ ਤੇ ਜੁਆਈ ਨੂੰ ਗਾਲ਼ਾਂ ਕੱਢਦਾ ਰਿਹਾ, ਪਰ ਉਨ੍ਹਾਂ ਕੰਨ ਨਾ ਧਰਿਆ ਤੇ ਉੱਥੇ ਸੁੱਟ ਕੇ ਪਾਰ ਗਏ। ਆਸ-ਪਾਸ ਦੇ ਪਿੰਡਾਂ ਵਾਲ਼ੇ ਤੇ ਡੇਰੇਦਾਰ ਵੀ ਉੱਧਰ ਹੁਣ ਮੂੰਹ ਨਹੀਂ ਸਨ ਕਰਦੇ। ਭੋਇੰ ਵਿਰਾਨ ਹੋਣ ਲੱਗੀ ਤੇ ਡੇਰੇ ਉੱਜੜ ਗਏ, ਪਰ ਬਾਬੇ ਨੂੰ ਸਾਂਭਣ ਲਈ ਪ੍ਰਭੂ ਨੇ ਇਕ ਭਗਤ ਪਹਿਲਾਂ ਹੀ ਭੇਜਿਆ ਹੋਇਆ ਸੀ। ਨਵੀਂ ਸੜਕ ਬਣੀ ਹੋਣ ਕਰਕੇ ਕਿਤੇ ਸਾਲ ਕੁ ਪਹਿਲਾਂ ਰਈਏ-ਬਿਆਸ ਵੱਲੋਂ ਕੋਈ ਮਸਤਾਨਾ ਏਧਰ ਆ ਗਿਆ ਤੇ ਉਸੇ ਸਰਦਾਰ ਦੀ ਭੋਇੰ ਦੇ ਕਿਨਾਰੇ 'ਤੇ ਡੇਰਾ ਕਰ ਲਿਆ ਸੀ। ਸੜਕ ਤੋਂ ਹੱਟਵਾਂ ਬਹੁਤ ਵੱਡਾ ਦਾਹੜੀ



ਵਾਲ਼ਾ ਬੋਹੜ ਸੀ, ਜਿੱਥੇ ਉਸ ਮਸਤਾਨੇ ਨੇ ਡੇਰੇ ਲਾਏ। ਪਹਿਲੇ ਤੇ ਉਹ ਬੋਹੜ ਥੱਲੇ ਹੀ ਸੌਂ ਛੱਡਦਾ ਸੀ, ਫੇਰ ਜਦੋਂ ਉਹਨੂੰ ਕੀੜੀਆਂ ਦਾ ਭੌਣ ਖਾਣ ਲੱਗ ਪਿਆ, ਤਾਂ ਉਹਨੇ ਕੰਮੀਆਂ ਕੋਲ਼ੋ ਪੁਰਾਣਾ ਮੰਜਾ ਮੰਗ ਲਿਆ। ਕੰਮੀਆਂ ਵੀ ਰੱਬ ਦਾ ਪਿਆਰਾ ਜਾਣ ਕੇ ਉਹਨੂੰ ਛੰਨ ਪਾ ਦਿੱਤੀ ਤੇ ਦੋਹੇਂ ਵੇਲੇ ਰੋਟੀ ਦੇਣ ਲੱਗ ਪਏ। ਉਹ ਮੂੰਹੋਂ ਕੁਛ ਵੀ ਨਹੀਂ ਸੀ ਬੋਲਦਾ, ਬੱਸ ਜਦ ਕਦੀ ਵਜ਼ਦ ਵਿੱਚ ਆਉਂਦਾ, ਨੱਚੀਂ ਜਾਂਦਾ ਤੇ ਕਹੀ ਜਾਂਦਾ- "ਪੰਜ ਪੀਰ, ਪੰਜ ਪੀਰ, ਪੰਜ ਪੀਰ!" ਲੋਕਾਂ ਉਹਦੀ ਅੱਲ 'ਪੰਜ ਪੀਰ' ਪਾ ਲਈ। ਉਹ ਦਰਵੇਸ਼ ਅਪਣੀ ਛੰਨ ਤੋਂ ਜ਼ਿਆਦਾ ਉਰ੍ਹੇ-ਪਰ੍ਹੇ ਨਾ ਹੁੰਦਾ, ਬੱਸ ਕਦੀ-ਕਦੀ ਦਬੁਰਜੀ ਵੱਲ ਲੰਘ ਜਾਂਦਾ ਤੇ ਜੀ.ਟੀ. ਰੋਡ 'ਤੇ ਜਾ ਕੇ ਖੜ੍ਹੋ ਜਾਂਦਾ। ਜਦੋਂ ਉਹਦੇ ਲੀੜਿਆਂ ਦੇ ਲੰਗਾਰੇ ਲੱਥਣ ਲੱਗਦੇ, ਕੋਈ ਨਾ ਕੋਈ ਉਹਨੂੰ ਲੀੜੇ ਵੀ ਲੈ ਦੇਂਦਾ।

"...ਜਦ ਕੋਹੜੀ ਬਾਬੇ ਨੂੰ ਪਰਿਵਾਰ ਉੱਥੇ ਸੁੱਟ ਗਿਆ ਤੇ ਮੁਜਾਰੇ, ਕੰਮੀ ਵੀ ਭੱਜ ਗਏ, ਉਸੇ ਸਾਈਂ ਪੰਜ ਪੀਰ ਨੇ ਆ ਕੇ ਬਾਬੇ ਨੂੰ ਸਾਂਭ ਲਿਆ। 'ਪੰਜ ਪੀਰ, ਪੰਜ ਪੀਰ' ਕਹਿੰਦਾ ਉਹ ਬਾਬੇ ਦਾ ਟੱਟੀ-ਪੇਸ਼ਾਬ ਚੁੱਕ ਦੇਂਦਾ। ਉਹਦੇ ਪਾਕ ਨਾਲ਼ ਭਰੇ ਕਪੜੇ ਸਾੜ ਕੇ, ਆਪਣੇ ਲੀੜੇ ਲਾਹ ਕੇ ਉਹਦੇ ਗਲ਼ ਪੁਆ ਦੇਂਦਾ। ਲੋਕੀਂ ਸਾਈਂ ਨੂੰ ਹੋਰ ਲੀੜੇ ਲੈ ਦੇਂਦੇ। ਉਹਦੇ ਪਾਕ ਨਾਲ਼ ਰਿੱਸਦੇ ਸਰੀਰ ਨੂੰ ਸਾਫ਼ ਪਾਣੀ ਨਾਲ਼ ਧੋ ਦੇਂਦਾ ਤੇ ਬੱਸ ਬਾਬੇ ਦੇ ਲੱਖ ਬੁਲਾਣ 'ਤੇ ਵੀ 'ਪੰਜ ਪੀਰ, ਪੰਜ ਪੀਰ' ਕਹੀਂ ਜਾਂਦਾ। ਕੋਹੜੀ ਬਾਬੇ ਨੇ ਵੀ ਹੋਣੀ ਪਰਵਾਨ ਕਰ ਲਈ ਸੀ ਤੇ ਏਸ 'ਪੰਜ ਪੀਰ' ਸਾਈਂ ਨੂੰ ਵੀ ਪਰਵਾਨ ਕਰ ਲਿਆ ਸੀ। ਉਹ ਪਛਤਾਵੇ ਦੀ ਡੂੰਘੀ ਸੁਰ ਵਿੱਚ ਆਪਣੇ ਬੀਤੇ ਦੀਆਂ ਗੱਲਾਂ ਸਾਈਂ ਨਾਲ਼ ਕਰੀਂ ਜਾਂਦਾ, ਬਿਨਾਂ ਕਿਸੇ ਹੁੰਗਾਰੇ ਦੀ ਆਸ ਵਿੱਚ ਤੇ ਨਾਲ਼-ਨਾਲ਼ ਅੱਥਰੂ ਵੀ ਕੇਰੀ ਜਾਂਦਾ। ਸਾਈਂ ਵਿੱਚ-ਵਿੱਚ 'ਪੰਜ-ਪੀਰ' ਦੀ ਰੱਟ ਲਾ ਦੇਂਦਾ। ਦੋਹਾਂ ਦੀ ਕੁਛ ਚਿਰ ਚੰਗਾ ਨਿਭੀ। ਆਸ-ਪਾਸ ਦੇ ਡੇਰੇਦਾਰ ਤੇ ਦਬੁਰਜੀ, ਸੁਲਤਾਨਵਿੰਡ ਵੱਲੇ ਤੇ ਮਾਨਾਂਵਾਲ਼ੇ ਦੇ ਲੋਕਾਂ ਨੂੰ ਉਨ੍ਹਾਂ ਬਾਰੇ ਗੱਲ ਕਰਨ ਲਈ ਚੰਗਾ ਮਸਾਲਾ ਮਿਲ ਗਿਆ ਸੀ। ਬਤਾਵੇ ਡੂੰਘੀ ਰਾਤ ਤੱਕ ਆਪੋ-ਆਪਣੇ ਪਿੰਡਾਂ ਦੀਆਂ ਸੱਥਾਂ ਵਿੱਚ ਬੈਠੇ ਬਾਤ ਪਾਉਂਦੇ ਤੇ ਏਸ ਅਨੋਖੇ ਰਿਸ਼ਤੇ ਅਤੇ ਕਲਜੁਗ ਦੇ ਭੈੜੇ ਵਰਤਾਰੇ 'ਤੇ ਅਫ਼ਸੋਸ ਕਰਦੇ। ਬੱਸ ਇੱਕ ਵਾਰ 'ਪੰਜ ਪੀਰ' ਕਿਸੇ ਬਰੂਦੀ ਗੋਲੇ ਵਾਂਗ ਫਟਿਆ ਸੀ, ਜਦ ਛੇਈਂ ਕੁ ਮਹੀਨੀਂ ਉਸ ਬਾਬੇ ਦਾ ਜੁਆਈ ਤੇ ਵੱਡਾ ਪੁੱਤਰ ਦੂਰੋਂ ਹੀ ਬਾਬੇ ਨੂੰ ਵੇਖਣ ਆਏ ਸਨ ਕਿ ਜਿਉਂਦਾ ਹੈ ਜਾਂ ਮਰ ਗਿਐ? ਉਦੋਂ ਉਨ੍ਹਾਂ ਨੂੰ ਦੂਰੋਂ ਹੀ ਵੇਖ ਕੇ ਪੰਜ-ਪੀਰ ਸਾਈਂ, ਬਾਬੇ ਦੇ ਤੇ ਬੋਹੜ ਦੇ ਗੇੜੇ ਕੱਢਣ ਲੱਗ ਪਿਆ। ਨਾਲ਼ੇ ਉੱਚੀ-ਉੱਚੀ ਕਹੀ ਜਾਵੇ-

"ਭੈਣਾਂ ਦੇ... ਆ ਗਏ। ਹਰਾਮ ਦੀਆਂ ਸੱਟਾਂ ਆ ਗਈਆਂ। ਕੁੜੀਆਂ ਦੇ ਕੇ ਰਾਜ ਲੈਣ ਵਾਲ਼ੇ ਆ ਗਏ। ਆਪਣੀਆਂ ਭੈਣਾਂ 'ਤੇ... ਵਾਲ਼ੇ ਆ ਗਏ। ਕੁੜੀਆਂ 'ਤੇ ...ਵਾਲ਼ੇ ਪਿਉ ਆ ਗਏ...।"

ਇਹ ਬਕੜਵਾਹ ਸੁਣਕੇ ਪਤਾ ਨਹੀਂ ਉਹ ਦੋਵੇਂ ਏਨਾ ਕਿਉਂ ਡਰੇ ਕਿ ਉਥੋਂ ਹੀ ਵਾਪਸ ਪਰਤ ਕੇ ਆਪੋ-ਆਪਣੀ ਘੋੜੀ 'ਤੇ ਚੜ੍ਹੇ ਤੇ ਉਹ ਗਏ, ਉਹ ਗਏ!... ਮੁੜ ਉਹ ਕਦੀ ਨਹੀਂ ਆਏ।

ਇਸ ਘਟਨਾ ਤੋਂ ਇਕ ਸਾਤੇ ਮਗਰੋਂ ਬਾਬਾ ਮਰ ਗਿਆ ਸੀ।

ਬੜਾ ਪੁੱਛਣ 'ਤੇ ਵੀ ਜੋਜਨ ਸਾਈਂ ਨੇ ਇਹ ਨਹੀਂ ਦੱਸਿਆ ਕਿ ਬਾਬੇ ਦਾ ਨਾਂ ਕੀ ਸੀ? ਉਹ ਤੇ ਪੀਰ ਤਾਬੇ ਸ਼ਾਹ ਨੇ ਇਕ ਦਿਨ ਦੱਸਿਆ ਸੀ ਕਿ ਉਸ ਸਰਦਾਰ ਬਾਬੇ ਦਾ ਨਾਂ ਮੰਨਣ ਸਿੰਘ ਸੀ।

"...ਪੀਰ ਤਾਬੇ ਸ਼ਾਹ ਮੇਰੇ ਨਾਲ਼ੋਂ ਉਮਰ ਵਿੱਚ ਚੋਖਾ ਵੱਡਾ ਹੈ ਤੇ ਉਸ ਜੋਜਨ ਸਾਈਂ ਕੋਲ ਬੜਾ ਅਰਸਾ ਗੁਜ਼ਾਰਿਆ ਹੈ। ਇਸ ਲਈ ਉਹਨੂੰ ਮੇਰੇ ਨਾਲ਼ੋਂ ਬਹੁਤਾ ਪਤਾ ਹੈ। ਪਰ ਇਹ ਗੱਲ ਵੀ ਬੜੀ ਹੈਰਾਨ ਕਰਦੀ ਹੈ ਕਿ ਪੀਰ ਤਾਬੇ ਸ਼ਾਹ ਦੇ ਐਨੇ ਨੇੜੇ ਰਹਿਣ ਦੇ ਬਾਵਜੂਦ ਜੋਜਨ ਸਾਈਂ ਨੇ ਮੇਰੇ ਨਾਲ਼ ਤੇ ਮੇਰੇ ਪੁੱਤਰ ਨਾਲ਼ ਹੀ ਆਪਣਾ ਤੇਹ ਵਧਾਇਆ ਸੀ। ਕਈ ਵਾਰ ਮੈਂ ਹੱਸ ਕੇ ਪੁੱਛਣਾ ਕਿ, ਸਾਈਂ ਜੀ, ਸਾਡੇ ਪਾਪੀਆਂ ਉੱਪਰ ਏਨੇ ਕਿਉਂ ਤਰੁੱਠੇ ਹੋ? ਉਨ੍ਹਾਂ ਹੱਸ ਪੈਣਾ ਤੇ ਉੱਪਰ ਹਵਾ ਵਿੱਚ ਉਂਗਲ ਕਰਕੇ ਗੌਣਾ:

ਬਾਰੀ ਵਿੱਚ ਬੈਠ ਕੇ ਮੈਂ ਵਾਹਵਾਂ ਕੰਘੀਆਂ
ਹੁਣ ਪਤਾ ਲਗੈ, ਤੇਰੇ ਨਾਲ਼ ਮੰਗੀ ਆਂ।

ਉਨ੍ਹਾਂ ਦੀਆਂ ਰਮਜ਼ਾਂ ਮੈਂ ਨਹੀਂ ਸਾਂ ਸਮਝ ਸਕਿਆ। ਹੁਣ ਤੱਕ ਵੀ ਨਹੀਂ, ਨਾ ਹੀ ਮੇਰਾ ਪੁੱਤਰ। ਪਰ ਉਨ੍ਹਾਂ ਸਾਡੇ ਵਿਚੋਂ ਜਿਵੇਂ ਆਪਣਾ ਆਪ ਲੱਭ ਲਿਆ ਸੀ। ਸ਼ਾਇਦ ਇਸੇ ਕਰਕੇ ਜਾਣ ਲੱਗਿਆਂ ਉਹ ਪੀਰ ਤਾਬੇ ਸ਼ਾਹ ਨੂੰ ਆਪਣਾ ਸੋਟਾ, ਕੁੜਤਾ ਤਾਂ ਦੇ ਗਏ, ਨਾਲ਼ ਹੀ ਸਾਡੀ ਵੀ ਸੌਂਪਣਾ ਕਰ ਗਏ ਸਨ।

ਉਹ ਵੀ ਭਾਪੇ ਨਾਲ਼ ਸਵੇਰ ਦਾ ਸ਼ਹਿਰ ਗਿਆ ਹੋਇਆ ਸੀ। ਭਾਪੇ ਦੀ ਹੱਡੀ ਪੱਕੀ, ਪੁਰਾਣੀ ਏ। ਬੜਾ ਦਿਲ-ਰੱਖ ਤੇ ਪੀਡਾ ਏ। ਪੱਕੀਆਂ ਸਿਗਰਟਾਂ ਤੇ ਸ਼ਰਦਾਈਆਂ ਦਾ ਸ਼ੁਕੀਨ ਏ। ਆਪ ਤੇ ਥੱਕਦਾ ਨਹੀਂ, ਪਰ ਉਹਦੀ ਜਾਨ ਅਜ਼ਾਬ ਵਿੱਚ ਪਾ ਛੱਡਦੈ। ਸਵਾਰੀ ਜਾਂ ਬਸ ਮਿਲ਼ ਜਾਏ ਤਾਂ ਠੀਕ ਏ, ਨਹੀਂ ਤੇ ਡੇਰੇ ਤੱਕ ਪੈਦਲ ਹੀ ਟੁਰਿਆ ਆਉਂਦੈ। ਉਹ ਭਾਵੇਂ ਜੁਆਨ ਏ, ਪਰ ਉਹਦੇ ਸਤਾਰਾਂ ਸਾਲ ਵੀ, ਭਾਪੇ ਦੇ ਪੰਜਾਹਾਂ ਨੂੰ ਢੁੱਕੇ ਸਰੀਰ ਤੋਂ ਪਿੱਛੇ ਰਹਿ ਜਾਂਦੇ ਨੇ।

ਉਹਦੀ ਸੁਰਤ ਅੱਜ ਵਲ ਪਰਤੀ :-

"ਅੱਜ ਭਾਪੇ ਨੇ ਫੇਰ ਹਰਿਮੰਦਰ ਸਾਹਿਬ ਦੇ ਬਾਹਰ ਫੋਟੋ-ਕਾਰਡ, ਰੁਮਾਲ ਤੇ ਛੱਲਿਆਂ ਦੀ ਫੇਰੀ ਲਾਈ ਸੀ। ਭਾਪੇ ਨੂੰ ਪੈਸੇ-ਟਕੇ ਦੀ ਉੱਕਾ ਲੋੜ ਨਹੀਂ, ਪਰ ਇਹਦਾ ਫਿਰ-ਤੁਰਕੇ ਮਾਲ ਵੇਚਣ ਦਾ ਠਰਕ ਨਹੀਂ ਜਾਂਦਾ। "ਖੱਤਰੰਮਾ" ਉਹਦੇ ਹੱਡਾਂ ਵਿੱਚੋਂ ਨਿਕਲ਼ਦਾ ਹੀ ਨਹੀਂ। ਸਾਈਂ ਕਈ ਵਾਰ ਕਹਿ ਚੁੱਕਾ ਹੈ ਕਿ ਡੇਰੇ ਬਹੁ ਤੇ ਭੰਡਾਰਾ ਸਾਂਭ। ਪੀਰ ਜੋਜਨ ਹੁਰੀਂ ਵੀ ਇਸ਼ਾਰੇ ਨਾਲ਼ ਕਹਿੰਦੇ ਸਨ, ਪਰ ਸਿੱਧੇ ਨਹੀਂ ਸਨ ਰੋਕਦੇ। ਉਨ੍ਹਾਂ ਨੂੰ ਹਰ ਗੱਲ ਦਾ ਚਾਨਣ ਸੀ। ਉਨ੍ਹਾਂ ਨੂੰ ਪਤਾ ਸੀ ਕਿ ਇਹਦੇ ਅੰਦਰ ਕੋਈ ਸ਼ੈਅ ਲੁਕੀ ਏ, ਜਿਹੜੀ ਇਹਨੂੰ ਟਿਕਣ ਨਹੀਂ ਦੇਂਦੀ। ਹਫ਼ਤੇ



'ਚ ਇੱਕ-ਦੋ ਵੇਰੀਂ ਉਹ ਆਪ ਹੀ ਕਹਿ ਦੇਂਦੇ ਸਨ ਕਿ ਭਲਿਆ ਲੋਕਾ! ਜਾਹ, ਜਾ ਕੇ ਫਿਰ ਟੁਰ ਆ! ਹਾਏ, ਮੇਰੇ ਨਾਲ਼ ਉਨ੍ਹਾਂ ਦੀ ਕਿੰਨੀ ਮੁਹੱਬਤ ਸੀ। ਸਮਝੋ, ਮੇਰੀ ਮਾਂ, ਮੇਰਾ ਪਿਓ ਤੇ ਉਹ ਹੀ ਸਨ। ਪੀਰ ਹੁਰੀਂ, ਜਦ ਦੀ ਮੈਂ ਸੁਰਤ ਸੰਭਾਲੀ ਏ, ਮੈਨੂੰ ਲਾਡ ਕਰਦੇ ਤੇ ਮੇਰੀਆਂ ਫ਼ਰਮਾਇਸ਼ਾਂ ਮੰਨਦੇ ਹੀ ਮੈਂ ਡਿੱਠਾ ਏ। ਮਾਂ ਮੇਰੀ ਤੇ ਮੈਂ ਡਿੱਠੀ ਨਹੀਂ, ਖੌਰੇ ਕਿਹੋ ਜਿਹੀ ਹੋਏਗੀ? ਪਰ ਜੇ ਹੁੰਦੀ ਤਾਂ ਪੀਰ ਹੁਰਾਂ ਵਰਗੀ ਹੀ ਹੋਣੀ ਸੀ। ਸ਼ੈਤ ਕੁਝ ਵੱਖਰੀ ਹੀ ਹੁੰਦੀ...ਪਤਾ ਨਹੀਂ? ਕੁੜੀਆਂ ਦੀ ਤੇ ਡੇਰੇ 'ਤੇ ਵੀ ਕਮੀ ਨਹੀਂ ਦਿੱਸੀ। ਕੀ ਕੁਆਰੀਆਂ ਤੇ ਕੀ ਵਿਆਹੀਆਂ, ਡੇਰੇ 'ਤੇ ਸਭੇ ਮੱਥਾ ਟੇਕਣ ਆਉਂਦੀਆਂ ਨੇ। ਇਕ ਤੋਂ ਇਕ ਚੜ੍ਹਦੀ, ਬੁੱਢੀ ਇੱਥੇ ਆਉਂਦੀ ਏ। ਵੀਰਵਾਰ ਨੂੰ ਇੱਥੇ ਮੁਲਖ਼ਤ ਕੱਠੀ ਹੋਈ ਹੁੰਦੀ ਏ। ਸ਼ਹਿਰ ਦੇ ਤੇ ਪਿੰਡਾਂ ਦੇ ਕਹਿੰਦੇ-ਕੁਹਾਂਦੇ ਬੰਦੇ ਆਪੋ-ਆਪਣੀਆਂ ਬੁੱਢੀਆਂ ਲੈ ਕੇ ਅਪੜੇ ਹੁੰਦੇ ਨੇ। ਨਾਲ਼ ਕਈ ਵਾਰ ਬਾਲ-ਅੰਞਾਣੇ ਵੀ ਹੁੰਦੇ ਨੇ। ਕਿਵੇਂ ਮਾਪੇ ਉਨ੍ਹਾਂ ਦੀਆਂ ਫ਼ਰਮਾਇਸ਼ਾਂ ਪੂਰੀਆਂ ਕਰਦੇ ਨੇ? ਇੰਜ ਹੀ ਜੋਜਨ ਸਾਈਂ ਹੁਰੀਂ ਮੇਰੀ ਹਰ ਫ਼ਰਮਾਇਸ਼ ਪੂਰੀ ਕਰ ਦਿਆ ਕਰਦੇ ਸਨ। ਉਹ...ਉਹ, ਕੁਲਫ਼ੀਆਂ, ਖੰਡ ਦੇ ਆਲ਼ੇ-ਭੋਲ਼ੇ, ਚਾਬੀ ਆਲ਼ਾ ਬਾਂਦਰ ਤੇ ਚਾਟ ਪਕੌੜੀ। ਪੈਸੇ, ਨਵੇਂ ਲੀੜੇ, ਮੈਨੂੰ ਕੀ ਨਹੀਂ ਮਿਲ਼ਿਆ?"

...ਉਹਦੀ ਸੁਰਤ ਪਰਤਦੀ ਹੈ। ਅੱਜ ਵੀ ਪਿਉ ਨੂੰ ਕਾਫ਼ੀ ਵਟਕ ਹੋਈ ਹੈ। ਅੰਗਰੇਜ਼ ਟੂਰਿਸਟ ਆਉਂਦੇ ਨੇ। ਪਿਉ ਉਹਦਾ ਅੱਗੇ ਹੋ ਕੇ ਹਰਿਮੰਦਰ ਸਾਹਿਬ ਵਾਲ਼ੀ ਫ਼ੋਟੋ-ਫਰੇਮ, ਛੱਲੇ ਵਖਾਈ ਟੁਰੀ ਜਾਂਦਾ ਹੈ। ਉਹ ਪੱਕਾ ਸ਼ਿਕਾਰੀ ਹੈ। ਅੰਗਰੇਜ਼ ਟੂਰਿਸਟ ਬਾਕੀ ਦੇ ਭਾਟੜਿਆਂ ਨੂੰ ਲੱਖ ਨਾਂਹ ਕਰ ਦਏ, ਪਰ ਅੰਗਰੇਜ਼ੀ ਵੱਢਦੇ ਉਹਦੇ ਪਿਉ ਨੂੰ ਬਹੁਤੀ ਦੇਰ ਨਾਂਹ ਨਹੀਂ ਕਰ ਸਕਦਾ। ਪਿਉ ਉਹਦੇ ਨੂੰ ਇਹ ਪਤਾ ਏ। ਉਹ ਟੂਰਿਸਟ ਨਾਲ਼ ਅੰਦਰ ਜੋੜੇ-ਘਰ ਤੱਕ ਟੁਰੀ ਜਾਂਦਾ ਏ; 'ਪਲੀਜ਼ ਸੀ, ਜਸਟ ਸੀ' ਕਰਦਾ। ਪੰਜ ਦੀ ਫ਼ੋਟੋ ਪੰਜਾਹ ਵਿੱਚ ਠੋਕ ਦੇਂਦਾ ਏ। ਜੇ ਕੋਈ ਕਹੇ "ਟੂ ਮੱਚ", ਤਾਂ ਪਾਸਾ ਬਦਲ ਕੇ ਕਹਿ ਦੇਂਦਾ ਏ: "ਜੈਂਟਲਮੈਨ, ਲਿਸਨ ਪਰੋਪਰਲੀ, ਆਈ ਟੋਲਡ ਫ਼ਿਫ਼ਟੀਨ, ਨਾਟ ਫ਼ਿਫ਼ਟੀ।" ਵਿਦੇਸ਼ੀ ਲੋਕ ਉਹਦੇ ਝਾਂਸੇ ਵਿੱਚ ਆ ਜਾਂਦੇ ਨੇ। ਸੋਚਦੇ ਨੇ ਕਿ ਪੰਦਰਾਂ ਵਿੱਚ ਤੇ ਸਸਤਾ ਹੀ ਰਿਹਾ। ਉਹ ਲੈ ਲੈਂਦੇ ਨੇ। ਤਿੰਨਾਂ ਦਾ ਰੁਮਾਲ ਪੰਦਰਾਂ ਵਿੱਚ ਠੋਕ ਕੇ ਉਹ ਘੰਟੇ ਦੋ ਵਿੱਚ ਹੀ ਤਿੰਨ-ਚਾਰ ਸੌ ਵੱਢ ਲੈਂਦਾ ਏ। ਉੱਥੋਂ ਦੇ ਰੋਂਦੇ ਭਾਟੜਿਆਂ ਦੀ ਈਰਖਾ-ਭਰੀ ਤੱਕਣੀ ਦੀ ਪਰਵਾਹ ਕੀਤੇ ਬਿਨਾਂ ਦਿਹਾੜੀ ਪਾ ਕੇ ਟੁਰ ਪੈਂਦਾ ਏ। ਉਹਦੇ ਪੈਰਾਂ ਵਿੱਚ ਗ਼ਜ਼ਬ ਦੀ ਫੁਰਤੀ ਆ ਜਾਂਦੀ ਏ। ਜਲ੍ਹਿਆਂਵਾਲ਼ੇ ਬਾਗ ਤੋਂ ਥੋੜ੍ਹਾ ਪਰ੍ਹੇ ਹੱਟ ਕੇ, ਮਲਕਾਂ ਦੇ ਚੌਂਕ ਕੋਲ ਭੰਗ ਦਾ ਡੋਲੂ ਲੈ ਕੇ ਬੈਠੇ ਨਿਹੰਗਾਂ ਕੋਲੋਂ ਰੁਪਈਏ ਦਾ ਗਲਾਸ ਪੀ ਕੇ ਉਹਦਾ ਪਿਉ ਪੈਦਲ ਹੀ ਸੁਲਤਾਨਵਿੰਡ ਵਾਲ਼ੀ ਜੀ.ਟੀ. ਰੋਡ ਦੀ ਨਹਿਰ 'ਤੇ ਅਪੜ ਜਾਂਦਾ। ਉਹ ਬਥੇਰਾ ਕਹਿੰਦਾ ਕਿ ਟਾਂਗੇ ਚੜ੍ਹ ਚਲੀਏ, ਥ੍ਰੀ-ਵੀਲ੍ਹਰ 'ਤੇ ਬਹਿ ਜਾਈਏ, ਪਰ ਭਾਪਾ ਕਿਥੇ ਸੁਣਦਾ? ਤਾਰਾਂ ਵਾਲ਼ੇ ਨਹਿਰੀ ਪੁਲ 'ਤੇ ਅੱਪੜ ਕੇ ਉਹ ਸ਼ੈਲੀ ਦਲਿਤ ਕੋਲੋਂ ਪੰਜਾਂ ਦੀ ਚਾਹ ਬਣਵਾਂਦਾ। ਇਕ ਕੱਪ ਚਾਹ ਤੇ ਇੱਕ ਸ਼ੱਕਰਪਾਰਾ ਉਹਨੂੰ ਦੇ ਕੇ, ਬਾਕੀ ਸਾਰੀ ਚਾਹ ਦੀ ਕੇਤਲੀ ਤੇ ਮਿੱਠੇ

ਨਾਲ਼ ਭਰੇ ਪੰਜ-ਸੱਤ ਸ਼ਕਰਪਾਰੇ ਖਾ ਕੇ ਉਹ ਸ਼ੈਲੀ ਤੇ ਉਹਦੇ ਪੁੱਤ ਨਾਲ਼ ਹੱਥ-ਮਿਲਾਵਾ ਕਰਦਾ ਤੇ ਫੇਰ ਚੱਲ ਸੋ ਚੱਲ...।

"ਪਿਉ ਕਾਹਦਾ ਏ,... ਦਾ... ਏ!" ਉਹ ਖਿੱਝ ਕੇ ਸੋਚਦਾ ਤੇ ਘਿਣ ਨਾਲ਼ ਥੁੱਕਦਾ। ਫੇਰ ਉਹਨੂੰ ਤਾਬੇ ਸ਼ਾਹ ਦੀਆਂ ਗੱਲਾਂ ਯਾਦ ਆਉਣ ਲੱਗਦੀਆਂ, ਜਿਹੜੀਆਂ ਉਹ ਨਸ਼ੇ ਦੇ ਲੋਰ ਵਿੱਚ ਉਹਦੇ ਪਿਉ ਦੀ ਗ਼ੈਰਹਾਜ਼ਰੀ ਵਿੱਚ ਉਹਨੂੰ ਸੁਣਾਂਦਾ:

"ਉਰ੍ਹੇ ਆ ਉਏ ਛਲਾਰੂ। ਸੁਣ! ਭਾਪਾ ਤੇਰਾ ਪਤਾ ਈ ਕੌਣ ਈ? ਪਤਾ ਈ? ਲੈ ਸੁਣ। ਉਹ ਲੂਣ ਮੰਡੀ ਦਾ ਪ੍ਰਕਾਸ਼ਾ ਸਿੰਘ ਸਚਦੇਵੇ ਈ...ਮਸ਼ਹੂਰ ਵਪਾਰੀ ਹਜ਼ੂਰਾ ਸਿੰਘ ਸਚਦੇਵੇ ਦਾ ਪੁੱਤਰ ਈ। ਬਾਬਾ ਤੇਰਾ ਤੇ ਖੌਰੇ ਵੀਹ ਵਰ੍ਹੇ ਹੋ ਗਏ ਨੇ, ਮਰ-ਖਪ ਗਿਆ ਸੀ ਤੇਰੇ ਪਿਉ ਦੇ ਦੁੱਖੋਂ। ਬਾਰਦਾਨੇ ਦਾ ਵਪਾਰੀ ਸੀ। ਤੇਰੀ ਦਾਦੀ ਪਹਿਲੋਂ ਮਰ ਗਈ ਸੀ। ਏਹੀ ਪਿਉ ਤੇਰਾ, ਜਿਹੜਾ ਇੱਥੇ ਸਾਈਂ ਪਾਸ਼ਾ ਕਹਾਉਂਦਾ ਈ, ਜਵਾਨੀ ਵਿੱਚ ਮੂੰਹ-ਸਿਰ ਮੁੰਨਾ ਕੇ ਬੱਤੀਆਂ ਪੀਣ ਲੱਗ ਪਿਆ ਸੀ। ਮਾਂ-ਪਿਉ ਕਦੀ ਘਰੋਂ ਕੱਢ ਦੇਂਦੇ, ਕਦੀ ਲੈ ਆਉਂਦੇ। ਦੋ ਇਹਦੇ ਵੱਡੇ ਭਰਾ ਸਨ, ਜਿਹੜੇ ਰੱਬੋਂ ਹੀ ਪੱਕੇ ਵਪਾਰੀ ਸਨ। ਉਹ ਇਹਦੀ ਅੱਧ 'ਤੇ ਵੀ...ਨਹੀਂ ਸਨ ਮਾਰਦੇ। ਇਹ ਪਹਿਲਾਂ ਤੇ ਲੁਕ-ਛਿਪ ਕੇ, ਫੇਰ ਸ਼ਾਹਦੀ ਹੀ ਨਸ਼ੇ ਪੀਣ ਲੱਗ ਪਿਆ। ਪਿਉ ਏਹਨੂੰ ਝੂਰਦਾ ਮਰ ਗਿਆ। ਭਰਾਵਾਂ ਜਾਇਦਾਦ ਸਾਂਭ ਲਈ ਤੇ ਹਿੱਸੇ ਵਿੱਚ ਸਿਰਫ਼ ਇੱਕ ਨਿੱਕੀ-ਜਿਹੀ ਹੱਟੜੀ ਇਹਨੂੰ ਲੂਣ ਮੰਡੀ ਵਿੱਚ ਦੇ ਦਿੱਤੀ। ਇਹ ਉਹਨੂੰ ਕਦੀ ਖੋਹਲਦਾ, ਕਦੀ ਮਹੀਨਿਆਂ ਤੱਕ ਬੰਦ ਰੱਖਦਾ। ਵਿਆਹ ਕਿੱਥੋਂ ਹੋਣਾ ਸੀ? ਅੰਤ ਇਹ ਆਪ ਹੀ ਜਦੋਂ ਤੀਹਾਂ ਨੂੰ ਢੁੱਕਿਆ ਤਾਂ ਕਿਧਰੇ ਸ਼੍ਰੀਨਗਰ ਵੱਲ ਸਸਤੀ ਚਰਸ ਲੈਣ ਗਿਆ, ਉਥੋਂ ਕਿਸੇ ਗ਼ਰੀਬ ਕਸ਼ਮੀਰੀ ਸਿੱਖ ਦੀ ਕੰਨਿਆ ਲੈ ਆਇਆ। ਉਨ੍ਹਾਂ ਵੀ ਪੁੰਨ ਦਾ ਸਾਕ ਈ ਦਿੱਤਾ। ਬੜੀ ਮੁਸ਼ਕਲ ਨਾਲ਼ ਕਿਤੇ ਇੱਕੋ ਬਾਲ ਹੋਇਆ, ਉਹ ਤੂੰ ਸੈਂ। ਭਾਪਾ ਤੇਰਾ ਉਹਨੂੰ ਗ਼ਲਤ-ਸ਼ਲਤ ਸਾਧਨਾਂ ਨਾਲ਼ ਕੁਛ ਜਾਦਾ ਈ ਤੰਗ ਕਰਦਾ ਸੀ। ਇਕ ਦਿਨ ਉਹ ਤੈਨੂੰ ਤੇ ਤੇਰੇ ਭਾਪੇ ਨੂੰ ਛੱਡ, ਐਸੀ ਕਸ਼ਮੀਰ ਪਰਤੀ ਕਿ ਭਾਪਾ ਤੇਰਾ ਟੱਕਰਾਂ ਮਾਰ ਹੱਟਿਆ ਪਰ ਉਹ ਲੱਭੀ ਨਹੀਂ। ਪੇਕੇ ਵੀ ਨਹੀਂ ਗਈ। ਇੱਧਰ ਤੇਰੇ ਭਾਪੇ ਦਾ ਇਸ ਡੇਰੇ ਆਉਣ ਜਾਣ ਸੀ। ਜੋਜਨ ਸਾਈਂ ਨਾਲ਼ ਤੇਰੇ ਭਾਪੇ ਦਾ ਬੜਾ ਜੋੜ ਪੈ ਗਿਆ। ਭਰਾਵਾਂ ਦੀ ਕੁੱਟ ਦਾ ਝੰਬਿਆ, ਜਵਾਨੀ ਗਵਾ ਕੇ, ਪਰ ਤੈਨੂੰ ਬਚਾ ਕੇ, ਪਿਉ ਤੇਰਾ ਜੋਜਨ ਸਾਈਂ ਕੋਲ਼ ਪੱਕਾ ਆ ਗਿਆ। ਦੁਕਾਨ ਵੇਚ ਕੇ ਜਿਹੜੇ ਪੈਸੇ ਮਿਲ਼ੇ, ਉਹ ਸਾਈਂ ਨੂੰ ਫੜਾ ਦਿੱਤੇ। ਜੋਜਨ ਸਾਈਂ ਨੇ ਵੀ ਕਦੀ ਪੈਸੇ ਦਾ ਮੋਹ ਨਹੀਂ ਸੀ ਕੀਤਾ। ਇਸ ਮਗਰੋਂ ਜਿੰਨੇ ਮੰਗੇ, ਸਾਈਂ ਨੇ ਫੱਟ ਤੱਪੜ ਚੁੱਕਿਆ ਤੇ ਇਹਨੂੰ ਫੜਾ ਦੇਣੇ। ਇਹ ਵੀ ਭੇਤ ਈ ਸੀ ਕਿ ਜੋਜਨ ਸਾਈਂ ਕੋਲ਼ੋਂ ਅਸੀਂ ਜਿੰਨਾ ਮੰਗਦੇ, ਜਦੋਂ ਮੰਗਦੇ, ਭਾਵੇਂ ਦਿਨ ਤੇ ਭਾਵੇਂ ਰਾਤ ਹੋਵੇ, ਜੋਜਨ ਸਾਈਂ ਦੇ ਤੱਪੜ ਥੱਲਿਓਂ ਉਨੇ ਹੀ ਨਿਕਲਣੇ, ਜਿੰਨੇ ਅਸੀਂ ਮੰਗਣੇ। ਸੋ ਪੁੱਤਰਾ, ਪਿਉ ਤੇਰੇ ਨੂੰ ਫੇਰੀ ਲਾਣ ਦਾ



ਠਰਕ ਈ, ਜਿਹੜਾ ਸਾਈਂ ਨੇ ਬੁੱਝ ਲਿਆ ਸੀ। ਸਾਈਂ ਨੇ ਤੈਨੂੰ ਆਪਣੀ ਝੋਲ਼ੀ ਪਾ ਲਿਆ ਸੀ, ਜਦੋਂ ਅਜੇ ਤੂੰ ਮਸਾਂ ਸਾਲ ਕੁ ਦਾ ਚੂੰਆ ਜਿਹਾ ਸੈਂ...!"

ਉਸ ਪੀਰ ਤਾਬੇ ਸ਼ਾਹ ਦੀਆਂ ਸੁਣਾਈਆਂ ਨੂੰ ਕਦੇ ਵਿਸਾਰਿਆ ਨਹੀਂ ਸੀ। ਅਕਸਰ ਆਪਣੀ ਮਾਂ ਬਾਰੇ ਸੋਚਦਾ ਰਹਿੰਦਾ। ਖ਼ਿਆਲਾਂ ਵਿੱਚ ਹੀ ਕਦੀ ਕਸ਼ਮੀਰ ਘੁੰਮਦਾ, ਜਿੱਥੇ ਕਿਤੇ ਉਹਦੀ ਮਾਂ ਰਹਿ ਰਹੀ ਏ। ਸ਼ਾਇਦ ਜੀਂਦੀ ਏ ਕਿ ਹੁਣ...? ਪਿਉ ਉਹਦੇ ਨੇ ਕਦੀ ਉਸ ਨਾਲ਼ ਦਿਲ ਹੌਲਾ ਨਹੀਂ ਕੀਤਾ। ਜ਼ਿੰਦਗੀ ਦਾ ਇਹ ਪਾਸਾ ਉਸ ਨਾਲ਼ ਸਾਂਝਾ ਨਹੀਂ ਕੀਤਾ। ਬੜਾ ਭੇਤ ਰੱਖਦਾ ਏ ਭਾਪਾ ਉਹਦੇ ਕੋਲੋਂ... ਤੇ ਉਹ ਭਾਪੇ ਕੋਲੋਂ...।

ਅਚਾਨਕ ਉਹਦਾ ਹਾਸਾ ਨਿਕਲ਼ ਜਾਂਦਾ ਹੈ: "ਭਾਪਾ ਸਮਝਦੈ ਕਿ ਉਹਦੇ ਸਾਰੇ ਭੇਤ ਜਿਵੇਂ ਉਹਨੂੰ ਪਤਾ ਨੇ। ਪਰ ਭਾਪਾ ਕੀ ਜਾਣੇ ਕਿ ਉਹਦਾ ਕੱਖ ਵੀ ਉਹਨੂੰ ਪਤਾ ਨਹੀਂ। ਭਾਪੇ ਨੇ ਬੱਸ ਇੱਕੋ ਵਾਰ ਹੀ ਜਾ ਕੇ ਭੱਪ ਖੁਸਰੇ ਨੂੰ ਮਾੜਾ-ਜਿਹਾ ਤਾੜ ਦਿੱਤਾ ਤੇ ਸਮਝ ਲਿਆ ਕਿ ਮੈਂ ਮੁੰਡੇ ਦਾ ਰਾਹ ਰੋਕ ਲਿਆ ਏ। ਪਰ ਉਹਨੂੰ ਝੱਡੂ ਨੂੰ ਕੀ ਪਤੈ? ਮੈਂ ਕਿਹੜਾ ਕੱਲਾ ਭੱਪ ਖੁਸਰੇ ਦੇ ਆਸਰੇ ਆਂ। ਸੰਧੂਆਂ ਦੇ ਫ਼ਾਰਮ 'ਤੇ ਆਲੂ ਪੁੱਟਣ ਵਾਲ਼ੀਆਂ ਟਰਾਲੀਆਂ ਭਰ-ਭਰ ਕੇ ਆਉਂਦੀਆਂ ਨੇ। ਜਿਹਨੂੰ ਮਰਜ਼ੀ...ਬਸ ਦਸਾਂ, ਵੀਹਾਂ ਦਾ ਇਕ ਨੋਟ ਵਿਖਾ ਦੇਵਾਂ। ਪਰ ਮੇਰਾ ਤੇ ਜਿਵੇਂ ਜਨਾਨੀਆਂ ਕੋਲ ਜਾਣ ਦਾ ਮਨ ਹੀ ਨਹੀਂ ਕਰਦਾ। ਦੋ, ਤਿੰਨ ਵਾਰ ਕਿੱਛੀ ਪੰਡਤ ਤੇ ਜਜੀ ਫ਼ੁਕਰਾ ਲੈ ਗਏ ਸਨ। ਬਿਜਲੀ ਬੋਰਡ ਵਾਲ਼ਿਆਂ ਨੂੰ ਜਨਾਨੀ ਦੀ ਬੜੀ ਭੁੱਖ ਏ। ਮੈਂ ਦੋ-ਤਿੰਨ ਵਾਰ ਗਿਆਂ ਉਨ੍ਹਾਂ ਨਾਲ਼...ਤੇ ਬੱਸ। ਮੈਂ ਮੁੜਕੇ ਹੱਥ ਜੋੜ ਛੱਡੇ ਨੇ। ਸਾਰਿਆਂ ਨਾਲ਼ੀ...ਤੇ ਉਹ ਵੀ ਬਾਰ-ਬਾਰ ਇੱਕੋ ਕੋਲ਼? ਉਸੇ ਮੂਰਖਾਂ ਵਾਲ਼ੇ ਢੰਗਾਂ ਨਾਲ਼...। ਐਵੇਂ ਤੇ ਨਹੀਂ ਮੈਂ ਭੱਪ ਕੋਲ ਜਾਂਦਾ ਰਿਹਾਂ...! ਜਨਾਨੀ ਨਾਲ਼ੋਂ ਵੱਧ ਸਵਾਦ ਦੇਂਦੈ ਭੱਪ। ਨਾਲ਼ੇ ਹੁਣ ਤੇ ਉਹਦੇ ਡੇਰੇ 'ਤੇ ਕਾਂਤਾ ਪਟਾਕਾ ਵੀ ਆ ਗਈ ਏ। ਰਾਜ ਹੀ ਉਹਦਾ ਚਲਦੈ...। ਉਹ ਵੀ ਮੈਨੂੰ ਵੇਖਦਿਆਂ ਹੀ ਖਿੜ ਜਾਂਦੀ ਏ।"

"ਉਏ ਭਾਊ ਉਏ...ਏ...ਏ।" ਉਹਦੀ ਸੁਰਤ ਟੁੱਟ ਜਾਂਦੀ ਹੈ। ਪਰ੍ਹੇ ਦੋ ਟਰੱਕਾਂ ਵਾਲ਼ੇ ਆ ਖੜੋਤੇ ਨੇ। ਇਕ ਆਪਣੇ ਕਲੀਨਰ ਨੂੰ 'ਵਾਜ਼ ਮਾਰ ਰਿਹੈ। ਹੁਣ ਇਹ ਟਰੱਕ ਜੀ.ਟੀ. ਰੋਡ 'ਤੇ ਛੱਡ ਕੇ ਡੇਰੇ ਆਉਣਗੇ ਤੇ ਸੌ ਪੰਜਾਹ ਦੀ ਭੇਟ ਕਰਕੇ ਜਾਣਗੇ। ਬਹੁਤੇ ਤਾਂ ਜੰਮੂ ਵੱਲੋਂ ਆਉਂਦਿਆਂ ਸਾਈਂ ਨੂੰ ਗੋਲ਼ੀ ਵੀ ਦੇ ਜਾਂਦੇ ਨੇ। ਡੇਰੇ ਵਿੱਚ ਪੱਕੀ ਸਿਗਟ ਇਨ੍ਹਾਂ ਵਰਗਿਆਂ ਦੇ ਆਸਰੇ ਹੀ ਤੁਰਦੀ ਏ। ਗਾਂਜਾ ਤੇ ਕਈ ਵਾਰ ਇਹ ਪਾਈਆ-ਅੱਧਾ ਕਿਲੋ ਦੀ ਪੁੜੀ ਵਿੱਚ ਹੀ ਫੜਾ ਜਾਂਦੇ ਨੇ, ਪਰ ਗੋਲ਼ੀ ਮਹਿੰਗੀ ਏ। ਸ਼ਾਇਦ ਇਸੇ ਗੋਲ਼ੀ ਦੇਣ ਵਾਲ਼ੇ ਨੂੰ ਸਾਈਂ ਦੁਹਰਾ ਆਸ਼ੀਰਵਾਦ ਦੇਂਦੈ।

"ਇਹ ਸਾਈਂ ਤਾਬੇ ਸ਼ਾਹ ਵੀ ਮਸਤ ਚੀਜ਼ ਹੈ... ਭਾਵੇਂ ਜੋਜਨ ਸਾਈਂ ਵਰਗਾ ਤੇ ਧਰਮੀ ਨਹੀਂ ਏ, ਪਰ ਬਦਰੂਹਾਂ ਵੱਸ ਵਿੱਚ ਕਰਨ ਜੋਗਾ ਤੇ ਇਲਮ ਇਸ ਕੋਲ਼ ਹੈ ਵੇ। ਮੇਰੇ ਪਿਉਂ ਤੋਂ ਤਾਂ ਖਰੈ।" ਉਹਦੀ ਸੁਰਤ ਤੁਰਦੀ ਰਹਿੰਦੀ ਏ।

"ਟਰੱਕਾਂ ਵਾਲ਼ਿਆਂ ਤੋਂ ਸਦਾ ਬਚ ਕੇ... ਇਕ ਵਾਰ ਇਹ ਕੋਈ ਭਈਆਣੀ ਲੈ ਆਏ ਸਨ ਉਧਰੋਂ ਯੂ.ਪੀ., ਸੀ.ਪੀ. ਵੱਲੋਂ। ਉਹਨੂੰ ਵਰਤ-ਵੁਰਤ ਕੇ ਮਾਰ ਕੇ ਇੱਥੋਂ ਡੇਰੇ ਤੋਂ ਮੀਲ ਕੁ ਦੀ ਵਿੱਥ 'ਤੇ ਸੁੱਟ ਗਏ ਸਨ। ਇਹ ਗੱਲਾਂ ਸ਼ੈਤ ਸੱਤਰ ਤੋਂ ਪਹਿਲਾਂ ਦੀਆਂ ਨੇ!" ਸਾਈਂ ਤਾਬੇ ਸ਼ਾਹ ਅਕਸਰ ਉਨ੍ਹਾਂ ਨੂੰ ਦੱਸਦਾ।

"ਕਈ ਵਾਰ ਬਿੱਟੂ ਬਿਜਲੀ ਬੋਰਡ ਵਾਲ਼ਾ ਦੱਸਦੈ ਪਈ ਰਾਤ ਨੂੰ ਜਦ ਅਸੀਂ ਡੇਰੇ ਦੇ ਬਾਹਰ ਸੌਂ ਜਾਈਦਾ ਸੀ, ਖਾਸ ਕਰ ਭਾਦਰੋਂ ਦੀਆਂ ਗਰਮ, ਹੁੰਮਸ ਵਾਲ਼ੀਆਂ ਰਾਤਾਂ ਵਿੱਚ। ਉਦੋਂ ਕਈ ਵਾਰ ਅੱਧੀ ਰਾਤ ਸਾਡੇ ਆਲ਼ੇ-ਦੁਆਲ਼ੇ ਕੋਈ ਪੂਰਬਣ ਨੱਚਦੀ। ਨੱਚਦੀ-ਨੱਚਦੀ ਘੱਗਰਾ ਚੁੱਕ ਕੇ ਆਖਦੀ-"ਆ ਜਾ ਰੇ! ਮੇਰੇ ਸੇ ਬੁਰਾ ਕਾਮ ਕਰ ਲੇ।"

ਬਿੱਟੂ ਦੀ ਦਾੜ੍ਹੀ ਚਿੱਟੀ ਹੋ ਗਈ ਇੱਥੇ ਆਉਂਦੇ ਦੀ। ਝੂਠ ਨਹੀਂ ਬੋਲ ਸਕਦਾ। ਉਹ ਅਕਸਰ ਪੁੱਛਦਾ, "ਬਿੱਟੂ ਭਾ ਜੀ, ਹੁਣ ਨਹੀਂ ਦਿੱਸੀ ਕਦੀ?" ਇਸ ਗੱਲ 'ਤੇ ਬਿੱਟੂ ਸਰਗੋਸ਼ੀ ਕਰਦਾ ਆਖਦਾ, "ਸਾਈਂ ਜੋਜਨ ਨੂੰ ਜਦੋਂ ਪਤਾ ਲੱਗਾ, ਇਕ ਰਾਤ ਉਹ ਤੇ ਤਾਬੇ ਸ਼ਾਹ ਸੜਕ 'ਤੇ ਸੁੱਤੇ ਸਨ। ਅੱਧੀ ਰਾਤ ਉਨ੍ਹਾਂ ਭਈਅਣ ਦੀ ਆਤਮਾ ਬੁਲਾ ਕੇ ਮਿੱਟੀ ਕੇ ਕੁੱਜੇ 'ਚ ਪਾ ਲਈ ਤੇ ਪੀਰ ਖ਼ਾਜਾ ਖ਼ਿਜ਼ਰ ਦੇ ਹਵਾਲੇ ਕਰ ਆਏ ਸਨ।"

ਤਾਬੇ ਸ਼ਾਹ ਦੇ "ਕਰਨੀ ਵਾਲ਼ੇ" ਜਾਂ "ਤਾਕਤਵਰ" ਹੋਣ ਬਾਰੇ ਜਦ ਵੀ ਕਦੀ ਉਹ ਸੁਣਦਾ, ਬੇਚੈਨ ਹੋ ਜਾਂਦਾ। ਉਹਨੂੰ ਜਾਪਦਾ ਕਿ ਇਹ ਕੀ ਬਕਵਾਸ ਏ? ਕੋਈ ਕਰਨੀ, ਕੋਈ ਤਾਕਤ, ਕੋਈ ਪੀਰ ਨਹੀਂ ਹੁੰਦਾ! ਸ਼ੈਤ ਬੰਦੇ ਦੇ ਅੰਦਰ ਹੀ ਬਦਰੂਹ ਤੇ ਅੰਦਰ ਹੀ ਕਿਤੇ ਸਾਈਂ ਬੈਠਾ ਹੁੰਦੈ। ਜੇ ਪੀਰ-ਸਾਈਂ ਏਨੇ ਕਰਨੀ ਵਾਲ਼ੇ ਹੁੰਦੇ, ਪਾਸ਼ੇ, ਉਹਦੇ ਪਿਉ ਦੀ ਖ਼ਾਤਰ, ਉਹਦੀ ਖ਼ਾਤਰ, ਕਸ਼ਮੀਰੋਂ ਉਹਦੀ ਮਾਂ ਨੂੰ ਨਾ ਖਿੱਚ ਕੇ ਲੈ ਆਉਂਦੇ? ਉਹਨੂੰ ਨਾ ਕੁੱਜੇ ਵਿੱਚ ਬੰਦ ਕਰਦੇ? ਤੇ ਜਿੱਥੋਂ ਤੱਕ ਤਾਬੇ ਸ਼ਾਹ ਦਾ ਤਾਲੁੱਕ ਏ, ਉਹ ਤੇ ਰੱਜ ਕੇ ਸੂਟਾ ਪੀਂਦੈ। ਹਾੜ੍ਹ ਦੇ ਹਾੜ੍ਹ, ਜਦੋਂ ਸਲਾਨਾ ਮੇਲਾ ਲੱਗਦੈ, ਮੇਲੇ 'ਚ ਆਏ ਸਭ ਤੋਂ ਸੋਹਣੇ ਨੱਚਾਰ ਦੀ ਦੋ ਦਿਨ ਲਗਾਤਾਰ... ਮਾਰਦੈ, ਅਗਲਾ ਭਾਵੇਂ ਮੰਨੇ, ਭਾਵੇਂ ਨਾ। ਫੇਰ ਹਰ ਮਹੀਨੇ ਦੇ ਅਖ਼ੀਰਲੇ ਸ਼ਨੀਵਾਰ ਅੰਗੂਠੇ 'ਤੇ ਕਰੁੰਡੀਆਂ ਸੱਪ ਲੜਵਾਂਦੈ, ਨਾਥਾਂ ਦੀ ਬਗ਼ੀਚੀ ਜਾ ਕੇ...ਉਹਦਾ ਇਹਨੂੰ ਦਸ ਕੁ ਦਿਨ ਵਾਹਵਾ ਨਸ਼ਾ ਚੜ੍ਹਿਆ ਰਹਿੰਦੈ। ਫੇਰ ਜਦੋਂ ਜੀਅ ਕਰੇ, ਮੇਰੇ ਪਿਉ ਨੂੰ ਲੈ ਕੇ ਸਾਹਮਣੇ ਬਾਈਪਾਸ 'ਤੇ ਜਾਂਦੈ, ਮੇਜੋ ਚਾਹ ਵਾਲ਼ੀ ਦੀ ਦੁਕਾਨ 'ਤੇ। ਮੇਜੋ ਕਹਿੰਦੀ-ਕੁਹਾਂਦੀ ਰੰਨ ਐ ਤੇ ਇਹ ਦੋਹੇਂ, ਏਨੇ ਕੁੱਤੇ ਦੇ ਵੱਢੇ ਐ, ਪਈ ਨਾਗਣੀ ਦੀ ਇੱਕ-ਇੱਕ ਗੋਲ਼ੀ ਖਾ ਕੇ ਉਹਦੇ ਕੋਲ਼ ਟੁਰ ਜਾਂਦੇ ਐ। ਮੈਨੂੰ ਦਿਆਲੇ, ਉਹਦੇ ਘਰ ਵਾਲ਼ੇ ਨੇ ਕਈ ਵਾਰ ਹੱਸਦਿਆਂ ਦੱਸਿਐ, ਪਈ ਉਹ ਦੋਹਾਂ ਦੀ ਭੀਂ ਬੁਲਾ ਦੇਂਦੀ ਐ। ਪਾਸ਼ੇ, ਉਹਦੇ ਪਿਉ ਨੂੰ ਤੇ ਕਈ ਵਾਰ ਉਹ... 'ਤੇ ਲੱਤ ਮਾਰ ਕੇ ਕੱਢ ਚੁੱਕੀ ਐ। ਤਾਬੇ ਸ਼ਾਹ ਨੂੰ ਲੱਤ ਨਹੀਂ ਮਾਰਦੀ, ਉਸ ਦੇ ਇਲਮ ਤੋਂ ਡਰਦੀ ਐ। ਪਰ ਉਹਦੇ ਜਾਣ ਤੋਂ ਬਾਅਦ ਉਹਨੂੰ ਮਣ-ਮਣ ਦੀ ਗਾਲ਼ ਕੱਢਦੀ ਐ।



ਉਹਦਾ ਹਾਸਾ ਨਿਕਲ਼ ਜਾਂਦਾ ਹੈ। ਪਿਉ ਦੇ ਤੇ ਸਾਈਂ ਤਾਬੇ ਦੇ ਖੱਜਲ ਹੋਣ ਦਾ ਉਹਦੇ ਅੰਦਰ ਕਿਤੇ ਗਹਿਰਾ ਸੰਤੋਖ ਹੈ। ਉਹਨੂੰ ਲੱਗਦਾ ਹੈ ਕਿ ਕਿਤੇ ਨਾ ਕਿਤੇ ਸਭ ਐਵੇਂ ਹੀ ਹੈ। ਇਹ ਸੰਸਾਰ ਬੱਸ ਐਵੇਂ ਦੀ ਖੇਡ ਹੈ। ਸਾਈਂ ਜੋਜਨ ਸਨ ਅਸਲੀ ਪੀਰ। ਉਹ ਸੱਚੀਂ ਹੀ ਏਸ ਦੁਨੀਆਂ ਨੂੰ ਐਵੇਂ ਦੀ ਖੇਡ ਕਹਿੰਦੇ ਸਨ। ਉਹ ਜਦੋਂ ਵੀ ਤਾਬੇ ਸ਼ਾਹ, ਪਾਸ਼ੇ, ਉਹਦੇ ਪਿਉ ਨਾਲ਼ ਤੇ ਹੋਰ ਫੱਕਰਾਂ ਨਾਲ਼ ਦੁਪਹਿਰੇ ਰਲ ਕੇ ਬਹਿੰਦੇ ਤੇ ਚਿਲਮ ਸ਼ੁਰੂ ਕਰਦੇ (ਉਹ ਸਿਗਟ ਨਹੀਂ ਸਨ ਪੀਂਦੇ) ਹਰ ਵਾਰੀ ਚਿਲਮ ਫੇਰਨ ਤੋਂ ਪਹਿਲਾਂ ਇਹੀ ਸਤਰਾਂ ਗੌਂਦੇ ਸਨ:

"ਚਿਲਮ ਕਹੇ ਮੈਂ ਆਪ ਜਵਾਲਾ
ਮੇਰੇ ਸਿਰ 'ਤੇ ਲਾਟਾਂ ਬਲ਼ਨ
ਨੜੀ ਕਹੇ ਮੈਂ ਆਪ ਨਰਾਇਣ
ਮੈਨੂੰ ਲੈਂਦਿਆਂ ਈ ਬਾਹੋਂ ਫੜਨ।"

ਉਦੋਂ ਭਾਵੇਂ ਉਹ ਨਿੱਕਾ ਬਾਲਕਾ ਸੀ, ਪਰ ਸਾਈਂ ਜੋਜਨ ਦਾ ਅੱਖਰ-ਅੱਖਰ ਉਹਨੂੰ ਯਾਦ ਸੀ। ਕਿਸੇ ਰੱਟੇ ਹੋਏ ਸਬਕ ਵਾਂਗ। ਫੇਰ ਜਦੋਂ ਚਿਲਮ ਵਿਚਲਾ ਸੁਲਫ਼ਾ ਚਿੱਟੀ ਧੂੰਏਂ ਦੀ ਲਾਟ ਲੈ ਕੇ ਹਵਾ ਵਿੱਚ ਡਿੱਕੋ-ਡੋਲੇ ਖਾਂਦਾ, ਉੱਡਦਾ, ਲਾਲ ਸੁਰਖ਼ ਅੱਖਾਂ ਆਪਣੇ ਮੁਰੀਦਾਂ ਵੱਲ ਕਰਕੇ ਪੀਰ ਹੁਰੀਂ ਫਰਮਾਂਦੇ:

"ਸਾਈਂ ਬੁੱਲ੍ਹਾ ਤਰੀਕਤ ਦੇ ਦਰ 'ਤੇ ਤਾਂ ਇਹ ਆਖਦੈ, ਹਕੀਕਤ ਤੇ ਜਾ ਕੇ ਕੀ ਕਹਿੰਦੈ...?"

ਨਸ਼ੇ ਵਿੱਚ ਟੁੰਨ ਹੋਏ ਵਿਹਲੜ ਫੱਕਰ ਤੇ ਮਲੰਗ ਕੀ ਜਵਾਬ ਦੇਂਦੇ? ਉਹ ਬੌਂਤਰਾਂ ਵਾਂਗ ਸਾਈਂ ਵੱਲ ਝਾਕਦੇ। ਉਹਨੂੰ ਨਿੱਕੇ ਬੱਚੇ ਨੂੰ ਉਦੋਂ ਹੀ ਬੁਰਾ ਲਗਦਾ ਸੀ। ਹਾਰ ਕੇ ਉਹ ਹੀ ਆਖਦਾ, "ਸਾਈਂ ਜੀ, ਫੇਰ ਬੁੱਲ੍ਹਾ ਕੀ ਕਹਿੰਦੈ?"

ਸਾਈਂ ਹੱਸਦਾ ਤੇ ਕਹਿੰਦਾ, "ਇਹ ਮੇਰਾ ਕਾਕੇ ਸ਼ਾਹ ਈ। ਸ਼ਾਹਾਂ ਦਾ ਸ਼ਾਹ! ਸਾਈਂ ਕਾਕਾ ਸ਼ਾਹ! ਇਹ ਡੇਰਾ ਅੰਤ ਏਨੇ ਸਾਂਭਣੈ...। ਪੁੱਤ, ਚੇਤੇ ਰੱਖੀਂ! ਏਸ ਡੇਰੇ 'ਤੇ ਇੱਕ ਦਿਨ ਇੰਡੀਆ ਦਾ ਰਾਜਾ ਵੀ ਆਊ ਚੱਲ ਕੇ। ਪਰ ਮੈਂ, ਤੂੰ ਨਹੀਂ ਹੋਣਾ।

"ਪਰ ਸਾਈਂ ਜੀ। ਬੁੱਲ੍ਹਾ ਕੀ ਕਹਿੰਦੈ?" ਉਹਦੇ ਅੰਦਰੋਂ ਹਕੀਕਤ ਵਾਲ਼ੀ ਗੱਲ ਨਾ ਨਿਕਲ਼ਦੀ ਤੇ ਉਹ ਫੇਰ ਪੁੱਛਦਾ।

"ਪੁੱਤ, ਬੁੱਲ੍ਹਾ ਕਹਿੰਦੈ
ਬੁੱਲ੍ਹਿਆ ਜੇ ਚਾਹਵੇਂ ਕੁੰਟ ਸੁਧਾਰਿਆ
ਨਾਉਂ ਸਾਈਂ ਦਾ ਸੀਨੇ ਧਰ
ਤੇ ਪੀ ਤਮਾਕੂ ਤੇ ਚਿਲਮਾਂ ਭਰ

ਏਨਾ ਕਹਿ ਕੇ ਸਾਈਂ ਜੋਜਨ ਹੱਸਦੇ ਤੇ ਨਸ਼ੇ ਵਿੱਚ ਅੱਖਾਂ ਮੀਟ ਲੈਂਦੇ। ਮੁਰੀਦ ਨਾਲ਼ੋਂ-ਨਾਲ਼ ਸਿਰ ਹਿਲਾਈ ਜਾਂਦੇ। ਉਹ...ਉਹ ਵੀ ਡੂੰਘੀ ਸੋਚ ਵਿੱਚ ਲਹਿ ਜਾਂਦਾ।

ਉਸ ਡੇਰੇ ਨੇ, ਡੇਰੇ ਤੇ ਲੱਗਦੇ ਮੇਲਿਆਂ ਨੇ, ਉਰਸ ਦੀਆਂ ਰੌਣਕਾਂ ਨੇ, ਉਹਨੂੰ ਕਿੰਨਾ ਕੁਛ ਦਿੱਤਾ ਸੀ: "ਹਰ ਮਹੀਨੇ ਦੇ ਅਖ਼ੀਰਲੇ ਐਤਵਾਰ ਮੱਲ ਆਉਂਦੇ

ਤੇ ਸਵੇਰ ਤੋਂ ਦੁਪਿਹਰ ਤੱਕ ਕੁਸ਼ਤੀਆਂ ਚੱਲਦੀਆਂ। ਸ਼ਾਮ ਨੂੰ ਮੱਲ ਹੱਟਦੇ ਤੇ ਢੋਲਕੀ, ਚਿਮਟਾ ਲੈ ਕੇ ਚੌਹਾਨਾਂ ਤੋਂ ਆਏ ਮਰਾਸੀਆਂ ਦੇ ਟੱਬਰ ਗੌਣ ਲੱਗ ਪੈਂਦੇ..."ਵੇ ਸੌਦਾ ਇਕੋ ਜਿਹਾ, ਦਿਲ ਦੇਣਾ ਤੇ ਦਿਲ ਮੰਗਣਾ।" ਹਾੜ੍ਹ ਦੇ ਵੱਡੇ ਮੇਲੇ ਤੋਂ ਇਲਾਵਾ ਤਿੰਨ ਛੋਟੇ ਮੇਲੇ ਲੱਗਦੇ। ਜੁੰਮੇ ਦੇ ਜੁੰਮੇ ਦੀ ਰੌਣਕ ਵੱਖਰੀ ਹੁੰਦੀ। ਮੁੰਡੇ ਕਾਗ਼ਜ਼ ਦੀਆਂ ਬਣੀਆਂ ਪੀਪਣੀਆਂ ਵਜਾ ਕੇ ਲੰਘਦੇ। ਕੁੜੀਆਂ-ਕੱਤਰੀਆਂ ਤੇ ਜੁਆਨ ਨੂੰਹਾਂ ਬਣ-ਠਣ ਕੇ ਆਉਂਦੀਆਂ ਤੇ ਨਸ਼ੰਗ ਆਪਣੀਆਂ ਦਿਲ ਦੀਆਂ, ਆਪਣੀਆਂ ਲੋਭੀ ਅੱਖਾਂ ਰਾਹੀਂ ਬਿਆਨ ਕਰਦੀਆਂ। ਵੱਡੀ ਰੌਣਕ ਉਦੋਂ ਲੱਗਦੀ, ਜਦੋਂ ਰਾਤ ਸ਼ੁਰੂ ਹੁੰਦਿਆਂ ਹੀ ਨੱਕਾਲ ਤੇ ਨੱਚਾਰ ਆ ਜਾਂਦੇ। ਜੇ ਖੁਸਰੇ ਆਏ ਹੁੰਦੇ ਤਾਂ ਸਾਈਂ ਪਹਿਲਾਂ ਅਖਾੜਾ ਉਨ੍ਹਾਂ ਦਾ ਲਵਾਂਦਾ। ਦੀਪੋ ਖੁਸਰਾ ਜਦੋਂ ਅੱਡੀ ਮਾਰ ਕੇ ਲਹਿਰੀਆਂ ਦੇਂਦਾ ਤੇ ਗੌਂਦਾ:

ਓ ਫਿਰਕੀ ਵਾਲ਼ੀ
ਤੂੰ ਕੱਲ੍ਹ ਫਿਰ ਆਨਾ...

ਤੇ ਨਾਲ਼ ਹੀ ਕਿਸੇ ਜੁਆਨ ਮੁੰਡੇ ਦੀ ਮੁਤੈਹਰ ਵੱਲ ਹੱਥ ਕਰਕੇ ਨੀਵਾਂ ਹੁੰਦਾ, ਸਾਰੇ ਲੋਭੀ-ਕਾਮੀ, ਭੁੱਖੀਆਂ ਚੀਕਾਂ ਮਾਰ ਕੇ ਹੱਸਦੇ। ਅਸਲੀ ਰੰਗ ਉਦੋਂ ਬੱਝਦਾ, ਜਦੋਂ ਅਜਨਾਲ਼ੇ ਵੱਲੋਂ ਆਈ "ਕੋਕੀ ਨੱਚਾਰ" ਆਪਣੀ ਪਾਰਟੀ ਨਾਲ਼ ਪੂਰੀ ਕੁੜੀ ਬਣੀ ਅਖਾੜਾ ਸ਼ੁਰੂ ਕਰਦੀ। ਜੀ.ਟੀ. ਰੋਡ 'ਤੇ ਰਾਤ ਨੂੰ ਟਰੱਕਾਂ ਦੀ ਲੰਮੀ ਲਾਇਨ ਲੱਗ ਜਾਂਦੀ। ਆਸ-ਪਾਸ ਦੇ ਪਿੰਡ ਟਰਾਲੀਆਂ ਭਰ ਕੇ ਆਉਂਦੇ। ਨਜ਼ਾਰਾ ਉਦੋਂ ਬੱਝਦਾ, ਜਦੋਂ ਕਪੂਰਥਲਿਓਂ ਆਇਆ "ਸੀਮਾ ਨੱਚਾਰ", ਜਿਹੜਾ ਹੀਰੋਇਨਾਂ ਨੂੰ ਵੀ ਮਾਤ ਪੌਂਦਾ ਤੇ ਗੇਂਦਾਂ ਪਾ ਕੇ ਬਣਾਏ ਮੰਮਿਆਂ ਨੂੰ ਡਾਂਸ ਦੇ ਨਾਲ਼-ਨਾਲ਼ ਏਨੀ ਤੇਜ਼ੀ ਨਾਲ਼ ਭੁੜਕਾਂਦਾ ਤੇ ਅੱਖ ਦੇ ਇਸ਼ਾਰੇ ਕਰਦਾ ਕਿ ਬੜੇ-ਬੜੇ ਸੰਤੋਖੀ ਬੰਦਿਆਂ ਨੂੰ ਵੀ ਹੁਸ਼ਿਆਰੀ ਲਿਆ ਦੇਂਦਾ। ਪੀਰ ਤਾਬੇ ਸ਼ਾਹ ਅਜਨਾਲਿਓਂ ਤੇ ਬਟਾਲ਼ੇ ਦਿਆਂ ਪਿੰਡਾਂ ਵੱਲੋਂ ਆਏ ਸਾਈਆਂ ਨਾਲ਼ ਵਿਚਕਾਰ ਚਿੱਟੀਆਂ ਚਾਦਰਾਂ ਵਿਛਾ ਕੇ ਬੈਠਾ ਹੁੰਦਾ। ਸਿਰ 'ਤੇ ਅਰਬੀ ਨਾਫ਼...। ਮੁਰੀਦ ਦੋ-ਦੋ ਪੰਜ-ਪੰਜ ਦੀ ਗੱਠੀ ਪਹਿਲੇ ਪੀਰ 'ਤੇ ਚੜ੍ਹਾਂਦੇ ਤੇ ਫੇਰ ਨੱਚਾਰਾਂ 'ਤੇ ਲੁਟਾਂਦੇ।

ਇੱਧਰ ਮੇਲੇ ਦੀ ਦੁਪਹਿਰ ਵਿੱਚ ਮੁੰਡਾ ਜੰਮਣ ਵਾਲ਼ੇ ਮਾਪੇ ਢੋਲ ਵਜਾਂਦੇ ਆਉਂਦੇ। ਲੱਗੀਆਂ ਯਾਰੀਆਂ ਵਾਲ਼ੇ ਮੁੰਡਾ-ਕੁੜੀ ਪਹੁੰਚਦੇ। ਨਵੀਆਂ ਯਾਰੀਆਂ ਲਾਉਣ ਵਾਲ਼ੇ ਜੁਆਨ ਤੇ ਮੁਸ਼ਕੀਆਂ ਅਤੇ ਨਵੀਆਂ ਉੱਠੀਆਂ ਕੁੜੀਆਂ ਆਪਣੇ ਨਖ਼-ਸ਼ਿਖ ਸੰਵਾਰ ਕੇ ਤੇ ਤਿੱਖੀ ਨੋਕ ਵਾਲ਼ੀਆਂ ਅੰਗੀਆਂ ਪਾ ਕੇ ਪੁੱਜਦੀਆਂ। ਉੱਥੇ ਔਤਰੀਆਂ, ਜਿਹੜੀਆਂ ਹਰ ਗੇੜੇ ਨਵਾਂ ਜੁਆਨ ਲੱਭਣ ਆਉਂਦੀਆਂ, ਗਲ਼ 'ਚ ਤਵੀਤ ਪਾ ਕੇ ਪੁੱਜਦੀਆਂ। ਸ਼ਿੰਦੋ ਔਂਤਰੀ ਤੇ ਤਕਰੀਬਨ ਚਾਲ਼ੀਆਂ ਦੀ ਹੋ ਕੇ ਆਉਣੋਂ ਹਟੀ, ਜਦੋਂ ਉਹਦੀ ਆਸ ਮੁੱਕ ਗਈ। ਉਹ ਬਚਪਨ ਤੋਂ ਹੀ ਸ਼ਿੰਦੋ ਨੂੰ ਆਉਂਦੀ ਵੇਖਦਾ ਰਿਹਾ ਸੀ। ਸੌਂਕਣ-ਮੋਹਰਾ ਪਾ ਕੇ ਰੋ-ਰੋ ਕੇ ਪੀਰ ਕੋਲ਼ ਫ਼ਰਿਆਦ ਕਰਦੀਆਂ ਜੱਟੀਆਂ ਨੂੰ ਉਹ ਵੇਖਦਾ ਤੇ ਹੈਰਾਨ ਹੁੰਦਾ ਰਿਹਾ ਸੀ। ਕਈ ਵਾਰ ਉਹਨੂੰ ਮਜੌਰ ਦੀ ਡਿਊਟੀ ਦੇਣੀ ਪੈਂਦੀ ਤੇ ਉਹਦੇ ਲਈ ਦੁਨੀਆਂ ਦਾ ਉਹ



ਰੂਪ ਵੱਖਰਾ ਹੀ ਹੁੰਦਾ ਸੀ। ਹਾਰ ਕੇ ਉਹਨੇ ਮਜੌਰ ਦੀ ਡਿਊਟੀ ਛੱਡ ਦਿੱਤੀ ਸੀ। ਉਹ ਵਧੇਰੇ ਲੂਣ-ਝਾੜੂ ਦੇ ਚੜ੍ਹਾਵੇ 'ਤੇ ਬੈਠਦਾ। ਚਾਹ ਪੱਤੀ, ਖੰਡ ਦੇ ਚੜ੍ਹਾਵੇ ਵੱਖਰੇ ਕਰਦਾ। ਘਿਉ ਦੀਆਂ ਸ਼ੀਸ਼ੀਆਂ ਸਾਂਭਦਾ। ਚਰਾਗ਼ਾਂ 'ਚ ਪੈਣ ਆਏ ਤੇਲ ਨੂੰ ਸਾਂਭਦਾ ਸੀ। ਕਈ ਵਾਰ ਉਹ ਅੱਕ ਕੇ ਇਸ ਖਲਜਗਣ ਬਾਰੇ ਸੋਚਦਾ ਤੇ ਉਹਨੂੰ ਸਾਈਂ ਜੋਜਨ ਦੀ ਉਪਰਾਮਤਾ ਹੁਣ ਸਮਝੀਂ ਪੈਂਦੀ ਸੀ। ਹਰ ਵਾਰ ਜਦੋਂ ਮੇਲਾ ਮੁੱਕਦਾ, ਸਮਾਪਤੀ ਦਾ ਢੋਲ-ਡੱਗਾ ਵੱਜਦਾ, ਨਿਆਜ਼ ਵੰਡੀ ਜਾਂਦੀ ਤੇ ਸਭ ਚਲੇ ਜਾਂਦੇ। ਉਦੋਂ ਹੀ ਇਕੱਲਾ ਹੋ ਕੇ ਸਾਈਂ ਜੋਜਨ ਹਮੇਸ਼ਾਂ ਇਹ ਕਾਫ਼ੀ ਉਚਾਰਦਾ ਹੁੰਦਾ ਸੀ:

ਹਿੰਦੂ ਦਾ ਰੱਬ ਪਾਂਧਿਆਂ,
ਮੁਸਲਮਾਨ ਮੁੱਲਾਣਿਆਂ
ਸਭੇ ਕੌਮਾਂ ਝਗੜ ਕੇ ਮੋਈਆਂ
ਤੇ ਰੱਬ ਕਿਸੇ ਨਾ ਜਾਣਿਆ
ਇਹ ਜਨਮ-ਕਰਮ ਦੀ ਫਾਹੀ ਫਸ ਗਿਓਂ,
ਜਿਉਂ ਪੰਛੀ ਫਸ ਗਏ ਦਾਣਿਆਂ
ਤੇ ਬੁੱਲ੍ਹਿਆ, ਬੇੜੇ ਪਾਰ ਉਨ੍ਹਾਂ ਦੇ,
ਜਿਨ੍ਹਾਂ ਸੱਚ ਸਾਹਿਬ ਕਰ ਜਾਣਿਆ।

ਉਹਨੂੰ ਹੁਣ ਵੀ ਜਾਪਦੈ, ਜਿਵੇਂ ਦਾਣਿਆਂ ਖ਼ਾਤਰ ਫਾਹੀ ਫਸਣ ਵਾਲ਼ਾ ਉਹ ਆਪ ਹੋਵੇ। ਪਿਉ ਉਹਦਾ ਆਪਣੇ ਥਾਂ ਮਸਤ, ਸਿਰੇ ਦਾ ਕਾਮੀ ਤੇ ਮੇਜੋ ਦਾ ਯਾਰ ਤੇ ਨਚਾਰਾਂ ਨਾਲ਼ ਸੌਣ ਵਾਲ਼ਾ ਸਾਈਂ ਤਾਬਾ ਆਪਣੀ ਥਾਵੇਂ ਮਸਤ। ਦੁਨੀਆ ਕੁਲਫ਼ੀਆਂ ਚੂਪਦੀ, ਰਹੁ ਪੀਂਦੀ, ਲੰਗਰ ਛਕਦੀ, ਢੋਲ 'ਤੇ ਨੱਚਦੀ, ਰੋ-ਰੋ ਅਰਦਾਸਾਂ ਕਰਦੀ ਆਪਣੀ ਥਾਵੇਂ ਮਸਤ ਤੇ ਉਹ ਫੇਰ ਕੀ ਏ?

ਇਕੱਲਾ ਬੈਠਾ ਉਹ ਸੋਚਦਾ ਰਹਿੰਦਾ, ਸੋਚਦਾ ਰਹਿੰਦਾ। ਫੇਰ ਅੱਕ ਕੇ ਕਦੀ ਬਿਜਲੀ ਬੋਰਡ ਦੇ ਮੀਲ ਕੁ ਪਰ੍ਹੇ ਬਣੇ ਦਫ਼ਤਰ ਜਾਂ ਗਰਿੱਡ ਵੱਲ ਚਲਾ ਜਾਂਦਾ ਤੇ ਬਿੱਟੂ ਨਾਲ਼ ਗੱਲੀਂ ਲੱਗ ਜਾਂਦਾ। ਬਹੁਤਾ ਕਰਕੇ ਉਹ ਸਾਹਮਣੇ ਜੀ.ਟੀ. ਰੋਡ 'ਤੇ ਬਣੀ ਮੇਜੋ ਦੀ ਚਾਹ ਦੀ ਦੁਕਾਨ ਦੇ ਬਾਹਰ ਜਾ ਕੇ ਬਹਿ ਜਾਂਦਾ, ਜਿੱਥੇ ਦਿਆਲਾ ਹਰ ਵੇਲੇ ਭਾਂਡੇ ਧੋਂਦਾ ਦਿੱਸਦਾ ਜਾਂ ਫੇਰ ਖੋਇਆ ਮਾਰਦਾ ਹੱਸੀ ਜਾਂਦਾ, ਹੱਸੀ ਜਾਂਦਾ।

* * *

ਰੋਟੀ ਦੀ ਬੁਰਕੀ ਤੋੜ ਕੇ ਤਾਬੇ ਸ਼ਾਹੇ ਨੇ ਪਹਿਲਾਂ ਚਿੜੀ-ਜਨੌਰਾਂ ਦੇ ਨਾਂ ਬਗ਼ੀਚੀ ਵੱਲ ਸੁੱਟੀ, ਫੇਰ ਬਚਦੀ ਰੋਟੀ ਦੇ ਦੋ ਟੋਟੇ ਕੀਤੇ ਤੇ ਛੇਤੀ ਦੇਣੇ ਨਿਗਲ਼ ਲਏ। ਉੱਤੋਂ ਦੋ ਘੁੱਟਾਂ ਵਿਚ ਚਾਹ ਦੀ ਗਿਲਾਸੀ ਖ਼ਤਮ। ਪੀਰ ਜੋਜਨ ਦੀ ਸੰਗਤ ਵਿੱਚ ਰਹਿ-ਰਹਿ ਕੇ ਉਸਦਾ ਭੁੱਖ 'ਤੇ ਬੜਾ ਕਾਬੂ ਹੋ ਗਿਆ ਸੀ। ਕਦੀ-ਕਦਾਈਂ ਦਾਲ-ਸਬਜ਼ੀ ਦੀ ਕੌਲੀ ਲੈ ਲੈਂਦਾ ਸੀ, ਨਹੀਂ ਤੇ ਬੱਸ ਰੋਟੀ ਦੇ ਦੋ ਟੋਟੇ ਤੇ ਚਾਹ।

ਪਰ ਨੇਮ ਨਾਲ਼ ਰੋਜ਼ ਇੱਕ-ਅੱਧਾ ਕੱਚਾ ਕੱਦੂ ਜ਼ਰੂਰ ਖਾਂਦਾ ਸੀ। ਇਹ ਵੀ ਸਾਈਂ ਜੋਜਨ ਦੀ ਕਿਰਪਾ ਸੀ।

ਰੋਟੀ ਤੋਂ ਨਵਿਰਤ ਹੋ ਕੇ ਉਹਨੇ ਪਾਸ਼ੇ ਸਾਈਂ ਨੂੰ ਚਿਲਮ ਬਣਾਉਣ ਲਈ ਕਿਹਾ, ਸਿਰਫ ਤੰਮਾਕੂ ਵਾਲ਼ੀ। ਪਾਸ਼ੇ ਤੋਂ ਪਹਿਲਾਂ ਹੀ ਉਹਦਾ ਫ਼ਰਜ਼ੰਦ ਚਿਲਮ ਬਣਾ ਕੇ ਦੇ ਗਿਆ। ਪੀਰ ਤਾਬੇ ਨੂੰ ਇਹ ਬੱਚਾ ਬੜਾ ਪਸੰਦ ਸੀ। ਜੋਜਨ ਪੀਰ ਦੀ ਰੀਸੇ ਉਹਨੇ ਵੀ ਇਸ ਬਾਲਕੇ ਨੂੰ ਆਪਣਾ ਪੁੱਤਰ ਮੰਨ ਲਿਆ ਸੀ। ਪਾਸ਼ੇ ਨੂੰ ਵੀ ਉਹ ਇਸੇ ਬਾਲਕੇ ਕਰਕੇ ਬਰਦਾਸ਼ਤ ਕਰਦਾ ਸੀ; ਨਹੀਂ ਤੇ ਜਿੰਨਾ ਪਾਸ਼ਾ ਆਪਣੇ ਪੀਰ, ਜੋਜਨ ਦੀ ਚਮਚੀ ਮਾਰਦਾ ਸੀ, ਤਾਬੇ ਸ਼ਾਹ ਨੂੰ ਅੰਦਰੋਂ ਉਹ ਫੁੱਟੀ ਅੱਖ ਨਹੀਂ ਭਾਉਂਦਾ ਸੀ। ਪਰ ਦੋਹਾਂ ਦਾ ਮੁਰਸ਼ਦ ਇੱਕੋ ਸੀ, ਇਸ ਲਈ ਉਹ ਪਾਸ਼ੇ ਨੂੰ ਕੁਛ ਆਖਦਾ ਨਹੀਂ ਸੀ। ਦੂਸਰਾ ਪਾਸ਼ਾ ਵੀ ਲਗਦੀ ਵਾਹ ਪਿਛਲੇ ਅੱਠਾਂ-ਦਸਾਂ ਸਾਲਾਂ ਤੋਂ ਉਹਦੀ ਗੱਲ ਨਹੀਂ ਸੀ ਮੋੜ ਰਿਹਾ। ਪਹਿਲੇ ਦਸ ਕੁ ਸਾਲ ਪਾਸ਼ਾ ਸਿਰਫ਼ ਜੋਜਨ ਪੀਰ ਦੀ ਤਾਬੇਦਾਰੀ ਕਰਦਾ ਸੀ, ਪਰ ਜਦ ਦਾ ਉਹ ਗੱਦੀਨਸ਼ੀਨ ਹੋਇਆ ਏ, ਪਾਸ਼ਾ ਨਿਮਰ ਹੋ ਗਿਆ ਏ। ਨਾਲ਼ੇ ਤਾਬੇ ਸਾਈਂ ਨੂੰ ਮਹਿਸੂਸ ਹੁੰਦਾ ਏ, ਪਈ ਉਹਦੇ ਮਗਰੋਂ ਇਸੇ ਦੇ ਫ਼ਰਜ਼ੰਦ ਨੇ ਗੱਦੀਨਸ਼ੀਨ ਹੋਣਾ ਏ। ਪੀਰ ਜੋਜਨ ਸ਼ਾਹ ਦੀ ਵੀ ਇਹੀ ਮਰਜ਼ੀ ਸੀ।

ਇਹ ਪੀਰ ਜੋਜਨ ਦਾ ਹੀ ਪ੍ਰਤਾਪ ਸੀ ਕਿ ਤਾਬੇ ਸ਼ਾਹ ਨੇ ਕਦੀ ਪਾਸ਼ੇ ਦਾ ਨੁਕਸਾਨ ਨਹੀਂ ਸੀ ਕੀਤਾ। ਨਹੀਂ ਤੇ ਕਈ ਵਾਰ ਸ਼ੁਰੂ-ਸ਼ੁਰੂ ਵਿਚ ਉਹਦਾ ਜੀਅ ਕਰਦਾ ਸੀ ਕਿ ਪਾਸ਼ੇ 'ਤੇ ਮੁੱਠ ਚਲਾ ਦਿਆਂ ਜਾਂ ਕਾਨ੍ਹਨੀ ਚਲਾ ਦਿਆਂ। ਉਹਨੇ ਤੇ ਮਾਰ ਕਈ ਅਲਫ਼ ਦੁਪਹਿਰਾਂ ਜਾਗ ਕੇ ਛਿਲੇ ਕੱਟੇ ਤੇ ਪਰੀਆਂ ਤੇ ਖੇਤਰਪਾਲ ਵਰਗੇ ਜਿੰਨ ਸਿੱਧ ਕੀਤੇ ਹੋਏ ਸਨ। ਪਾਸ਼ਾ ਕੀ ਚੀਜ਼ ਸੀ? ਪਰ ਉਹਦੇ ਮੁਰਸ਼ਦ, ਸਾਈਂ ਜੋਜਨ ਨੇ ਹਰ ਵਾਰ ਉਹਦਾ ਹਿਰਦਾ ਪੜ੍ਹ ਲਿਆ ਸੀ ਤੇ ਉਹਨੂੰ ਸਖ਼ਤੀ ਨਾਲ਼ ਪਾਸ਼ੇ ਦਾ ਨੁਕਸਾਨ ਕਰਨ ਤੋਂ ਮਨ੍ਹਾਂ ਕੀਤਾ ਸੀ। ਸਾਈਂ ਤੇ ਕਿਸੇ ਪਸ਼ੂ-ਜਨੌਰ ਤੱਕ ਦਾ ਨੁਕਸਾਨ ਨਹੀਂ ਸੀ ਵੇਖਣਾ ਚਾਹੁੰਦਾ। ਇਕ ਵਾਰੀ ਭਾਟੂ ਸ਼ਰਾਬ ਪੀ ਕੇ ਡੇਰੇ ਆ ਗਿਆ ਸੀ ਤੇ ਸਾਰਿਆਂ ਨੂੰ ਅਬਾ-ਤਬਾ ਬੋਲਦਾ ਰਿਹਾ। ਸਾਈਂ ਜੋਜਨ ਹੱਸਦਾ ਰਿਹਾ ਸੀ। ਉਹਨੂੰ ਗ਼ੁੱਸਾ ਤੇ ਬੜਾ ਆਇਆ, ਪਰ ਸਾਈਂ ਨੇ ਰੋਕ ਦਿੱਤਾ। ਡੇਰੇ ਵਿੱਚ ਲੜਨਾ ਸਾਈਂ ਕੋਲ਼ੋਂ ਬਰਦਾਸ਼ਤ ਨਹੀਂ ਸੀ ਹੁੰਦਾ। ਬਾਹਰ ਨਿਕਲ਼ ਕੇ ਭਾਟੂ ਅਜੇ ਝੂਲਦਾ-ਝਾਲਦਾ ਜੀ.ਟੀ. ਰੋਡ ਚੜ੍ਹਿਆ ਹੀ ਸੀ ਕਿ ਬਾਲਮੀਕੀਆਂ ਉਹਨੂੰ ਢਾਹ ਲਿਆ। ਡੇਰੇ ਦੀ ਹੱਦ ਤੋਂ ਬਾਹਰ ਖੜ੍ਹੇ ਉਹ ਭਾਟੂ ਨੂੰ ਹੀ ਉਡੀਕਦੇ ਸਨ। ਮਾਰ-ਮਾਰ ਕੇ ਉਨ੍ਹਾਂ ਭਾਟੂ ਫੇਹ ਦਿੱਤਾ। ਮਰਿਆ ਜਾਣ ਕੇ ਸੁੱਟ ਗਏ। ਪੀਰ ਜੋਜਨ ਪਤਾ ਲੱਗਦਿਆਂ ਹੀ ਭੱਜਾ ਆਇਆ ਤੇ ਹਸਪਤਾਲ ਉਹਨੂੰ ਪੁੱਜਦਾ ਕੀਤਾ। ਚਾਰ ਦਿਨ ਭਾਟੂ ਮੌਤ ਨਾਲ਼ ਲੜਦਾ ਰਿਹਾ। ਚੌਥੀ ਰਾਤ ਡਾਕਟਰਾਂ ਭਾਟੂ ਨੂੰ ਮੁਰਦਾ ਕਰਾਰ ਦੇ ਦਿੱਤਾ ਸੀ। ਪੀਰ ਜੋਜਨ ਨੇ ਰਾਤੀਂ ਬੈਠੇ-ਬੈਠੇ ਹੀ ਤਾਬੇ ਸ਼ਾਹ ਨੂੰ ਕਿਹਾ ਸੀ ਕਿ ਭਾਟੂ ਮਰਨ ਵਾਲ਼ੈ, ਲੰਗਰ 'ਚੋਂ ਬਚੀ ਰੋਟੀ ਦੀ ਬੁਰਕੀ ਲੈ ਆ। ਉਹਨੇ ਫੱਟ ਲੈ ਆਂਦੀ ਸੀ ਤੇ ਸਵੇਰੇ-ਨ੍ਹੇਰੇ ਹੀ ਚਾਰ ਵਜੇ ਉਹ



ਪੈਦਲ ਹਸਪਤਾਲ ਜਾ ਪੁੱਜੇ। ਅੱਗੇ ਭਾਟੂ ਦੀ ਲਾਸ਼ ਕੋਲ਼ ਘਰ ਦੇ ਬੈਠੇ ਲਿਜਾਣ ਦੀ ਤਿਆਰੀ ਵਿੱਚ ਸਨ। ਸਾਈਂ ਨੇ ਭਾਟੂ ਦਾ ਮੂੰਹ ਖੋਲ੍ਹ ਕੇ ਰੋਟੀ ਦਾ ਟੋਟਾ ਅੰਦਰ ਧੱਕ ਦਿੱਤਾ ਤੇ ਕਿਹਾ ਕਿ ਭਾਟੂ ਉੱਠ! ਰਿਸ਼ਤੇਦਾਰਾਂ ਨੂੰ ਪੀਰ ਦੇ ਇਲਮ ਦਾ ਪਤਾ ਸੀ, ਉਨ੍ਹਾਂ ਹੱਥ ਜੋੜ ਲਏ। ਤੇ ਇੱਧਰ ਭਾਟੂ ਨੇ ਅੱਖਾਂ ਖੋਲ੍ਹ ਲਈਆਂ ਸਨ।

"ਏਦਾਂ ਦਾ ਸੀ ਮੇਰਾ ਪੀਰ। ਮੇਰੇ 'ਤੇ ਕਿੰਨਾ ਭਰੋਸਾ ਸੀ ਉਹਨੂੰ!" ਯਾਦਾਂ ਵਿੱਚ ਗਵਾਚੇ ਤਾਬੇ ਸ਼ਾਹ ਨੇ ਆਪਣੇ ਆਪ ਨੂੰ ਕਿਹਾ।

"ਇਹ ਪਾਸ਼ਾ ਸਾਲਾ ਖੱਤਰੌੜਾ ਸਮਝਦੈ ਕਿ ਸਾਈਂ ਜੋਜਨ ਸਿਰਫ਼ ਉਹਦੇ ਹੀ ਲਾਗੇ ਸੀ। ਇਹ ਨਹੀਂ ਪਤਾ ਬਈ ਕੁੱਤਿਆ! ਉਹ ਤੇ ਇਸ ਮਾਂ-ਵਾਹਰੇ ਬੱਚੇ ਕਰਕੇ ਤੈਨੂੰ ਵੀ ਪਿਆਰ ਕਰਦੈ। ਮੈਂ ਵੀ ਇਸ ਬੱਚੇ ਨੂੰ ਪਿਆਰ ਕਰਦਾਂ। ਮੈਂ ਤੇ ਗੱਦੀ ਏਸੇ ਨਾਂ ਕਰ ਛੱਡੀ ਏ ਜਿਉਂਦੇ ਜੀਅ।" ਤਾਬੇ ਸ਼ਾਹ ਨੇ ਚਿਲਮ ਦਾ ਸਾਹ ਅੰਦਰ ਖਿੱਚਦਿਆਂ ਮਨਬਚਨੀ ਕੀਤੀ।

"ਪੀਰ ਨੇ ਤੇ ਪਾਸ਼ੇ ਨੂੰ ਇਹ ਵੀ ਨਹੀਂ ਦੱਸਿਆ ਪਈ ਉਸ ਵੇਰਕੇ ਵਾਲ਼ੇ ਸਰਦਾਰ ਦਾ ਕੀ ਬਣਿਆ ਸੀ? ਸਾਰੇ ਇਲਾਕੇ ਵਿੱਚ, ਸਾਰੇ ਡੇਰੇ ਵਿੱਚ ਪੀਰ ਹੁਰੀਂ ਸਿਰਫ਼ ਮੈਨੂੰ ਦੱਸ ਕੇ ਗਏ ਸਨ...ਪਈ ਉਸ ਸਰਦਾਰ ਦਾ ਕੀ ਬਣਿਆ ਸੀ? ਉਹ ਤੇ ਉਹਦੇ ਪੁੱਤਰ ਤੇ ਜਵਾਈ ਨੂੰ ਰਾਮੇ ਜੋਤਸ਼ੀ ਨੇ ਵਹਿਮ ਪਾ ਦਿੱਤਾ ਸੀ, "ਇਹ ਕੋਹੜ ਹੁਣ ਤੁਹਾਡੇ ਖ਼ਾਨਦਾਨ ਵਿੱਚ ਸਦਾ ਰਹੇਗਾ। ਜੇ ਇਸ ਤੋਂ ਮੁਕਤੀ ਚਾਹੁੰਦੇ ਹੋ ਤਾਂ ਇਸ ਕੋਹੜੀ ਸਰਦਾਰ ਨੂੰ ਜਿਉਂਦੇ ਨੂੰ ਸਾੜ ਆਓ, ਤਾਂ ਹੀ ਘਰੋਂ ਕੋਹੜ ਨਿਕਲੇਗਾ।" ਤੇ ਉਹਦੇ ਪੁੱਤਰ ਤੇ ਜਵਾਈ ਇਕ ਰਾਤ ਚੁੱਪ ਕੀਤੇ ਆਏ ਸਨ। ਬਾਬਾ ਪੰਜ ਪੀਰ ਸੁੱਤਾ ਪਿਆ ਸੀ। ਜਦ ਉਹ ਉੱਠਿਆ, ਭਾਣਾ ਵਰਤ ਚੁੱਕਾ ਸੀ। ਜਿਉਂਦਾ ਸੜਦੇ ਬਾਬੇ ਨੂੰ ਤੜਫਦਾ ਤੇ ਮਰਦਾ ਵੇਖ ਪੰਜ ਪੀਰ ਸਾਈਂ ਨੇ ਬੜਾ ਰੌਲ਼ਾ ਪਾਇਆ, ਪਰ ਉਹ ਦਬੁਰਜੀ, ਸੁਲਤਾਨਵਿੰਡ ਦੇ ਕਿਸੇ ਡੇਰੇ ਮਦਦ ਮੰਗਣ ਨਹੀਂ ਸੀ ਗਿਆ। ਕਾਰਾ ਕਰਨ ਵਾਲ਼ੇ ਜਾ ਚੁੱਕੇ ਸਨ। ਸਵੇਰੇ ਆਪ ਹੀ ਲੱਕੜਾਂ ਦੇ ਪੱਤੇ ਕੱਠੇ ਕਰਕੇ ਪੰਜ ਪੀਰ ਨੇ ਬਾਕੀ ਬਚਦੀ ਲੋਥ ਦਾ ਸੰਸਕਾਰ ਕੀਤਾ। ਉੱਥੇ ਹੀ ਬੋਹੜ ਦੇ ਨਾਲ਼ ਕਰਕੇ ਉਹਦੀ ਸਮਾਧੀ ਹੱਥੀਂ ਬਣਾਈ ਤੇ ਪੱਕਾ ਹੀ ਉੱਥੇ ਬਹਿ ਗਿਆ ਸੀ।

...ਉਸ ਘਟਨਾ ਤੋਂ ਮਗਰੋਂ ਪੰਜ ਪੀਰ ਨੇ ਬੋਲਣਾ ਸ਼ੁਰੂ ਕਰ ਦਿੱਤਾ ਸੀ। ਹੌਲ਼ੀ-ਹੌਲ਼ੀ ਡੇਰਾ ਬਣ ਗਿਆ ਸੀ। ਸਾਲ-ਖੰਡ ਮਗਰੋਂ ਉਸ ਮੋਏ ਸਰਦਾਰ ਦੇ ਛੋਟੇ ਪੁੱਤ ਨੇ ਆ ਕੇ ਡੇਰੇ ਦੇ ਨਾਂ ਦੋ ਖੇਤ ਲਵਾ ਦਿੱਤੇ ਤੇ ਬਾਕੀ ਭੋਇੰ ਵੇਚ ਦਿੱਤੀ। ਉਦੋਂ ਤੋਂ ਹੀ ਇਹ 'ਡੇਰਾ ਪੰਜ ਪੀਰ' ਵੱਸਦਾ ਆ ਰਿਹੈ। ਪੀਰ ਤਾਬੇ ਸ਼ਾਹ ਨੂੰ ਸਾਰਾ ਕੁਛ ਕੱਲ੍ਹ ਵਾਂਗ ਯਾਦ ਹੈ।

ਸਾਈਂ ਜੋਜਨ ਇਸ ਘਟਨਾ ਤੋਂ ਦੋ ਕੁ ਸਾਲ ਮਗਰੋਂ ਹਿਮਾਚਲ ਦੀਆਂ ਪਹਾੜੀਆਂ ਵੱਲੋਂ ਚਿੱਲੇ ਕੱਟਦਾ ਉਤਰਿਆ ਸੀ ਤੇ ਰਮਤਿਆਂ ਵਾਂਗ ਫਿਰਦਾ ਇੱਥੇ ਆ ਕੇ ਪੰਜ ਪੀਰ ਦਿਆਂ ਚਰਣਾਂ ਵਿੱਚ ਵੱਸ ਗਿਆ ਸੀ। ਪਹਿਲੀ ਵਾਰ ਮਿਲਣ 'ਤੇ ਵੀ ਸਾਈਂ

ਜੋਜਨ ਤੇ ਪੰਜ ਪੀਰ, ਦੋਹਾਂ ਨੇ ਘੁੱਟ ਕੇ ਗਲਵਕੜੀ ਪਾਈ ਸੀ, ਜਿਵੇਂ ਸਦੀਆਂ ਤੋਂ ਇਕ ਦੂਸਰੇ ਨੂੰ ਜਾਣਦੇ ਹੋਣ।

...ਅਚਾਨਕ ਬਿਜਲੀ ਵਰਗਾ ਕੁਛ ਪੀਰ ਤਾਬੇ ਸ਼ਾਹ ਦੇ ਚੇਤੇ ਵਿੱਚੋਂ ਗੁਜ਼ਰਿਆ। ਉਹਦੇ ਮੁਰਸ਼ਦ ਸਾਈਂ ਜੋਜਨ ਦਾ ਪੱਕਾ ਹੁਕਮ ਸੀ ਕਿ ਚਰਾਗਾਂ ਵਾਲ਼ੀ ਰਾਤ ਨੂੰ ਵੀ ਤੇ ਦਿਨ-ਦਿਹਾਰਾਂ ਨੂੰ ਵੀ, ਭਾਵੇਂ ਮੈਨੂੰ ਹਾਲ ਪਵੇ, ਭਾਵੇਂ ਵੱਜਦੇ ਢੋਲ ’ਤੇ ਮੈਂ ਲੱਖ ਫੁੰਮਣੀਆਂ ਪਾਵਾਂ, ਤੁਸੀਂ ਉਦੋਂ ਤੱਕ ਮੇਰੇ ਤੋਂ ਰੁਪਈਆਂ ਦੀ ਸੋਟ ਨਹੀਂ ਕਰਨੀ, ਜਦ ਤੱਕ ਮੈਂ ਉੱਠ ਕੇ ਕਿਸੇ ਫੱਕਰ ਦੇ ਗਲ ਲਗ ਕੇ ਨਾ ਮਿਲਾਂ।

ਇਸ ਗੱਲ ’ਤੇ ਸਖ਼ਤੀ ਨਾਲ਼ ਪਹਿਰਾ ਦਿੱਤਾ ਜਾਂਦਾ ਰਿਹਾ ਸੀ। ਹਾੜ੍ਹ ਦੇ ਆਖ਼ਰੀ ਜੁੰਮੇ ਨੂੰ ਬੜਾ ਭਾਰੀ ਮੇਲਾ ਲੱਗਦਾ ਏ। ਇਹ ਪੰਜ ਪੀਰ ਦੇ ਵੇਲਿਆਂ ਤੋਂ ਹੀ ਲੱਗਣ ਲੱਗ ਪਿਆ ਸੀ। ਪੰਜ ਪੀਰ ਉਸ ਦਿਨ ਸਵੇਰੇ ਹੀ ਸਿਰ ’ਤੇ ਅਰਬੀ ਨਾਫ਼ ਬੰਨ੍ਹ ਕੇ ਬੈਠ ਜਾਂਦਾ ਸੀ। ਉਹਦੀ ਯਾਦ ਵਿੱਚ ਪੀਰ ਜੋਜਨ ਵੀ ਤੇ ਹੁਣ ਤਾਬੇ ਸ਼ਾਹ ਜੁੰਮੇ ਨੂੰ ਤੇ ਦਿਨ-ਦਿਹਾਰ ਨੂੰ ਉੱਦਾਂ ਹੀ ਬੈਠਦਾ ਸੀ। ਜਦੋਂ ਧਮਾਲ ਸ਼ੁਰੂ ਹੋਣੀ ਤੇ ਸਾਈਂ ਹੁਰਾਂ ਉੱਠ ਕੇ ਅਜਨਾਲਿਓਂ ਆਏ ਪੀਰ ਗਾਲੜ੍ਹਸ਼ਾਹ ਦੇ ਗਲ਼ ਲੱਗਣਾ ਜਾਂ ਫੇਰ ਕਪੂਰਥਲ਼ੇ ਆਲ਼ੇ ਪੀਰ ਝੋਲੇ ਸ਼ਾਹ ਦੇ ਗਲ਼ ਲੱਗਣਾ, ਬੱਸ ਉਦੋਂ ਹੀ ਮੁਰੀਦਾਂ ਨੇ ਨੋਟ ਵਾਰਨੇ ਸ਼ੁਰੂ ਕਰ ਦੇਣੇ। ਸਭ ਤੋਂ ਪਿੱਛੋਂ ਉਹਦੇ ਸਾਈਂ ਨੇ ਉਹਦੇ ਗਲ਼ ਲੱਗਣਾ। ਉਹਦੇ ਕੰਨ ’ਚ ਕਹਿਣਾ: “ਪੀਰਾਂ ਦਾ ਪੀਰ, ਕੰਧ ਪੀਰ।”

ਉਹਨੇ ਵੀ ਇਹ ਗੱਲ ਲੜ ਬੰਨ੍ਹ ਲਈ ਸੀ। ਪੰਜੇ ਪੀਰ ਉਹ ਧਿਆਉਂਦਾ ਸੀ। ਪੀਰ ਫ਼ਰੀਦ ਤੇ ਬੜਾ ਨਰਮ ਪੀਰ ਮੰਨਿਆ ਜਾਂਦਾ ਸੀ। ਖ਼ਵਾਜਾ ਪੀਰ ਦੇ ਸੇਵਕ ਜ਼ਿਆਦਾਤਰ ਜੁਲਾਹੇ ਸਨ ਜਾਂ ਫੇਰ ਰਾਅ ਸਿੱਖ। ਪੀਰ ਲਾਲਾਂ ਵਾਲ਼ਾ ਦਲਿਤਾਂ ਤੇ ਬਾਲਮੀਕੀਆਂ ਦਾ ਪੀਰ ਸੀ। ਇਸੇ ਦਾ ਹੀ ਨਾਂ ਸਿੰਧ ਵਾਲ਼ੇ ਪਾਸੇ ਝੂਲੇ ਲਾਲ ਸੀ। ਇਹ ਗੱਲ ਵੀ ਉਹਨੂੰ ਪੀਰ ਤਾਬੇ ਸ਼ਾਹ ਨੇ ਹੀ ਦੱਸੀ ਹੋਈ ਸੀ।

“ਪਰ ਪੀਰ’ “ਕੰਧ ਪੀਰ” ਬੜਾ ਭਾਰੀ ਉ। ਭਗਤਾ। ਕੰਧ ਪੀਰ ਦਾ ਬੋਲਾ ਹਰ ਜੁੰਮੇ ਰਾਤ ਸਭ ਤੋਂ ਚੋਰੀ ਸਾਈਂ ਪੰਜ ਪੀਰ ਦੀ ਕਬਰ ’ਤੇ ਬੋਲਣਾ ਹੀ ਬੋਲਣੈ। ਬੱਸ ਤੂੰ ਸੁਣੇਂ ਜਾਂ ਇਹ ਬਾਲਕਾ।” ਪੀਰ ਜੋਜਨ ਉਹਨੂੰ ਦੱਸਦਾ ਰਹਿੰਦਾ ਸੀ।

ਅੱਜ ਵੀ ਹਰ ਜੁੰਮੇ ਉਹ ਤੇ ਪਾਸ਼ੇ ਦਾ ਬਾਲਕਾ ਕਬਰ ’ਤੇ ਜਾ ਕੇ ਕੰਧ ਪੀਰ ਦਾ ਸਜ਼ਦਾ ਕਰਦੇ ਨੇ...।

“ਸਾਈਂ ਜੀ! ਚਿਲਮ ਨਵੀਂ ਬਣਾਵਾਂ? ਏਸ ਵਾਰੀ ਤੇ ਤੰਮਾਕੂ ਬੜਾ ਫੰਨੇ ਲਿਆਂਦਾ ਜੇ। ਗੁੜ ਦੀ ਪੁੱਠ ਵਾਲ਼ਾ ਏ।” ਤਾਬੇ ਦੇ ਫ਼ਰਜ਼ੰਦ ਨੇ ਆ ਕੇ ਉਹਦੀ ਬਿਰਤੀ ਤੋੜ ਦਿੱਤੀ।

“ਬਣਾ ਲੈ ਕਾਕੇ ਪੁੱਤ। ਇੱਕ ਹੋਰ ਬਣਾ ਲੈ। ਨਾਲ਼ੇ ਪਾਸ਼ੇ ਨੂੰ ਬੁਲਾ ਲੈ, ਤੇ ਹੋਰ ਇੱਕ ਅੱਧ ਜੇ ਕੋਈ ਫੱਕਰ ਬੈਠੇ, ਤੇ ਬੁਲਾ ਲੈ। ਨਾਲ਼ੇ ਮਲੰਗਾਂ ਨੂੰ ਵੀ ਵਾਜ਼ ਮਾਰ ਲੈ।”

“ਚੰਗਾ ਜੀ,” ਫ਼ਰਜ਼ੰਦ ਚਲਾ ਜਾਂਦਾ ਹੈ। ਉਹਨੂੰ ਫ਼ਰਜ਼ੰਦ ’ਤੇ ਬੜਾ ਮੋਹ ਆਉਂਦਾ ਹੈ। ਉਹ ਵੀ ਪੀਰ ਜੋਜਨ ਵਾਂਗ ਇਸ ਬਾਲਕੇ ਨੂੰ “ਸਾਈਂ ਕਾਕੇ ਸ਼ਾਹ”



ਹੀ ਕਹਿੰਦਾ ਹੈ। ਉਹਦਾ ਨਾਂ ਹੀ ਇਹੀ ਹੋ ਗਿਆ ਹੈ। ਕਿਸੇ ਨੇ ਹੋਰ ਨਾਂ ਧਰਿਆ ਹੀ ਨਹੀਂ।

“ਹ ਹ ਹ ਹ!” ਉਹ ਢਿੱਡੋਂ ਹੱਸਦਾ ਹੈ। ਉਹਨੂੰ ਪਤਾ ਲੱਗ ਗਿਐ ਕਿ ਉਨ੍ਹਾਂ ਦਾ ਕਾਕੇ ਸ਼ਾਹ “ਭੱਪ” ਤੇ “ਪਟਾਕਾ” ਖੁਸਰੇ ਦਾ ਸ਼ੁਕੀਨ ਹੋ ਗਿਆ ਹੈ। ਇਹਦਾ ਮਤਲਬ ਹੈ ਕਿ ਸਾਡਾ ਪੁੱਤ ਜੁਆਨ ਹੋ ਗਿਐ। ਉਹ ਅੰਦਰੇ-ਅੰਦਰ ਹੋਰ ਖ਼ੁਸ਼ ਹੁੰਦਾ ਹੈ।

“ਅੱਜ ਓਹਲਾ-ਜਿਹਾ ਕਰਕੇ ਇਹਦੇ ਪਿਓ ਪਾਸ਼ੇ ਨੂੰ ਕਹਾਂਗਾ ਕਿ ਸਾਡਾ ਪੁੱਤ ਕਿੱਥੇ ਖੁਸਰਿਆਂ ਕੋਲ ਟੱਕਰਾਂ ਮਾਰਦਾ ਫਿਰਦੈ? ਪਰ੍ਹਾਂ ਕਿਸੇ ਔਂਤਰੀ ਨਾਲ਼ ਇਹਦਾ ਜੋੜ ਪਵਾ ਕੇ ਇਹਨੂੰ ਜਨਾਨੀ ਦਾ ਸਵਾਦ ਵਿਖਾ ਦਵੇ ਤੇ ਖੁਸਰੇ ਮਗਰੋਂ ਲਹਿਣ ਤੇ ਨਾਲ਼ੇ ਕੋਈ ਔਂਤਰੀ ਵੀ ਕਿਉਂ ਲੱਭਣੀ ਐ? ਆਪਣੀ ਮੋਜੋ ਵੀ ਤੇ ਹੈਗੀ ਏ...ਭਲਵਾਨਾਂ ਦੀ ਭਲਵਾਨ। ਦਸ-ਦਸ ਕਿੱਲੋ ਦੇ ਉਹਦੇ ਪੱਟ ਐ ਤੇ ਵੀਹ-ਵੀਹ ਕਿੱਲੋ ਦੇ...ਐ ਉਹਦੇ। ਮੁੰਡੇ ਦੀ ਕਰਾ ਦਏਗੀ ਬਸ, ਇਕ ਵਾਰ ਤੇ। ਥੱਲਿਓਂ ਕਿਤੇ ਬੁੜ੍ਹਕਦੀ ਐ ਮਾਰ?” ਆਪਣੀ ਸੋਚ ’ਤੇ ਖ਼ੁਸ਼ ਹੋਇਆ ਉਹ ਚਿਲਮ ਖਿੱਚਣ ਲੱਗਾ ਤੇ ਪਾਸ਼ੇ ਦੀ ਬੇਸਬਰੀ ਨਾਲ਼ ਉਡੀਕ ਕਰਨ ਲੱਗਾ।

ਬੜਾ ਹੈਰਾਨ ਆਂ, ਪਈ ਅੱਜ ਸਾਈਂ ਤਾਬੇ ਸ਼ਾਹ ਨੇ ਮੇਰੀ ਕੀ ਡਿਊਟੀ ਲਾਈ ਏ? ਆਪਣੇ ਹੀ ਪੁੱਤ ਦੀ ਝਿਜਕ ਮਟਾਵਾਂ? ਉਂਜ ਮੈਂ ਏਸ ਗੱਲੋਂ ਅੰਦਰੋਂ ਖ਼ੁਸ਼ ਹਾਂ ਕਿ ਉਹ ਮੇਰੇ ਪੁੱਤ ਦਾ ਤੇਹੁ ਕਰਦੈ। ਪਰ ਜਿਹੜਾ ਇਹ ਕੰਮ ਉਹਨੇ ਕਿਹੈ, ਇਹ ਕਰਨਾ ਜ਼ਰਾ ਔਖਾ ਐ, ਪਰ ਕਰ ਦੇਣੈ ਅੱਜ। ਮੇਰੇ ਲਈ ਕੀ ਔਖੈ... ਜੇ ਵੇਖਿਆ ਜਾਵੇ ਤਾਂ ਪੁੱਤ ਤਾਂ ਮੇਰੇ ਬਿਨਾਂ ਪੁੱਛੇ ਹਿੱਲਦਾ ਤੱਕ ਨਹੀਂ...ਉਂਝ ਚੋਰੀ-ਛਪੇ ਕੁਛ ਕਰੇ ਤਾਂ ਕੀ ਐ? ਚੋਰੀ ਦਾ ਗੁੜ ਤੇ ਮਹਾਂਪੁਰਖ ਵੀ ਖਾਂਦੇ ਆਏ ਨੇ...। ਕਦੀ-ਕਦੀ ਫੇਰ ਵੀ ਮਨ ਵਿੱਚ ਵੈਰਾਗ ਜਿਹਾ ਜਾਗ ਪੈਂਦੇ ਕਿ ਸਾਈਂ ਦੇ ਦਰ ’ਤੇ ਆ ਕੇ ਮੈਂ ਐਬ ਛੱਡੇ ਨਹੀਂ। ਸਭੇ ਐਬ ਸ਼ਰੱਈ ਕਰ ਛੱਡੇ। ਪਰ ਮੇਰਾ ਸਾਈਂ ਜੋਜਨ ਮੈਨੂੰ ਮਾਫ਼ ਕਰ ਦੇਂਦਾ ਸੀ। ਫੇਰ ਵੀ ਜਿਹੜਾ ਕਦੀ-ਕਦੀ ਸੁਫ਼ਨਿਆਂ ਵਿੱਚ ਜਾਂ ਫੇਰ ਜਾਗਦੀਆਂ ਅੱਖਾਂ ਵਿੱਚ ਵੀ ਕਈ ਵਾਰ, ਇਹ ਸੜਦਾ-ਬਲ਼ਦਾ ਕੋਈ ਉੱਚਾ-ਲੰਮਾ, ਬੁੱਢਾ ਸਰਦਾਰ ਦਿਸਦੈ, ਉਹਨੂੰ ਵੇਖ ਕੇ ਮਨ ਬੜਾ ਡਰਦੈ। ਪੀਰ ਜੋਜਨ ਦੇ ਜੀਂਦੇ ਜੀਅ ਨਹੀਂ ਸੀ ਕਦੀ ਦਿੱਸਿਆ। ਹੁਣ ਕੀਹਨੂੰ ਪੁੱਛਾਂ? ਤਾਬੇ ਸ਼ਾਹ ਤੇ ਆਪ ਮੇਰੇ ਵਰਗਾ ਐਬੀ-ਕਬਾਬੀ ਏ। ਨਾਂ ਦਾ ਈ ਸਾਈਂ ਏ। ਪਰੀਆਂ ਤੇ ਜਿੰਨ ਵੱਸ ਕਰ ਲੈਣ ਨਾਲ਼ ਥੋੜ੍ਹਾ ਕੋਈ ਸਾਈਂ ਬਣ ਜਾਂਦੈ...?

“...ਚੱਲ ਮੈਨੂੰ ਕੀ? ਮੇਰੇ ਪੁੱਤ ਦਾ ਤੇ ਭਲਾ ਹੀ ਸੋਚਦੈ। ਮੈਂ ਵੀ ਨਾਲ਼ੇ ਕਿਹੜਾ ਬੈਠੇ ਰਹਿਣੈ? ਏਸ ਸੜਦੇ-ਬਲ਼ਦੇ ਬੁੱਢੇ ਦੇ ਪ੍ਰੇਤ ਨੂੰ ਮਗਰੋਂ ਲਾਹੁਣ ਲਈ ਮੈਂ ਏਸ ਜੁੰਮੇ ਦੀ ਸਾਰੀ ਰਾਤ ਚਰਾਗਾਂ ਥੱਲੇ ਬਹਿ ਰਹਾਂਗਾ। ਅਚਾਨਕ ਮੇਰਾ ਧਿਆਨ ਟੁੱਟਦਾ ਹੈ। ਪੁੱਤ ਮੇਰਾ, ਪਰ੍ਹੇ ਮਾਸਟਰ ਦੇ ਬਿੱਲੂ ਸਾਈਂ ਨੂੰ ਚਾਹ ਫੜਾਨ ਜਾ ਰਿਹਾ ਸੀ।

“ਉਰੇ ਆ,” ਮੈਂ ਆਵਾਜ਼ ਮਾਰਦਾ ਹਾਂ।

*  *  *

ਸ਼ਾਮਾਂ ਪੈ ਗਈਆਂ ਨੇ। ਮੇਰੇ ਕਹੇ ’ਤੇ ਮੇਰਾ ਪੁੱਤ ਮੈਨੂੰ ਜੀ.ਟੀ. ਰੋਡ ’ਤੇ ਆ ਮਿਲਦੈ। ਮੇਰੇ ਡੱਬ ਵਿੱਚ ਅੱਧੀਆ ਹੈ। ਦਬੁਰਜੀ ਆਲੇ ਤੋਤੀ ਹੁਣੀਂ ਦਾਰੂ ਕਮਾਲ ਦੀ ਕੱਢਦੇ ਨੇ। ਉਨ੍ਹਾਂ ਦਾ ਅੱਧੀਆ ਬੋਤਲ ਬਰਾਬਰ ਹੁੰਦਾ ਹੈ। ਮੈਂ ਤੇ ਤਾਬੇ ਸ਼ਾਹ ਕਦੀ-ਕਦੀ ਰਾਤ ਨੂੰ ਮੇਜੋ ਦੀ ਦੁਕਾਨ ’ਤੇ ਜਾ ਕੇ ਪੀ ਲੈਨੇ ਆਂ। ਮੇਜੋ ਦੀ ਦੁਕਾਨ ਦੇ ਪਿੱਛੇ ਉਹਦੀ ਰਿਹਾਇਸ਼ ਲਈ ਦੋ ਕਮਰੇ ਨੇ। ਏਨੇ ਲੁਕਵੇਂ ਕਿ ਅੰਦਰ ਜੋ ਮਰਜ਼ੀ ਕਰੋ, ਪਤਾ ਨਹੀਂ ਲਗਦਾ। ਮੇਜੋ ਆਪ ਵੀ ਉੱਦਣ ਸਾਡੇ ਨਾਲ਼ ਪੀ ਲੈਂਦੀ ਏ। ਉਸ ਰਾਤ ਅਸੀਂ ਕੋਲ਼ ਹੀ ਸੌਂਦੇ ਤੇ ਵਾਰੀਆਂ ਲਾਉਂਦੇ ਆਂ। ਡੇਰੇ ਵਿੱਚ ਪੀ ਕੇ ਜਾਣ ਦਾ ਹੁਕਮ ਨਹੀਂ, ਸੌਣਾ ਤੇ ਦੂਰ ਦੀ ਗੱਲ ਏ। ਮੇਜੋ ਭਾਵੇਂ ਬੜੀ ਡੰਡ ਲਾਹੁੰਦੀ ਏ, ਪਰ ਜੋ ਨਜ਼ਾਰਾ ਉਹਦੇ ਕੋਲ਼ ਪੀਣ ਦਾ, ਉਹਦੇ ਨਾਲ ਬਹਿਣ ਦਾ ਤੇ ਉਹਦੇ ਕੋਲੋਂ ਗਾਲ੍ਹਾਂ ਖਾਣ ਦਾ... ਤੇ ਲੱਤਾਂ ਮਰਵਾਣ ਵਿੱਚ ਏ... ਧਰਮ ਨਾਲ਼ ਕਿਤੋਂ ਨਹੀਂ ਲੱਭਦਾ। ਵਿਚਾਰਾ ਦਿਆਲਾ, ਉੱਤੋਂ ਅੱਧੀ ਰਾਤ ਤਕ ਸਾਡੀ ਸੇਵਾ ਵਿੱਚ ਰਹਿੰਦੈ।

...ਇਸ ਮੇਜੋ ਦੀ ਕਹਾਣੀ ਵੀ ਅਜੀਬ ਏ। ਅੰਬਰਸਰ ਦਾ ਦਸ ਨੰਬਰੀਆ ਤੋਚੀ ਇਹਨੂੰ ਅਬੋਹਰ, ਗੰਗਾਨਗਰ ਵੱਲੋਂ ਕਿਤੋਂ ਕੱਢ ਲਿਆਇਆ ਸੀ। ਬੜੀ ਜਾਨ ਵਾਲ਼ੀ ਰੰਨ ਸੀ। ਫੇਰ ਉਹਨੇ ਤਿੰਨ ਵਾਰ ਅੱਗੇ ਵੇਚੀ। ਚੌਥੀ ਵਾਰ ਵੀ ਘੁੰਮ-ਘੁਮਾ ਕੇ ਉਹ ਤੋਚੀ ਕੋਲ਼ ਮੁੜ ਪੁੱਜਦੀ ਹੋ ਗਈ। ਸਗੋਂ ਫੇਰ ਜਦੋਂ ਉਹ ਵੇਚਣ ਲੱਗਾ ਤਾਂ ਮੇਜੋ ਨੂੰ ਪਤਾ ਨਹੀਂ ਕੀ ਕਚੀਚੀ ਆਈ, ਉਹਨੇ ਤੋਚੀ ਦੇ ਮੂੰਹ ’ਤੇ ਥੁੱਕਿਆ। ਦਸਾਂ ਕਤਲਾਂ ਦਾ ਭਾਗੀ ਤੋਚੀ ਜਿਵੇਂ ਅੰਦਰੋਂ ਮਰ ਗਿਆ। ਕੁੱਟ-ਕੁੱਟ ਜ਼ਨਾਨੀਆਂ ਦੇ ਟੋਟੇ ਲਾਹੁਣ ਵਾਲ਼ੇ ਤੋਚੀ ਦਾ ਮੂੰਹ ਥੁੱਕ ਪਵਾ ਕੇ ਜਿਵੇਂ ਮੂੰਹ ਸੀਤਾ ਗਿਆ। ਮੁੜ ਉਸ ਮੇਜੋ ਨੂੰ ਕਦੀ ਨਾ ਤਾ ਵੇਚਿਆ ਨਾ ਮਾਰਿਆ। ਇਹ ਹੁਣ ਵਾਲੀ ਥਾਂ, ਸਸਤੀ ਲੈ ਕੇ ਉਹ ਬਹਿ ਗਿਆ। ਇਕੋ ਕੁੜੀ ਉਹਦੀ ਮੇਜੋ ਕੋਲੋਂ ਹੋਈ, ਜਿਹੜੀ ਤੋਚੀ ਦੀ ਮਾਂ ਲੈ ਗਈ ਸੀ। ਮੇਜੋ ਇਕੱਲੀ ਦੀ ਇਕੱਲੀ, ਪਰ ਹਰ ਹਫ਼ਤੇ ਨੇਮ ਨਾਲ਼ ਧੀ ਨੂੰ ਜਾ ਕੇ ਮਿਲ਼ ਆਉਂਦੀ। ਦਿਆਲਾ ਬਚਪਨ ਤੋਂ ਹੀ ਤੋਚੀ ਨਾਲ਼ ਸੀ। ਜਨਮ ਤੋਂ ਹੀ ਸਿੱਧਰਾ ਸੀ। ਜਿੰਨਾ ਚਿਰ ਤੋਚੀ ਦੀ ਜੂਏ ਦੀ ਬੈਠਕ ਚਲਦੀ ਸੀ, ਤੋਚੀ ਦੀ ਤੇ ਬਾਕੀ ਬਦਮਾਸ਼ਾਂ ਦੀ ਰੋਟੀ ਦਿਆਲਾ ਹੀ ਪਕਾਂਦਾ ਸੀ। ਜਾਤ ਦਾ ਮਹਿਰਾ ਸੀ ਤੇ ਕਾਰੀਗਰ ਸੀ। ਮਠਿਆਈ ਬਣਾਉਣ ਵਿੱਚ ਐਨ ਟਿੱਚ। ਕੁਝ ਦੇਰ ਬਾਅਦ ਹੀ ਤੋਚੀ ਕਤਲ ਹੋ ਗਿਆ। ਅੰਬਰਸਰ ਦੀਆਂ ਕਚਹਿਰੀਆਂ ਦੇ ਬਾਹਰ ਉਹਦੇ ਹੀ ਪੁਰਾਣੇ ਸਾਥੀ ਉਹਨੂੰ ਵੱਢ ਗਏ। ਮਗਰੋਂ ਨਖਸਮੀ ਰਹਿ ਗਈ ਮੇਜੋ ਨਾ ਡਰੀ ਤੇ ਨਾ ਹੀ ਭੱਜੀ। ਦਿਆਲੇ ਨੂੰ, ਜੀਹਦੀ ਅੱਲ ‘ਸਾਲਾ’ ਪਈ ਹੋਈ ਸੀ, ਪਰਦੇਦਾਰੀ ਲਈ ਉਹਨੇ ਨਵਾਂ ਖਸਮ ਕਰ ਲਿਆ। ਮਗਰੋਂ ਉਹ ਤਾਬੇ ਸ਼ਾਹ ਨਾਲ਼ ਵੀ ਫਿੱਟ ਹੋ ਗਈ ਤੇ ਫੇਰ ਮੇਰੇ ਨਾਲ਼ ਤਾਬੇ ਸ਼ਾਹ ਕਰਕੇ ਉਹਦੀ ਸੂਤ ਬਹਿ ਗਈ ਸੀ...।

ਹੁਣ ਇਸੇ ਮੇਜੋ ਕੋਲੋਂ ਅੱਜ ਪੁੱਤ ਆਪਣੇ ਦੀ ਘੁੰਡ-ਚੁਕਾਈ ਕਰਵਾਣੀ ਏ। ਉਲ਼ਟਾ ਹਸਾਬ ਏ...ਮੁੰਡੇ ਦੀ ਸੰਙ ਲਾਹੁਣੀ ਏ।



“ਉਏ! ਚਰਾਗ ਬਾਲ ’ਤੇ ਸੀ?” ਮੈਂ ਆਉਂਦੇ ਕਾਕੇ ਨੂੰ ਪੁੱਛਦਾ ਹਾਂ।

“ਹਾਂ, ਬਾਲ ਆਇਆ। ਪੀਰ ਹੁਰੀਂ ਵੀ ਕਹਿੰਦੇ ਸਨ, ਭਾਪੇ ਕੋਲ਼ ਪੁੱਜਦਾ ਹੋ। ਅੱਜ ਕੀ ਗੱਲ ਐ ਭਾਪਾ?” ਪੁੱਤ ਮੇਰਾ ਮੈਨੂੰ ਪੁੱਛਦਾ ਹੈ।

“ਚੱਲ ਮਾਈ...ਆ ਮੇਰੇ ਨਾਲ਼। ਤੈਨੂੰ ਅੱਜ ਸੁਰਗ ਵਖਾਵਾਂ। ਐਵੇਂ ਹੁਣ ਤੱਕ ਵੇਸਣ ਹੀ ਵੱਟੀ ਗਿਆ ਏਂ। ਚੱਲ, ਅੱਜ ਤੈਨੂੰ ਬੂੰਦੀ ਖਵਾਵਾਂ।” ਮੈਂ ਇਸ਼ਾਰੇ ਕਰਦਾ ਹਾਂ।

“ਭਾਪਾ! ਮਿੱਠਾ ਤੇ ਮੈਂ ਘੱਟ ਈ ਖਾਨਾਂ। ਤੈਨੂੰ ਅੱਜ ਇਹ ਕੀ ਵਲੇਲ ਚੜ੍ਹ ਗਈ ਏ?” ਪੁੱਤ ਹੈਰਾਨ ਹੈ।

“ਉਏ ਛਲੇਡਿਆ! ਤੂੰ...ਹੀ ਰਹਿਉਂ। ਅੱਜ ਹੋ ਇੱਧਰ।” ਮੈਂ ਅੱਧੀਆ ਕੱਢ ਕੇ ਉਹਨੂੰ ਵਖਾਂਦਾ ਹਾਂ ਤੇ ਪੱਟਾਂ ’ਤੇ ਮਾਰਦਾ ਹਾਂ। ਮੈਨੂੰ ਪਤੈ ਕਿ ਮੇਰਾ ਪੁੱਤ ਕਦੀ-ਕਦੀ ਪੀ ਲੈਂਦੇ ਜਜੀ ਫੁਕਰੇ ਨਾਲ਼। ਪਰ ਓਦਣ ਸੜਕ ’ਤੇ ਸੌਂਦੈ, ਡੇਰੇ ਦੇ ਅੰਦਰ ਨਹੀਂ ਵੜਦਾ।

ਉਹਦਾ ਹੱਥ ਫੜ ਕੇ ਮੈਂ ਮੇਜੋ ਦੀ ਦੁਕਾਨ ’ਤੇ ਅੱਪੜ ਜਾਂਦਾ ਹਾਂ। ਸਾਈਂ ਤਾਬਾ ਮੇਜੋ ਦੇ ਕੰਨ ਵਿੱਚ ਦੁਪਹਿਰ ਦਾ ਹੀ ਫੂਕ ਮਾਰ ਗਿਆ ਹੈ। ਦੁਕਾਨ ਖਾਲ਼ੀ ਹੈ, ਸਿਰਫ਼ ਦਿਆਲਾ ਬਾਹਰ ਕੜਾਹੀ ਕੋਲ਼ ਬੈਠਾ ਹਵਾ ਵਿੱਚ ਝਾਕੀ ਜਾਂਦੈ ਤੇ ਹੱਸੀ ਜਾਂਦਾ ਹੈ।

“ਆ ਗਿਐਂ ਦੁੱਲਿਆ! ਟੁੱਟ ਪੈਨਿਆ!” ਮੇਜੋ ਮੈਨੂੰ ਗਾਹਲ਼ਾਂ ਕੱਢਦੀ ਹੈ ਤੇ ਫੇਰ ਤਾੜਵੀਆਂ ਨਜ਼ਰਾਂ ਨਾਲ਼ ਮੇਰੇ ਪੁੱਤ ਵੱਲ ਝਾਕਦੀ ਹੈ। ਉਹ ਸ਼ਰਮਾ ਜਾਂਦਾ ਹੈ ਤੇ ਨੀਵੀਂ ਪਾ ਲੈਂਦਾ ਹੈ। ਮੇਜੋ ਦੀਆਂ ਅੱਖਾਂ ਤੋਂ ਮੈਨੂੰ ਪਤਾ ਨਹੀਂ ਲੱਗ ਰਿਹਾ ਕਿ ਉਹ ਉਦਾਸ ਹੈ ਕਿ ਆਮ ਵਾਂਗ ਸਾਧਾਰਨ ਹੈ?

“ਚੱਲ ਲੈ ਆ ਗਲਾਸ ਫੇਰ।” ਮੈਂ ਦਿਆਲੇ ਨੂੰ ਆਖਦਾ ਹਾਂ। ਫੇਰ ਮੈਂ ਪਿਛਲੇ ਕਮਰਿਆਂ ਵੱਲ ਵਧ ਜਾਂਦਾ ਹਾਂ। ਮਗਰੇ ਮੇਰਾ ਪੁੱਤ ਤੇ ਮੇਜੋ ਆ ਜਾਂਦੇ ਹਨ।

ਦਿਆਲੇ ਨੂੰ ਮੈਂ ਢੱਕਣ ਕੁ ਸ਼ਰਾਬ ਪਿਆ ਦਿੱਤੀ ਹੈ। ਪੰਜਾਹ-ਸੱਠ ਡਿਗਰੀ ਦੀ ਸ਼ਰਾਬ। ਉਹ ਏਨੇ ਵਿੱਚ ਹੀ ਖੁਸ਼ ਹੈ। ਗਲਾਸ, ਪਾਣੀ, ਲੂਣੀ ਦਾਲ, ਸਭ ਦੇ ਗਿਆ ਹੈ। ਆਪ ਬਾਹਰ ਜਾ ਬੈਠਾ ਹੈ। ਉੱਥੇ ਹੀ ਸੌਂਵੇਂਗਾ ਅੱਜ ਰਾਤ। ਅੰਦਰ ਕਦੀ ਨਹੀਂ ਆਉਂਦਾ।

ਤਕਰੀਬਨ ਘੰਟਾ, ਡੇਢ ਘੰਟਾ ਅਸੀਂ ਪੀਂਦੇ ਰਹਿੰਦੇ ਹਾਂ। ਮੇਜੋ ਦੋ ਪੈੱਗ ਹੌਲ਼ੀ-ਹੌਲ਼ੀ ਕਰਕੇ ਪੀ ਗਈ ਹੈ। ਮੇਰਾ ਅਜੇ ਦੂਸਰਾ ਵੀ ਨਹੀਂ ਮੁੱਕਾ। ਉਹ ਤੀਸਰਾ ਪੈੱਗ ਛੋਟਾ ਜਿਹਾ ਹੀ ਪਾਉਂਦੀ ਹੈ। ਪੁੱਤ ਮੇਰੇ ਨੇ ਤੇ ਇੱਕੋ ਹੀ ਪੈੱਗ ਲਿਆ ਹੈ। ਉਹਨੂੰ ਓਨੀ ਪੀਣੀ ਵੀ ਔਖੀ ਲੱਗ ਰਹੀ ਹੈ। ਅਜੇ ਨਵੀਆਂ ਆਂਦਰਾਂ ਨੇ ਉਹਦੀਆਂ। ਤੋਤੀ ਦੀ ਸ਼ਰਾਬ ਤੇ ਮੇਰੇ ਵਰਗੇ ਸੜੇ-ਬਲ਼ੇ ਜਾਂ ਫੇਰ ਮੇਜੋ ਵਰਗੀਆਂ ਸ਼ਰਾਬਣਾਂ ਹੀ ਸਾਂਭ ਸਕਦੀਆਂ ਨੇ। ਪੁੱਤ ਮੇਰੇ ਦੇ ਡੇਲ ਘੁੰਮ ਰਹੇ ਨੇ। ਮੈਨੂੰ ਪਤੈ ਕਿ ਪੰਜਾਹ ਡਿਗਰੀ ਵਾਲ਼ੀ ਸ਼ਰਾਬ ਹਨੇਰੀ ਵਾਂਗ ਉਹਦੇ ਸਿਰ ਨੂੰ ਚੜ੍ਹੀ ਹੈ। ਇਹ ਅਜੇ ਤਿੰਨ ਕੁ ਘੰਟੇ ਤੱਕ ਨਹੀਂ ਲਹਿਣੀ। ਮੇਜੋ ਦੋ ਘੁੱਟ ਭਰਦੀ ਹੈ। ਉਹ ਪੂਰੇ ਤਰਾਰੇ ਵਿੱਚ ਹੈ।

ਮੈਂ ਵੀ। ਪੁੱਤ ਸਾਡੀ ਰੀਸੇ ਦੂਸਰੇ ਪੈੱਗ ਵਿੱਚੋਂ ਇਕ ਘੁੱਟ ਭਰਦਾ ਹੈ। ਉਹਨੂੰ ਖੰਘ ਛਿੜ ਜਾਂਦੀ ਹੈ। ਮੇਜੋ ਉਹਦੀ ਪਿੱਠ 'ਤੇ ਹੱਥ ਫੇਰ ਕੇ ਕਹਿੰਦੀ ਹੈ, "ਨਹੀਂ ਪੀਤੀ ਜਾਂਦੀ ਤੇ ਛੱਡ ਦੇ ਮੇਰਾ...," ਅੱਗੋਂ ਮੇਜੋ ਮੂੰਹ ਵਿੱਚ ਹੀ ਗੱਲ ਘੁੱਟ ਜਾਂਦੀ ਹੈ। ਅੱਖਾਂ ਉਹਦੀਆਂ ਤਰਸ ਨਾਲ਼ ਭਰੀਆਂ ਹਨ। ਪੁੱਤ ਮੇਰਾ ਵੀ ਉਹਦੇ ਵੱਲ ਸ਼ੁਕਰਾਨੇ ਨਾਲ਼ ਵੇਖਦਾ ਹੈ।

ਥੋੜ੍ਹੀ ਕੁ ਦੇਰ ਪਿਛੋਂ ਮੈਂ ਤੇ ਮੇਜੋ, ਪੁੱਤ ਨੂੰ ਉਸੇ ਕਮਰੇ ਵਿੱਚ ਛੱਡ ਕੇ ਦੂਸਰੇ ਕਮਰੇ ਵਿੱਚ ਚਲੇ ਜਾਂਦੇ ਹਾਂ। ਸ਼ਰਾਬ ਤਿੰਨਾਂ ਨੂੰ ਹੁਲਾਰਾ ਦੇ ਰਹੀ ਹੈ। ਪੁੱਤ ਮੇਰਾ ਪਰ ਸੁਚੇਤ ਹੈ। ਉਹ ਮੈਨੂੰ ਜਾਂਦੇ ਨੂੰ ਵੇਖ ਮੁਸਕਾਂਦਾ ਹੈ।

ਕਪੜੇ ਲਾਹ ਕੇ ਅਸੀਂ ਦੋਵੇਂ, ਮੈਂ ਤੇ ਮੇਜੋ, ਭਲੱਥੇਬਾਜ਼ਾਂ ਵਾਂਗ ਇੱਕ ਦੂਸਰੇ ਨੂੰ ਵੇਖਦੇ ਹਾਂ। ਤਖ਼ਤਪੋਸ਼ 'ਤੇ ਪੈ ਕੇ ਪੰਜ ਕੁ ਮਿੰਟ ਇਕ ਦੂਜੇ ਨੂੰ ਚੰਗੀ ਤਰ੍ਹਾਂ ਫੈਂਟਦੇ ਹਾਂ।

"ਹੂੰ!" ਮੇਜੋ ਹੁੰਗਾਰਾ-ਜਿਹਾ ਮਾਰ ਕੇ ਮੇਰੇ ਵਾਲ਼ ਫੜ ਲੈਂਦੀ ਹੈ। ਇਹ ਤਿਆਰੀ ਦਾ ਸੰਕੇਤ ਹੈ!

ਪੰਜ-ਸੱਤ ਮਿੰਟਾਂ ਬਾਅਦ ਮੈਂ ਵਿਹਲਾ ਹੋ ਜਾਨਾਂ। ਕਪੜੇ ਪਾ ਕੇ ਮੈਂ ਜਾਣ ਲੱਗਿਆਂ ਮੇਜੋ ਦੀ ਸਲਵਾਰ-ਕਮੀਜ਼ ਚੁੱਕ ਲੈਨਾਂ।

"ਭੇਜਾਂ ਮੈਂ ਫੇਰ ਬਾਲਕੇ ਨੂੰ?" ਮੈਂ ਹੱਸ ਕੇ ਮੇਜੋ ਵੱਲ ਤੱਕਦਾਂ।

"ਮੇਰੇ ਕੱਪੜੇ ਤੇ ਰੱਖ ਜਾਹ...ਦਿਆ।" ਮੇਜੋ ਸ਼ਰਾਬ ਦੇ ਲੋਰ ਵਿੱਚ ਗਾਹਲ਼ ਕੱਢਦੀ ਹੈ।

"ਰਹਿਣ ਦੇ। ਤੂੰ ਨੰਗੀ ਭਲੀ ਐਂ। ਨਾਲ਼ੇ ਮੁੰਡਾ ਸ਼ਰਮਾਊ ਨਾ। ਉਹਨੂੰ ਮਿਹਨਤ ਨਾ ਕਰਨੀ ਪਊ!" ਮੈਂ ਹੱਸਦਾ ਹਾਂ।

"ਚੱਲ ਭੇਜ ਦੇ। ਤੂੰ ਵੀ...ਲੈ, ਜਿਹੜੀ ਭੈਣ..." ਮੇਜੋ ਗੰਭੀਰ ਹੋ ਗਈ ਹੈ।

ਪੰਜ ਮਿੰਟ, ਦਸ ਮਿੰਟ, ਅੱਧਾ ਘੰਟਾ, ਘੰਟਾ...

ਪੁੱਤ ਮੇਰੇ ਨੂੰ ਗਿਆਂ ਘੰਟੇ, ਡੇਢ ਘੰਟੇ ਤੋਂ ਵੀ ਉੱਪਰ ਹੋ ਗਿਆ ਹੈ। ਮੈਂ ਬਾਹਰ ਦਿਆਲੇ ਕੋਲ਼ ਬਹਿ ਕੇ ਦੋ ਛੁਲਕੇ ਵੀ ਖਾ ਲਏ ਨੇ। ਮਿੱਠਾ ਵੀ ਖਾ ਲਿਐ। ਪੁਰਾਣੀ ਅਖ਼ਬਾਰ ਪਈ ਸੀ, ਉਹ ਵੀ ਪੜ੍ਹ ਛੱਡੀ ਏ। ਸਮਾਂ ਲੰਘੀ ਜਾ ਰਿਹੈ। ਦਿਆਲਾ ਲੇਟ ਗਿਆ ਹੈ। ਉਹ ਸੁੱਤਾ ਤੇ ਨਹੀਂ, ਪਰ ਊਂਘ ਰਿਹਾ ਹੈ।

ਮੈਂ ਹੈਰਾਨ ਹਾਂ। ਉਧਰੋਂ ਕੋਈ ਆਵਾਜ਼ ਵੀ ਨਹੀਂ ਆ ਰਹੀ। ਮੌਤ ਵਰਗੀ ਖ਼ਾਮੋਸ਼ੀ ਹੈ।

ਹਾਰ ਕੇ ਮੈਂ ਆਪ ਉੱਠ ਕੇ ਉਸ ਕਮਰੇ ਵਿੱਚ ਜਾਣ ਦਾ ਫੈਸਲਾ ਕਰਦਾ ਹਾਂ। ਕਮਰੇ ਦਾ ਬੂਹਾ ਢੋਇਆ ਹੋਇਆ ਹੈ। ਚੁੱਪ-ਚਾਂ ਹੈ। ਮੈਂ ਬੂਹਾ ਧੱਕਦਾ ਹਾਂ। ਬੂਹਾ ਖੁੱਲ੍ਹ ਜਾਂਦਾ ਹੈ।

...ਅੰਦਰ ਮੇਜੋ ਜ਼ਮੀਨ 'ਤੇ ਸੁੱਤੀ ਪਈ ਹੈ। ਤਖ਼ਤਪੋਸ਼ ਤੋਂ ਚਾਦਰ ਖਿੱਚ ਕੇ ਉਹਨੇ ਆਪਣਾ ਪਿੰਡਾ ਢਕਿਆ ਹੋਇਆ ਹੈ। ਉਹਦੇ ਪੈਰਾਂ 'ਤੇ ਸਿਰ ਰੱਖ ਕੇ ਮੇਰਾ ਪੁੱਤ ਵੀ ਘੂਕ ਸੁੱਤਾ ਪਿਆ ਹੈ...।



# ਸਤੀ

✍ ਵੀਨਾ ਵਰਮਾ

ਗਲੀ ਗਲੀ ਵਿਚ ਨੱਚਦੀ ਫਿਰਦੀ ਸੀ ਕ੍ਰਿਸ਼ਨਾ। ਉੱਚੀ ਲੰਬੀ ਛੇ ਫੁੱਟੀ ਲਗਰ ਵਰਗੀ ਕੁੜੀ। ਗੋਰਾ ਧੁੱਪ ਵਰਗਾ ਰੰਗ, ਤਿੱਖੇ ਨੈਣ ਨਕਸ਼ ਤੇ ਸੁਰਾਹੀਦਾਰ ਲੰਮੀ ਗਰਦਨ। ਲੰਮੇ ਕਾਲੇ ਸਿਆਹ, ਗਜ਼ਾਂ ਜਿੱਡੇ ਵਾਲ਼। ਗੋਲ ਭਰਵੀਆਂ ਬਾਹਾਂ, ਜਿਨ੍ਹਾਂ 'ਚ ਸੱਤ ਰੰਗੀਆਂ ਚੂੜੀਆਂ ਨਿੱਤ ਬਦਲਦੀਆਂ। ਬਣਾਉਟੀ ਗਹਿਣਿਆਂ ਨਾਲ ਉਸਦੀ ਪਟਾਰੀ ਭਰੀ ਪਈ ਸੀ। ਫੈਸ਼ਨ ਪਿੱਛੋਂ ਬਦਲਦੇ ਪਹਿਲਾਂ ਕ੍ਰਿਸ਼ਨਾਂ ਨੇ ਰੰਗ ਵਟਾਇਆ ਹੁੰਦਾ। ਬਾਜ਼ਾਰ 'ਚ ਕੱਪੜਾ ਹਾਲੇ ਦੁਕਾਨਾਂ 'ਤੇ ਨਹੀਂ ਸੀ ਪਹੁੰਚਿਆ ਹੁੰਦਾ, ਪਰ ਕ੍ਰਿਸ਼ਨਾਂ ਉਸਨੂੰ ਹੰਢਾ ਚੁੱਕੀ ਹੁੰਦੀ ਸੀ।

ਸੱਤ ਰੰਗ ਝਗੜਦੇ ਸੀ ਕ੍ਰਿਸ਼ਨਾ ਦੇ ਮੂੰਹ 'ਤੇ। ਚੜ੍ਹਦਾ ਜੋਬਨ, ਰੰਗ ਰੂਪ ਤੇ ਸ਼ੂਕਦੀ ਜਵਾਨੀ। ਅੱਗ ਦੀ ਲਾਟ ਵਾਂਗ ਮੱਚਦੀ ਸੀ ਉਹ। ਕਈ ਵਾਰ ਸ਼ੀਸ਼ੇ 'ਚ ਆਪਣਾ ਹੁਸਨ ਦੇਖ ਕੇ ਉਹ ਖ਼ੁਦ ਹੀ ਮੋਹਤ ਹੋ ਜਾਂਦੀ। ਗੁਆਚ ਜਾਂਦੀ ਆਪਣੀ ਜਵਾਨੀ ਦੀ ਭੁੱਲ ਭੁਲੱਈਆ ਵਿੱਚ। ਉਹ ਘਟਾਵਾਂ ਵਰਗੇ ਕਾਲੇ ਲੰਬੇ ਵਾਲ ਖਿਲਾਰ ਕੇ ਸ਼ੀਸ਼ੇ ਮੂਹਰੇ ਕਿੰਨੀ ਕਿੰਨੀ ਦੇਰ ਖੜ੍ਹੀ ਪਾਸੇ ਬਦਲਦੀ ਤੇ ਹਰ ਪਹਿਲੂ ਤੋਂ ਆਪਣਾ ਮੁਆਇਨਾ ਕਰਦੀ। ਭੁੱਲ ਜਾਂਦੀ ਆਪਣੀ ਹਕੀਕਤ ਨੂੰ ਤੇ ਸੁਨਹਿਰੀ ਸੰਦਲੀ ਸੁਪਨਿਆਂ ਵਿਚ ਵਿਚਰਦੀ।

ਉਸ ਦੀ ਟੋਲੀ ਦੇ ਸਾਥੀ ਉਸਨੂੰ ਹੇਠੋਂ ਆਵਾਜ਼ਾਂ ਮਾਰਦੇ-

"ਆ ਜਾ ਕ੍ਰਿਸ਼ਨਾ.....। ਧੁੱਪਾਂ ਚੜ੍ਹ ਆਈਆਂ..........। ਬਹੁਤ ਦੇਰ ਹੋ ਜੂ ਨਹੀਂ ਤਾਂ..........।" ਤੇ ਉਹ ਜਿਵੇਂ ਆਕਾਸ਼ ਤੋਂ ਜ਼ਮੀਨ 'ਤੇ ਆ ਗਿਰਦੀ। ਕਿਸੇ ਫੱਟੜ ਪੰਛੀ ਵਾਂਗ ਫੜਫੜਾਉਂਦੀ ਤੇ ਆਪਣੇ ਖੰਭ ਇਕੱਠੇ ਕਰਦੀ। ਇੱਕ ਚੀਸ ਉਸਦੇ ਅੰਦਰੋਂ ਉੱਠਦੀ ਤੇ ਉਹ ਡੂੰਘਾ ਹਉਂਕਾ ਲੈਂਦੀ, ਜਿਵੇਂ ਕਿਸਮਤ ਅੱਗੇ ਹਾਰ ਮੰਨ ਲਈ ਹੋਵੇ। ਫੇਰ ਛਮ ਛਮ ਕਰਦੀ ਪੌੜੀਆਂ ਉਤਰਦੀ। ਸ਼ਾਹੀ ਠਾਠ ਬਾਠ ਨਾਲ। ਉਸ ਦੇ ਸਾਥੀ ਉਸ ਦੀਆਂ ਬਲਾਵਾਂ ਲੈਂਦੇ। ਵਾਰੇ ਵਾਰੇ ਜਾਂਦੇ ਉਸ ਦੀ ਸਜ ਧਜ ਤੋਂ। ਕ੍ਰਿਸ਼ਨਾ ਦੇ ਚਾਰੇ ਪਾਸੇ ਮਹਿਕ ਦਾ ਇਕ ਸਮੁੰਦਰ ਠਾਠਾਂ ਮਾਰਦਾ ਸੀ, ਜਿਸ ਦਾ ਨਸ਼ਾ ਹਰ ਕੋਲ ਖੜ੍ਹੇ ਬੰਦੇ ਨੂੰ ਚੜ੍ਹਦਾ।

ਸੱਤ ਵਲ਼ ਖਾਂਦੀ ਉਹ ਸੱਪਣੀ ਵਾਂਗ ਜਦ ਸੜਕਾਂ 'ਤੇ ਤੁਰਦੀ ਤਾਂ ਲੋਕ ਹੱਥ ਵਾਲਾ ਕੰਮ ਕਰਨਾ ਭੁੱਲ ਜਾਂਦੇ ਤੇ ਉਹਦੇ ਸੰਮੋਹਕ ਜਾਲ਼ ਵਿਚ ਫਸ ਜਾਂਦੇ। ਉਹਦੇ ਸਾਥੀ ਉਸ ਤੋਂ ਬਹੁਤ ਪਿੱਛੇ ਰਹਿ ਜਾਂਦੇ ਤੇ ਉਹ ਉਹਨਾਂ ਸਭ ਤੋਂ ਬੇਖ਼ਬਰ ਤੇ ਦੁਨੀਆਂ ਤੋਂ ਲਾਪਰਵਾਹ ਕਿਸੇ ਅਵਾਰਾ ਨਦੀ ਵਾਂਗ ਜਿਸ 'ਤੇ ਕੋਈ ਬੰਨ੍ਹ ਨਾ ਹੋਵੇ, ਠਾਠਾਂ ਮਾਰਦੀ ਤੇ ਸੂਟਾਂ ਵੱਟਦੀ ਤੁਰਦੀ ਜਾਂਦੀ।

ਜਿੱਥੇ ਕ੍ਰਿਸ਼ਨਾ ਦੇ ਹੁਸਨ ਦੇ ਚਰਚੇ ਸੀ, ਉੱਥੇ ਉਹਦੇ ਨਾਚ ਦੀਆਂ ਵੀ ਧੁੰਮਾਂ ਪਈਆ ਹੋਈਆਂ ਸੀ ਚਾਰੇ ਕੂੰਠਾਂ 'ਚ। ਜਿਸ ਦਿਨ ਉਸਨੇ ਨੱਚਣਾ ਹੁੰਦਾ ਲੋਕ ਦੂਰੋਂ ਦੂਰੋਂ ਕੰਮ ਛੱਡ ਕੇ ਆ ਜਾਂਦੇ। ਕਿਸੇ ਨੂੰ ਨਾ ਵੀ ਪਤਾ ਹੁੰਦਾ, ਤਾਂ ਢੋਲਕੀ ਦੀ ਥਾਪ ਲੋਕਾਂ ਦੇ ਕੰਨ ਖੜ੍ਹੇ ਕਰ ਦਿੰਦੀ। ਕ੍ਰਿਸ਼ਨਾ ਦੀ ਅੱਡੀ ਜ਼ਮੀਨ 'ਤੇ ਵੱਜਦੀ, ਤਾਂ ਚੌਥੇ ਮੁਹੱਲੇ, ਸੁਣਾਈ ਦਿੰਦੀ। ਉਸ ਦੀ ਤਾੜੀ ਦੀ ਆਵਾਜ਼ ਨਾਲ ਇਲਾਕਾ

ਜਾਗ ਪੈਂਦਾ।

ਜਿਸ ਘਰ 'ਚ ਮੁੰਡਾ ਪੈਦਾ ਹੋਣ ਜਾਂ ਕੋਈ ਵਿਆਹ ਸ਼ਾਦੀ ਦੀ ਰਸਮ ਹੋਣੀ, ਉਹਦੇ ਵਾਰ ਮੂਹਰੇ ਉਹ ਆਪਣੇ ਸਾਥੀਆਂ ਸਮੇਤ ਜਿੰਨ੍ਹਾਂ 'ਚੋਂ ਅੱਧੇ ਮਰਦ ਸੀ ਅਤੇ ਅੱਧੇ ਔਰਤਾਂ, ਜਾ ਡੰਕਾ ਵਜਾਉਂਦੇ। ਲੋਕ ਉਸਨੂੰ ਪਿਆਰ ਕਰਦੇ ਸੀ ਅਤੇ ਉਸਨੂੰ ਵਧਾਈਆਂ ਦੇਣ ਆਈ ਨੂੰ ਦੇਖ ਕੇ ਉਨ੍ਹਾਂ ਨੂੰ ਚਾਅ ਚੜ੍ਹ ਜਾਂਦਾ।

"ਅੱਜ ਕ੍ਰਿਸ਼ਨਾ ਦਾ ਨਾਚ ਹੋਊਗਾ.....।" ਸਾਰੇ ਮੁਹੱਲੇ ਦੀਆਂ ਔਰਤਾਂ ਦਾਣੇ, ਆਟਾ, ਕੱਪੜੇ ਤੇ ਪੈਸਾ ਧੇਲਾ ਲੈ ਕੇ ਆ ਜੁੜਦੀਆਂ।

ਪਰ ਕ੍ਰਿਸ਼ਨਾ ਨੂੰ ਇਸ ਨਾਲ ਕੋਈ ਸਰੋਕਾਰ ਨਹੀਂ ਸੀ। ਉਹਦਾ ਰੇਟ ਪੱਕਾ ਸੀ। ਸੌ ਰੁਪਏ ਦਾ ਇੱਕ ਨੋਟ। ਕੋਈ ਘਾਟਾ ਵਾਧਾ ਕਰਦਾ, ਤਾਂ ਕ੍ਰਿਸ਼ਨਾ ਨੂੰ ਵਿਸ਼ ਚੜ੍ਹਦਾ।

"ਸ਼ਰਮ ਨਹੀਂ ਆਂਦੀ? ਐਨੇ ਵੱਡੇ ਸੇਠ ਹੋ ਕੇ ਹਿਜੜਿਆਂ ਦੇ ਹੱਕ ਮਾਰਦੇ ਓ......।" ਉਹਦੀ ਦਰਦ ਭਰੀ ਆਵਾਜ਼ 'ਚ ਰੋਹ ਵੀ ਸ਼ਾਮਲ ਹੁੰਦਾ।

"ਨੀ ਕੋਈ ਨੀ। ਅੱਜ ਦਸ ਰੁਪਈਏ ਲੈ ਲੈ। ਬਾਕੀ ਕਦੇ ਫੇਰ ਸਹੀ.....। ਸੱਚੀਂ ਧਰਮ ਨਾਲ ਅੱਜ ਹੈ ਨ੍ਹੀ ਟੁੱਟੇ ਹੋਏ.....।" ਤੀਵੀਆਂ ਉਹਦੇ ਹਾੜੇ ਕੱਢਦੀਆਂ।

"ਆਪਣੇ ਉੱਥੇ ਦੇ ਲੋ ਇਹਨਾਂ ਨੂੰ ਜਿਥੋਂ ਮੁੰਡਾ ਕੱਢਿਆ ਸੀ....। ਹਰਾਮ ਦੀਆਂ ਮੁੰਡੇ ਵੀ ਜੰਮਦੀਆਂ ਨੇ ਤੇ ਕੰਜੂਸੀਆਂ ਵੀ ਕਰਦੀਆਂ ਨੇ। ਮੈਂ ਕੋਈ ਮੰਗਤੀ ਆਂ? ਆਪਣਾ ਹੱਕ ਲੈਨੀ ਆਂ। ਥੋਨੂੰ ਵਧਾਈਆਂ ਦਿੱਤੀਆਂ ਨੇ.....। ਵੇਲ ਵਧਾਈ ਐ ਥੋਡੇ ਘਰ ਦੀ। ਕੋਈ ਭੀਖ ਨਹੀਂ ਮੰਗਦੀ ਫਿਰਦੀ ਮੈਂ। ਰੱਬ ਕਿਸੇ ਨੂੰ ਏਸ ਜੂਨ 'ਚ ਨਾ ਪਾਵੇ। ਨਹੀਂ ਥੋਡੇ ਵਰਗੀਆਂ ਨੂੰ ਤਾਂ ਮੈਂ ਪੈਰਾਂ ਦੀ ਮਾਲਸ਼ ਕਰਨ ਨੂੰ ਵੀ ਨਾ ਰੱਖਾਂ। ਆਗੀਆਂ ਵੱਡੀਆਂ ਸਠਾਨੀਆਂ.....।" ਉਹ ਦੋਹਾਂ ਹੱਥਾਂ ਨਾਲ ਜ਼ੋਰ ਜ਼ੋਰ ਦੀ ਹਿਜੜਿਆਂ ਵਾਲਾ ਗਿੱਧਾ ਪਾਉਂਦੀ ਤੇ ਪੰਡਾਲ ਦਾ ਗੇੜਾ ਕੱਢਦੀ।

"ਚੱਲ ਕੋਈ ਨ੍ਹੀਂ। ਹਾੜੇ....। ਕਦੇ ਕਿਸੇ ਦੀ ਮੰਨੀਦੀ ਵੀ ਹੁੰਦੀ ਐ.....। ਚੱਲ ਉਹ ਜਾਣੇ.....। ਅੱਜ ਇਹੀ ਸਹੀ....।" ਤੀਵੀਆਂ ਫੇਰ ਉਹਦੀਆਂ ਮਿੰਨਤਾਂ ਕਰਦੀਆਂ।

"ਚੱਲੋ ਨੀ......। ਇਹਨਾਂ ਭੁੱਖਿਆਂ ਤੋਂ ਕੀ ਮੰਗਦੀਓਂ ਤੁਸੀਂ। ਖੋਹਲ ਦੋ ਨਾਲੇ....। ਕੱਢੋ ਇਹਨਾਂ ਦਾ ਜਲੂਸ.....ਹੋ ਜੋ ਨੰਗੀਆਂ....। ਰੱਬ ਕਰਕੇ ਅਗਲੇ ਸਾਲ ਇਹਨਾਂ ਦੇ ਘਰ ਵੀ ਸਾਡੇ ਵਰਗਾ ਜੰਮੇ...।" ਕ੍ਰਿਸ਼ਨਾ ਆਪਣੇ ਸਾਥੀਆਂ ਨੂੰ ਹੁਕਮ ਸੁਣਾਉਂਦੀ।

"ਨਾ ਨਾ...। ਐਂ ਨਾ ਕਰੀਓ....। ਐਸਾ ਜੁਲਮ ਨਾ ਕਰੀਓ....। ਨੰਗੀਆਂ ਨਾ ਹੋਇਓ। ਅਸੀਂ ਇੱਜ਼ਤ ਆਲੇ ਬੰਦੇ ਆ......।" ਵਧਾਈਆਂ ਵਾਲੇ ਘਰ ਦੇ ਆਦਮੀ ਤੇ ਔਰਤਾਂ ਘਬਰਾ ਜਾਂਦੇ ਤੇ ਕ੍ਰਿਸ਼ਨਾ ਮੂਹਰੇ ਹਥਿਆਰ ਸੁੱਟ ਦਿੰਦੇ।

ਉਸਨੂੰ ਮੂੰਹ ਮੰਗੇ ਪੈਸੇ ਮਿਲਦੇ। ਪੈਸੇ ਲੈ ਕੇ ਉਹ ਆਪਣੀ ਅੰਗੀ 'ਚ ਪਾ ਲੈਂਦੀ ਤੇ ਸੂਟ ਨੂੰ ਹੱਥਾਂ ਵਿਚ ਇੱਦਾਂ ਫੜਦੀ, ਜਿਵੇਂ ਕੋਈ ਬੱਚੇ ਦਾ ਲਿਬੜਿਆ ਪੋਤੜਾ ਚੁੱਕਦਾ ਹੈ।



"ਹੂੰਹ ਆਹ ਸੂਟ...? ਮੇਰੀ ਜੁੱਤੀ ਵੀ ਨਾ ਪਾਵੇ......।" ਉਹ ਨੱਕ ਚੜ੍ਹਾਉਂਦੀ ਤੇ ਸੂਟ ਨੂੰ ਆਪਣੇ ਸਾਥੀਆਂ ਵੱਲ ਵਗਾਹ ਕੇ ਮਾਰਦੀ।

ਨਵ ਜੰਮੇ ਬੱਚੇ ਨੂੰ ਉਹ ਬਾਹਾਂ 'ਚ ਚੁੱਕਦੀ। ਲੋਰੀ ਦਿੰਦੀ ਤੇ ਵਧਾਈਆਂ ਗਾਉਂਦੀ, "ਕੋਠੇ ਉਤੇ ਮੋਰ, ਥੋਡੇ ਮੁੰਡਾ ਜੰਮੇ ਹੋਰ। ਸਾਲ ਨੂੰ ਫੇਰ ਆਵਾਂ, ਵਧਾਈਆਂ ਲੈਂਦੀ ਜਾਵਾਂ.......।"

"ਹਾੜੇ ਨੀ ਕ੍ਰਿਸ਼ਨਾ.....। ਇਕ ਗੀਤ ਹੋਰ ਸੁਣਾ ਜਾ। ਬੱਸ ਸਿਰਫ਼ ਇਕ ਹੋਰ.......।" ਲੋਕ ਉਹਦੀ ਕੋਇਲ ਵਰਗੀ ਆਵਾਜ਼ ਦੇ ਦੀਵਾਨੇ ਸੀ।

ਪਰ ਕ੍ਰਿਸ਼ਨਾ ਮਨ ਮਰਜ਼ੀ ਦੀ ਮਾਲਕ ਸੀ। ਜਿੱਥੇ ਡੱਕਾ ਲਗਾ ਦਿੱਤਾ, ਲਗਾ ਦਿੱਤਾ। ਜਦੋਂ ਤੱਕ ਮੂਡ 'ਚ ਹੁੰਦੀ, ਖ਼ੂਬ ਗਾਉਂਦੀ ਤੇ ਨੱਚਦੀ ਤੇ ਜ਼ਰਾ ਜਿੰਨਾਂ ਵੀ ਮਨ ਉਖੜ ਗਿਆ, ਤਾਂ ਫੇਰ ਕੋਈ ਉਹਨੂੰ ਨਚਾ ਨਹੀਂ ਸੀ ਸਕਦਾ। ਇਸ ਲਈ ਲੋਕ ਉਸਦੇ ਮੂਡ ਦਾ ਖ਼ਾਸ ਖ਼ਿਆਲ ਰੱਖਦੇ ਤੇ ਉਹਨੂੰ ਚੰਗੀ ਮਾੜੀ ਨਾ ਕਹਿੰਦੇ। ਉਹ ਫਰਮਾਇਸ਼ਾਂ ਪਾਈ ਜਾਂਦੇ ਤੇ ਕ੍ਰਿਸ਼ਨਾ ਇੱਕ ਤੋਂ ਬਾਅਦ ਦੂਜਾ ਗੀਤ ਛੇੜਦੀ ਤੇ ਅੱਡੀ ਮਾਰ ਕੇ ਧਰਤੀ ਹਿਲਾ ਦਿੰਦੀ। ਉਸਦੇ ਸਾਥੀ ਢੋਲਕੀ ਛੈਣਿਆਂ ਤੇ ਤਾਲੀਆਂ ਨਾਲ ਉਸ ਦਾ ਸਾਥ ਦਿੰਦੇ ਤੇ ਉਸਦੇ ਪਿੱਛੇ ਪਿੱਛੇ ਗਾਉਂਦੇ। ਨੱਚਣ ਦਾ ਪਿੜ ਉਹ ਇਕੱਲੀ ਹੀ ਸਾਂਭੀ ਰੱਖਦੀ। ਥੱਕਦੀ ਨਹੀਂ ਸੀ। ਅਸਲ 'ਚ ਉਸ ਵਰਗਾ ਕੋਈ ਹੋਰ ਹਿਜੜੀ ਨੱਚਦੀ ਵੀ ਨਹੀਂ ਸੀ ਤੇ ਨਾ ਹੀ ਲੋਕ ਕਿਸੇ ਹੋਰ ਨੂੰ ਪਸੰਦ ਕਰਦੇ ਸੀ। ਇਸ ਲਈ ਜੇ ਉਹ ਨਖ਼ਰੇ ਕਰਦੀ ਸੀ, ਤਾਂ ਲੋਕ ਹੱਸ ਹੱਸ ਕੇ ਝੱਲਦੇ।

"ਕੀ ਸੋਹਣੀ ਕੁੜੀ ਐ ਪਰੀਆਂ ਵਰਗੀ। ਪਰ ਰੱਬ ਨੇ ਕਰਮ ਕੈਸੇ ਲਿਖੇ......।" ਕੋਈ ਔਰਤ ਉਸਨੂੰ ਦੇਖ ਕੇ ਹਉਂਕਾ ਭਰਦੀ।

"ਆਹੋ ਭੈਣੇ..........। ਭਾਗ ਹੱਸੇ, ਰੂਪ ਰੋਵੇ। ਰੂਪ ਦੀ ਕਦਰ ਕੋਈ ਨਹੀਂ ਪੈਂਦੀ। ਕਰਮਾਂ ਦਾ ਲਿਖਿਆ ਭੁਗਤਦੈ ਬੰਦਾ।" ਦੂਜੀ ਕੋਲੋਂ ਹਾਮੀ ਭਰਦੀ।

"ਹਾਏ ਨੀ....। ਪਤਾ ਨ੍ਹੀ ਕਿਹੜੇ ਸ਼ਰੀਫ਼ ਮਾਂ ਪਿਓ ਦੀ ਧੀ ਹੋਣੀ....। ਕਿਵੇਂ ਸੜਕਾਂ ਤੇ ਨੱਚਦੀ ਫਿਰਦੀ ਐ.....। ਹਾਏ ਕਿਸੇ ਖ਼ਾਨਦਾਨ ਦੀ ਲਾਜ.....। ਕਿਸੇ ਸ਼ਰੀਫ਼ ਘਰ ਦੀ ਇੱਜ਼ਤ....ਧੀ ਧਿਆਣੀ....।" ਤੀਜੀ ਔਰਤ ਕਾਲਜੇ 'ਤੇ ਹੱਥ ਰੱਖ ਕੇ ਕਹਿੰਦੀ।

ਔਰਤਾਂ ਨੂੰ ਕ੍ਰਿਸ਼ਨਾ ਨਾਲ ਬਹੁਤ ਹਮਦਰਦੀ ਸੀ ਤੇ ਉਹ ਉਸ ਦੀ ਇੱਜ਼ਤ ਵੀ ਬੜੀ ਕਰਦੀਆਂ ਸੀ। ਉਹ ਉਸ ਨੂੰ ਰਾਹ ਜਾਂਦੀ ਨੂੰ ਆਵਾਜ਼ ਮਾਰ ਕੇ ਬੁਲਾ ਲੈਂਦੀਆਂ ਤੇ ਬੈਠ ਕੇ ਦੁੱਖ ਸੁੱਖ ਕਰਦੀਆਂ।

"ਕੁੜੇ ਕ੍ਰਿਸ਼ਨਾ....। ਜੀਅ ਤਾਂ ਨਹੀਂ ਕਰਦਾ ਕਹਿਣ ਨੂੰ, ਪਰ ਕੁੜੇ ਤੇਰੇ ਮਾਂ ਪਿਓ.....। ਉਹਨਾਂ 'ਤੇ ਕੀ ਬੀਤਦੀ ਹੋਣੀ ਐਂ ਜਦੋਂ ਕੰਨਿਆ ਕੁਮਾਰੀ ਨੂੰ ਬਦੀਨ ਹੁੰਦੀ ਦੇਖਦੇ ਹੋਣੇ....। ਕੁੜੇ ਕੁਸ਼ ਪਤਾ ਨ੍ਹੀਂ ਬੀ ਕੌਣ ਨੇ ਤੇਰੇ ਮਾਂ ਪਿਓ........।" ਕੋਈ ਵਿਚੋਂ ਕਹਿੰਦੀ।

"ਕੀ ਪਤੈ ਮਾਸੀ......। ਹਿਜੜਿਆਂ ਦੇ ਕਿਹੜੇ ਮਾਂ ਪਿਓ ਹੁੰਦੇ ਨੇ...। ਸਾਨੂੰ ਕਰਮਾਂ ਸੜਿਆਂ ਨੂੰ ਤਾਂ ਜੰਮਦਿਆਂ ਹੀ ਸਾਡੀ ਜਾਤ ਬਰਾਦਰੀ ਖੋਹ ਕੇ ਲੈ ਜਾਂਦੀ

ਐ। ਮਾਂ ਪਿਓ ਭਾਫ਼ ਨਹੀਂ ਕੱਢਦੇ ਬੀ ਸਾਡੇ ਘਰ ਖੁਸਰਾ ਜੰਮਿਐ। ਇਹ ਤਾਂ ਕਹਿੰਦੇ ਨੇ ਦਾਈਆਂ ਹੀ ਸਿਰ ਸੜੀਆਂ ਆਪ ਜਾ ਕੇ ਦੱਸ ਆਂਦੀਆਂ ਨੇ ਹਿਜੜਿਆਂ ਨੂੰ ਬੀ ਥੋਡੇ ਭਾਈਚਾਰੇ 'ਚ ਵਾਧਾ ਹੋਇਐ.....। ਤੇ ਫੇਰ ਤੈਨੂੰ ਪਤੈ ਮਾਸੀ ਅਗਲਿਆਂ ਨੂੰ ਤਾਂ ਮਸਾਂ ਲੱਭਦੈ ਇਹੋ 'ਜਾ ਭਾਈਬੰਦ। ਜਦੋਂ ਇਕ ਵਾਰੀ ਕੋਈ ਹਿਜੜਿਆਂ 'ਚ ਜਾ ਰਲਿਆ, ਤਾਂ ਫੇਰ ਜ਼ਿੰਦਗੀ ਭਰ ਨਰਕ ਭੋਗਦੈ। ਹਾਏ ਸਭ ਕਰਮਾਂ ਦੀਆਂ ਲਿਖੀਆਂ.....।" ਉਹ ਦੁੱਖੀ ਮਨ ਨਾਲ ਉਠ ਕੇ ਆ ਜਾਂਦੀ।

ਫੇਰ ਕਈ ਦਿਨ ਉਦਾਸ ਰਹਿੰਦੀ। ਸੋਚਦੀ ਕੌਣ ਸੀ ਮੇਰੇ ਮਾਂ ਪਿਓ.....ਜਿਨ੍ਹਾਂ ਨੇ ਮੈਨੂੰ ਜੰਮਦੀ ਨੂੰ ਬਾਜ਼ਾਰ 'ਚ ਸੁੱਟਤਾ ਸੜਕਾਂ ਤੇ ਨੱਚਣ ਲਈ, ਇਹ ਜ਼ਲੀਲ ਜ਼ਿੰਦਗੀ ਜੀਣ ਲਈ। ਮੁੜ ਕੇ ਕਦੇ ਮੇਰੀ ਖ਼ਬਰ ਨਹੀਂ ਲਈ ਕਿ ਕੀ ਬੀਤੀਆਂ ਮੇਰੇ ਨਾਲ। ਕ੍ਰਿਸ਼ਨਾ ਨੂੰ ਗੋਤੇ ਪੈਣ ਲੱਗਦੇ। ਤੇ ਉਹਦਾ ਦਿਲ ਕਰਦਾ ਕਿ ਉਹ ਹਿਜੜਿਆਂ ਦੀ ਇਸ ਟੋਲੀ ਨੂੰ ਛੱਡ ਕੇ ਕਿਤੇ ਦੂਰ ਭੱਜ ਜਾਵੇ ਤੇ ਕਿਸੇ ਘਰ 'ਚ ਰਹੇ ਕਿਸੇ ਆਮ ਔਰਤ ਵਾਂਗ। ਉਹਦਾ ਵੀ ਕੋਈ ਮਰਦ ਹੋਵੇ, ਜੋ ਉਸਦੇ ਨਾਗਾਂ ਵਰਗੇ ਵਾਲਾਂ ਨਾਲ ਖੇਡੇ। ਉਸਦੇ ਹੁਸਨ ਦੀ ਤਾਰੀਫ਼ ਕਰੇ ਤੇ ਜਿਹਦੀ ਛਾਤੀ'ਤੇ ਸਿਰ ਰੱਖ ਕੇ ਉਹ ਰਾਤ ਨੂੰ ਗੂੜ੍ਹੀ ਨੀਂਦ ਸੌਂਵੇਂ। ਕਾਸ਼ ਉਹਦੇ ਵੀ ਤਿੰਨ ਚਾਰ ਪਿਆਰੇ ਪਿਆਰੇ ਨਿਆਣੇ ਹੋਣ ਤੇ ਉਹ ਸਾਰਾ ਦਿਨ ਉਹਨਾਂ ਦੀ ਦੇਖਭਾਲ 'ਚ ਰੁਲੀ ਰਹੇ ਤੇ ਪਤਾ ਨਾ ਲੱਗੇ ਕਿ ਜ਼ਿੰਦਗੀ ਕਦੋਂ ਬੀਤ ਜਾਵੇ।

ਪਰ ਨਹੀਂ। ਕ੍ਰਿਸ਼ਨਾ ਲਈ ਤਾਂ ਜ਼ਿੰਦਗੀ ਸਜ਼ਾ ਸੀ। ਦੁਨੀਆਂ ਦੇ ਕਿਸੇ ਕੋਨੇ 'ਚ ਜਾ ਕੇ ਉਹ ਛੁਪ ਨਹੀਂ ਸੀ ਸਕਦੀ। ਲੋਕਾਂ ਨੂੰ ਉਸਦੀ ਹਕੀਕਤ ਦਾ ਪਤਾ ਸੀ। ਕੁਦਰਤ ਨੇ ਕਿੰਨਾਂ ਭੱਦਾ ਮਜ਼ਾਕ ਕੀਤਾ ਸੀ ਉਸ ਨਾਲ। ਸਰੀਰ ਔਰਤਾਂ ਵਾਲਾ, ਪਰ ਜਣਨ ਅੰਗ ਲਾਉਣੇ ਸ਼ਾਇਦ ਰੱਬ ਭੁੱਲ ਗਿਆ ਸੀ।

"ਕੀ ਕਮੀ ਐ ਮੇਰੇ 'ਚ....?" ਉਹ ਆਪਣੇ ਜਿਸਮ ਨੂੰ ਫਰੋਲਦੀ। "ਕਿੰਨੀ ਖ਼ੂਬਸੂਰਤ ਆਂ...।" ਪਿੰਡ 'ਚ ਮੇਰੇ ਜਿੰਨੀ ਸੋਹਣੀ ਕੁੜੀ ਨ੍ਹੀ ਹੋਣੀ। ਫੇਰ ਮੇਰੇ ਨਾਲ ਇਹ ਬੇਇਨਸਾਫ਼ੀ ਕਿਉਂ? ਕਿਉਂ ਮੈਂ ਸੜਕਾਂ 'ਤੇ ਨੱਚਣ ਲਈ ਮਜ਼ਬੂਰ ਆਂ....? ਕਿਉਂ ਨਹੀਂ ਮੈਂ ਘਰ ਵਸ ਸਕਦੀ? ਕਿਉਂ ਨਹੀਂ ਹਿਜੜਿਆਂ ਦੇ ਇਸ ਵੱਗ 'ਚੋਂ ਮੇਰਾ ਛੁਟਕਾਰਾ ਹੋ ਜਾਂਦਾ? ਕਿਉਂ ਨਹੀਂ ਇਸ ਚੁਬਾਰੇ 'ਚੋਂ ਮੇਰੀ ਡੋਲੀ ਉਠਦੀ?" ਉਹ ਆਪਣੀਆਂ ਸਹੇਲੀਆਂ ਨਾਲ ਗੱਲਾਂ ਕਰਦੀ।

"ਕ੍ਰਿਸ਼ਨਾ...। ਤੂੰ ਐਵੇਂ ਨਾ ਦਿਲ ਨੂੰ ਗੱਲ ਲਾਇਆ ਕਰ। ਜੋ ਵਿਓ ਮਾਤਾ ਨੇ ਲਿਖਤਾ ਭੋਗਣਾ ਪੈਣਾ।" ਉਹਦੀ ਕੋਈ ਸਹੇਲੀ ਆਖਦੀ।

"ਮੈਂ ਵਿਓ ਮਾਤਾ ਦਾ ਕੀ ਵਿਗਾੜਿਆ ਸੀ, ਮੇਰੇ ਤੋਂ ਕਾਹਦੇ ਬਦਲੇ ਲਏ?" ਕ੍ਰਿਸ਼ਨਾ ਠੰਡਾ ਹਾਉਂਕਾ ਭਰਦੀ।

"ਕਹਿੰਦੇ ਨੇ ਵਿਓ ਮਾਤਾ ਅੱਖਾਂ 'ਤੇ ਪੱਟੀ ਬੰਨ੍ਹ ਕੇ ਪੁੱਠੇ ਹੱਥਾਂ ਨਾਲ ਬੰਦੇ ਦੇ ਲੇਖ ਲਿਖਦੀ ਐ ਤੇ ਉਹਨੂੰ ਨੀ ਪਤਾ ਹੁੰਦਾ ਬੰਦਾ ਸਰੂਪ ਐ ਜਾਂ ਕਰੂਪ। ਇਹਦੇ 'ਚ ਉਹਦਾ ਕੋਈ ਦੋਸ਼ ਨੀਂ।" ਦੂਜੀ ਸਖੀ ਦਲੀਲ ਦਿੰਦੀ।

ਪਰ ਗੱਲ ਕ੍ਰਿਸ਼ਨਾ ਨੂੰ ਜੱਚਦੀ ਨਾ। ਉਹ ਤਾਂ ਬੱਸ ਰੱਸੇ ਤੁੜਾਉਣ ਨੂੰ ਫ਼ਿਰਦੀ ਸੀ। ਦੂਰ ਜਾਣਾ ਚਾਹੁੰਦੀ ਸੀ ਕਿਤੇ, ਜਿਥੇ ਉਹ ਆਮ ਔਰਤਾਂ ਵਾਲੀ ਜ਼ਿੰਦਗੀ



ਜੀਅ ਸਕੇ। ਇਹ ਉਸਦੀ ਸੁੰਦਰਤਾ ਦਾ ਦੋਸ਼ ਸੀ ਜਾਂ ਉਸਦੀਆਂ ਮਨੋਭਾਵਨਾਵਾਂ ਕਿ ਉਹ ਆਪਣੇ ਆਪ ਨੂੰ ਹਿਜੜਿਆਂ ਦੇ ਇਸ ਗਰੁੱਪ ਵਿਚੋਂ ਨਹੀਂ ਸੀ ਸਮਝਦੀ। ਜਿਵੇਂ ਉਸ ਨੂੰ ਜ਼ਬਰਦਸਤੀ ਇਥੇ ਬੰਨ੍ਹ ਕੇ ਰੱਖਿਆ ਗਿਆ ਸੀ। ਉਸ ਗੁਨਾਹ ਦੀ ਸਜ਼ਾ ਭੁਗਤ ਰਹੀ ਸੀ ਉਹ, ਜੋ ਉਸ ਨੇ ਕੀਤਾ ਨਹੀਂ ਸੀ। ਬੇਕਸੂਰ...ਹਰ ਵਕਤ ਤੜਫ਼ਦੀ ਸੀ ਉਹ...।

ਨਾਲ ਵਾਲੇ ਪਿੰਡ ਪੰਡਤ ਨਰਾਤਾ ਰਾਮ ਦੇ ਘਰ ਪੋਤਾ ਹੋਇਆ, ਤਾਂ ਉਹਨਾਂ ਨੇ ਕ੍ਰਿਸ਼ਨਾ ਨੂੰ ਖ਼ਾਸ ਸੱਦਾ ਭੇਜ ਕੇ ਛੁੱਟੀ ਵਾਲੇ ਦਿਨ ਸੱਦਿਆ। ਬਹੁਤ ਵੱਡਾ ਜਸ਼ਨ ਕਰ ਰਹੇ ਸੀ ਪੰਡਤ ਜੀ। ਭਾਵੇਂ ਚੌਥਾ ਪੋਤਾ ਹੋਇਆ ਸੀ ਉਨ੍ਹਾਂ ਦੇ ਘਰ, ਪਰ ਮੁੰਡਾ ਹੋਣ ਦੀ ਖੁਸ਼ੀ 'ਚ ਉਨ੍ਹਾਂ ਨੇ ਪਹਿਲੇ ਪੋਤੇ ਨਾਲੋਂ ਵੀ ਵੱਧ ਖ਼ਰਚ ਕੀਤਾ ਸੀ। ਤੰਬੂ ਲਗਵਾਏ, ਹਲਵਾਈ ਬਿਠਾਏ ਤੇ ਮਿਠਾਈਆਂ ਦੀ ਮਹਿਕ ਨਾਲ ਚਾਰ ਚੁਫ਼ੇਰਾ ਭਰ ਗਿਆ।

ਸਾਰੇ ਰਿਸ਼ਤੇਦਾਰ ਇੱਕਠੇ ਹੋਏ ਤੇ ਪੰਡਤ ਜੀ ਨੇ ਵਿਆਹ ਵਰਗਾ ਇਕੱਠ ਕੀਤਾ।

ਕ੍ਰਿਸ਼ਨਾ ਆਪਣੀ ਟੋਲੀ ਸਮੇਤ ਦੁਪਹਿਰ ਢਲੇ ਪਹੁੰਚ ਗਈ।

ਨੀਲਾ ਰੇਸ਼ਮੀ ਸੂਟ, ਸਿਤਾਰਿਆਂ ਵਾਲੀ ਚੁੰਨੀ ਤੇ ਕੱਚ ਦੇ ਗਹਿਣਿਆਂ ਨਾਲ ਭਰੀ ਉਹ ਅਸਮਾਨੋਂ ਉੱਤਰੀ ਕੋਈ ਅੱਪਸਰਾਂ ਲੱਗ ਰਹੀ ਸੀ।

ਉਹਦੇ ਘੁੰਗਰੂਆਂ ਦੀ ਆਵਾਜ਼ ਸੁਣ ਕੇ ਪਿੰਡ ਦੇ ਲੋਕ ਇਕੱਠੇ ਹੋ ਗਏ। ਮਹਿਮਾਨ ਭੱਜ ਕੇ ਵਿਹੜੇ ਵਿੱਚ ਆ ਗਏ। ਕ੍ਰਿਸ਼ਨਾ ਦੇ ਸਾਥੀਆਂ ਨੇ ਚਾਹ ਪਾਣੀ ਪੀਤਾ ਤੇ ਰੱਜ ਕੇ ਮਠਿਆਈ ਖਾਧੀ, ਪਰ ਕ੍ਰਿਸ਼ਨਾ ਮੂੰਹ 'ਚ ਇਲਾਚੀਆਂ ਪਾ ਕੇ ਆਈ ਸੀ ਤੇ ਹੁਣ ਖੱਟਾ ਖਾ ਕੇ ਆਪਣਾ ਗਲਾ ਖ਼ਰਾਬ ਨਹੀਂ ਸੀ ਕਰਨਾ ਚਾਹੁੰਦੀ।

ਲੋਕ ਵੱਡਾ ਪੰਡਾਲ ਬਣਾ ਕੇ ਬੈਠ ਗਏ। ਢੋਲਕੀ 'ਤੇ ਥਾਪ ਪਈ ਤੇ ਕ੍ਰਿਸ਼ਨਾ ਨੇ ਲੰਮੀ ਹੇਕ ਛੱਡੀ ਤੇ ਉਹਦੀ ਸੁਰੀਲੀ ਆਵਾਜ਼ ਫ਼ਿਜ਼ਾ 'ਚ ਫੈਲ ਗਈ।

"ਦਿਲਾਂ ਨੂੰ ਦਲੀਲਾਂ ਵਿੱਚ ਪਾ ਗਿਆ, ਹਾਏ ਮੇਰੀ ਚੁੰਨੀ ਦਾ ਪੱਲਾ। ਰਾਹ ਜਾਂਦੇ ਰਾਹੀਆਂ ਨੂੰ ਤੜਫ਼ਾ ਗਿਆ, ਹਾਏ ਮੇਰੀ ਚੁੰਨੀ ਦਾ ਪੱਲਾ।"

ਲੋਕਾਂ 'ਤੇ ਜਾਦੂ ਧੂੜਿਆਂ ਗਿਆ। ਉਹ ਜਿਵੇਂ, ਇੰਦਰ ਦੇ ਦਰਬਾਰ 'ਚ ਜਾ ਪੁੱਜੇ। ਮੰਤਰ ਮੁਗਧ ਕਿਸੇ ਸੁਪਨੀਲੀ ਦੁਨੀਆਂ 'ਚ ਖੋ ਗਏ ਉਹ। ਕ੍ਰਿਸ਼ਨਾ ਦਾ ਲਚਕਦਾਰ ਸਰੀਰ ਕਈ ਵੱਲ ਖਾਂਦਾ ਤੇ ਉਹ ਲੱਕ ਨੂੰ ਵਾਰ ਵਾਰ ਮਰੋੜਾ ਦਿੰਦੀ। ਉਸ ਦੇ ਸਾਥੀ ਉਸ ਦੇ ਪਿੱਛੇ ਪਿੱਛੇ ਬੋਲ ਚੁੱਕਦੇ।

ਤਿੰਨ ਘੰਟੇ ਕ੍ਰਿਸ਼ਨਾ ਨੱਚਦੀ ਰਹੀ ਤੇ ਲੋਕ ਜਿਵੇਂ ਕਿਸੇ ਟੂਣੇ ਦੇ ਅਸਰ ਥੱਲੇ ਬੈਠੇ ਰਹੇ। ਕੋਈ ਨਹੀ ਕੁਸਕਿਆ।

ਰਾਤ ਉੱਤਰ ਆਈ ਸੀ। ਗੈਸ ਦੀਆਂ ਵੱਡੀਆਂ ਵੱਡੀਆਂ ਲਾਲਟੈਣਾ ਜਗ ਪਈਆਂ ਸੀ। ਕ੍ਰਿਸ਼ਨਾ ਮੁੜਕੋ-ਮੁੜਕੀ ਹੋ ਗਈ ਸੀ, ਪਰ ਲੋਕਾਂ ਦਾ ਦਿਲ ਨਹੀ ਸੀ ਭਰਿਆ।

"ਚੱਲ ਬੱਸ ਕਰ ਕ੍ਰਿਸ਼ਨਾ। ਰਾਤ ਹੋ ਚੱਲੀ ਏ।" ਉਸ ਦੇ ਕਿਸੇ ਸਾਥੀ ਨੇ ਉਸ ਦੇ ਕੰਨ 'ਚ ਆ ਕੇ ਕਿਹਾ।

ਕ੍ਰਿਸ਼ਨਾ ਨੇ ਆਖਰੀ ਅੱਡੀ ਮਾਰੀ ਤੇ ਇੱਕ ਪਾਸੇ ਪਏ ਮੰਜੇ 'ਤੇ ਜਾ ਬੈਠੀ।

ਲੋਕ ਜਿਵੇਂ ਨੀਂਦ 'ਚੋਂ ਜਾਗੇ। ਕੋਈ ਜਾਦੂ ਟੁੱਟਿਆ ਤੇ ਉਹਨਾਂ ਨੂੰ ਹੋਸ਼ ਆਈ।

"ਹੋਰ ਕ੍ਰਿਸ਼ਨਾ ਹੋਰ। ਇਕ ਵਾਰੀ ਹੋਰ।" ਚਾਰੇ ਪਾਸਿਉ ਆਵਾਜ਼ਾ ਆਈਆਂ।

ਕ੍ਰਿਸ਼ਨਾ ਨੇ ਨਾਂਹ 'ਚ ਗਰਦਨ ਹਿਲਾਈ ਤੇ ਆਪਣੇ ਸੱਪ ਵਰਗੀ ਮੋਟੀ ਗੁੱਤ ਨਾਲ ਗਰਦਨ ਨੂੰ ਹਵਾ ਦਿੱਤੀ।

ਲੋਕ ਵਾਰ ਵਾਰ ਫਰਮਾਇਸ਼ ਪਾ ਰਹੇ ਸੀ, ਪਰ ਕ੍ਰਿਸ਼ਨਾ ਹੁਣ ਉੱਖੜ ਗਈ ਸੀ।

"ਮੁੰਡਾ ਲੈ ਕੇ ਆਵੋ। ਵੇਲ ਵਧਾਵਾਂ।" ਉਹਨੇ ਨਾਂਹ 'ਚ ਕਈ ਵਾਰ ਹੱਥ ਹਿਲਾਇਆ।

ਅਚਾਨਕ ਪੰਡਤ ਜੀ ਦਾ ਮੁੰਡਾ ਨਾਮਦੇਵ ਸ਼ਰਾਬ ਦੇ ਨਸ਼ੇ 'ਚ ਗੁੱਟ ਪੰਡਾਲ 'ਚ ਆ ਧਮਕਿਆਂ ਤੇ ਆਪਣੇ ਪਿਓ ਨੂੰ ਪਿੱਛੇ ਹਟਾਉਂਦਾ ਹੋਇਆ ਖ਼ੁਦ ਗੱਲ ਕਰਨ ਲਈ ਮੂਹਰੇ ਆ ਗਿਆ।

"ਨੀ ਕੰਜਰੀਏ। ਕੰਜਰੀਏ ਬਹੁਤ ਸੋਹਣਾ ਨੱਚਦੀ ਐਂ ਤੂੰ ਕੰਜਰੀਏ। ਇਕ ਗਾਣਾ ਹੋਰ ਸੁਣਾ ਦੇ।" ਉਹ ਨਸ਼ੇ ਦੀ ਲੋਰ 'ਚ ਬੋਲਿਆ।

"ਹੈ ਸਾਲ਼ਾ ਉੱਲੂ ਦਾ ਪੱਠਾ। ਕਿਵੇ ਭੌਂਕਦੈ।" ਪੰਡਤ ਜੀ ਉਸ ਨੂੰ ਭੱਜ ਕੇ ਪਏ, "ਗੁੱਸਾ ਨਾ ਮੰਨੀ ਕ੍ਰਿਸ਼ਨਾ।" ਉਨ੍ਹਾਂ ਇੱਕ ਤਰ੍ਹਾਂ ਨਾਲ ਕ੍ਰਿਸ਼ਨਾ ਤੋ ਮਾਫ਼ੀ ਮੰਗੀ।

"ਇਹ ਕੰਜਰੀ ਐ। ਬੜਾ ਸੋਹਣਾ ਨੱਚੀ ਐ। ਹੈ ਨਾ ਕੰਜਰੀਏ?" ਨਾਮਦੇਵ 'ਤੇ ਪਿਓ ਦੀ ਝਿੜਕ ਦਾ ਕੋਈ ਅਸਰ ਨਹੀਂ ਹੋਇਆ ਸੀ।

"ਨਾ ਵੇ ਚੰਦਰਿਆਂ। ਹਿਜੜਿਆਂ ਨੂੰ ਨਹੀਂ ਕੁਸ਼ ਕਹੀਦਾ। ਪਾਪ ਲੱਗੂ ਤੈਨੂੰ। ਇਹ ਤਾਂ ਸਾਡੇ ਘਰਾਂ ਦੀ ਸੁੱਖ ਮੰਗਦੇ ਨੇ। ਰੱਬ ਇਹਨਾਂ ਨੂੰ ਰੋਜ਼ ਰੋਜ਼ ਬੁਲਾਵੇ। ਕੰਜਰੀਆਂ ਹੋਰ ਹੁੰਦਆਂ ਨੇ।" ਕਿਸੇ ਸਿਆਣੀ ਬੁੜ੍ਹੀ ਨੇ ਆ ਕੇ ਨਾਮਦੇਵ ਨੂੰ ਪੰਡਾਲ 'ਚੋਂ ਬਾਹਰ ਲਿਜਾਣਾ ਚਾਹਿਆ।

"ਤੂੰ ਹਟ ਜਾ ਭੂਆ। ਇਹ ਤਾਂ ਮੇਰੀ ਕੰਜਰੀ ਐ।" ਹੱਟਾ ਕੱਟਾ ਛੇ ਫੁੱਟਾ ਭਰ ਜਵਾਨ ਨਾਮਦੇਵ ਕਿਥੋਂ ਸੰਭਲਦਾ ਸੀ ਬੁੜੀ ਤੀਵੀਂ ਤੋਂ।

ਉਹ ਫੇਰ ਕ੍ਰਿਸ਼ਨਾ ਦੇ ਕੋਲ ਆ ਗਿਆ।

ਕ੍ਰਿਸ਼ਨਾ ਭੌਰ ਭੌਰ ਜਿਹੀ ਹੋਈ ਇਹ ਤਮਾਸ਼ਾ ਦੇਖ ਰਹੀ ਸੀ। ਕਦੇ ਪਹਿਲਾਂ ਇਹੋ ਜਿਹੀ ਘਟਨਾ ਨਹੀਂ ਹੋਈ ਸੀ। ਉਹ ਲੋਕਾਂ ਦੇ ਘਰ ਨੱਚਣ ਜਾਂਦੀ, ਆਪਣਾ ਪੈਸਾ ਭੁਗਤਾਉਂਦੀ ਤੇ ਵੇਲ ਵਧਾਵਾ ਲੈ ਕੇ ਮੁੜ ਆਉਂਦੀ । ਤੀਵੀਂਆਂ ਨਾਲ ਉਹ ਲੜਦੀ ਝਗੜਦੀ ਤੇ ਹਾਸਾ ਠੱਠਾ ਕਰਦੀ। ਪਰ ਮਰਦਾਂ ਨਾਲ ਉਹਦਾ ਕਦੇ ਇਸ ਤਰ੍ਹਾਂ ਵਾਹ ਨਹੀਂ ਪਿਆ ਸੀ। ਤੇ ਆਮ ਮਰਦ ਉਸ ਦਾ ਨਾਚ ਤਾਂ ਜ਼ਰੂਰ ਦੇਖਦੇ, ਪਰ ਉਸ ਨਾਲ ਜ਼ਬਾਨੀ ਕਲਾਮੀ ਨਹੀਂ ਸੀ ਹੁੰਦੇ।

ਪਰ ਅੱਜ ਅਜੀਬ ਗੱਲ ਹੋਈ। ਉਸ ਨੂੰ ਸਮਝ ਨਾ ਆਈ ਕਿ ਕੀ ਕਰੇ।

"ਨੀਂ ਕੰਜਰੀਏ। ਨੱਚੇਗੀ?" ਨਾਮਦੇਵ ਫੇਰ ਅੜੀ 'ਤੇ ਆ ਗਿਆ।



"ਮੇਰੇ ਪੈਰ ਛਿਲਤੇ ਪਿੱਤਲ ਦੇ ਘੁੰਗਰੂਆਂ ਨੇ, ਹੁਣ ਹੋਰ ਨਹੀ ਨੱਚਿਆ ਜਾਣਾ।" ਕ੍ਰਿਸ਼ਨਾ ਨੇ ਬਹਾਨਾ ਬਣਾਇਆ।

"ਜੇ ਚਾਂਦੀ ਦੀਆਂ ਝਾਂਜਰਾਂ ਲਿਆ ਦਿਆਂ ਫੇਰ ਨੱਚੇਂਗੀ।" ਨਾਮਦੇਵ ਕ੍ਰਿਸ਼ਨਾ ਦੀ ਆਵਾਜ਼ ਸੁਣ ਕੇ ਖ਼ੁਸ਼ ਹੋ ਗਿਆ।

"ਆਹ।" ਕ੍ਰਿਸ਼ਨਾ ਨੂੰ ਜਿਵੇਂ ਯਕੀਨ ਨਾ ਆਇਆ।

"ਸਹੁੰ ਖਾਹ?" ਨਾਮਦੇਵ ਨੇ ਵਚਨ ਮੰਗਿਆ।

"ਤੇਰੀ ਸਹੁੰ। ਸਾਰੀ ਰਾਤ ਨੂੰ।" ਚਾਂਦੀ ਦੀਆਂ ਝਾਜਰਾਂ ਸੁਣ ਕੇ ਜਿਵੇਂ ਕ੍ਰਿਸ਼ਨਾ ਹਵਾ 'ਚ ਤੈਰਨ ਲੱਗੀ।

"ਚੰਗਾ ਬੈਠ ਫੇਰ ਮੈਂ ਹੁਣੇ ਆਇਆ।" ਡਿਕਡੋਲੇ ਖਾਂਦਾ ਨਾਮਦੇਵ ਪੰਡਾਲ 'ਚੋਂ ਬਹਰ ਚਲਾ ਗਿਆ।

ਸਾਰੇ ਪਾਸੇ ਹਾਸੜ ਪੈ ਗਈ। ਲੋਕਾਂ ਨੇ ਤਾੜੀਆਂ ਮਾਰੀਆਂ ਤੇ ਹੋ ਹੋ ਕੀਤੀ।

ਨਾਮਦੇਵ ਨੇ ਸ਼ਰਾਫ ਦੀ ਬੰਦ ਦੁਕਾਨ ਜਾ ਖੁੱਲ੍ਹਵਾਈ। ਅੱਧ ਸੇਰ ਚਾਂਦੀ ਦੀਆਂ ਵੱਜਵੀਆਂ ਘੁੰਗਰੂਆਂ ਵਾਲੀਆਂ ਪਜ਼ੇਬਾਂ ਖ਼ਰੀਦੀਆਂ ਤੇ ਲਾਲ ਗੁਥਲੀ 'ਚ ਪਾ ਕੇ ਲੈ ਆਇਆ।

ਲੋਕਾਂ ਨੂੰ ਯਕੀਨ ਨਾ ਆਇਆ। ਪਰ ਸੇਠਾਂ ਦੇ ਚੰਚਲੇ ਨੇ। ਪੁੱਤ ਜੰਮਿਐ ਉਹ ਵੀ ਚੌਥਾ। ਚਾਂਦੀ ਛੱਡ ਸੋਨਾ ਵੰਡ ਦੇਣ।

ਕ੍ਰਿਸ਼ਨਾ ਜੋ ਥੱਕ ਕੇ ਮੰਜੀ ਤੇ ਅੱਧ ਲੰਮੀ ਪੈ ਗਈ ਸੀ, ਨਾਮਦੇਵ ਦੇ ਹੱਥ 'ਚ ਨਾਲ ਗੁੱਥਲੀ ਦੇਖੇ ਕੇ ਉਠ ਬੈਠੀ।

"ਆਹ ਲੈ ਕੰਜਰੀਏ। ਤੇਰੀਆਂ ਚਾਂਦੀ ਦੀਆਂ ਝਾਜਰਾਂ ਤੇ ਸਾਰੀ ਰਾਤ ਨੱਚ।" ਨਾਮਦੇਵ ਨੇ ਥੈਲੀ ਹਿਲਾ ਕੇ ਘੁੰਗਰੂ ਛਣਕਾਏ।

"ਆਜਾ ਪੰਡਤਾ। ਜੇ ਲੈ ਕੇ ਆਇਆ ਹੈਂ, ਤਾਂ ਫੇਰ ਪੈਰਾਂ 'ਚ ਵੀ ਪਾ ਦੇ।" ਕ੍ਰਿਸ਼ਨਾ ਵੀ ਮਚਲ ਗਈ ਤੇ ਆਪਣੇ ਪੈਰ ਨਾਮਦੇਵ ਮੂਹਰੇ ਕਰ ਦਿੱਤੇ।

"ਲੈ ਪਾ ਦਿੰਨਾ।" ਆਪ ਉਹ ਭੁੰਜੇ ਜ਼ਮੀਨ 'ਤੇ ਬੈਠ ਗਿਆ। ਕ੍ਰਿਸ਼ਨਾ ਦੇ ਪੈਰ ਆਪਣੀ ਗੋਦ ਦੀਆਂ ਡੋਰੀਆ ਖੋਹਲੀਆਂ। ਕ੍ਰਿਸ਼ਨਾ ਦੇ ਪੈਰ ਸੱਚੀ ਮੁੱਚੀ ਛਿੱਲੇ ਪਏ ਸੀ।

ਚਾਂਦੀ ਦੀਆਂ ਝਾਂਜਰਾਂ ਆਪਣੇ ਹੱਥਾਂ ਨਾਲ ਕ੍ਰਿਸ਼ਨਾ ਦੇ ਚਿੱਟੇ ਕਬੂਤਰਾਂ ਵਰਗੇ ਪੈਰਾਂ ਵਿੱਚ ਪਾ ਦਿੱਤੀਆਂ ਨਾਮਦੇਵ ਨੇ। ਪਤਾ ਨਹੀਂ ਇਹ ਕ੍ਰਿਸ਼ਨਾ ਦੇ ਪੈਰਾ ਦੀ ਸੁੰਦਰਤਾ ਸੀ ਜਾਂ ਚਾਂਦੀ ਦੀਆਂ ਝਾਜਰਾਂ ਦੀ ਚਮਕ ਕਿ ਹਨੇਰੇ ਵਿੱਚ ਇੱਕ ਬਿਜਲੀ ਜਿਹੀ ਚਮਕੀ ਤੇ ਨਾਮਦੇਵ ਦੀਆਂ ਅੱਖਾਂ ਚੁੰਧਿਆਂ ਗਈਆਂ।

"ਹਾਏ ਕਿੰਨੇ ਸੋਹਣੇ ਪੈਰ ਤੇ ਕਿੰਨੇ ਛਾਲੇ।" ਉਹਨੇ ਕ੍ਰਿਸ਼ਨਾ ਦੇ ਪੈਰ ਚੁੰਮ ਲਏ ਭਰੀ ਪੰਡਾਲ 'ਚ। ਇਕ ਵਾਰ ਨਹੀਂ, ਕਈ ਵਾਰ।

ਲੋਕ ਉੱਚੀ ਉੱਚੀ ਉਸ ਦੀਆਂ ਸ਼ਰਾਬੀ ਹਰਕਤਾਂ ਤੋਂ ਹੱਸ ਰਹੇ ਸੀ।

ਪਰ ਕ੍ਰਿਸ਼ਨਾਂ ਜਿਵੇਂ ਜੜ੍ਹ ਹੋ ਗਈ। ਦੇਹ ਬੇਜਾਨ ਹੋ ਗਈ ਉਸ ਦੀ।

"ਚੱਲ ਉਠ। ਨੱਚ ਹੁਣ।"ਨਾਮਦੇਵ ਨੇ ਉਸ ਦਾ ਹੱਥ ਫੜ ਕੇ ਉਸ ਨੂੰ ਉਠਾਇਆ।

ਢੋਲਕੀ ਛੈਣੇ ਖੜਕੇ ਤੇ ਕ੍ਰਿਸ਼ਨਾ ਦਾ ਸਰੀਰ ਹਵਾ 'ਚ ਲਹਿਰਾਇਆ। "ਅੱਗ ਲੱਗ ਜੇ ਜਵਾਨੀ ਨੂੰ ਕਿ ਅੱਧੀ ਰਾਤੀ ਨੈਂ ਤਰਦੀ।" ਉਸ ਦੇ ਬੋਲ ਕੰਬ ਰਹੇ ਸੀ।

ਹੁਣ ਉਹ ਇਕੱਲੀ ਨਹੀਂ ਨੱਚ ਰਹੀ ਸੀ। ਨਾਮਦੇਵ ਸ਼ਰਾਬੀ ਹੋਇਆ ਉਸ ਦੇ ਨਾਲ ਝੂਮ ਰਿਹਾ ਸੀ। ਤੇ ਕ੍ਰਿਸ਼ਨਾ ਜਿਵੇਂ ਸਪੇਰੇ ਦੇ ਵੱਸ ਹੋਈ ਨਾਗਨ ਵਾਂਗ ਉਸ ਦੇ ਚੁਫੇਰੇ ਕੱਟ ਰਹੀ ਸੀ।

ਨਾਮਦੇਵ ਨੇ ਅੱਗੇ ਵੱਧ ਕੇ ਉਸ ਦਾ ਹੱਥ ਫੜਿਆ ਤੇ ਦੂਜਾ ਹੱਥ ਉਸ ਦੇ ਲੱਕ ਦੁਆਲੇ ਕੱਸ ਲਿਆ। ਦੋਵੇਂ ਤਾਲ 'ਚ ਨੱਚ ਰਹੇ ਸੀ। ਦੁਨੀਆਂ ਤੋ ਬੇਖ਼ਬਰ। ਇੱਕੋ ਜਿੰਨੇ ਉੱਚੇ ਲੰਮੇ ਤੇ ਸੋਹਣੇ ਜਿਵੇਂ ਚਾਨਣੀ ਰਾਤ 'ਚ ਨਾਗਾਂ ਦਾ ਕੋਈ ਜੋੜਾ ਮਸਤ ਹੋ ਕੇ ਇਕ ਦੂਜੇ ਨਾਲ ਲਿਪਟੀ ਆਪਣੇ ਫ਼ਨ ਖੋਹਲੀ ਨੱਚ ਰਿਹਾ ਹੋਵੇ।

ਸਾਜ ਵੱਜ ਰਹੇ ਸਨ। ਲੋਕ ਤਾਲੀ ਨਾਲ ਤਾਲ ਦੇ ਰਹੇ ਸਨ। ਕ੍ਰਿਸ਼ਨਾ ਤੇ ਨਾਮਦੇਵ ਇੱਕ ਦੂਜੇ ਵਿੱਚ ਗੁੰਮ ਸਨ। ਕ੍ਰਿਸ਼ਨਾ ਗਾਲ੍ਹ ਤੋਂ ਬਗ਼ੈਰ ਗੱਲ ਨਹੀਂ ਕਰਦੀ ਸੀ, ਨਾਮਦੇਵ ਦੀਆਂ ਬਾਹਾਂ 'ਚ ਜਾ ਕੇ ਕਿਸੇ ਸੱਜ ਵਿਆਹੀ ਨਾਰ ਵਾਂਗ ਛੂਈ ਮੂਈ ਹੋ ਗਈ। ਉਹ ਖ਼ਾਮੋਸ਼ ਹੋ ਗਈ। ਗਾ ਨਹੀਂ ਰਹੀ ਸੀ। ਸਿਰਫ਼ ਨੱਚ ਰਹੀ ਸੀ। ਆਵਾਜ਼ ਆ ਰਹੀ ਸੀ, ਤਾਂ ਉਸ ਦੇ ਧੜਕਦੇ ਦਿਲ ਦੀ ਜਾਂ ਪੈਰਾਂ 'ਚ ਪਈਆਂ ਚਾਂਦੀ ਦੀਆਂ ਝਾਂਜਰਾਂ ਦੀ।

ਰਾਤ ਦਾ ਤੀਜਾ ਪਹਿਰ ਬੀਤ ਗਿਆ।

ਸਾਜਿੰਦੇ ਥੱਕ ਗਏ ਅਤੇ ਨਾਲ ਹੀ ਥੱਕ ਗਈ ਰਾਤ। ਲੋਕ ਅੱਧ ਸੁੱਤੇ ਉਠੇ ਤੇ ਵਾਹ ਵਾਹ ਕਰਦੇ ਘਰਾਂ ਨੂੰ ਚਲੇ ਗਏ।

ਜੇ ਨਹੀਂ ਥੱਕੀ ਸੀ ਤਾਂ ਕ੍ਰਿਸ਼ਨਾ ਤੇ ਜੇ ਨਹੀਂ ਰੱਜਿਆ ਸੀ, ਨਾਮਦੇਵ। ਕ੍ਰਿਸ਼ਨਾ ਦੇ ਸਾਥੀਆਂ ਨੇ ਉਹਨਾਂ ਨੂੰ ਫੜ ਫੜ ਕੇ ਨੱਚਣ ਤੋ ਰੋਕਿਆ।

ਕ੍ਰਿਸ਼ਨਾ ਪੈਸਿਆਂ ਤੇ ਸਾਮਾਨ ਦੀ ਪੰਡ ਬੰਨ੍ਹ ਕੇ ਆਪਣੇ ਪਿੰਡ ਮੁੜੀ। ਪਰ ਜਿਵੇਂ ਕੁਛ ਲੁਟਾ ਆਈ ਸੀ ਉਹ। ਆ ਕੇ ਕਈ ਦਿਨ ਉਦਾਸ ਰਹੀ। ਕਈ ਦਿਨ ਕਿਸੇ ਦੇ ਘਰ ਵੀ ਨੱਚਣ ਨਾ ਗਈ। ਉਸ ਦੇ ਨਾਲ ਦੇ ਰੌਲਾ ਪਾਉਂਦੇ, ਤਾਂ ਉਹਨੂੰ ਚੰਗਾ ਨਾ ਲੱਗਦਾ। ਚੁੱਪ-ਚਾਪ ਚੁਬਾਰੇ 'ਚ ਪਈ ਰਹਿੰਦੀ।

ਕਈ ਦਿਨਾਂ ਬਾਅਦ ਨਾਮਦੇਵ ਦੇ ਪਿੰਡ ਕਿਸੇ ਵਿਆਹ ਵਾਲੇ ਘਰੋਂ ਸੁਨੇਹਾ ਆਇਆਂ, ਤਾਂ ਉਹ ਖੁਸ਼ੀ 'ਚ ਬਾਉਰੀ ਹੋ ਗਈ। ਨਵਾਂ ਸੂਟ ਸਿਲਵਾਇਆ, ਨਵੀਂਆਂ ਜੁੱਤੀਆਂ ਤੇ ਨਵੇਂ ਨਕਲੀ ਗਹਿਣੇ ਖਰੀਦੇ।

ਉਸ ਨੂੰ ਉਮੀਦ ਨਹੀਂ ਸੀ ਕਿ ਨਾਮਦੇਵ ਕਦੀ ਉਸ ਨੂੰ ਮਿਲੇਗਾ, ਪਰ ਦਿਲ ਦੇ ਕਿਸੇ ਕੋਨੇ 'ਚ ਸੱਧਰ ਸੀ ਕਿ ਕਾਸ਼ ਉਹ ਮੈਨੂੰ ਇੱਕ ਵਾਰੀ ਹੋਰ ਦੇਖੇ।

ਕ੍ਰਿਸ਼ਨਾ ਦੇ ਉੱਥੇ ਪਹੁੰਚਣ ਤੋ ਪਹਿਲਾਂ ਹੀ ਨਾਮਦੇਵ ਨੂੰ ਉਸ ਦੇ ਆਉਣ ਦੀ ਖ਼ਬਰ ਮਿਲ ਚੁੱਕੀ ਸੀ ਤੇ ਉਹ ਪਹਿਲਾਂ ਹੀ ਉੱਥੇ ਮੌਜੂਦ ਸੀ। ਨਾਮਦੇਵ ਨੂੰ ਦੇਖ ਕੇ ਕ੍ਰਿਸ਼ਨਾ ਤੋਂ ਖੁਸ਼ੀ ਛੁਪਾਉਣੀ ਮੁਸ਼ਕਿਲ ਹੋ ਗਈ।

"ਮੈਂ ਸਿਰਫ਼ ਤੇਰਾ ਨਾਚ ਦੇਖਣ ਆਇਆਂ ਕ੍ਰਿਸ਼ਨਾ।" ਕ੍ਰਿਸ਼ਨਾ ਸ਼ਰਮ ਨਾਲ ਦੂਹਰੀ ਹੋ ਗਈ।



ਦੋਵੇਂ ਕਿਸੇ ਸਾਂਝੀ ਅੱਗ ਵਿੱਚ ਮੱਚ ਰਹੇ ਸੀ। ਦੋਹਾਂ ਦੇ ਦਿਲ ਇਕੋ ਸੁਰ 'ਤੇ ਧੜਕ ਰਹੇ ਸੀ। ਦੋਵਾਂ ਦੀਆਂ ਅੱਖਾਂ ਨੇ ਕੋਈ ਸੌਦਾ, ਕੀਤਾ ਤੇ ਦਿਲ ਬਦਲੇ ਗਏ। ਦੋਹਾਂ ਦੇ ਮਨਾਂ ਅੰਦਰ ਪ੍ਰੇਮ ਦੀ ਕੋਈ ਜੋਤ ਜਗੀ, ਜਿਸ ਦੀ ਰੌਸ਼ਨੀ ਨਾਲ ਦੋਹਾਂ ਦੇ ਅੰਦਰ ਰੌਸ਼ਨ ਹੋ ਗਏ।

ਲੋਕ ਸ਼ੋਰ ਸ਼ਰਾਬੇ 'ਚ ਗੁੰਮ ਸੀ। ਕ੍ਰਿਸ਼ਨਾ ਦੇ ਸਾਥੀ ਆਪਸ ਵਿੱਚ ਬੈਠੇ ਸਿਗਰਟਾਂ ਪੀ ਰਹੇ ਸੀ। ਕਿਸੇ ਨੇ ਉਹਨਾਂ ਵੱਲ ਧਿਆਨ ਨਾ ਦਿੱਤਾ। ਭਲਾ ਹਿਜੜੇ 'ਤੇ ਕੌਣ ਸ਼ੱਕ ਕਰੇ । ਅੱਧਾ ਮਰਦ ਤੇ ਅੱਧੀ ਔਰਤ। ਦੋਵੇਂ ਬਹੁਤ ਦੇਰ ਤੱਕ ਗੱਲਾਂ ਕਰਦੇ ਰਹੇ। ਤੇ ਫੇਰ ਮਿਲਣ ਦਾ ਵਾਅਦਾ ਕੀਤਾ।

ਕ੍ਰਿਸ਼ਨਾ ਦਾ ਪੈਰ ਧਰਤੀ 'ਤੇ ਨਹੀਂ ਪੈ ਰਿਹਾ ਸੀ। ਉਹ ਖੂਬ ਨੱਚੀ। ਦਿਲ ਖੋਹਲ ਕੇ ਪ੍ਰੇਮ ਗੀਤ ਗਾਏ ਉਸ ਨੇ। ਉਸ ਤੋਂ ਖੁਸ਼ੀ ਸੰਭਾਲੀ ਨਹੀ ਜਾ ਰਹੀ ਸੀ। ਅੱਧੀ ਰਾਤ ਤੱਕ ਨੱਚਦੀ ਉਹ ਆਪਣੇ ਹਾਵਾਂ ਭਾਵਾਂ ਨਾਲ ਨਾਮਦੇਵ ਦਾ ਮਨ ਪਰਚਾਉਂਦੀ ਰਹੀ।

ਫੇਰ ਇੱਕ ਦਿਨ ਨਾਮਦੇਵ ਉਸ ਦੇ ਚੁਬਾਰੇ 'ਚ ਉਸ ਨੂੰ ਮਿਲਣ ਆਇਆ।

ਕ੍ਰਿਸ਼ਨਾ ਨੇ ਚੁਬਾਰਾ ਲਿੱਪਿਆ ਤੇ ਆਪਣੇ ਨਾਲ ਦੀਆਂ ਨੂੰ ਬਾਹਰ ਕੱਢ ਦਿੱਤਾ ਕਿ ਆਪਣੇ ਪੈਰਾਂ ਨਾਲ ਅੰਦਰ ਗੰਦ ਨਾ ਲੈ ਕੇ ਆਉਣ। ਨਵਾਂ ਬਿਸਤਰ ਵਿਛਾਇਆ ਉਸ ਨੇ । ਹਾਰ ਸ਼ਿੰਗਾਰ ਕੀਤਾ ਤੇ ਨਾਮਦੇਵ ਦੇ ਖਾਣ ਲਈ ਮੇਵੇ ਲੈ ਕੇ ਆਈ।

ਉਸਦੇ ਨਾਲ ਦੇ ਸਾਥੀ ਉਸਦਾ ਮਜ਼ਾਕ ਉਡਾਉਂਦੇ। ਪਰ ਕ੍ਰਿਸ਼ਨਾ ਨੂੰ ਕਿੱਥੇ ਪਰਵਾਹ ਸੀ ਕਿਸੇ ਦੀ। ਉਹ ਪ੍ਰੇਮ ਦੀਵਾਨੀ ਹੋਈ ਨਾਮਦੇਵ ਲਈ ਜਾਨ ਦੇਣ ਲਈ ਤਿਆਰ ਸੀ।

ਨਾਮਦੇਵ ਆਇਆ ਤੇ ਸਾਰਾ ਦਿਨ ਉਸ ਕੋਲ ਰਿਹਾ। ਰਾਤ ਨੂੰ ਘਰ ਚਲਾ ਗਿਆ। ਫੇਰ ਆਇਆ। ਫੇਰ ਚਲਾ ਗਿਆ। ਹੁਣ ਉਹ ਅਕਸਰ ਆਉਂਦਾ ਤੇ ਕਈ ਕਈ ਘੰਟੇ ਉਸ ਕੋਲ ਪਿਆ ਰਹਿੰਦਾ।

ਨਾਮਦੇਵ ਕੋਲ ਹੁੰਦਾ, ਤਾਂ ਕ੍ਰਿਸ਼ਨਾ ਕਿਸੇ ਦੀ ਪ੍ਰਵਾਹ ਨਹੀਂ ਕਰਦੀ। ਵੱਡੇ ਤੋਂ ਵੱਡੇ ਘਰ ਉਹ ਨੱਚਣ ਨਾ ਜਾਂਦੀ। ਦੂਜੇ ਹਿਜੜਿਆਂ ਨੂੰ ਲੋਕ ਕੁਛ ਦਿੰਦੇ ਨਾ। ਕ੍ਰਿਸ਼ਨਾ ਦੀਆਂ ਇਹਨਾਂ ਲਾਪਰਵਾਹੀਆਂ ਕਾਰਨ ਰੁਜ਼ਗਾਰ ਨੂੰ ਧੱਕਾ ਲੱਗਾ ਤੇ ਉਹਦੇ ਸਾਥੀ ਉਹਦੇ 'ਤੇ ਖਿੱਝਦੇ ਤੇ ਨਾਮਦੇਵ ਨੂੰ ਵੀ ਬੁਰਾ ਭਲਾ ਕਹਿੰਦੇ।

"ਹਰਾਮ ਦੀਓ, ਰੌਲਾ ਨਾ ਪਾਓ। ਮੇਰਾ ਆਦਮੀ ਸੁੱਤਾ ਪਿਐ.......।" ਉਹ ਬਾਹਰ ਆ ਕੇ ਉਹਨਾਂ ਨੂੰ ਡਾਂਗ ਵਰਗੀ ਗਾਲ਼ ਕੱਢਦੀ।

"ਸੁੱਤਾ ਪਿਐ ਤਾਂ ਪਿਆ ਰਹੇ। ਤੂੰ ਵੀ ਨਾਲ ਹੀ ਸੌਂ ਜਾਨੀ ਐਂ। ਇਹਨੂੰ ਕਹਿ ਤੇਰੇ ਖਸਮ ਨੂੰ, ਰੋਟੀ ਨਾਲ ਲੈ ਕੇ ਆਇਆ ਕਰੇ ਸਾਰੇ ਚੌਣੇ ਦੀ........।" ਦੂਜੀਆਂ ਖੁਸਰੀਆਂ ਕਹਿੰਦੀਆਂ।

"ਕੰਜਰੀਓ, ਮੇਰੀ ਖੁਸ਼ੀ ਥੋਡੇ ਤੋਂ ਜਰੀ ਨੀਂ ਜਾਂਦੀ। ਥੋਡੇ ਸੱਪ ਲੜਦੈ ਮੈਨੂੰ ਉਹਦੇ ਨਾਲ ਸੌਂਦੀ ਨੂੰ ਵੇਖ ਕੇ। ਤੁਸੀਂ ਵੀ ਲੱਭ ਲੋ ਕੋਈ। ਮੈਂ ਨ੍ਹੀਂ ਨੱਚਦੀ। ਜਾਓ

ਕਰ ਲੋ ਕੀ ਕਰਦੀਆਂ ਓ ਤੁਸੀਂ....।" ਉਹ ਦਗੜ ਦਗੜ ਕਰਦੀ ਪੌੜੀਆਂ ਚੜ੍ਹ ਜਾਂਦੀ।

ਇਸ਼ਕ ਦਾ ਜਾਦੂ ਸਿਰਫ਼ ਕ੍ਰਿਸ਼ਨਾ 'ਤੇ ਹੀ ਨਹੀਂ ਸੀ ਚੱਲਿਆ। ਨਾਮਦੇਵ ਵੀ ਇਸ ਨਸ਼ੇ ਵਿਚ ਚੂਰ ਸੀ। ਉਹ ਵੀ ਕ੍ਰਿਸ਼ਨਾ ਦੇ ਰੂਪ ਜਾਲ ਵਿਚ ਐਸਾ ਫਸਿਆ ਕਿ ਦੋ ਜਹਾਨ ਨੂੰ ਭੁਲਾ ਬੈਠਾ।

ਉੱਚਾ ਲੰਮਾ, ਗੋਰਾ ਚਿੱਟਾ ਨਾਮਦੇਵ ਰੰਗੀਨ ਤਬੀਅਤ ਦਾ ਬੰਦਾ ਸੀ। ਉਹਦੇ ਚੌੜੇ ਮੱਥੇ 'ਤੇ ਘੁੰਗਰਾਲੇ ਵਾਲਾਂ ਦੀ ਲਟ ਹਮੇਸ਼ਾ ਲਟਕਦੀ। ਮੂੰਹ ਵਿਚ ਪਾਨ ਤੇ ਹੱਥ ਵਿਚ ਸਿਗਰਟ। ਇਕੱਲਾ ਪੁੱਤ ਸੀ ਮਾਂ ਬਾਪ ਦਾ। ਬਚਪਨ ਵਿਚ ਹੀ ਲਾਡ ਪਿਆਰ ਨੇ ਵਿਗਾੜ ਦਿੱਤਾ ਸੀ ਤੇ ਉਹ ਸ਼ਰਾਬ ਪੀਣ ਦਾ ਆਦੀ ਹੋ ਗਿਆ ਸੀ। ਹੌਲੀ ਹੌਲੀ ਦੋਸਤਾਂ ਦੀ ਸੰਗਤ 'ਚ ਪਿੰਡੋਂ ਬਾਹਰ ਸ਼ਹਿਰ ਘੁੰਮਣ ਜਾਂਦਾ ਤੇ ਨਾਚੀਆਂ ਦੇ ਕੋਠਿਆਂ ਤੇ ਨਾਚ ਦੇਖਣ ਚਲਾ ਜਾਂਦਾ। ਪੈਸੇ ਦੀ ਕੋਈ ਕਮੀ ਨਹੀਂ, ਪਿਓ ਦੀ ਆੜ੍ਹਤ ਦੀ ਦੁਕਾਨ 'ਤੇ ਲੱਛਮੀ ਮੀਂਹ ਵਾਂਗ ਵਰਦੀ ਸੀ। ਮਾਂ ਬਾਪ ਵੱਲੋਂ ਮਿਲੀ ਖੁੱਲ੍ਹ ਨਾਲ ਉਸ ਦੇ ਕਦਮ ਬਹਿਕ ਗਏ ਤੇ ਉਹ ਬਾਪ ਨਾਲ ਕਾਰੋਬਾਰ 'ਚ ਹੱਥ ਵਟਾਉਣ ਦੀ ਬਜਾਇ ਜ਼ਿਆਦਾਤਰ ਸ਼ਹਿਰ ਹੀ ਰਹਿੰਦਾ ਤੇ ਰੰਗ-ਰਲੀਆਂ ਮਨਾਉਂਦਾ।

ਪੁੱਤ ਦੇ ਹਾਲਾਤ ਦੇਖ ਕੇ ਪੰਡਤ ਨਰਾਤਾ ਰਾਮ ਜੀ ਨੇ ਉਸਦਾ ਵਿਆਹ ਕਰਨ ਦੀ ਕੀਤੀ। ਆਪਣੇ ਜਾਣ ਪਛਾਣ ਦੇ ਸ਼ਰੀਫ਼ ਪਰਿਵਾਰ 'ਚੋਂ ਕੁੜੀ ਪਸੰਦ ਕਰਕੇ ਨਾਮਦੇਵ ਦਾ ਵਿਆਹ ਕਰ ਦਿੱਤਾ।

ਨਾਮਦੇਵ ਨੇ ਵਿਆਹ ਤੋਂ ਪਹਿਲਾ ਆਪਣੀ ਪਤਨੀ ਦੇਖੀ ਨਹੀਂ ਸੀ। ਦੇਖ ਸਕਦਾ ਵੀ ਨਹੀਂ ਸੀ। ਸਮਾਜ ਦਾ ਦਸਤੂਰ ਵੀ ਇਹੋ ਸੀ। ਪਰ ਜਿਸ ਦਿਨ ਡੋਲੀ ਘਰ ਆਈ, ਨਾਮਦੇਵ ਦੇ ਜਿਵੇਂ ਹੌਲ ਪੈ ਗਿਆ। ਉਹਦੇ ਨਾਲੋਂ ਅੱਧੀ ਜਨਾਨੀ। ਚਰਖੀ ਜਿੰਨੀ ਮੁਧਕਰ ਜਿਹੀ। ਸਾਂਵਲਾ ਰੰਗ, ਸ਼ਕਲ ਨਾ ਸੂਰਤ ਤੇ ਰੰਗ ਨਾ ਰੂਪ। ਨਾਮਦੇਵ ਜਿਵੇਂ ਜ਼ਿੰਦਗੀ ਦੀ ਸਭ ਤੋ ਵੱਡੀ ਬਾਜ਼ੀ ਹਾਰ ਗਿਆ ਸੀ। ਪਿਓ ਤੋਂ ਡਰਦਾ ਮਾਰਿਆ ਉਹ ਬੋਲਿਆ ਤਾਂ ਕੁਛ ਨਾ ਪਰ ਤੀਵੀਂ ਉਹਦੇ ਮਨ ਨਾ ਚੜ੍ਹੀ।

ਉਸਦੀ ਔਰਤ ਦੇ ਮਨ ਵਿਚ ਵੀ ਗਹਿਰੀ ਹੀਣ ਭਾਵਨਾ ਸੀ। ਆਦਮੀ ਸੂਰਜ ਵਰਗਾ ਸੋਹਣਾ, ਹਨੇਰੇ ਵਿਚ ਬੈਠ ਜਾਵੇ, ਤਾਂ ਚਾਨਣ ਦਰ ਦੇਵੇ। ਤੇ ਉਹ ਵਿਚਾਰੀ ਆਮ ਸਾਧਾਰਣ, ਨਾ ਹੋਇਆ ਵਰਗੀ। ਬੱਚੇ ਪੈਦਾ ਕਰਨ ਤੋਂ ਬਾਅਦ ਤਾਂ ਉਸ ਦਾ ਸਰੀਰ ਹੋਰ ਵੀ ਬੁਲਬੁਲਾ ਤੇ ਅਜੀਬ ਆਕਾਰ ਦਾ ਹੋ ਗਿਆ ਸੀ। ਪਤਾ ਨਹੀਂ ਸੀ ਲੱਗਦਾ ਕਿਹੜਾ ਅੰਗ ਕਿੱਥੇ ਹੈ। ਉਹ ਸਾਰਾ ਦਿਨ ਚੁੰਨੀ ਨਾਲ ਮੂੰਹ ਸਿਰ ਢਕੀ ਰੱਖਦੀ। ਇਥੋਂ ਤੱਕ ਕਿ ਨਾਮਦੇਵ ਤੋਂ ਵੀ ਘੁੰਡ ਕੱਢੀ ਰੱਖਦੀ। ਕੱਪੜਿਆਂ ਚ ਲਿਪਟਿਆ ਉਸਦਾ ਗੋਲ ਮਟੋਲ ਸਰੀਰ ਇੰਝ ਲੱਗਦਾ, ਜਿਵੇਂ ਸਿਰਹਾਣੇ 'ਤੇ ਗਿਲਾਫ਼ ਚੜ੍ਹਿਆ ਹੋਵੇ।

ਨਾਮਦੇਵ ਨੇ ਵੀ ਉਸਨੂੰ ਕਦੇ ਕੁਛ ਨਹੀਂ ਕਿਹਾ। ਦਿਨੇ ਉਸਨੇ ਕਦੇ ਆਪਣੀ ਔਰਤ ਨੂੰ ਨਾ ਬੁਲਾਇਆ। ਰਾਤ ਨੂੰ ਸ਼ਰਾਬ ਦੇ ਨਸ਼ੇ ਵਿਚ ਗੁੱਟ ਹੁੰਦਾ, ਤਾਂ ਸ਼ਾਇਦ ਕਦੇ ਉਸ ਨਾਲ ਸੌਂ ਜਾਂਦਾ। ਉਸਨੇ ਕਦੇ ਚੱਜ ਨਾਲ ਆਪਣੀ ਔਰਤ ਦਾ ਮੂੰਹ ਵੀ



ਨਹੀਂ ਦੇਖਿਆ ਸੀ, ਜਿਸਮ ਦੇਖਣਾ ਤਾਂ ਬਹੁਤ ਦੂਰ ਦੀ ਕਹਾਣੀ ਸੀ।

ਤੇ ਨਾਮਦੇਵ ਨੇ ਇਹ ਸਾਰੀ ਕਹਾਣੀ ਆਪਣੀ ਜ਼ੁਬਾਨੀ ਕ੍ਰਿਸ਼ਨਾ ਨੂੰ ਸੁਣਾਈ।

"ਕ੍ਰਿਸ਼ਨਾ। ਮੈਨੂੰ ਤਾਂ ਤੇਰੇ ਜਿੰਨੀ ਸੋਹਣੀ, ਉਚੀ ਲੰਬੀ ਕੁੜੀ ਚਾਹੀਦੀ ਸੀ। ਮੇਰੇ ਮਾਂ ਬਾਪ ਨੇ ਮੇਰੀ ਜਵਾਨੀ ਤਬਾਹ ਕਰਤੀ। ਤੇ ਏਸੇ ਗਮ 'ਚ ਮੈਂ ਦਿਨ ਰਾਤ ਸ਼ਰਾਬ ਪੀਈ ਰੱਖਦਾਂ। ਜੇ ਜੀਵਨ ਸਾਥੀ ਮਨਭਾਉਂਦਾ ਨਾ ਹੋਵੇ, ਤਾਂ ਕਾਹਦੀ ਜ਼ਿੰਦਗੀ........।" ਉਹ ਕ੍ਰਿਸ਼ਨਾ ਦੀਆਂ ਜ਼ੁਲਫ਼ਾਂ 'ਚ ਮੂੰਹ ਛੁਪਾ ਲੈਂਦਾ।

"ਤੇਰੀ ਅਸਲੀ ਔਰਤ ਤਾਂ ਮੈਂ ਆਂ ਦੇਵ.....। ਉਹ ਤਾਂ ਐਵੇਂ ਈ ਘਰੇ ਕੰਮ ਕਰਨ ਲਈ ਲਿਆਂਦੀ ਤੇਰੇ ਮਾਂ ਪਿਓ ਨੇ..।" ਕ੍ਰਿਸ਼ਨਾ ਉਸਦੇ ਘੁੰਗਰਾਲੇ ਵਾਲਾਂ 'ਚ ਉਂਗਲਾਂ ਫਸਾਉਂਦੀ, ਖੇਡਦੀ ਰਹਿੰਦੀ।

ਕਹਿੰਦੇ ਨੇ ਇਸ਼ਕ ਮੁਸ਼ਕ ਛੁਪਾਇਆ ਨਹੀਂ ਛੁਪਦੇ। ਭਾਵੇਂ ਕ੍ਰਿਸ਼ਨਾ ਦਾ ਸਮਾਜ ਵਿਚ ਨਾਰੀ ਵਾਲਾ ਕੋਈ ਸਥਾਨ ਨਹੀਂ ਸੀ, ਪਰ ਉਸਦੇ ਇਸ਼ਕ ਦੀ ਖ਼ਬਰ ਜੰਗਲ 'ਚ ਅੱਗ ਵਾਂਗ ਫੈਲ ਗਈ।

ਲੋਕ ਪੰਡਤ ਨਰਾਤਾ ਰਾਮ ਕੋਲ ਜਾ ਕੇ ਗੱਲਾਂ ਕਰਦੇ।

"ਸਾਲ਼ੇ ਨੇ ਸਾਰੇ ਪਾਸੇ ਥੂਹ ਥੂਹ ਕਰਵਾਤੀ...। ਪੱਗ ਰੋਲਤੀ ਮੇਰੀ ਮਿੱਟੀ 'ਚ। ਕੰਜਰ ਕਿੱਥੋਂ ਜੰਮਿਆ ਸੀ ਇਹ.......।" ਨਰਾਤਾ ਰਾਮ ਸਾਰੇ ਪਿੰਡ ਮੂਹਰੇ ਪੁੱਤ ਨੂੰ ਗਾਲ੍ਹਾਂ ਕੱਢਦਾ। ਪਰ ਨਾਮਦੇਵ 'ਤੇ ਕੋਈ ਅਸਰ ਨਹੀਂ ਸੀ। ਨਾ ਉਹਦੀ ਸ਼ਰਾਬ ਘਟੀ ਤੇ ਨਾ ਕ੍ਰਿਸ਼ਨਾ ਦੇ ਕੋਲ ਜਾਣਾ। ਕ੍ਰਿਸ਼ਨਾ ਵਿਚ ਵੀ ਅਜੀਬ ਪਰਿਵਰਤਨ ਆ ਗਏ ਸੀ। ਉਹ ਹੁਣ ਪਹਿਲਾਂ ਵਾਂਗ ਗਾਲ੍ਹਾਂ ਨਹੀਂ ਕੱਢਦੀ ਸੀ। ਬਲਕਿ ਤਮੀਜ਼ ਨਾਲ ਗੱਲ ਕਰਦੀ। ਇਹ ਨਾਮਦੇਵ ਤੋਂ ਮਿਲੀ ਸਰੀਰਕ ਤ੍ਰਿਪਤੀ ਸੀ ਜਾਂ ਮਾਨਸਿਕ ਸੁੱਖ ਕਿ ਉਹਦਾ ਇਕਹਿਰਾ ਸਰੀਰ ਭਰਨਾ ਸ਼ੁਰੂ ਹੋ ਗਿਆ। ਅੰਗ ਗਦਰਾਏ ਗਏ ਉਸਦੇ ਤੇ ਮੂੰਹ ਤੇ ਲਾਲੀਆਂ ਆ ਗਈਆਂ। ਸਰੀਰ ਭਾਰਾ ਹੋਇਆ ਤਾਂ ਢਿੱਡ ਥੋੜ੍ਹਾ ਜਿਹਾ ਬਾਹਰ ਆ ਗਿਆ।

"ਕਿਵੇਂ ਕ੍ਰਿਸ਼ਨਾ........? ਕੀ ਲੁਕੋ ਰੱਖਿਐ ਝੱਗੇ 'ਚ .........?" ਤੀਵੀਆਂ ਪਿੰਡ 'ਚ ਮਸ਼ਖਰੀਆਂ ਕਰਦੀਆਂ।

"ਮੁੰਡਾ ਐ ਨਾਮਦੇਵ ਦਾ ........।" ਉਹ ਹੱਸ ਕੇ ਜੁਆਬ ਦਿੰਦੀ ਤੇ ਅੱਗੇ ਲੰਘ ਜਾਂਦੀ।

"ਲੈ ਹਿਜੜਿਆਂ ਦੇ ਮੁੰਡੇ ਹੋਣ ਲਾਗੇ, ਰੱਬ ਦੀ ਕਲ ਪੁੱਠੀ ਘੁੰਮ ਜੂ.....।" ਤੀਵੀਆਂ ਆਪਸ 'ਚ ਹੱਸਦੀਆਂ।

ਪਰ ਕ੍ਰਿਸਨਾ ਬਹੁਤ ਗੰਭੀਰ ਹੋ ਗਈ ਸੀ। ਉਸਨੇ ਨੱਚਣਾ ਬੰਦ ਕਰ ਦਿੱਤਾ, ਕਿਤੇ ਉੱਚੀ ਨੀਵੀਂ ਥਾਂ 'ਤੇ ਪੈਰ ਨਾ ਪੈ ਜਾਵੇ। ਢਿੱਡ ਨੂੰ ਚੁੰਨੀ ਨਾਲ ਢੱਕ ਕੇ ਰੱਖਦੀ ਉਹ, ਜਿਵੇਂ ਗਰਭਵਤੀ ਹੋਵੇ। ਕਿਸੇ ਦੇ ਘਰ ਗਾਉਣ ਵਜਾਉਣ ਦਾ ਪ੍ਰੋਗਰਾਮ ਹੁੰਦਾ, ਤਾਂ ਉਹ ਪੀੜ੍ਹੀ 'ਤੇ ਬੈਠ ਕੇ ਨਵੀਆਂ ਕੁੜੀਆਂ ਨੂੰ ਸਲਾਹਾਂ ਤੇ ਨਿਰਦੇਸ਼ਨ ਦਿੰਦੀ, ਪਰ ਆਪ ਨਾ ਨੱਚਦੀ। ਉਹਦੇ ਮੂੰਹ ਨੂੰ ਲੋਕਾਂ ਨੇ ਦੂਜੀਆਂ ਨੂੰ ਵੀ ਦਿਲ ਖੋਹਲ ਕੇ ਪੈਸੇ ਦੇਣੇ।

ਦੁਨੀਆਂ ਬਦਲ ਗਈ ਸੀ ਕ੍ਰਿਸ਼ਨਾ ਦੀ। ਹੁਣ ਉਸਨੂੰ ਕਿਸਮਤ ਨਾਲ ਕੋਈ ਸ਼ਿਕਵਾ ਨਹੀਂ ਸੀ। ਦੋ ਸਾਲ ਬੀਤ ਗਏ ਕ੍ਰਿਸ਼ਨਾ ਦਾ ਢਿੱਡ ਵਧੇ ਨੂੰ। ਪਰ ਉਸਦੇ ਜਾਪਾ ਨਾ ਹੋਇਆ ਪਰ ਆਸ ਉਸਨੇ ਫੇਰ ਵੀ ਨਾ ਛੱਡੀ।

"ਕੋਈ ਨ੍ਹੀਂ। ਕਦੇ ਤਾਂ ਰੱਬ ਬਹੁੜੂਗਾ....।" ਉਸਨੂੰ ਆਪਣਾ ਵਧਿਆ ਹੋਇਆ ਢਿੱਡ ਬਹੁਤ ਚੰਗਾ ਲੱਗਦਾ ਸੀ। ਉਸਦੇ ਸੰਪੂਰਨ ਔਰਤ ਹੋਣ ਦਾ ਸਬੂਤ।

ਜ਼ਿਆਦਾ ਸ਼ਰਾਬ ਪੀਣ ਨਾਲ ਨਾਮਦੇਵ ਦੇ ਗੁਰਦੇ ਖਰਾਬ ਹੋ ਗਏ ਸੀ। ਤੇ ਉਹ ਮੰਜੇ 'ਤੇ ਪੈ ਗਿਆ। ਕਈ ਦਿਨ ਕ੍ਰਿਸ਼ਨਾ ਨੂੰ ਮਿਲਣ ਨਾ ਆਇਆ, ਤਾਂ ਕ੍ਰਿਸ਼ਨਾ ਖੁਦ ਉਹਦੇ ਘਰ ਚਲੀ ਗਈ।

"ਤੂੰ ਪੁੱਠੀ ਸਿੱਧੀ ਬਿਮਾਰੀ 'ਲਾਤੀ ਮੇਰੇ ਆਦਮੀ ਨੂੰ .....।" ਨਾਮਦੇਵ ਦੀ ਘਰਵਾਲੀ ਉਹਨੂੰ ਦੇਖ ਕੇ ਅੱਗ ਬਬੂਲਾ ਹੋ ਗਈ।

"ਤੇਰਾ ਆਦਮੀ? ਤੂੰ ਢੋਕੀ ਲੱਗਦੀ ਐ ਆਦਮੀ ਦੀ? ਆਦਮੀ ਮੇਰਾ ਐ ਉਹ....। ਤੈਨੂੰ ਸਿਰਫ਼ ਘਰ 'ਚ ਕੰਮ ਕਰਨ ਲਈ ਰੱਖਿਐ ਗੋਲੀਏ.......।" ਕ੍ਰਿਸ਼ਨਾ ਢਾਕਾਂ 'ਤੇ ਹੱਥ ਰੱਖ ਕੇ ਲੜਨ ਲਈ ਖੜ੍ਹੀ ਹੋ ਗਈ।

"ਤੇਰਾ ਆਦਮੀ ਕਿਥੋਂ ਆ ਗਿਆ ਖੁਸਰੀਏ...। ਆਦਮੀ ਤੀਮੀਆਂ ਦੇ ਹੁੰਦੇ ਨੇ ...ਖੁਸਰੀਆਂ ਦੇ ਨ੍ਹੀ..........। ਤੂੰ ਕਿੱਧਰੋਂ ਤੀਮੀਂ ਆ ਗੀ?" ਨਾਮਦੇਵ ਦੀ ਘਰਵਾਲੀ ਮਜ਼ਾਕ 'ਚ ਹੱਸੀ।

"ਤੇਰੇ ਨਾਲੋਂ ਵੱਡੇ ਨੇ.......। ਹੋਰ ਤੇਰੇ ਚਾਰ ਨ੍ਹੀਂ ਲੱਗੇ ਹੋਏ ਵੱਡੀ ਤੀਮੀਂ ਦੇ? ਮੈਂ ਵੀ ਔਰਤ ਆਂ।" ਤੇ ਕ੍ਰਿਸ਼ਨਾ ਆਪਣੀਆਂ ਰੂੰਅ ਨਾਲ ਭਰੀਆ ਬਣਾਉਟੀ ਛਾਤੀਆਂ ਹੱਥਾਂ ਵਿਚ ਫੜ੍ਹ ਕੇ ਭੁੜਕਾਈਆ।

"ਇਹਨਾਂ ਕੱਲਿਆ ਨਾਲ ਨ੍ਹੀਂ ਸਰਦਾ। ਮੈਂ ਪੁੱਤ ਜੰਮੇ ਨੇ ਚਾਰ ਲਾਲਾਂ ਵਰਗੇ...। ਤੂੰ ਜੰਮ ਲੇਂਗੀ ਫੰਡਰੇ?" ਉਸਨੇ ਕ੍ਰਿਸ਼ਨਾ ਦੀ ਕੁੱਖ 'ਤੇ ਲਫਜ਼ਾਂ ਦੀ ਚੋਟ ਮਾਰੀ।

"ਪੁੱਤ ਤਾਂ ਮੈਂ ਸੱਤ ਜੰਮ ਦਿੰਦੀ। ਡਾਢੇ ਰੱਬ ਨੇ ਕਹਿਰ ਕਮਾਇਆ। ਕਰਮਾਂ ਨੇ ਦਗਾ ਕੀਤਾ, ਨਹੀਂ ਤੇਰੀ ਵਰਗੀ ਭੇਡ ਨੂੰ ਮੈਂ ਕੀ ਸਮਝਦੀ ਸੀ। ਪੁੱਤਾਂ ਦਾ ਮਿਹਣਾ ਮਾਰਦੀ ਐ। ਆਪਣੀ ਸ਼ਕਲ ਦੇਖ ਭੂਤਨੀਏ। ਕਦੇ ਨਾਮਦੇਵ ਨੇ ਤੈਨੂੰ ਮੂੰਹੋਂ ਨ੍ਹੀਂ ਬੁਲਾਇਆ। ਸ਼ਰਾਬ ਦੇ ਨਸ਼ੇ 'ਚ ਤਾਂ ਆਦਮੀ ਕੁੱਤੀ ਬਿੱਲੀ ਨਾਲ ਸੌਂ ਜਾਂਦੇ ਨੇ, ਤੂੰ ਤਾਂ ਫੇਰ ਬੰਦੇ ਦੀ ਜਾਤ ਐਂ।" ਕ੍ਰਿਸ਼ਨਾ ਤੋਂ ਇਹ ਮਿਹਣਾ ਬਰਦਾਸ਼ਤ ਨਾ ਹੋਇਆ ਤੇ ਉਹਦਾ ਗਲਾ ਭਰ ਆਇਆ।

"ਸ਼ਕਲਾਂ ਕੌਣ ਦੇਖਦੈ? ਆਪਣੀਆਂ ਕਰਤੂਤਾਂ ਦੇਖ .....।" ਉਸਨੂੰ ਗਾਲ ਨਾ ਸੁੱਝੀ।

"ਕਰਤੂਤ ਤਾਂ ਮੈਂ ਤੈਨੂੰ ਇਹੋ ਜ੍ਹੀ ਦਖਾਉਂਦੀ ਕਿ ਤੇਰੇ ਅਗਲੇ ਪਿਛਲੇ ਰੋਂਦੇ ਫਿਰਦੇ। ਇਹ ਮੈਂ ਈ ਆਂ ਜਿਹਨੇ ਤੈਨੂੰ ਘਰੋਂ ਨ੍ਹੀ ਕਢਾਇਆ। ਨਹੀਂ ਤਾਂ ਤੇਰੀ ਔਕਾਤ ਕੀ ਸੀ....। ਅੱਜ ਵੀ ਚਾਹਾਂ ਤਾਂ ਨਾਮਦੇਵ ਨੂੰ ਲੈ ਜਾਂ ਕੱਢ ਕੇ ਤੇ ਤੂੰ ਉਹਦੀ ਸ਼ਕਲ ਦੇਖਣ ਨੂੰ ਵੀ ਤਰਸੇਂ। ਪਰ ਮੈਂ ਕਹਿੰਨੀ ਆਂ ਕਾਹਨੂੰ ਦੁਰਅਸੀਸ ਲੈਣੀ ਐ ਨਿੱਕੇ ਨਿੱਕੇ ਜੁਆਕਾਂ ਦੀ। ਅੱਗੇ ਪਤਾ ਨ੍ਹੀਂ ਕਿਹੜੇ ਪਾਪਾਂ ਦੀ ਸਜ਼ਾ



ਭੁਗਤਦੀ ਫਿਰਦੀ ਆਂ।" ਕ੍ਰਿਸ਼ਨਾ ਨੇ ਜਦੋਂ ਛਾਤੀ ਠੋਕ ਇਹ ਗੱਲ ਕਹੀ, ਤਾਂ ਨਾਮਦੇਵ ਦੀ ਘਰਵਾਲੀ ਡਰ ਗਈ। ਉਹ ਚੁੱਪ ਕਰਕੇ ਅੰਦਰ ਜਾ ਵੜੀ।

ਤੇ ਕ੍ਰਿਸ਼ਨਾ ਛਮ ਛਮ ਕਰਦੀ ਪੌੜੀਆਂ ਚੜ੍ਹ ਕੇ ਨਾਮਦੇਵ ਦੇ ਚੁਬਾਰੇ 'ਚ ਚਲੀ ਗਈ।

ਨਾਮਦੇਵ ਸੁੱਕ ਤੇ ਤੀਲਾ ਹੋ ਗਿਆ ਸੀ। ਸ਼ਰਾਬ ਨੇ ਉਹਦਾ ਸਰੀਰ ਗਾਲ਼ ਦਿੱਤਾ ਸੀ। ਡਾਕਟਰਾਂ ਨੇ ਸ਼ਰਾਬ ਬੰਦ ਕਰਨ ਲਈ ਖਾਸ਼ ਹਿਦਾਇਤ ਦਿੱਤੀ ਸੀ ਕਿ ਜੇ ਪੀਣੀ ਨਾ ਛੱਡੀ, ਤਾਂ ਉਹ ਬਹੁਤ ਥੋੜ੍ਹੀ ਦੇਰ ਜੀਵੇਗਾ।

ਨਾਮਦੇਵ ਦੇ ਖ਼ੂਨ ਵਿਚ ਸ਼ਰਾਬ ਰਚ ਗਈ ਸੀ। ਨਾ ਪੀਂਦਾ ਤਾਂ ਮਰਦਾ ਸੀ ਜੇ ਪੀਂਦਾ ਤਾਂ ਮਰਦਾ ਸੀ। ਘਰ ਦਿਆਂ ਤੋਂ ਚੋਰੀਉਂ ਉਹ ਇਕ ਅੱਧੀ ਵਾਰੀ ਪੀ ਆਇਆ ਤੇ ਹਾਲਤ ਵਿਗੜਦੀ ਚਲੀ ਗਈ। ਹਸਪਤਾਲ ਭਰਤੀ ਹੋਣਾ ਪੈ ਗਿਆ ਉਸਨੂੰ।

ਕ੍ਰਿਸ਼ਨਾ ਨੂੰ ਪਤਾ ਲੱਗਿਆ, ਤਾਂ ਉਹ ਹਸਪਤਾਲ 'ਚ ਮਗਰ ਹੀ ਆ ਗਈ। ਡਾਕਟਰਾਂ ਦੇ ਪੈਰ ਫੜ੍ਹ ਲਏ ਉਸਨੇ।

"ਜਿੰਨਾ ਮਰਜ਼ੀ ਖਰਚ ਹੋਜੇ। ਇਹਨੂੰ ਠੀਕ ਕਰ ਦਿਓ.....।" ਆਪਣੇ ਨਾਚ ਗਾਣੇ ਨਾਲ ਕਮਾਇਆ ਧਨ ਅਤੇ ਟੂਮ ਛੱਲਾ ਵੇਚ ਕੇ ਪੈਸਿਆਂ ਦੀ ਪੋਟਲੀ ਉਹਨੇ ਡਾਕਟਰ ਨੂੰ ਆ ਫੜਾਈ।

ਪੈਸੇ ਦੀ ਕਮੀ ਤਾਂ ਪੰਡਤ ਨਰਾਤਾ ਰਾਮ ਨੇ ਵੀ ਨਾ ਆਉਣ ਦਿੱਤੀ। ਪਰ ਨਾਮਦੇਵ ਦੀ ਵਧੀ ਨਹੀਂ ਸੀ।

ਖ਼ੂਨ ਦੀਆਂ ਉਲਟੀਆਂ ਲੱਗੀਆਂ ਉਸਨੂੰ ਤੇ ਕਈ ਦਿਨ ਬਿਸਤਰੇ 'ਤੇ ਅੱਡੀਆਂ ਰਗੜ ਕੇ ਉਹ ਰੱਬ ਨੂੰ ਪਿਆਰਾ ਹੋ ਗਿਆ।

ਪਿੰਡ 'ਚ ਕੋਹਰਾਮ ਮੱਚ ਗਿਆ। ਜਵਾਨ ਮੌਤ। ਕਿਸੇ ਦੇ ਘਰ 'ਚ ਚੁੱਲ੍ਹਾ ਨਾ ਬਲਿਆ। ਕ੍ਰਿਸ਼ਨਾ ਰੋਂਦੀ ਪਿੱਟਦੀ ਨਾਮਦੇਵ ਦੀ ਲਾਸ਼ ਦੇ ਨਾਲ ਉਸਦੇ ਘਰ ਵਾਪਸ ਆ ਗਈ। ਲੰਮੇ ਵਾਲ ਖੋਲ੍ਹ ਕੇ ਗਲ 'ਚ ਪਾ ਲਏ। ਕਾਲਾ ਘੱਗਰਾ ਪਾ ਕੇ ਉਹ ਤੀਵੀਆਂ 'ਚ ਬਹਿ ਕੇ ਆਪਣਾ ਸਿਰ ਪਿੱਟਣ ਲੱਗੀ। ਨਾਮਦੇਵ ਦੀ ਘਰ ਵਾਲੀ ਜੋ ਜੋ ਕਰ ਰਹੀ ਸੀ, ਉਹ ਕ੍ਰਿਸ਼ਨਾ ਵੀ ਕਰਦੀ। ਉਹ ਸਾਰੇ ਰਸਮ ਰਿਵਾਜ਼ ਉਵੇਂ ਹੀ ਨਿਭਾ ਰਹੀ ਸੀ, ਜਿਵੇਂ ਨਾਮਦੇਵ ਦੀ ਵਿਧਵਾ ਔਰਤ।

"ਹਾਏ ਜਾਣ ਦਿਓ ਮੈਨੂੰ ਵੀ ਜਿਥੇ ਮੇਰਾ ਆਦਮੀ ਗਿਆ। ਮੇਰਾ ਸਰਤਾਜ....। ਮੈਂ ਕੀ ਕਰਨੈ ਉਹਦੇ ਬਗੈਰ ਜੀਅ ਕੇ.......।" ਉਹ ਜ਼ਮੀਨ 'ਤੇ ਲੇਟ ਗਈ। ਔਰਤਾਂ ਨੇ ਉਸਨੂੰ ਬੜੀ ਮੁਸ਼ਕਿਲ ਨਾਲ ਸੰਭਾਲਿਆ।

ਕਈ ਲੋਕ ਅੰਦਰੋਂ ਅੰਦਰੀਂ ਹੱਸ ਰਹੇ ਸੀ ਉਸਦੀਆਂ ਕਰਤੂਤਾਂ 'ਤੇ ਅਤੇ ਕਈ ਉਸਦੇ ਦਰਦ ਦੀਆਂ ਗਹਿਰਾਈਆਂ ਤੱਕ ਪਹੁੰਚਣ ਦੀ ਕੋਸ਼ਿਸ ਕਰ ਰਹੇ ਸੀ।

ਰੋਂਦੀ ਕੁਰਲਾਉਂਦੀ ਕ੍ਰਿਸ਼ਨਾ ਨੂੰ ਦੋ ਬੰਦੇ ਫੜ੍ਹ ਕੇ ਘਰ ਲਿਆਏ।

ਨਾਮਦੇਵ ਦੀ ਘਰਵਾਲੀ ਜੇ ਰੋਂਦੀ ਤਾਂ ਕ੍ਰਿਸ਼ਨਾ ਉਸਨੂੰ ਭੱਜ ਕੇ ਪੈਂਦੀ, "ਤੂੰ ਕਿਉਂ ਰੋਨੀ ਐਂ? ਤੇਰਾ ਕੀ ਲੱਗਦਾ ਸੀ? ਆਦਮੀ ਤਾਂ ਮੇਰਾ ਸੀ? ਤੈਨੂੰ ਕੀ ਦੁੱਖ ਐ......।"

ਕ੍ਰਿਸ਼ਨਾ ਸਿਆਪੇ 'ਚ ਬੈਠੀਆਂ ਔਰਤਾਂ ਸਾਹਮਣੇ ਜੀਅ ਖੋਹਲ ਕੇ ਨਾਮਦੇਵ ਦੀ ਘਰਵਾਲੀ ਨੂੰ ਬੁਰਾ ਭਲਾ ਕਹਿੰਦੀ।

ਤੇ ਉਹ ਵਿਚਾਰੀ ਅੱਗਿਉਂ ਚੁੱਪ ਕਰਕੇ ਸੁਣੀ ਜਾਂਦੀ। ਹਿਜੜੀ ਨਾਲ ਕਿਹੜਾ ਲੜੇ ?

ਦਾਹ ਸੰਸਕਾਰ ਤੋਂ ਅੱਠਵੇਂ ਦਿਨ ਤੀਵੀਆਂ ਇਕੱਠੀਆਂ ਹੋ ਕੇ ਪਿੰਡ ਦੇ ਬਾਹਰ ਸੂਏ 'ਤੇ ਸਿਰ ਧੌਣ ਗਈਆਂ। ਜਦੋਂ ਨਾਮਦੇਵ ਦੀ ਘਰਵਾਲੀ ਦੇ ਵਾਲ ਧੋ ਕੇ ਉਨ੍ਹਾਂ ਨੇ ਉਸਦੇ ਸਿਰ ਵਿਚ ਗੁੱਤ ਪਾਈ, ਤਾਂ ਕ੍ਰਿਸ਼ਨਾ ਨੇ ਉਸਦੀ ਗੁੱਤ ਫੜ੍ਹ ਕੇ ਖਿੱਚ ਲਈ।

"ਮੇਰੀ ਗੁੱਤ ਕਿਉਂ ਨਹੀਂ ਨ੍ਹੀਂ ਲੈ ਕੇ ਆਈਆਂ ਹਰਾਮ ਦੀਓ.....। ਨੀ ਕੰਜਰੀਓ, ਮੇਰਾ ਵੀ ਤਾਂ ਆਦਮੀ ਸੀ। ਮੇਰੀ ਸੁੱਖ ਨਾ ਮੰਗੀ ਤੁਸੀਂ ਪਾਪਣੋ, ਥੋਡਾ ਅਗਲਾ ਪਿਛਲਾ ਨਾਸ ਹੋਜੇ....। ਬੇੜਾ ਬਹਿਜੇ ਜੰਮਣ ਆਲਿਆਂ ਦਾ ਰੰਡੀਓ......।" ਉਹ ਫੇਰ ਪਹਿਲਾਂ ਵਾਂਗ ਗਾਹਲਾਂ ਕੱਢਣ ਲੱਗ ਪਈ।

ਔਰਤਾਂ ਨੇ ਉਸਨੂੰ ਮੁਸ਼ਕਿਲ ਨਾਲ ਕਾਬੂ ਕੀਤਾ। ਇਕ ਬੰਦਾ ਭੇਜ ਕੇ ਬਾਜ਼ਾਰੋਂ ਗੁੱਤ ਮੰਗਵਾਈ ਤੇ ਕ੍ਰਿਸ਼ਨਾ ਦੇ ਵਾਲ ਵੀ ਗੁੰਦ ਦਿੱਤੇ।

ਨਾਮਦੇਵ ਨੂੰ ਮਰੇ ਨੂੰ ਕਈ ਦਿਨ ਹੋ ਗਏ। ਰਿਸ਼ਤੇਦਾਰ ਵਾਪਸ ਆਪਣੇ ਘਰਾਂ ਨੂੰ ਚਲੇ ਗਏ। ਲੋਕ ਆਪੋ ਆਪਣੇ ਕੰਮੀ ਲੱਗ ਪਏ। ਨਾਮਦੇਵ ਦੇ ਮਾਂ ਬਾਪ ਦਿਲ ਕਰੜਾ ਕਰਕੇ ਕਾਰੋਬਾਰ ਤੇ ਘਰ-ਬਾਹਰ ਸੰਭਾਲਣ ਲੱਗ ਪਏ ਤੇ ਉਸਦੀ ਘਰ ਵਾਲੀ ਕਦੇ ਬੱਚਿਆਂ 'ਚ ਰੁੱਝ ਜਾਂਦੀ ਤੇ ਕਦੇ ਨਾਮਦੇਵ ਨੂੰ ਯਾਦ ਕਰਕੇ ਰੋ ਲੈਂਦੀ।

ਪਰ ਕ੍ਰਿਸ਼ਨਾ ਬਿਲਕੁੱਲ ਇਕੱਲੀ ਰਹਿ ਗਈ ਸੀ। ਨਾਮਦੇਵ ਦੇ ਮਾਂ ਬਾਪ ਨੇ ਉਸਨੂੰ ਵਾਪਸ ਜਾਣ ਲਈ ਨਹੀਂ ਕਿਹਾ। ਉਹਨਾਂ ਨੂੰ ਤਰਸ ਆਉਂਦਾ ਸੀ ਉਸ 'ਤੇ। ਜਿਵੇਂ ਉਹ ਉਹਨਾਂ ਦੀ ਦੂਜੀ ਨੂੰਹ ਸੀ। ਨਾਮਦੇਵ ਦੀ ਘਰ ਵਾਲੀ ਵੀ ਹੁਣ ਉਸ ਦੀ ਕਹੀ ਕਿਸੇ ਗੱਲ ਦਾ ਗੁੱਸਾ ਨਾ ਮੰਨਦੀ। ਆਪਣੀ ਸਕੀ ਭੈਣ ਵਰਗਾ ਮੋਹ ਹੋ ਗਿਆ ਸੀ ਉਸਨੂੰ ਕ੍ਰਿਸ਼ਨਾ ਨਾਲ। ਜਿਵੇਂ ਦੋਹਾਂ ਦਾ ਦੁੱਖ ਸਾਂਝਾ ਸੀ। ਉਹ ਕ੍ਰਿਸ਼ਨਾ ਨੂੰ ਰੋਂਦੀ ਨੂੰ ਚੁੱਪ ਕਰਵਾਉਂਦੀ ਤੇ ਜਬਰਦਸਤੀ ਰੋਟੀ ਦੀਆਂ ਬੁਰਕੀਆਂ ਉਸਦੇ ਮੂੰਹ ਵਿਚ ਪਾਉਂਦੀ।

"ਲੈ ਤੂੰ ਚਾਰੇ ਬੱਚੇ ਸਾਂਭ ਲੈ ਓਸ ਦੇ। ਮੈਂ ਤੇਰੀ ਗੋਲੀ ਬਣ ਕੇ ਰਹੂੰ......।" ਨਾਮਦੇਵ ਦੀ ਘਰ ਵਾਲੀ ਛੋਟਾ ਮੁੰਡਾ ਕ੍ਰਿਸ਼ਨਾ ਦੀ ਗੋਦ ਵਿਚ ਰੱਖਦੀ ਕਹਿੰਦੀ।

ਉਸਨੂੰ ਕ੍ਰਿਸ਼ਨਾ ਦੇ ਜਿਸਮ 'ਚੋਂ ਜਿਵੇਂ ਨਾਮਦੇਵ ਦੀ ਮਹਿਕ ਆਉਂਦੀ ਲੱਗਦੀ। ਕ੍ਰਿਸ਼ਨਾ ਨੂੰ ਦੇਖ ਕੇ ਉਸਨੂੰ ਮਹਿਸੂਸ ਹੁੰਦਾ, ਜਿਵੇਂ ਨਾਮਦੇਵ ਖੁਦ ਉਸ ਕੋਲ ਬੈਠਾ ਹੋਵੇ। ਉਹ ਜਾਣਦੀ ਸੀ ਕਿ ਨਾਮਦੇਵ ਦਾ ਅਸਲੀ ਪਿਆਰ ਕ੍ਰਿਸ਼ਨਾ ਨਾਲ ਸੀ। ਉਹ ਤਾਂ ਸਿਰਫ਼ ਅੱਗ ਮੂਹਰੇ ਕੱਟੇ ਫੇਰਿਆਂ ਦਾ ਰਿਸ਼ਤਾ ਨਿਭਾ ਰਹੀ ਸੀ। ਤੇ ਕ੍ਰਿਸ਼ਨਾ ਨਾਮਦੇਵ ਦੇ ਦਿਲ 'ਤੇ ਇਕ ਛਤਰ ਰਾਜ ਕਰਦੀ ਰਹੀ ਸੀ। ਦਿਲ, ਜਿਸ ਦੀ ਧਰਤੀ 'ਤੇ ਦੁਨੀਆਂ ਦਾ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ ਤੇ ਸੰਸਾਰ ਦਾ ਕੋਈ ਯੋਧਾ ਇਸ ਧਰਤੀ ਨੂੰ ਜਬਰਦਸਤੀ ਜਿੱਤ ਨਹੀਂ ਸਕਿਆ।

ਕ੍ਰਿਸ਼ਨਾ ਅਤੇ ਨਾਮਦੇਵ ਦਾ ਪਿਆਰ ਭਾਵੇਂ ਸਰੀਰਕ ਸੁੰਦਰਤਾ ਤੋਂ ਸ਼ੁਰੂ ਹੋਇਆ



ਸੀ, ਪਰ ਦੁੱਖ ਅਤੇ ਬਦਨਾਮੀ ਨੇ ਇਸ ਪਿਆਰ ਨੂੰ ਭਗਤੀ ਦਾ ਰੂਪ ਦੇ ਦਿੱਤਾ ਸੀ। ਭਗਤੀ, ਜੋ ਬੰਦਿਆਂ ਨੂੰ ਦੇਵਤੇ ਬਣਾ ਦਿੰਦੀ ਹੈ। ਜਿਵੇਂ ਭੱਠੀ 'ਚ ਪੈ ਕੇ ਸੋਨਾ ਖਰਾ ਹੋ ਜਾਵੇ। ਲੋਕ ਹੁਣ ਉਹਨ੍ਹਾਂ ਦੇ ਪ੍ਰੇਮ ਦੀਆਂ ਗੱਲਾਂ ਚਟਕਾਰੇ ਲੈ ਕੇ ਨਹੀਂ ਕਰਦੇ ਸੀ। ਜਿਵੇਂ ਕ੍ਰਿਸ਼ਨਾ ਦਾ ਗਮ ਸਾਰੇ ਪਿੰਡ ਦਾ ਗਮ ਬਣ ਗਿਆ ਸੀ। ਉਹ ਹੱਸਣਾ ਖੇਡਣਾ ਭੁੱਲ ਗਈ। ਝਰਨਿਆਂ ਵਾਂਗ ਵਹਿਣ ਵਾਲੀ ਕ੍ਰਿਸ਼ਨਾ ਸ਼ਾਂਤ ਸਮੁੰਦਰ ਬਣ ਗਈ।

ਇੱਕ ਦਿਨ ਉਸਦੇ ਸਾਥੀ ਆਏ ਤੇ ਉਸਦੀ ਹਾਲਤ ਦੇਖ ਕੇ ਰੋ ਪਏ।

"ਚੱਲ ਕ੍ਰਿਸ਼ਨਾ....। ਅਸੀਂ ਤੈਨੂੰ ਲੈਣ ਆਏ ਹਾਂ.....।" ਉਹਨਾਂ ਨੇ ਜੋਰ ਪਾਇਆ ਤਾਂ ਕ੍ਰਿਸ਼ਨਾ ਚੁੱਪ ਚਾਪ ਉਠ ਕੇ ਉਹਨਾਂ ਨਾਲ ਤੁਰ ਪਈ।

ਪਰ ਹੁਣ ਪਹਿਲਾਂ ਵਾਲੀ ਕਿੱਥੇ ਰਹਿ ਗਈ ਸੀ ਕ੍ਰਿਸ਼ਨਾ। ਉਸਦੇ ਸਾਥੀ ਵਿਆਹ ਸ਼ਾਦੀਆਂ 'ਤੇ ਨੱਚਣ ਜਾਂਦੇ ਤੇ ਉਹ ਘਰ ਹੀ ਪਈ ਰਹਿੰਦੀ। ਕਿਸੇ ਦੇ ਘਰ ਮੁੰਡਾ ਹੁੰਦਾ, ਲੋਕ ਖਾਸ ਉਹਨੂੰ ਸੱਦਦੇ। ਉਹ ਬੁੱਤ ਬਣੀ ਆਪਣੇ ਸਾਥੀਆਂ ਨਾਲ ਤੁਰ ਪੈਂਦੀ। ਨਾ ਗਾਉਂਦੀ ਤੇ ਨਾ ਹੀ ਨੱਚਦੀ। ਉਹ ਕਈ ਤਰੀਕਿਆਂ ਨਾਲ ਉਸਦਾ ਮਨ ਪਰਚਾਉਂਦੇ, ਪਰ ਕ੍ਰਿਸ਼ਨਾ ਲਈ ਸਭ ਫ਼ਜ਼ੂਲ ਸੀ।

ਉਹਦਾ ਢਿੱਡ ਹੋਰ ਵੱਧ ਗਿਆ ਤੇ ਡਾਕਟਰਾਂ ਨੇ ਦੱਸਿਆ ਕਿ ਉਸਨੂੰ ਜਿਗਰ ਦੀ ਬਿਮਾਰੀ ਸੀ, ਜੇ ਛੇਤੀ ਇਲਾਜ ਨਾ ਹੋਇਆ ਤਾਂ ਜਾਨ ਨੂੰ ਖ਼ਤਰਾ ਸੀ।

ਪਰ ਕ੍ਰਿਸ਼ਨਾ ਨੇ ਦਵਾਈ ਨੂੰ ਮੂੰਹ ਨਾ ਲਾਇਆ। ਉਹ ਖੁਰਦੀ ਚਲੀ ਗਈ। ਨਾਮਦੇਵ ਦੇ ਰਿਸ਼ਤੇਦਾਰਾਂ ਵਿਚ ਹੀ ਕਿਸੇ ਦੇ ਮੁੰਡਾ ਹੋਇਆ ਤੇ ਉਹਨਾਂ ਨੇ ਕ੍ਰਿਸ਼ਨਾ ਨੂੰ ਲੈਣ ਲਈ ਖਾਸ ਬੰਦਾ ਭੇਜਿਆ।

ਨਾਮਦੇਵ ਦੇ ਪਰਿਵਾਰ ਦਾ ਨਾਮ ਸੁਣ ਕੇ ਕ੍ਰਿਸ਼ਨਾ ਦੇ ਅੰਦਰ ਕਿਤੇ ਕੁਝ ਭੁਰਿਆ। ਉਹ ਆਪਣੀ ਲਾਮ ਲਸ਼ਕਰ ਲੈ ਕੇ ਤੁਰ ਪਈ।

ਪੰਡਾਲ 'ਚ ਇਕ ਪਾਸੇ ਮੰਜੀ ਡਹਾ ਕੇ ਬੈਠ ਗਈ ਉਹ। ਤੇ ਨਵੀਆਂ ਨਾਚੀਆਂ ਨੱਚਣ ਲੱਗੀਆਂ।

"ਨਾ .....ਕ੍ਰਿਸ਼ਨਾ। ਅਸੀਂ ਤਾਂ ਤੇਰੀ ਆਵਾਜ਼ ਸੁਣਨੀ ਐ.....। ਸਦੀਆਂ ਹੋ ਗਈਆਂ।" ਲੋਕ ਉਸਦੇ ਮਗਰ ਪੈ ਗਏ।

ਕ੍ਰਿਸ਼ਨਾ ਹੌਲੀ ਦੇਣੇ ਉਠੀ। ਪੰਡਾਲ 'ਚ ਗਈ। ਹਲਕਾ ਜ੍ਹਾ ਗੇੜਾ ਦਿੱਤਾ। ਤੇ ਹੇਕ ਕੱਢੀ।

"ਰੂਹ ਲੈ ਗਿਆ ਦਿਲਾਂ ਦਾ ਜਾਨੀ, ਤੇ ਹੱਡ ਸਾਨੂੰ ਚੁੱਕਣਾ ਪਿਆ.....ਹਾਏ.....।" ਗਾਉਂਦੀ ਹੋਈ ਉਹ ਫੁੱਟ ਫੁੱਟ ਕੇ ਰੋ ਪਈ।

"ਨਾ ਕ੍ਰਿਸ਼ਨਾ ਨਾ....। ਰੋ ਨਾ। ਗਏ ਹੋਏ ਨ੍ਹੀਂ ਕਦੇ ਮੁੜਦੇ.....।" ਤੀਵੀਆਂ ਉਸ ਦੀ ਕੂਕ ਸੁਣ ਕੇ ਤੜਫ਼ ਗਈਆਂ। ਕਈਆਂ ਨੇ ਪੱਲਿਆਂ ਨਾਲ ਅੱਖਾਂ ਪੂੰਝੀਆਂ।

"ਜੇ ਟੱਕਰੇ ਤਾਂ ਹਾਲ ਸੁਣਾਵਾਂ ਤੇ ਦੁੱਖਾਂ ਵਿਚ ਪੈਗੀ ਜ਼ਿੰਦੜੀ....।"

ਉਹ ਗਾਉਂਦੀ ਗਾਉਂਦੀ ਭੁੰਜੇ ਬੈਠ ਕੇ ਕੀਰਨੇ ਪਾਉਣ ਲੱਗ ਪਈ।

"ਨਾ ਮੇਰੀ ਬੀਬੀ ਧੀ....। ਨਾ ਰੋ ਨਾ। ਸਾਡੇ ਤੋਂ ਨ੍ਹੀਂ ਦੇਖੀ ਜਾਂਦੀ। ਸਬਰ ਕਰੀਦੈ...।

ਰੱਬ ਮੂਹਰੇ ਅਰਦਾਸ ਕਰ...।" ਕਿਸੇ ਸਿਆਣੀ ਤੀਵੀਂ ਨੇ ਆ ਕੇ ਉਸਨੂੰ ਗਲ ਨਾਲ ਲਾ ਲਿਆ। ਕ੍ਰਿਸ਼ਨਾ ਬਹੁਤ ਦੇਰ ਤੱਕ ਉਸ ਔਰਤ ਦੇ ਗਲ ਲੱਗ ਕੇ ਰੋਂਦੀ ਰਹੀ।

ਖੁਸ਼ੀ ਦਾ ਮਾਹੌਲ ਗਮੀ 'ਚ ਬਦਲ ਗਿਆ। ਲੋਕ ਉਠ ਕੇ ਆਪੋ ਆਪਣੀ ਘਰੀਂ ਚਲੇ ਗਏ।

"ਚੱਲ ਕੋਈ ਨ੍ਹੀਂ ਕ੍ਰਿਸ਼ਨਾ। ਤੂੰ ਮੁੰਡੇ ਦੀ ਵੇਲ ਵਧਾ।" ਆਖ ਕੇ ਨਵੇਂ ਜੰਮੇ ਮੁੰਡੇ ਦੀ ਦਾਦੀ ਨੇ ਮੁੰਡਾ ਕ੍ਰਿਸ਼ਨਾ ਦੀ ਝੋਲੀ ਵਿਚ ਪਾ ਦਿੱਤਾ।

ਕ੍ਰਿਸ਼ਨਾ ਨੇ ਮੁੰਡੇ ਨੂੰ ਅਸੀਸ ਦਿੱਤੀ ਤੇ ਉਠ ਕੇ ਵਾਪਸ ਆ ਗਈ। ਨਾ ਪੈਸੇ ਮੰਗੇ ਤੇ ਨਾ ਹੀ ਕੋਈ ਹੋਰ ਚੀਜ਼ ਦੇਖੀ।

ਹੁਣ ਕ੍ਰਿਸ਼ਨਾ ਕਿਸੇ ਦੇ ਘਰ ਨਾ ਜਾਂਦੀ। ਕਿਸੇ ਦੇ ਮੁੰਡੇ ਦਾ ਵਿਆਹ ਹੁੰਦਾ, ਤਾਂ ਉਹ ਨਵੀਂ ਜੋੜੀ ਲੈ ਕੇ ਕ੍ਰਿਸ਼ਨਾ ਤੋਂ ਅਸੀਸ ਲੈਣ ਆਉਂਦੇ। ਕਿਸੇ ਦੇ ਘਰ ਮੁੰਡਾ ਪੈਦਾ ਹੁੰਦਾ, ਤਾਂ ਉਹ ਕ੍ਰਿਸ਼ਨਾ ਦੀ ਝੋਲੀ 'ਚ ਪਾ ਕੇ ਮੁੰਡੇ ਦੀ ਲੰਬੀ ਉਮਰ ਦਾ ਅਸ਼ੀਰਵਾਦ ਮੰਗਦੇ ਤੇ ਵੇਲ ਵਧਾਉਂਦੇ।

ਕ੍ਰਿਸ਼ਨਾ ਨੇ ਪੈਸਿਆਂ ਲਈ ਜਿੱਦ ਛੱਡ ਦਿੱਤੀ ਸੀ, ਲੜਨਾ ਛੱਡ ਦਿੱਤਾ ਸੀ ਤੇ ਗਾਣਾ ਵਜਾਉਣਾ ਤਾਂ ਪਹਿਲਾਂ ਹੀ ਬੰਦ ਸੀ।

ਅਜੀਬ ਜਿਹੀ ਸ਼ਾਂਤੀ ਸੀ ਉਸਦੇ ਚਿਹਰੇ 'ਤੇ। ਉਹ ਕੁਝ ਖਾਂਦੀ ਪੀਂਦੀ ਨਹੀਂ ਸੀ। ਬੱਸ ਸਾਰਾ ਦਿਨ ਚੁੱਪ ਚਾਪ ਪਈ ਆਪਣੇ ਸਾਥੀਆਂ ਦੀਆਂ ਗੱਲਾਂ ਸੁਣਦੀ ਰਹਿੰਦੀ ਤੇ ਕੋਈ ਜੁਆਬ ਨਾ ਦਿੰਦੀ।

ਤੇ ਫੇਰ ਇਕ ਦਿਨ ਇਸੇ ਖਾਮੋਸ਼ੀ ਨਾਲ ਦੁਨੀਆਂ ਛੱਡ ਕੇ ਚਲੀ ਗਈ ਕ੍ਰਿਸ਼ਨਾ।

ਕਹਿੰਦੇ ਨੇ ਆਮ ਜਦੋਂ ਖੁਸਰਾ ਮਰਦਾ ਹੈ, ਤਾਂ ਉਸਦੇ ਮਰਨ ਤੇ ਉਸਦੇ ਭਾਈਚਾਰੇ ਦੇ ਲੋਕ ਜ਼ਸ਼ਨ ਮਨਾਉਂਦੇ ਹਨ। ਦੂਰੋਂ ਦੂਰੋਂ ਹਿਜੜੇ ਇਕੱਠੇ ਹੁੰਦੇ ਹਨ ਤੇ ਉਸਦੇ ਮਰਨ ਨੂੰ ਵੱਡਾ ਕਰਦੇ ਹਨ। ਨੱਚ ਗਾ ਕੇ ਢੋਲ ਢਮੱਕੇ ਨਾਲ ਉਹ ਆਪਣੀ ਖੁਸ਼ੀ ਜ਼ਾਹਰ ਕਰਦੇ ਹਨ ਕਿ ਇੱਕ ਹਿਜੜੇ ਦੀ ਜੂਨ ਪੂਰੀ ਹੋਈ ਤੇ ਉਸਨੂੰ ਮੁਕਤੀ ਮਿਲੀ।

ਪਰ ਕ੍ਰਿਸ਼ਨਾ ਵੇਲੇ ਅਜਿਹਾ ਕੁਝ ਨਹੀਂ ਹੋਇਆ। ਉਸਦੀ ਅਰਥੀ ਨਾਲ ਮਜਲਸ ਵਿਚ ਸਾਰੇ ਪਿੰਡ ਦੇ ਲੋਕ ਗਏ। ਇਕ ਦੁੱਖ ਸੀ ਸਭ ਦੇ ਚਿਹਰਿਆਂ 'ਤੇ, ਜਿਵੇਂ ਪਿੰਡ ਦੀ ਜਵਾਨ ਧੀ ਅਣਿਆਈ ਮੌਤ ਮਰ ਗਈ ਹੋਵੇ। ਇਕ ਅਫ਼ਸੋਸ ਸੀ ਸਭ ਨੂੰ ਕ੍ਰਿਸ਼ਨਾ ਦੇ ਜਾਣ ਦਾ। ਇਕ ਦਰਦ ਸੀ ਸਭ ਦੇ ਦਿਲ ਵਿਚ ਉਸ ਕੁੜੀ ਲਈ, ਜਿਸਨੂੰ ਸਮਾਜ ਨੇ ਠੁਕਰਾ ਦਿੱਤਾ ਸੀ ਤੇ ਉਹ ਉਸੇ ਸਮਾਜ ਦਾ ਹਿੱਸਾ ਬਣਨ ਲਈ ਤੜਫ਼ਦੀ ਮਰ ਗਈ।

ਕ੍ਰਿਸ਼ਨਾ ਦੀ ਯਾਦ 'ਚ ਪਿੰਡੋਂ ਬਾਹਰ ਲੋਕਾਂ ਨੇ ਇਕ ਮਟੀ ਬਣਾ ਦਿੱਤੀ ਸੀ। ਉਸ ਪਵਿੱਤਰ ਥਾਂ 'ਤੇ ਜਿਥੇ ਪਿੰਡ ਦੀਆਂ ਸਤੀਆਂ ਦੀਆਂ ਮਟੀਆਂ ਸਨ। ਚਿੱਟੇ ਰੰਗ ਦੀ ਮਿੱਟੀ ਨਾਲ ਲਿੱਪੀ ਹੋਈ ਮਟੀ।



ਪਿੰਡ 'ਚ ਕਿਸੇ ਮੁੰਡੇ ਦਾ ਵਿਆਹ ਹੁੰਦਾ, ਤਾਂ ਨਵੀਂ ਜੋੜੀ ਸੁਹਾਗ ਸੇਜ਼ 'ਤੇ ਪੈਰ ਪਾਉਣ ਤੋਂ ਪਹਿਲਾਂ ਕ੍ਰਿਸ਼ਨਾ ਦੀ ਮਟੀ 'ਤੇ ਮੱਥਾ ਟੇਕਣ ਆਉਂਦੀ। ਪਿੰਡ 'ਚ ਕਹਾਵਤ ਸੀ ਕਿ ਸੁੱਚੀ ਕੁੱਖ ਜਿਹੜੀ ਵਹੁਟੀ ਕ੍ਰਿਸ਼ਨਾ ਦੀ ਮਟੀ 'ਤੇ ਮੱਥਾ ਟੇਕੇਗੀ, ਉਸ ਦੇ ਘਰ ਪੁੱਤ ਜੰਮੇਗਾ। ਕਿਸੇ ਦੇ ਘਰ ਮੁੰਡਾ ਜੰਮਦਾ, ਤਾਂ ਜਾਪੇ ਵਾਲੀ ਔਰਤ ਸਿਰ 'ਤੇ ਸੱਤ ਖੂਹਾਂ ਦੇ ਪਾਣੀ ਨਾਲ ਭਰੀ ਗੜਵੀ ਤੇ ਗੋਦੀ 'ਚ ਪੁੱਤ ਚੁੱਕ ਕੇ ਤੀਵੀਆਂ ਦੇ ਝੁੰਡ ਨਾਲ ਮੱਥਾ ਟੇਕਣ ਆਉਂਦੀ। ਤੀਵੀਆਂ ਸਤੀਆਂ ਨੂੰ ਖੁਸ਼ ਕਰਨ ਲਈ ਗੀਤ ਗਾਉਂਦੀਆਂ।

ਪੁਰਾਣੇ ਬੰਦੇ ਚੱਲ ਵਸੇ ਸੀ। ਨਵੀਂ ਪੀੜ੍ਹੀ ਆ ਗਈ ਸੀ। ਪੀੜ੍ਹੀਆਂ ਬਦਲ ਗਈਆਂ। ਪਰ ਕ੍ਰਿਸ਼ਨਾ ਦੀ ਮਟੀ 'ਤੇ ਉਸੇ ਤਰ੍ਹਾਂ ਮੱਥੇ ਟਿੱਕਦੇ ਤੇ ਮੇਲੇ ਲੱਗਦੇ। ਉਹ ਦੰਦ ਕਥਾ ਬਣ ਗਈ ਸੀ। ਲੋਕ ਉਸਨੂੰ 'ਦੇਵੀ ਕ੍ਰਿਸ਼ਨਾ' ਕਹਿ ਕੇ ਬੁਲਾਉਂਦੇ। ਅੱਜ ਵੀ ਪਿੰਡੋਂ ਬਾਹਰ ਬਣੀਆਂ ਸਤੀਆਂ ਦੀਆਂ ਮਟੀਆਂ ਵਿਚ ਉਸਦੀ ਮਟੀ ਸਭ ਤੋਂ ਉਚੀ ਹੈ। ਜਿਸਨੂੰ ਬੁੜ੍ਹੀਆਂ ਹਰ ਵੀਰਵਾਰ ਲਿੱਪਦੀਆਂ ਤੇ ਗਾਉਂਦੀਆਂ ਨੇ, "ਸਤੀਓ ਨੀ ਸਤਵੰਤੀਓ ਕੁਲ ਦੀ ਰੱਖੀਓ ਲਾਜ। ਦੁੱਧ ਪੁੱਤ ਦੀਓ ਦਾਤੀਓ ਘਰ ਦੇ ਜਾਗਣ ਭਾਗ.......।"

# ਰੇਤਲਾ

**✍ ਨਿਰਮਲ ਜਸਵਾਲ**

ਉਹ ਪਿੱਠ ਕਰੀ ਖੜ੍ਹੀ ਹੈ, ਵਾਲਾਂ ਥੱਲੇ ਗਰਦਨ ਪਿੱਛੇ ਪਿੱਠ ਦਾ ਗੋਰਾ ਰੰਗ ਵਿਖਾਈ ਦੇ ਰਿਹਾ ਹੈ। ਮੈਂ ਉਸ ਕੁੜੀ ਨੂੰ ਬੜੇ ਧਿਆਨ ਨਾਲ ਵੇਖ ਰਿਹਾ ਹਾਂ। ਇਸ ਸੁਹੱਪਣ ਪਿੱਛੇ ਜ਼ਰੂਰ ਕੁਝ ਹੈ ਜੋ ਆਪਣੇ ਵੱਲ ਖਿੱਚ ਰਿਹਾ ਹੈ। ਇਸ ਤਰ੍ਹਾਂ ਦੀ ਗੰਧ ਅਕਸਰ ਮੈਨੂੰ ਬੇ-ਮਤਲਬ ਆਪਣੇ ਵੱਲ ਖਿੱਚ ਲੈਂਦੀ ਹੈ। ਨਾ ਚਾਹੁੰਦੇ ਵੀ ਮੈਂ ਆਪਣਾ ਧਿਆਨ ਉਸ ਵੱਲੋਂ ਵੱਖ ਕਰਨ ਦੀ ਕੋਸ਼ਿਸ਼ 'ਚ ਹਾਂ।

* * *

"ਉਹ ਯੁਨਕ ਹੈ" ਸੁਣਦੇ ਹੀ ਬੜੀ ਹੈਰਾਨੀ ਹੋਈ ਸੀ। ਮੈਂ ਤਾਂ ਸੋਚਿਆ ਸੀ ਸਿਰਫ਼ ਆਦਮੀਆਂ ਵਿਚੋਂ ਹੀ ਹਿਜੜੇ ਹੋ ਸਕਦੇ ਨੇ ਜੋ ਔਰਤਾਂ ਦੇ ਕਪੜੇ ਪਾਈ ਫਿਰਦੇ ਨੇ। ਔਰਤ ਤਾਂ ਕਦੀ ਹੋ ਹੀ ਨਹੀਂ ਸਕਦੀ ਤੇ ਇਹ ਲੋਕ ਤਾਂ ਨੱਚ ਗਾ ਕੇ ਆਪਣਾ ਪੇਟ ਪਾਲਦੇ ਨੇ ਜਾਂ ਵਿਆਹ-ਸ਼ਾਦੀ 'ਤੇ ਸਸਤੇ ਗਾਣੇ ਗਾ ਕੇ ਲੋਕਾਂ ਦਾ ਮਨੋਰੰਜਨ ਕਰਦੇ ਨੇ। ਪਰ ਇਹ ਤਾਂ ਬਹੁਤ ਸੋਹਣੀ ਕੁੜੀ ਹੈ ਤੇ ਮੇਰੀ ਖਿੱਚ ਦਾ ਕਾਰਨ ਵੀ।

"ਮੈਂ ਪਰਵਰਟਿਡ ਹਾਂ। ਵਿਸ਼ਵਾਸ ਤੇ ਅੰਧ ਵਿਸ਼ਵਾਸ ਵਿੱਚ ਵੀ", ਜਦੋਂ ਮੈਂ ਉਸਨੂੰ ਦੱਸਿਆ ਤਾਂ ਮੈਂ ਬਿਲਕੁਲ ਵੀ ਨਹੀਂ ਸੀ ਝਿਜਕਿਆ। ਮੈਂ ਆਪਣੇ ਆਪ ਵਿੱਚ ਇਕ ਖਾਸ ਆਕਰਸ਼ਨ ਮਹਿਸੂਸ ਕਰਦਾ ਹਾਂ-ਹਰ ਉਸ ਚੀਜ਼ ਵੱਲ ਜੋ ਦੂਜਿਆਂ ਨੂੰ ਗ਼ਲਤ ਦਿੱਸਦੀ ਹੈ।

ਬਚਪਨ 'ਚ ਮਾਂ ਮੈਨੂੰ ਹਿਜੜਿਆਂ-ਨੱਚਣ ਗਾਣਿਆਂ ਵਾਲਿਆਂ ਤੋਂ ਪਰਾਂ ਰੱਖਦੀ ਸੀ। ਪਿਓ ਵੀ ਮੈਨੂੰ ਡਾਂਟਦਾ ਰਹਿੰਦਾ ਸੀ। ਤੇ ਕਦੇ ਕਦੇ ਕੱਸ ਕੇ ਥੱਪੜ ਵੀ ਜੜ੍ਹ ਦਿੰਦਾ, "ਸਾਲ਼ਿਆ ਹਿਜੜੇ ਦੀ ਔਲਾਦ। ਖ਼ਬਰਦਾਰ ਜੇ ਉਨ੍ਹਾਂ ਵਿੱਚ ਜਾ ਕੇ ਨੱਚਿਆ ਟੱਪਿਆ ਕਿਤੇ।" ਮਾਂ ਮੇਰੇ ਪਿਓ ਤੋਂ ਛੁਪ ਕੇ ਮੈਨੂੰ ਡਾਕਟਰਾਂ ਨੂੰ ਵਿਖਾਂਦੀ ਫਿਰਦੀ ਰਹਿੰਦੀ ਤੇ ਇਸੇ ਤਰ੍ਹਾਂ ਹੀ ਮੈਂ ਵੱਡਾ ਹੋ ਗਿਆ।

ਮੈਂ.....ਸੀਮਾ ਨੂੰ ਇੱਕ ਟਕ ਵੇਖਦਾ, ਉਸਨੂੰ ਕਹਿੰਦਾ ਹਾਂ, "ਸੀਮਾ ਵਰਮਾ, ਹੋ ਸਕਦਾ ਮੈਂ ਕਿਸੇ ਹੋਰ ਨੂੰ ਇਹ ਗੱਲ ਨਾ ਦੱਸਦਾ, ਪਰ ਤੈਨੂੰ ਦੱਸ ਸਕਦਾ ਹਾਂ। ਪਤਾ ਨੀ ਮੈਨੂੰ ਕੀ ਹੋ ਜਾਂਦਾ ਹੈ ਜਦੋਂ ਮੈਂ ਤੇਰੇ ਵਰਗੇ ਲੋਕਾਂ ਨਾਲ ਮਿਲਦਾ ਹਾਂ। ਸਗੋਂ ਵੇਖਣ ਨਾਲ ਹੀ ਪਤਾ ਨਹੀਂ ਕਿਹੋ ਜਿਹੀਆਂ ਤਰੰਗਾਂ ਸਰੀਰ 'ਚੋਂ ਉਠਦੀਆਂ ਨੇ। ... ਮੇਰੇ ਮਨ ਵਿੱਚ।" "ਕਹਿੰਦਾ ਹੋਇਆ ਮੁਸਕਰਾ ਪੈਂਦਾ ਹਾਂ। ਉਸਨੂੰ ਕੋਈ ਹੈਰਾਨੀ ਨਹੀਂ ਹੁੰਦੀ। ਆਪਣੀਆਂ ਲੰਮੀਆਂ ਤੇ ਖ਼ੂਬਸੂਰਤ ਉਂਗਲਾਂ ਨਾਲ ਮੇਰੀਆਂ ਉਂਗਲਾਂ ਫੜ ਲੈਂਦੀ ਹੈ। ਕੋਈ ਹੋਰ ਸਮਾਂ ਜਾਂ ਥਾਂ ਹੁੰਦੀ ਤਾਂ ਸ਼ਾਇਦ ਮੈਂ ਉਸਦੀਆਂ ਉਂਗਲਾਂ ਫੜਨ ਦੇ ਬਹਾਨੇ ਉਸਨੂੰ ਜਕੜ ਲੈਂਦਾ, ਆਪਣੇ 'ਚ ਸਮੋ ਲੈਂਦਾ, ਪਰ ਮੈਂ ਉਸਨੂੰ ਸਿਰਫ਼ ਵੇਖਦਾ ਹੀ ਰਿਹਾ।

* * *

ਹੁਣੇ ਹੁਣੇ ਹੀ ਮੈਂ ਚੰਡੀਗੜ੍ਹ ਬਸ ਸਟੈਂਡ ਤੋਂ ਉਸਨੂੰ ਸ਼ਿਮਲਾ ਭੇਜ ਕੇ ਆਇਆ ਹਾਂ। ਆਪਣੀ ਪਤਨੀ ਦਾ ਇੰਤਜ਼ਾਰ ਕਰ ਰਿਹਾ ਹਾਂ ਜਿਸਨੇ ਮੈਨੂੰ ਬੱਸ ਸਟੈਂਡ ਤੋਂ



ਲੈਣ ਆਉਣਾ ਹੈ। ਇਨ੍ਹਾਂ ਖਾਲੀ ਛਿਣਾਂ 'ਚ ਮੈਂ ਉਸ ਨਾਲ ਗੁਜ਼ਾਰੇ ਉਨ੍ਹਾਂ ਪਲਾਂ ਦੀ ਯਾਦ ਤਾਜ਼ਾ ਕਰਨ ਲੱਗਾ ਜੋ ਅਸੀਂ ਦੋਹਾਂ ਨੇ ਦਿੱਲੀ ਤੋਂ ਚੰਡੀਗੜ੍ਹ ਆਉਂਦੇ ਹੋਏ ਪੰਜ-ਛੇ ਘੰਟੇ ਸੀਟਾਂ 'ਤੇ ਬਿਤਾਏ ਸਨ।

ਇਹ ਸੰਜੋਗ ਹੀ ਸੀ ਕਿ ਏਅਰ ਕੰਡੀਸ਼ਨਡ ਬੱਸ ਵਿੱਚ ਮੇਰੇ ਨਾਲ ਦੀ ਸੀਟ ਦਾ ਨੰਬਰ ਉਸਨੂੰ ਦਿੱਤਾ ਗਿਆ ਸੀ। ਮੇਰੀ ਸੀਟ ਦਾ ਨੰਬਰ ਤਿੰਨ ਸੀ। 'ਲੱਕੀ ਨੰਬਰ' ਮੈਂ ਹੋਠਾਂ 'ਚ ਕਿਹਾ। ਨਿਉਮੇਰੋਲੋਜੀ ਮੁਤਾਬਿਕ ਮੇਰੇ ਗ੍ਰਹਿ ਚੱਕਰਾਂ ਵਿੱਚ ਤਿੰਨ ਦਾ ਚਿੰਨ੍ਹ ਮੇਰੇ ਲਈ ਠੀਕ ਸੀ। ਮੈਂ ਉਦੋਂ ਹੈਰਾਨ ਹੋਇਆ ਜਦੋਂ ਉਸ ਨੇ ਵੀ ਉਸ ਸੀਟ ਤੇ ਬੈਠਦੇ ਹੀ ਕਿਹਾ, 'ਲੱਕੀ ਨੰਬਰ'।

'ਡੂ ਯੂ ਵਲੀਵ ਇਨ ਹੋਰੋਸਕੋਪ?" ਮੈਨੂੰ ਜਾਨਣ ਦੀ ਕਾਹਲ ਹੋਈ, ਮੁੜ ਕੇ ਵੇਖੇ ਬਿਨ੍ਹਾਂ ਉਸ ਕੁਝ ਕਿਹਾ, ਪਰ ਬੁੱਲਾਂ ਦੀ ਖਿਚਵੀਂ ਲਕੀਰ ਤੋਂ ਮੈਂ ਮਹਿਸੂਸ ਕੀਤਾ ਕਿ ਉਹ ਮੁਸਕਰਾਈ ਹੈ।

ਬੱਸ ਹੌਲੀ ਹੌਲੀ ਦਿੱਲੀ ਨੂੰ ਪਾਰ ਕਰ ਰਹੀ ਸੀ। ਦਿੱਲੀ ਤੋਂ ਬਾਹਰ ਹੁੰਦੇ ਹੀ ਬੱਸ ਦੇ ਵਿੱਚ ਹੀ ਕੋਕਾ ਕੋਲਾ ਦੇ ਦਿੱਤਾ ਗਿਆ। ਕੋਕ ਫੜਦੇ ਹੀ ਮੈਂ ਕੋਸ਼ਿਸ਼ ਕੀਤੀ ਕਿ ਉਸ ਕੁੜੀ ਨੂੰ ਵੇਖਾਂ ਉਹ ਕਿਹੋ ਜਿਹੀ ਹੈ। ਰੰਗ ਤਾਂ ਗੋਰਾ ਸੀ ਪਰ ਚਿਹਰਾ ਨਹੀਂ ਸੀ ਵੇਖ ਸਕਿਆ। ਮੈਂ ਗੰਭੀਰ ਹੋਇਆ ਬੈਠਾ ਸੀ। ਮਨ ਦੀ ਚੰਚਲਤਾ ਨੂੰ ਕਾਬੂ ਕਰਕੇ ਰੱਖਿਆ ਹੋਇਆ ਸੀ। ਜੇਕਰ ਇਕਦਮ 'ਹੈਲੋ' 'ਹਾਇ' ਕਹਿ ਦਿੱਤਾ ਤਾਂ ਕਿਤੇ ਵਿਗੜ ਹੀ ਨਾ ਜਾਵੇ, 'ਏਅਰ ਕੰਡੀਸ਼ਨਡ ਬੱਸ 'ਚ ਬੈਠਣ ਦੀ ਤਮੀਜ਼ ਨਹੀਂ।' ਜੇ ਉਹ ਨਾ ਵੀ ਕਹੇ ਪਰ ਘੂਰ ਕੇ ਵੇਖੇ ਤਾਂ ਮੈਂ ਇਹੋ ਸਮਝਾਂਗਾ ਜਿਵੇਂ ਉਸਨੇ ਮੈਨੂੰ ਕੁਝ ਕਰਦੇ ਰੰਗੇ ਹੱਥੀਂ ਫੜ ਲਿਆ ਹੋਵੇ।

ਆਦਤਨ ਮੈਂ ਇੱਧਰ ਉੱਧਰ ਵੇਖਦਾ ਆਪਣੇ ਆਪ 'ਚ ਹੀ ਸਿਮਟ ਕੇ ਬੈਠਾ ਹੋਇਆ ਹਾਂ। ਉਹ ਬੜੇ ਆਰਾਮ ਨਾਲ ਬੈਠੀ ਹੋਈ ਸੀ। ਹਲਕੇ ਆਰੇਂਜ ਕਲਰ ਦੀ ਸਲਵਾਰ ਕਮੀਜ਼ 'ਚ ਉਹ ਬਹੁਤ ਫਬ ਰਹੀ ਸੀ। ਬਿਖਰੇ ਵਾਲਾਂ ਨਾਲ ਉਹਦਾ ਚਿਹਰਾ ਛੁਪਿਆ ਹੋਇਆ ਸੀ। ਸ਼ਾਇਦ ਉਸਦਾ ਚਿਹਰਾ ਹੀ ਇਸ ਤਰ੍ਹਾਂ ਦਾ ਹੋਵੇਗਾ ਕਿ ਅੱਗੇ ਸੀਟ 'ਤੇ ਬੈਠਾ ਹੋਇਆ ਉਹ ਮੁੰਡਾ ਵਾਰ ਵਾਰ ਮੁੜ ਕੇ ਉਸਨੂੰ ਵੇਖਣ ਲੱਗਦਾ ਤੇ ਕਦੇ ਉਹ ਮੈਨੂੰ ਵੇਖਦਾ। ਮੇਰੀ ਦਿਲਚਸਪੀ ਹੋਰ ਵਧ ਗਈ ਕਿ ਮੈਂ ਉਸਨੂੰ ਵੇਖਾਂ-ਕੀ ਖਿੱਚ ਹੈ ਉਸ 'ਚ ਜੋ ਸਵਾਰੀਆਂ ਉਸਨੂੰ ਛੁਪ ਛੁਪ ਕੇ ਵੇਖਣ ਲਈ ਮਚਲ ਰਹੀਆਂ ਹਨ।

ਬੱਸ ਹੌਲੀ ਹੌਲੀ ਤੁਰਦੀ ਸੋਨੀਪਤ ਪਾਰ ਕਰ ਚੁੱਕੀ ਸੀ। ਸਕਰੀਨ 'ਤੇ ਕੋਈ ਫਜ਼ੂਲ ਜਿਹੀ ਫਿਲਮ ਲੱਗੀ ਹੋਈ ਸੀ ਇਸ ਕਰਕੇ ਮੈਂ ਵਾਰ ਵਾਰ ਖਿੜਕੀ ਤੋਂ ਪਰਦਾ ਉਠਾ ਬਾਹਰ ਸੜਕ ਵੱਲ ਵੇਖ ਰਿਹਾ ਸਾਂ। ਉਹ ਸੀਟ ਨੂੰ ਪਿਛਾਂਹ ਕਰ ਅੱਖਾਂ ਬੰਦ ਕਰੀ ਉਸ ਉਪਰ ਸੁੱਤੀ ਪਈ ਸੀ। ਕੱਟੇ ਵਾਲਾਂ ਨਾਲ ਉਸਦਾ ਚਿਹਰਾ ਢੱਕਿਆ ਹੋਇਆ ਸੀ। ਉਹ ਮੁੰਡਾ ਹੁਣ ਮੈਨੂੰ ਇੱਕ ਟੱਕ ਵੇਖੀ ਜਾ ਰਿਹਾ ਸੀ ਕਿ ਅਚਾਨਕ ਬੱਸ ਪਾਣੀਪਤ ਸ਼ਹਿਰ 'ਚ ਵੜਦੇ ਹੀ ਟੂਰਿਸਟ ਲਾਂਜ 'ਚ ਆ ਕੇ ਖੜੋ ਗਈ। ਕੰਡਕਟਰ ਨੇ ਅੱਧਾ ਘੰਟਾ ਰੁਕਣ ਲਈ ਐਲਾਨ ਕਰ ਦਿੱਤਾ।

ਮੈਨੂੰ ਜਿਵੇਂ ਸੁਨਹਿਰੀ ਮੌਕਾ ਮਿਲ ਗਿਆ ਹੋਵੇ। ਮੈਂ ਉਸ ਕੁੜੀ ਨੂੰ ਕਿਹਾ, "ਕੈਨ ਯੂ ਹੇਵ ਏ ਕਪ ਆੱਫ ਟੀ ਵਿਦ ਮੀ?" ਝਟਕੇ ਨਾਲ ਉਸ ਆਪਣੇ ਵਾਲ ਪਿਛਾਂਹ ਕੀਤੇ ਤੇ ਬੁਖਲਾ ਕੇ ਉਠ ਪਈ "ਯੱਸ-ਹਾਂ ਹਾਂ" ਬਹੁਤ ਹੀ ਸੁਹਣਾ ਚਿਹਰਾ ਸੀ। ਪਰ ਮੈਂ ਆਪਣੀਆਂ ਨਿਗਾਹਾਂ ਇਕਦਮ ਉਸਦੇ ਚਿਹਰੇ ਤੇ ਨਾ ਟਿਕਾਈਆਂ। ਸਰਸਰੀ ਨਜ਼ਰਾਂ ਨਾਲ ਉਸਨੂੰ ਵੇਖਿਆ। ਕੈਫੇ 'ਚ ਦੋ ਕਾਫੀ ਦਾ ਆਰਡਰ ਦੇ ਆਮ੍ਹੋ ਸਾਹਮਣੇ ਬੈਠ ਗਏ। ਜਦੋਂ ਮੇਰੀਆਂ ਅੱਖਾਂ ਉਸਦੇ ਚਿਹਰੇ ਉੱਤੇ ਟਿਕੀਆਂ ਤਾਂ ਮੇਰੇ ਅੰਦਰ ਜਿਵੇਂ ਕੁਝ ਉਬਲਿਆ। ਮਾਨਸਿਕ ਸੰਤੁਲਨ ਨਹੀਂ ਸੀ ਹੋ ਰਿਹਾ। ਅੱਗੇ ਵਾਲੀ ਸੀਟ 'ਤੇ ਬੈਠੇ ਮੁੰਡੇ ਨੇ ਜਦੋਂ ਸਾਨੂੰ ਇਕੱਠੇ ਇੱਕੋ ਟੇਬਲ 'ਤੇ ਬੈਠੇ ਵੇਖਿਆ ਤਾਂ ਬੁਲ੍ਹਾਂ 'ਚ ਹੱਸਦਾ ਦੂਜੀ ਟੇਬਲ 'ਤੇ ਬੈਠ ਗਿਆ ਪਰ ਉਸਦਾ ਪੂਰਾ ਧਿਆਨ ਇਸ ਖ਼ੂਬਸੂਰਤ ਕੁੜੀ ਵੱਲ ਹੀ ਸੀ।

"ਮੈਂ ਮਨਿੰਦਰ ਹਾਂ। ਚੰਡੀਗੜ੍ਹ ਰਹਿੰਦਾ ਹਾਂ ਤੇ ਬਿਜ਼ਨਸ ਹੈ ਮੇਰਾ, ਤੁਸੀਂ? ਮੈਂ ਗੱਲ ਨੂੰ ਅੱਗੇ ਤੋਰਿਆ।

"ਮੈਂ ਸੀਮਾ। ਸੀਮਾ ਵਰਮਾ" ਉਸ ਝੱਟ ਕਿਹਾ। ਮੈਨੂੰ ਉਮੀਦ ਨਹੀਂ ਸੀ ਕਿ ਇੰਨੀ ਛੇਤੀ ਉਹ ਆਪਣੇ ਬਾਰੇ ਦੱਸੂਗੀ। ਪਰ ਇਕ ਸਸਪੈਂਸ ਜਿਹਾ ਮੈਨੂੰ ਆਲ਼ੇ ਦੁਆਲ਼ੇ ਤੋਂ ਧਾਗਿਆਂ ਵਾਂਗ ਲਪੇਟ ਰਿਹਾ ਸੀ। ਉਹ 'ਸ਼ੀ' ਨਹੀਂ ਸੀ ਲੱਗਦੀ। ਹਾਂ ਕੱਪੜਿਆਂ 'ਚ ਕੱਟ ਵਾਲਾਂ ਨਾਲ ਤੇ ਗੋਰੇ ਰੰਗ ਕਰਕੇ ਉਹ ਕੁੜੀ ਹੀ ਲੱਗੀ। ਪੰਜ ਫ਼ੁੱਟ ਛੇ ਇੰਚ ਕੱਦ, ਆਵਾਜ਼ ਮੱਧਮ ਪਰ ਬੇਬਾਕ ਸੀ। ਕੁਝ ਦੇਰ ਬਾਅਦ ਹੀ ਉਹ ਮੈਨੂੰ ਆਪਣਿਆਂ ਵਾਂਗ ਲੱਗੀ ਤੇ ਉਸ ਆਪਣਾ ਪਰਸ ਖੋਲ੍ਹ ਕੇ ਪੀਲੇ ਚਮਕਦੇ ਰੰਗ ਦਾ ਸਿਗਰੇਟ ਦਾ ਪੈਕੇਟ ਕੱਢਿਆ। ਸਿਗਰੇਟ ਪੀਣ ਤੋਂ ਪਹਿਲਾਂ ਮੈਨੂੰ ਸਿਗਰਟ ਪੇਸ਼ ਕੀਤੀ, "ਮੈਂ ਸਿਗਰਟ ਨਹੀ ਪੀਂਦਾ" "ਓ-ਕੇ" ਕਹਿ ਉਹ ਛੇਤੀ ਛੇਤੀ ਸਿਗਰਟ ਪੀਣ ਲੱਗੀ। ਮੇਰੇ ਅੰਦਰ ਫੈਸਲਾ ਕਰਨ ਵਾਲੀ ਗੱਲ ਮੈਨੂੰ ਬੇਚੈਨ ਕਰਨ ਲੱਗ ਪਈ। ਉਹ ਕੁੜੀ ਨਹੀਂ ਹੈ ਪਰ ਮੁੰਡਾ ਵੀ ਨਹੀਂ। ਉਸਦਾ ਚਿਹਰਾ ਮੁਲਾਇਮ ਸੀ, ਕੋਈ ਦਾਗ ਨਹੀਂ ਧੱਬੇ ਨਹੀਂ, ਤੇ ਅੱਖਾਂ ਦਿਲਕਸ਼ ਸਨ।

ਮੈਂ ਵੈਸੇ ਤਾਂ ਨਾਰਮਲ ਹੀ ਹਾਂ। ਬੱਚੇ ਹਨ ਤੇ ਆਪਣੇ 'ਚ ਮਸਤ। ਪਰ ਮੇਰੀ ਵਾਈਫ ਕਦੀ ਕਦੀ ਗੁੱਸੇ ਹੋ ਜਾਇਆ ਕਰਦੀ ਹੈ ਜਦ ਕਦੀ ਮੈਂ ਉਸ ਨਾਲ ਅਨਨੈਚੁਰਲ (ਆ-ਪ੍ਰਾਕ੍ਰਿਤਕ) ਗੱਲਾਂ ਕਰਨ ਲਗ ਪਵਾਂ-"ਇਹ ਜੋ ਲਿਜ਼ਵਿਅਨ ਨੇ ਉਹ ਆਪਸ 'ਚ ਪਿਆਰ ਕਿਵੇਂ ਕਰਦੀਆਂ ਹੋਣਗੀਆਂ?"

"ਕਿਉਂ ਤੈਨੂੰ ਕੀ-ਆਪਣੇ ਬਿਜਨਿਸ਼ 'ਚ ਮਸਤ ਰਹਿ" ਉਹ ਗੁੱਸੇ ਹੋ ਜਾਂਦੀ।

"ਇੰਨਾ ਕੁਝ ਹੋ ਰਿਹੈ- ਜਾਣਕਾਰੀ ਤਾਂ ਹੋਣੀ ਚਾਹੀਦੀ ਹੈ। ਮੀਡੀਆ ਵੀ ਤਾਂ ਇੰਨਾਂ ਕੁਝ ਦੱਸ ਰਿਹਾ। ਸੁਣਿਆ ਨਹੀਂ ਉਸ ਦਿਨ ਟੀ.ਵੀ. ਵਿੱਚ ਦੱਸਦੇ ਸਨ ਕਿ ਪੱਛਮ ਵਿਚ ਲਿਜਵੀਅਨ ਤਾਂ ਆਪਸ ਵਿੱਚ ਸ਼ਾਦੀ ਵੀ ਕਰ ਲੈਂਦੀਆਂ ਹਨ। ਉਹ ਤਾਂ ਆਪਣੇ ਹੱਕਾਂ ਪ੍ਰਤੀ ਲੜ ਵੀ ਪੈਂਦੀਆਂ ਨੇ।" ਮੈਂ ਹੱਸਦਾ ਤੇ ਉਸਨੂੰ ਹੋਰ ਗੁੱਸਾ ਦੁਆਂਦਾ।

"ਅਧਰਮੀ ਨੇ ਉਹ ਸਾਰੀਆਂ, ਪਾਪ ਦੀਆਂ ਹਿੱਸੇਦਾਰ ਨੇ। ਮੈਨੂੰ ਸਮਝ ਨਹੀਂ ਆਉਂਦੀ, ਪ੍ਰਕ੍ਰਿਤੀ ਨੇ ਮੁਹੱਬਤ ਲਈ ਔਰਤ-ਮਰਦ ਨੂੰ ਇੱਕ ਦੂਜੇ ਲਈ ਜੋ



ਬਣਾਇਆ ਹੋਇਆ, ਉਹ ਇਸ ਨੂੰ ਕਿਉਂ ਨਹੀਂ ਮਾਣਦੀਆਂ। ਵੈਸੇ ਮੈਂ ਦੱਸਾਂ (ਉਹ ਸਾਹੋ ਸਾਹੀ ਹੋ ਕੇ ਕਹਿੰਦੀ ਹੈ)-ਉਹ ਸਾਰੀਆਂ ਸੋਸ਼ਲ ਅਬਯੂਜ਼ਿਜ਼ ਕਰੀਏਟ ਕਰਦੀਆਂ ਨੇ।" ਫੇਰ ਗੁੱਸੇ 'ਚ ਮੈਨੂੰ ਡਾਂਟਦੀ, ਮੈਂ ਹੋਰ ਚਿੜ੍ਹਾਉਂਦਾ-

"ਹਿਜੜੇ ਦੀ ਬਰਾਤ ਵੇਖੀ ਆ ਕਦੀ?"

"ਪਲੀਜ਼ ਮੇਰਾ ਟੇਸਟ, ਮੇਰਾ ਸੁਆਦ ਨਾ ਖਰਾਬ ਕਰ" ਤੇ ਛੇਤੀ ਹੀ ਮੂੰਹ ਕੌੜਾ ਬਣਾ ਕੇ ਮੇਰੇ ਨਾਲ ਲੜਨ ਨੂੰ ਪੈਂਦੀ। ਮੈਂ ਉਸਨੂੰ ਛੇੜਦਾ ਰਹਿੰਦਾ ਹਾਂ, ਪਰ ਇਸ ਤਰ੍ਹਾਂ ਦੀਆਂ ਗੱਲਾਂ ਮੇਰੇ ਨਾਲ ਕੋਈ ਨਵੀਆਂ ਗੱਲਾਂ ਨਹੀਂ ਸਨ।

ਸ਼ੁਰੂ ਸ਼ੁਰੂ 'ਚ ਬਲਿਊ ਫਿਲਖ ਵੇਖ ਦਿਮਾਗ ਸੁੰਨ ਹੋ ਜਾਇਆ ਕਰਦਾ ਸੀ, ਹੈਰਾਨ ਹੋ ਜਾਂਦਾ ਸਾਂ। ਉਹ ਵੀ ਹਨੇਰੇ ਕਮਰੇ ਵਿਚ, ਛੋਟੀ ਤੋਂ ਛੋਟੀ ਆਵਾਜ਼ ਤੋਂ ਵੀ ਡਰ ਕੇ, ਛੁਪ ਛੁਪ ਕੇ ਟੁਕੜਿਆਂ 'ਚ ਵੇਖਦਾ ਸਾਂ। ਵੱਡੇ ਹੋਣ 'ਤੇ ਵੀਡੀਓ ਵਾਲਾ ਕਿਸੇ ਹੋਰ ਪਿਕਚਰ ਦੇ ਰੈਪਰ 'ਚ ਦੇ ਦਿੰਦਾ ਸੀ। ਵਿਆਹ ਤੋਂ ਬਾਅਦ ਬੀਵੀ ਨੂੰ ਵੀ ਇੱਕ ਦੋ ਵਾਰ ਕੋਸ਼ਿਸ਼ ਕੀਤੀ ਵਿਖਾਣ ਦੀ, ਪਰ ਉਸ ਮੈਨੂੰ ਧਮਕੀ ਦੇ ਦਿੱਤੀ, "ਮੇਰੇ ਕੋਲ ਪੈਸਿਆਂ ਦੀ ਘਾਟ ਨਹੀਂ। ਚੰਗੀ ਸਰਵਿਸ ਆ...ਤਲਾਕ ਲੈ ਕੇ ਕਿਤੇ ਹੋਰ ਵਿਆਹ ਕਰ ਲਵਾਂਗੀ। ਕੀ ਗੰਦ ਮੰਦ ਭਰਿਆ ਹੈ ਦਿਮਾਗ ਵਿੱਚ-ਸੁਣਿਆ ਸੀ ਬਿਜ਼ਨਸਮੈਨ-ਇਸ ਤਰ੍ਹਾਂ ਦੇ ਹੀ ਹੁੰਦੇ ਨੇ ਐਸ਼ ਕਰਨ ਵਾਲੇ।"

ਮੈਨੂੰ ਕੁਝ ਖਾਸ ਫਰਕ ਨਹੀਂ ਸੀ ਪਿਆ। ਇਕ ਨਸ਼ਾ ਸੀ ਜ਼ਿੰਦਗੀ 'ਚ ਹੌਲੀ ਹੌਲੀ ਖੁਰ ਗਿਆ ਤੇ ਹੁਣ ਜੇਕਰ ਵੀਡੀਓ ਵਾਲਾ ਕੈਸੇਟ ਪੰਜ ਰੁਪਏ ਵਿੱਚ ਵੀ ਕਿਰਾਏ 'ਤੇ ਦੇਵੇ ਤਾਂ ਕਹਿੰਦਾ ਹਾਂ, "ਯਾਰ ਕੋਈ ਚੰਗੀ ਜਿਹੀ ਅੰਗਰੇਜ਼ੀ ਫਿਲਮ ਦੇ, ਕੋਈ ਲਿਟਰੇਚਰ ਹੋਵੇ, ਦੁਨੀਆਂ ਦੀ ਕੋਈ ਨਵੀਂ ਗੱਲ ਹੋਵੇ, ਤੇਜ਼ ਰਫ਼ਤਾਰ ਜ਼ਿੰਦਗੀ ਹੋਵੇ।"

ਬੱਸ ਦੇ ਹਾਰਨ ਦੇਣ 'ਤੇ ਅਸੀਂ ਆਪਣੀ ਆਪਣੀ ਸੀਟ 'ਤੇ ਆ ਕੇ ਬੈਠ ਗਏ। ਹੁਣ ਅਸੀਂ ਆਪਸ 'ਚ ਗੱਲਾਂ ਕਰ ਰਹੇ ਸਾਂ। ਸੀਮਾ ਨੇ ਇੱਧਰ ਉੱਧਰ ਦਾ ਕੁੱਝ ਕੁ ਸਾਹਿਤ ਪੜ੍ਹਿਆ ਹੋਇਆ ਸੀ। ਗੁਲਸ਼ਨ ਨੰਦਾ ਤੋਂ ਲੈ ਕੇ ਰੂਸੀ ਕਹਾਣੀਆਂ-ਖ਼ਲੀਲ ਜ਼ਿਬਰਾਨ ਦੇ ਛੋਟੇ ਛੋਟੇ ਵਖਿਆਨਾਂ ਦੇ ਤਰਕ ਤੋਂ ਬਹੁਤ ਪ੍ਰਭਾਵਿਤ ਸੀ। ਮੈਂ ਉਸਨੂੰ ਹਿੰਦੀ ਤੇ ਪੰਜਾਬੀ ਬਾਰੇ ਪੁਛਿਆ, ਉਸਦੇ ਅੰਗ੍ਰੇਜ਼ੀ ਬੋਲ ਚਾਲ ਤੋਂ ਮੈਂ ਪ੍ਰਭਾਵਿਤ ਸੀ ਹੀ-ਉਸ ਦੱਸਿਆ, "ਮੈਂ ਪ੍ਰੇਮ ਚੰਦ ਦੀਆਂ ਦੋ ਕਹਾਣੀਆਂ ਪੜ੍ਹੀਆਂ ਨੇ। ਗੋਦਾਨ ਵੀ ਪੜ੍ਹਿਆ ਹੈ।"

"ਕੋਈ ਪੰਜਾਬੀ?"

"ਮੈਨੂੰ ਪੰਜਾਬੀ ਨਹੀਂ ਆਉਂਦੀ। ਟ੍ਰਾਂਸਲੇਟਿਡ ਕਹਾਣੀਆਂ ਪੜ੍ਹੀਆਂ ਨੇ ਜਿਵੇਂ ਅੰਮ੍ਰਿਤਾ ਪ੍ਰੀਤਮ ਦਾ 'ਡਾਕਟਰ ਦੇਵ'। ਹਾਂ-'ਮੈਨੂੰ ਤੇਰਾ ਸ਼ਬਾਬ ਲੈ ਬੈਠਾ' ਗੀਤ ਚੰਗਾ ਲਗਦਾ ਹੈ।

"ਕੀ ਅੰਮ੍ਰਿਤਾ ਪ੍ਰੀਤਮ ਦਾ ਹੈ- ?" ਮੈਨੂੰ ਸਾਹਿਤ ਵਿੱਚ ਦਿਲਚਸਪੀ ਨਹੀਂ ਸੀ।

"ਨਹੀਂ ਨਹੀਂ ਪਰ ਮੈਨੂੰ ਪਤਾ ਨਹੀਂ ਕਿਸ ਦਾ ਹੈ। ਹਾਂ ਮੈਂ ਬਹੁਤ ਪਹਿਲਾਂ ਅੰਮ੍ਰਿਤਾ ਪ੍ਰੀਤਮ ਨੂੰ ਮਿਲੀ ਸਾਂ। ਦਿੱਲੀ ਜੁ ਰਹਿੰਦੀ ਹਾਂ। ਉਸ ਬਾਰੇ ਬਹੁਤ ਸੁਣਿਆ

ਤੇ ਪੜ੍ਹਿਆ ਸੀ। ਮੈਂ ਕਮਲਾਦਾਸ ਨੂੰ ਵੀ ਮਿਲੀ ਹਾਂ।" ਉਸ ਦੇ ਬੋਲਣ ਦੇ ਲਹਿਜ਼ੇ ਤੋਂ ਮੈਂ ਪਰੇਸ਼ਾਨ ਹੋ ਗਿਆ। ਉਸਦੀ ਨਿਗਾਹ ਇੱਧਰ ਉੱਧਰ ਭਟਕ ਰਹੀ ਸੀ।

"ਪੰਜਾਬੀ ਲੋਕ ਬੜੇ ਹੀ ਐਡਵਾਂਸ ਹੁੰਦੇ ਹਨ। ਅੰਮ੍ਰਿਤਾ ਪ੍ਰੀਤਮ ਸਿਗਰਟ ਦੇ ਕਸ਼ ਇਵੇਂ ਲੈਂਦੀ ਸੀ?" ਉਸ ਸਿਗਰਟ ਪੀਣ ਦੇ ਅੰਦਾਜ਼ ਨੂੰ ਦੱਸਿਆ। ਮੈਂ ਹੋਰ ਪਰੇਸ਼ਾਨ ਹੋ ਗਿਆ। ਇਹ ਸੋਹਣੀ ਜਿਹੀ ਦਿੱਸਣ ਵਾਲੀ ਕੁੜੀ ਠੀਕ ਗੱਲਾਂ ਨਹੀਂ ਕਰ ਰਹੀ।

"ਸਾਰੇ ਲੋਕ ਅਡਵਾਂਸ ਨਹੀਂ ਹੁੰਦੇ। ਆਪਣਾ ਆਪਣਾ ਰਹਿਣ ਦਾ ਢੰਗ ਤੇ ਮਿਲਣ ਜੁਲਣ ਵਾਲਿਆਂ ਦਾ ਦਾਇਰਾ ਤੇ ਇੱਕ ਸੱਭਿਅਤਾ ਹੁੰਦੀ ਆ।" ਮੈਂ ਆਪਣਾ ਤਰਕ ਪੇਸ਼ ਕਰਨ ਲੱਗਾ ਪਰ ਛੇਤੀ ਹੀ ਸਮਝ ਗਿਆ-ਬਹਿਸ ਫਜ਼ੂਲ ਹੈ। ਉਹ ਬਹਿਸ ਦੇ ਕਾਬਿਲ ਨਹੀਂ। ਮੇਰੇ ਅੰਦਰ ਸ਼ਾਇਦ ਪਰੂਡਿਸ਼ ਭਾਵਨਾ ਸੀ ਤੇ ਉਸ ਅੰਦਰ ਐਂਟੀ ਸੋਸ਼ਲ ਕੁਝ ਕੁਝ ਸੀ।

"ਮੈਂ ਗੀਤਾ ਕਲੋਨੀ 'ਚ ਰਹਿੰਦੀ ਹਾਂ। ਦਿੱਲੀ 'ਚ ਇੱਕ ਵਿਸ਼ੇਸ਼ ਵਰਗ ਤੇ ਵਿਸ਼ੇਸ਼ ਲੋਕਾਂ ਨਾਲ ਮਿਲਣਾ ਜੁਲਣਾ ਰਹਿੰਦਾ ਹੈ।" ਉਸਨੇ ਸ਼ਾਇਦ ਮੇਰੀਆਂ ਗੱਲਾਂ 'ਚ ਕੁਝ ਖਿੱਝ ਜਿਹੀ ਮਹਿਸੂਸ ਕੀਤੀ ਤੇ ਝੱਟ ਰੀਐਕਟ ਕੀਤਾ ਸੀ, "ਦਿੱਲੀ 'ਚ ਮੰਨੇ ਪ੍ਰਮੰਨੇ ਸਰਦਾਰਾਂ ਦੀਆਂ ਹਸਤੀਆਂ ਰਹਿੰਦੀਆਂ ਹਨ। ਅਮੀਰ ਲੋਕ ਨੇ ਉਹ।" ਉਹਨੇ ਆਪਣੇ ਬਾਰੇ ਦੱਸਣਾ ਹੀ ਸ਼ੁਰੂ ਕੀਤਾ ਸੀ ਕਿ ਬੱਸ ਚੰਡੀਗੜ੍ਹ ਪਹੁੰਚ ਗਈ।

ਮੇਰੀ ਜਗਿਆਸਾ ਤੇ ਉਤਸੁਕਤਾ ਹੋਰ ਵੱਧ ਗਈ ਸੀ। ਰੈਸਟੋਰੈਂਟ 'ਚ ਚਾਹ ਪੀਣ ਦੇ ਬਹਾਨੇ ਉਸ ਨਾਲ ਕੁਝ ਦੇਰ ਹੋਰ ਗੱਲਾਂ ਕਰਨ ਦੀ ਇੱਛਾ ਹੋ ਉਠੀ। ਉਹ ਮੰਨ ਗਈ। ਸ਼ਾਇਦ ਇਨ੍ਹਾਂ ਕੁਝ ਘੰਟਿਆਂ ਵਿੱਚ ਉਸਨੂੰ ਮੇਰੇ ਨਾਲ ਲਗਾਅ ਹੋ ਗਿਆ ਹੋਵੇ ਜਾਂ ਉਹ ਆਪਣੇ ਕੌੜੇ ਅਨੁਭਵਾਂ ਨੂੰ ਮੇਰੇ ਨਾਲ ਸਾਂਝਾ ਕਰਨਾ ਚਾਹੁੰਦੀ ਹੋਵੇ। ਉਸੇ ਛਿਣ ਅਗਲੀ ਸੀਟ 'ਤੇ ਬੈਠਾ ਮੁੰਡਾ ਉਸ ਕੋਲ ਆਇਆ ਤੇ ਉਸਨੂੰ ਸ਼ਿਮਲਾ ਜਾਣ ਲਈ ਪੁਛਿਆ-"ਚਲਣਾ ਨਹੀਂ ਜੇ? ਬੱਸ ਸ਼ਿਮਲਾ ਨੂੰ ਜਾ ਰਹੀ ਹੈ।"

"ਨਹੀਂ" ਉਸ ਉੱਤਰ ਦਿੱਤਾ। ਮੇਰੀ ਹੈਰਾਨੀ ਹੀ ਨਹੀਂ ਸਗੋਂ ਮੇਰੀ ਜਗਿਆਸਾ ਵੀ ਤੋੜ ਕੇ ਰੱਖ ਦਿੱਤੀ ਉਸਨੇ-ਸ਼ਾਇਦ ਇਹ ਲੜਕਾ ਉਸ ਦੇ ਨਾਲ ਸੀ-ਇਸ ਨੇ ਕੁਝ ਨਹੀਂ ਦੱਸਿਆ। ਜੋ ਦੱਸਿਆ ਉਹ ਬਹੁਤ ਦਿਲ ਚੀਰਵਾਂ ਸੀ। ਮੇਰੀ ਪਤਨੀ ਦੇ ਸੁਆਦ 'ਚ ਬਲਿਊ ਫਿਲਮ ਵਰਗਾ ਗੰਦਾ ਤੇ ਮੇਰੇ ਲਈ ਇਹ ਬਿਲਕੁਲ ਵੱਖਰਾ ਜਿਹਾ ਜੀਵਨ ਦਾ ਇੱਕ ਨਵਾਂ ਵਰਕਾ ਸੀ। ਕੁਝ ਮਰਦਾਂ ਦੇ ਸਰੀਰ ਦਾ ਰੰਗ ਤੇ ਮਹਿਕ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਉਹ ਆਪਣੇ ਵਰਗੀ ਮਹਿਕ ਮੀਲਾਂ ਦੂਰ ਤੋਂ ਵੀ ਖਿੱਚ ਲੈਂਦੇ ਨੇ। ਇਹੋ ਹਾਲਤ ਮੇਰੀ ਸੀ। ਮੇਰੇ ਨੱਕ ਦੀ ਸੁੰਘਣ ਸ਼ਕਤੀ ਨੇ ਕੁਝ ਸੁੰਘ ਲਿਆ ਸੀ, ਇਸੇ ਕਾਰਨ ਉਸ ਵੱਲ ਆਕਰਸ਼ਤ ਹੋ ਆਪਣੀ ਮਾਨਸਿਕ ਭੁੱਖ ਨੂੰ ਠੱਲ੍ਹਿਆ ਨਹੀਂ ਸੀ ਜਾ ਰਿਹਾ। ਮੈਂ ਉਸਨੂੰ ਉਸਦੀਆਂ ਉਂਗਲਾਂ ਨੂੰ ਛੂਹਣ ਲਈ ਬੇਤਾਬ ਹੋ ਗਿਆ।



"ਕੀ ਮੈਂ ਤੈਨੂੰ ਛੂਹ ਸਕਦਾ ਹਾਂ?" ਉਹ ਸੁੰਗੜ ਗਈ ਤੇ ਤਦੇ ਉਸ ਹੱਥ ਮਿਲਾਣ ਲਈ ਹੱਥ ਅਗਾਂਹ ਕਰ ਦਿੱਤੇ। ਮੈਂ ਉਸਦੀ ਤਲੀ ਨੂੰ ਅੱਖਾਂ ਨਾਲ ਲਾ ਲਿਆ। ਉਸ ਵਿੱਚ ਕੋਈ ਇੰਨਹੀਬੀਸ਼ਨ, ਕੋਈ ਬਨਾਉਟੀਪਨ ਨਹੀਂ ਸੀ। ਉਹ ਜਿਸ ਤਰ੍ਹਾਂ ਦੀ ਹੈ, ਉਸੇ ਤਰ੍ਹਾਂ ਸਾਹ ਲੈ ਰਹੀ ਹੈ।

ਉਹ ਯੁਨਕ ਹੈ ਅੱਧ ਨਾਰੀ-ਸਰੀਰਕ ਤੇ ਮਮਤਾ ਦੇ ਸੁੱਖ ਤੋਂ ਖਾਲੀ ਪਰ ਮਾਦਾ ਜਾਤੀ ਦੀ ਸ਼ਕਲੋਂ ਸੋਹਣੀ ਮਨੁੱਖੀ ਰੋਮਾਂਚਿਤ ਕਰ ਦੇਣ ਵਾਲੀ, ਭਰਪੂਰ ਛਾਤੀਆਂ (ਸ਼ਾਇਦ ਬਨਾਵਟੀ) ਪੜ੍ਹੀ ਲਿਖੀ ਅੱਛੀ ਖਾਸੀ ਨੌਕਰੀ ਕਰਦੀ ਆਕਰਸ਼ਕ ਕੁੜੀ ਹੈ।

ਉਸਨੇ ਆਪਣੇ ਬਾਰੇ ਦੱਸਿਆ, ਅਮੀਰ ਮਾਂ ਪਿਓ ਦੇ ਘਰ ਜੰਮੀ, ਮਾਂ ਬਾਪ ਨੇ ਲਾਡ ਪਿਆਰ ਦਿੱਤਾ, ਮੇਰੇ ਬਾਰੇ ਪਤਾ ਲੱਗਣ ਤੇ ਮਾਂ ਨੇ ਮੈਨੂੰ ਆਪਣੀਆਂ ਠੰਡੀਆਂ ਛਾਵਾਂ ਤੋਂ ਦੂਰ ਨਹੀਂ ਕੀਤਾ। "ਵਿਗਿਆਨ ਯੁੱਗ ਹੈ। ਸਾਇੰਸ ਨੇ ਤਰੱਕੀ ਕੀਤੀ ਆ। ਇਹ ਬੱਚੀ ਮੇਰੇ ਖ਼ੂਨ ਤੋਂ ਬਣੀ ਆਂ। ਸਮਾਜਿਕ ਕਦਰਾਂ ਕੀਮਤਾਂ ਬਦਲ ਗਈਆਂ ਨੇ। ਮੈਂ ਇਸਨੂੰ ਆਪਣੇ ਤੋਂ ਵੱਖ ਨਹੀਂ ਕਰਾਂਗੀ।" ਮਾਂ ਨੇ ਰੋ ਰੋ ਬੁਰਾ ਹਾਲ ਕਰ ਲਿਆ ਸੀ। ਵਿਲਕਦੀ ਰਹੀ। ਬਹੁਤ ਹੈਰਾਨੀ ਉਸਨੂੰ ਉਦੋਂ ਹੋਈ ਜਦੋਂ ਮੇਰੇ ਪਿਓ ਨੇ ਵੀ ਮੇਰੀ ਮਾਂ ਦੀ ਹਾਂ ਵਿੱਚ ਹਾਂ ਰਲਾਂਦੇ ਹੋਏ ਮੈਨੂੰ ਘਰ 'ਚ ਹੀ ਰੱਖਣ ਦਾ ਫੈਸਲਾ ਕਰ ਲਿਆ। ਸ਼ਾਇਦ ਸਮਾਜ ਦੇ, ਜਾਤ ਬਰਾਦਰੀ ਦੇ, ਜਾਂ ਰਿਸ਼ਤੇਦਾਰਾਂ ਵੱਲੋਂ ਸ਼ਰਮ ਸਾਰ ਹੋਣ ਤੋਂ ਬਚਣ ਲਈ...ਪਤਾ ਨਹੀਂ। ਹਿਜੜਿਆਂ ਨੂੰ ਦੱਸਿਆ ਨਹੀਂ ਸੀ ਗਿਆ। ਉਮਰ ਵਧਣ ਦੇ ਨਾਲ ਹੀ ਸੀਮਾ ਨੇ ਆਪਣੇ ਪੈਰਾਂ ਤੇ ਖੜ੍ਹੇ ਹੋਣ ਦਾ ਫੈਸਲਾ ਕਰ ਲਿਆ ਤੇ ਉਹ ਆਪਣੇ ਪਰਿਵਾਰ ਤੋਂ ਵੱਖਰੀ ਹੋ ਕੇ ਰਹਿਣ ਲਗ ਪਈ।

"ਮੇਰਾ ਇਕ ਸੁਫਨਾ ਤੇ ਇੱਛਾ ਸੀ। ਉਹ ਇੱਛਾ ਪੂਰੀ ਹੋ ਗਈ ਆ। ਗੀਤਾ ਕਲੋਨੀ 'ਚ ਮੇਰਾ ਆਪਣਾ ਘਰ ਆ।" ਉਸਦੇ ਚਿਹਰੇ 'ਤੇ ਖ਼ੁਸ਼ੀ ਝਲਕੀ।

"ਇੱਕ ਦਫਾ ਮੈਨੂੰ ਕੱਸ ਕੇ ਦਾੜ੍ਹੀ ਬਣਾ ਕੇ ਰਖਣ ਵਾਲਾ ਅਮੀਰ ਸਰਦਾਰ ਮਿਲਿਆ-ਮੇਰੀ ਖ਼ੂਬਸੂਰਤੀ ਤੋਂ ਬਹੁਤ ਇੰਮਪਰੈਸਡ ਪਰ ਜਦੋਂ ਉਸਨੂੰ ਮੇਰੀ ਅਬਨਾਰਮੈਲਿਟੀ ਦਾ ਪਤਾ ਲੱਗਿਆ ਤਾਂ ਉਸ ਮੈਨੂੰ ਕੈਬਰੇ ਡਾਂਸਰ ਬਣਾ ਕੇ ਹਾਂਗਕਾਂਗ ਭੇਜਣ ਦੀ ਚਾਲ ਚੱਲੀ।" ਉਹ ਭਾਵੁਕ ਹੋ ਗਈ। ਉਸਦੇ ਚਿਹਰੇ ਤੋਂ ਇਕਦਮ ਘਿਰਣਾ ਦੇ ਕਣ ਡਿੱਗਣ ਲੱਗ ਪਏ, "ਮਰਦ ਲੋਕ ਖ਼ੂਬਸੂਰਤੀ ਨੂੰ ਐਕਸਪਲਾਇਟ ਕਰਨ ਦਾ ਤਰੀਕਾ ਖ਼ੂਬ ਜਾਣਦੇ ਹਨ।" ਉਸਦੀਆਂ ਅੱਖਾਂ ਦੇ ਕੋਏ ਅੱਥਰੂਆਂ ਨਾਲ ਭਿੱਜ ਗਏ, "ਕਦੇ ਕਦੇ, ਚੋਰੀ ਚੋਰੀ ਘਰਦਿਆਂ ਤੋਂ ਨੌਕਰੀ ਲੱਭਣ ਤੇ ਵੀ ਮੈਨੂੰ ਸਰੀਰ ਵੇਚਣ ਲਈ ਮਜਬੂਰ ਕਰਕੇ ਜਾਲ 'ਚ ਘੇਰਨ ਦੀ ਕੋਸ਼ਿਸ਼ ਕੀਤੀ ਗਈ...।" ਕਹਿੰਦੇ ਕਹਿੰਦੇ ਉਹ ਚੁੱਪ ਕਰ ਗਈ। ਫੇਰ ਹੌਲੀ ਜਿਹੇ ਕਿਹਾ, "ਮਨਿੰਦਰ ਜੀ, ਮੈਂ ਇਸ ਸਮਾਜ 'ਚ ਰਹਿੰਦੀ ਹਾਂ। ਇਸ ਪ੍ਰਕ੍ਰਿਤੀ ਨੇ ਮੇਰੇ ਸਰੀਰ ਨਾਲ ਧੱਕਾ ਕੀਤਾ ਆ। ਮੈਂ ਸ਼ਾਂਤ ਸਭ ਕੁਝ ਸਹਿ ਰਹੀ ਹਾਂ। ਸੁਣ ਰਹੀ ਹਾਂ। ਭਲਾ ਇਸ 'ਚ ਮੇਰਾ ਜਾਂ ਮੇਰੇ ਮਾਂ-ਪਿਓ ਦਾ ਕੀ ਕਸੂਰ ਆ?"

ਮੈਂ ਪੁੱਛ ਬੈਠਾ, "ਉਹ ਬੱਸ 'ਚ ਅਗਲੀ ਸੀਟ ਤੇ ਬੈਠਾ ਮੁੰਡਾ ਕੌਣ ਸੀ। ਕੀ ਉਹ ਤੈਨੂੰ ਜਾਣਦਾ ਹੈ ਜਾਂ ਉਸਨੂੰ ਪਤਾ ਹੈ ਕਿ ਤੂੰ?"

"ਨਹੀਂ... ਸ਼ਾਇਦ ਉਹ ਮੈਨੂੰ ਇਕੱਲੀ ਵੇਖ ਮੇਰੇ ਨਾਲ ਦੀ ਸੀਟ 'ਤੇ ਬੈਠਣਾ ਚਾਹੁੰਦਾ ਹੋਵੇਗਾ। ਉਸਨੇ ਵੀ ਸ਼ਿਮਲਾ ਜਾਣ ਲਈ ਟਿਕਟ ਪੁੱਛਿਆ ਸੀ (ਕੁਝ ਦੇਰ ਚੁੱਪ ਰਹਿਣ ਤੋਂ ਬਾਅਦ ਉਸ ਕਿਹਾ) ਵੈਸੇ ਵਿਆਹ ਲਈ ਵੀ ਕਈ ਰਿਸ਼ਤਿਆਂ ਨੇ ਮੈਨੂੰ ਤੰਗ ਕੀਤਾ। ਸੋਹਣੀ ਜੋ ਸੀ। ਸੋਹਣਾ ਹੋਣਾ ਵੀ ਗੁਨਾਹ ਹੁੰਦਾ ਹੈ। ਵਰਦਾਨ ਕਦੋਂ ਹੁੰਦਾ ਹੈ-ਪਤਾ ਨਹੀਂ।" ਉਸ ਡੂੰਘਾ ਸਾਹ ਲਿਆ।

ਚਾਹ ਤਾਂ ਕਦੋਂ ਦੀ ਖਤਮ ਹੋ ਚੁੱਕੀ ਸੀ। ਸ਼ਿਮਲਾ ਜਾਣ ਵਾਲੀ ਦੂਜੀ ਬੱਸ ਵੀ ਲੰਘਾ ਚੁੱਕੇ ਸੀ। ਮੈਨੂੰ ਵਾਰ ਵਾਰ ਇਉਂ ਲੱਗਦਾ ਰਿਹਾ ਜਿਵੇਂ ਕਈ ਅੱਖਾਂ ਸਾਨੂੰ ਘੂਰ ਕੇ ਵੇਖ ਰਹੀਆਂ ਨੇ ਅਤੇ ਇਸ ਖ਼ੂਬਸੂਰਤ ਬਲਾ ਦੀ ਹਕੀਕਤ ਤੋਂ ਜਾਣੂ ਨੇ। ਮੈਂ ਪਾਸਾ ਬਦਲ ਬਦਲ ਬੈਠਦਾ ਰਿਹਾ। ਘਬਰਾਂਦਾ ਰਿਹਾ। ਫੇਰ ਵੀ ਮੈਂ ਪਰਵਾਹ ਨਹੀਂ ਕੀਤੀ। ਉਸਦੇ ਹੋਰ ਨਜ਼ਦੀਕ ਆ ਜਾਂਦਾ ਹਾਂ।

ਪਤਾ ਨਹੀਂ ਕਿਉਂ ਹਰ ਵੇਲੇ ਮੇਰੀ ਬੀਵੀ ਦੀਆਂ ਇੱਕ ਜੋੜੀ ਅੱਖਾਂ ਬਾਹਰ ਦੀਆਂ ਤੇ ਇਕ ਜੋੜੀ ਅੰਦਰ ਦੀਆਂ ਅੱਖਾਂ ਮੈਨੂੰ ਟੋਂਹਦੀਆਂ ਲੱਗਦੀਆਂ ਹਨ। ਮੈਂ ਆਪਣੇ ਆਪ 'ਚ ਇਸ ਤਰ੍ਹਾਂ ਮਹਿਸੂਸ ਕਰਦਾ ਹਾਂ ਜਿਵੇਂ ਅਬਨਾਰਮਲ ਅਪੋਜ਼ਿਟ ਸੈਕਸ ਵੱਲ ਖਿੱਚਿਆ ਜਾਂਦਾ ਹੋਵਾਂ। ਇਸੇ ਤਰ੍ਹਾਂ ਇਕ ਵਾਰ ਔਰਤ ਵਰਗਾ ਨਜ਼ਰ ਆਉਂਦਾ ਲੜਕਾ ਚੰਡੀਗੜ੍ਹ ਦੀਆਂ ਅਦਾਲਤਾਂ 'ਚ ਟਾਈਪ ਕਰਦਾ ਮਿਲ ਗਿਆ। ਮੇਰੀ ਜਗਿਆਸਾ ਵਧੀ। ਮੈਂ ਉਸਨੂੰ ਕੁਝ ਪੇਪਰ ਟਾਈਪ ਕਰਕੇ, ਦੁਪਹਿਰ ਵੇਲੇ ਘਰ ਪਹੁੰਚਾਣ ਲਈ ਕਿਹਾ, ਉਸ ਵੇਲੇ ਮੇਰੀ ਬੀਵੀ ਆਫਿਸ 'ਚ ਹੁੰਦੀ ਆ। ਉਹ ਆਇਆ ਪਰ ਗੇਟ ਤੋਂ ਹੀ ਟਾਈਪ ਕੀਤੇ ਪੇਪਰ ਫੜਾ ਕੇ ਚਲੇ ਗਿਆ। ਮੈਂ ਉਸਨੂੰ ਬਹੁਤ ਕਿਹਾ, "ਚਾਹ ਪੀ ਕੇ ਜਾ ਡਰ ਕਿਉਂ ਰਿਹਾ ਹੈਂ?" ਪਰ ਉਹ ਮੰਨਿਆਂ ਹੀ ਨਹੀਂ ਤੇ ਆਪਣੀ ਇਕ ਵੱਖਰੀ ਜਿਹੀ ਅਦਾ ਨਾਲ ਸਕੂਟਰੀ ਸਟਾਰਟ ਕਰਕੇ ਚਲੇ ਗਿਆ। ਉਸ ਸ਼ੇਵ ਕੀਤੀ ਹੋਈ ਸੀ। ਇਕ ਲੰਮੀ ਜਿਹੀ ਗੁੱਤ। ਬੁੱਲ੍ਹਾਂ ਤੇ ਲਿਪਸਟਿਕ ਅਤੇ ਜੀਨ ਪਾਈ ਹੋਈ ਸੀ। ਮੈਂ ਸੋਚਦਾ ਹੀ ਰਹਿ ਗਿਆ। ਕਾਸ਼! ਮੈਂ ਉਸਨੂੰ 'ਕਿਸ' ਕਰ ਸਕਦਾ।

ਪਤਨੀ ਨੇ ਆਉਂਦੇ ਹੀ ਪੁੱਛਿਆ, "ਕੌਣ ਆਇਆ ਸੀ ਅੱਜ?" ਜਿਵੇਂ ਸੁੰਘ ਲਿਆ ਹੋਵੇ ਕੁਝ। ਅਸਲ 'ਚ ਮੈਨੂੰ ਉਸਨੇ ਕਦੇ ਵੀ ਇਹ ਅਹਿਸਾਸ ਨਹੀਂ ਸੀ ਹੋਣ ਦਿੱਤਾ ਕਿ ਉਸਨੂੰ ਮੇਰੇ ਬਾਰੇ ਕੁਝ ਪਤਾ ਹੈ। ਮੈਂ ਕਦੇ ਕਦੇ ਅੱਡ ਤੇ ਅਜੀਬ ਜਿਹੀਆਂ ਹਰਕਤਾਂ ਕਰ ਬੈਠਦਾ ਹਾਂ।

"ਕੋਈ ਨਹੀਂ... ਕੋਈ ਵੀ ਤਾਂ ਨਹੀਂ।" ਸਾਲੇ ਨੌਕਰ ਤਾਂ ਨੌਕਰ ਹੀ ਹੁੰਦੇ ਨੇ। ਆਪਣੇ ਨੌਕਰ 'ਤੇ ਗੁੱਸਾ ਆਇਆ। ਘਬਰਾਹਟ ਨਾਲ ਮੇਰੇ ਪਸੀਨੇ ਛੁੱਟ ਗਏ। ਉਸ ਰਾਤ ਉਸ ਮੈਨੂੰ ਸੁੰਘਦੇ ਹੀ ਕਿਹਾ, "ਤੇਰੇ ਜਿਸਮ 'ਚੋਂ ਆਉਂਦੀ ਸੱਪ ਵਰਗੀ ਗੰਧ ਕਿਹੋ ਜਿਹੀ ਹੈ?" ਮੈਂ ਤੜਪ ਉਠਿਆ।

"ਤੈਨੂੰ ਕਿਵੇਂ ਪਤਾ?"



"ਮੈਂ ਸੱਪਣੀ ਜੋ ਹਾਂ-ਤੇਰੇ ਵੱਲ ਤਾਂ ਖਿੱਚੀ ਰਹਿੰਦੀ ਹਾਂ।" ਮੈਂ ਲੰਮਾ ਸਾਹ ਲਿਆ ਤੇ ਉਸਨੂੰ ਆਪਣੇ ਵੱਲ ਖਿੱਚਦੇ ਹੋਏ ਘੁੱਟ ਕੇ ਚੁੰਮ ਲਿਆ ਸੀ। ਸੌਂ ਨਹੀਂ ਸੀ ਸਕਿਆ ਉਸ ਰਾਤ, ਸਾਰੀ ਰਾਤ ਮੈਨੂੰ ਉਸ ਟਾਈਪਿੰਗ ਵਾਲੇ ਆਦਮੀ ਦੀ ਘਬਰਾਹਟ ਖਿੱਚਦੀ ਰਹੀ। ਜੀ ਕਰਦਾ ਸੀ ਕਿ ਮੈਂ ਉਸਨੂੰ ਛੂਹ ਕੇ ਵੇਖ ਸਕਾਂ। ਉਸਨੂੰ ਕਿਹੋ ਜਿਹੀ ਫੀਲਿੰਗ ਹੋਵੇਗੀ। ਕੀ ਇਨ੍ਹਾਂ ਦੇ ਸਰੀਰ ਵਿੱਚ ਵੀ ਕੁਝ ਮਿੱਠਾ-ਕੌੜਾ ਜ਼ਹਿਰ ਹੈ ਜਾਂ ਪੈਦਾ ਹੋਣਾ, ਖਾਣਾ-ਪੀਣਾ ਤੇ ਮਰ ਜਾਣਾ ਹੀ ਇਨ੍ਹਾਂ ਦੀ ਜ਼ਿੰਦਗੀ ਹੈ। ਇਨ੍ਹਾਂ ਨੂੰ ਕੋਈ ਜਿਸਮਾਨੀ ਸੁੱਖ ਵੀ ਹੈ?

ਇੱਕ ਛੋਟੀ ਜਿਹੀ ਘਟਨਾ ਹੋਰ ਯਾਦ ਆਉਂਦੀ ਹੈ ਜਦੋਂ ਮੈਂ ਖਾਣੇ ਵਾਲੀ ਟੇਬਲ 'ਤੇ ਬੈਠਾ ਹੇਕ ਲਗਾ ਕੇ ਹਿਜੜੇ ਵਾਂਗ ਗੀਤ ਗਾਉਣ ਲਗ ਪਿਆ ਸੀ ਆਪਣੀ ਬੀਵੀ ਸਾਹਮਣੇ।

"ਤੂੰ ਬੀਮਾਰ ਤਾਂ ਨਹੀਂ। ਤੂੰ ਪਰਵਰਟਿਡ ਹੁੰਦਾ ਜਾ ਰਿਹੈਂ। ਕੱਲ੍ਹ ਪਾਰਟੀ 'ਚ ਤੂੰ ਉਸ ਮੁੰਡੇ ਨੂੰ ਕਿਉਂ ਕਿਹਾ ਸੀ-ਤੇਰਾ ਚਿਹਰਾ ਬੜਾ ਮੁਲਾਇਮ ਹੈ। ਯੂ ਆਰ ਵੈਰੀ ਬਿਊਟੀਫੁੱਲ" ਪਤਨੀ ਮੇਰੇ ਉਤੇ ਬੜੀ ਗੁੱਸੇ ਸੀ ਤੇ ਉਸ ਰਾਤ ਉਸਨੇ ਆਪਣਾ ਬਿਸਤਰਾ ਮੈਥੋਂ ਅੱਡ ਕਰ ਲਿਆ। ਛੂਹਣ ਵੀ ਨਹੀਂ ਸੀ ਦਿੱਤਾ ਮੈਨੂੰ। ਮੈਂ ਵੀ ਨਹੀਂ ਸੀ ਰੋਕਿਆ ਉਸਨੂੰ। ਹੌਲੀ ਹੌਲੀ ਮੇਰੇ ਵਿੱਚ ਕੁਝ ਜਗ ਰਿਹਾ ਹੈ। ਮੈਨੂੰ ਐਂਟੀ ਬਾਡੀ ਐਲੀਮੈਂਟਸ ਹੀ ਕਿਉਂ ਖਿੱਚਦੇ ਹਨ? ਮੇਰਾ ਇਕ ਦੋਸਤ ਵੀ ਮੈਨੂੰ ਕਹਿ ਰਿਹਾ ਸੀ, "ਇਹ ਪਰਵਰਸ਼ਨ ਦੀ ਨਿਸ਼ਾਨੀ ਹੈ।" ਪਰ ਮੈਂ ਬੇਫਿਕਰ ਤੇ ਖੁਸ਼ ਸੀ ਅਤੇ ਖੁਸ਼ ਹਾਂ।

ਮੈਂ ਸੀਮਾਂ ਨੂੰ 'ਸਵੇਰੇ ਸ਼ਿਮਲੇ ਚਲੇ ਜਾਣਾ' ਕਹਿ ਕੇ ਅੱਜ ਰਾਤ ਆਪਣੇ ਘਰ ਹੀ ਠਹਿਰਨ ਲਈ ਕਿਹਾ, ਉਸ ਨਾਂਹ ਕਰ ਦਿੱਤੀ। ਸ਼ਿਮਲਾ ਤੋਂ ਵਾਪਸੀ ਵੇਲੇ ਮਿਲਣਾ ਮੰਜ਼ੂਰ ਕਰ ਲਿਆ। ਅੱਛੀ ਖਾਸੀ ਦੋਸਤੀ ਪੈ ਗਈ ਸੀ ਮੇਰੀ ਉਸ ਨਾਲ। ਪਾਸ਼ਵਿਕ ਜਾਂ ਅਧੂਰਾ ਜਿਸਮਾਨੀ ਸੁੱਖ ਮਿਲਿਆ ਸੀ ਉਸ ਤੋਂ। ਸ਼ਾਇਦ-ਮਨ 'ਚ ਉਠਦੀ ਇਸ ਪਰਵਰਸ਼ਨ ਦੀ ਲਹਿਰ ਨੂੰ ਮੈਂ ਬਿਲਕੁਲ ਵੀ ਹਟਾਣਾ ਨਹੀਂ ਚਾਹੁੰਦਾ। ਸਗੋਂ ਉਸਦਾ ਵਿਸ਼ਲੇਸ਼ਣ ਕਰਕੇ, ਉਸ ਨਾਲ ਖ਼ੂਬ ਗੱਲਾਂ ਕਰਕੇ ਵੀ ਮੈਂ ਆਪਣੇ ਆਪ ਨੂੰ ਬਦਲਣਾ ਨਹੀਂ ਚਾਹੁੰਦਾ। ਪਰ ਅੰਦਰੋਂ ਆਪਣੀ ਵਾਈਫ ਤੋਂ ਡਰਦਾ ਵੀ ਹਾਂ। ਪਹਿਲਾਂ ਤਾਂ ਮੇਰੀ ਬੀਵੀ ਇਸ ਗੱਲੋਂ ਹੀ ਭੜਕੇਗੀ ਕਿ ਮੇਰੀ ਵੀ ਕੋਈ 'ਗਰਲ ਫਰੈਂਡ' ਹੈ ਤੇ ਜੇ ਉਸਨੂੰ ਪਤਾ ਚਲੇਗਾ ਕਿ ਘਰ ਆਉਣ ਵਾਲੀ ਲੜਕੀ ਲੜਕੀ ਹੀ ਨਹੀਂ ਤਾਂ ਹੋ ਸਕਦਾ ਉਹ ਬੂਹੇ ਬਾਰੀਆਂ ਤੋੜ ਦਵੇ ਜਾਂ ਹਿਸਟੀਰੀਆ ਰੋਗ ਹੋ ਜਾਵੇ। ਕਲਪਨਾ ਵਿਚ ਹੀ ਜਵਾਬ ਵੀ ਤਿਆਰ ਕਰਦਾ ਹਾਂ, "ਡਾਰਲਿੰਗ ਗ਼ਲਤ ਕੀ ਆ। ਇਹ ਕੁੜੀ ਵੀ ਤਾਂ ਇਸ ਧਰਤੀ ਦਾ ਇੱਕ ਅੰਗ ਈ ਆ। ਮੈਂ ਤਾਂ ਉਸਨੂੰ ਸਿਰਫ਼ ਮਾਨਸਿਕ ਸੁਖ ਹੀ ਦੇ ਰਿਹਾਂ...।" ਨਹੀਂ, ਆਪਣੀ ਜਗਿਆਸਾ ਆਪਣੇ ਭਾਵਾਂ ਨੂੰ ਨਹੀਂ ਮਾਰ ਸਕਦਾ। ਮੈਂ ਆਪਣੀ ਅੰਦਰਲੀ ਮਨੋਸਥਿਤੀ ਦਾ ਵਿਸ਼ਲੇਸ਼ਣ ਕਰਨ ਲਗ ਪਿਆ ਹਾਂ। 'ਕੀ ਮੈਂ ਮਨੋਰੋਗੀ ਹੋ ਚੁੱਕਾ ਹਾਂ? ਜਦੋਂ ਲੋਕਾਂ ਨੂੰ ਪਤਾ ਚੱਲੇਗਾ ਤਾਂ ਲੋਕ ਕੀ ਕਹਿਣਗੇ?' ਕਹਿਣ ਜੋ ਵੀ ਕਹਿਣਾ ਹੈ ਲੋਕਾਂ ਨੇ!

ਸਿਰ ਨੂੰ ਝਟਕਾ ਦਿੰਦਾ ਹਾਂ। ਬਿਜ਼ਨਸ ਵਿੱਚ ਸਫ਼ਲ ਉੱਤੋਂ ਬੋਲਡ ਵਿਖਾਈ ਦੇਣ ਵਾਲਾ ਅੰਦਰੋਂ ਬਿਲਕੁਲ ਚੂਹਾ। ਲੋਕ ਕੀ ਕਹਿਣਗੇ ? 'ਹੂੰ' ਕਹਿੰਦਾ ਹੋਇਆ ਆਪਣੀ ਜੈਕੇਟ ਲਾਹ ਕੇ ਸੁੱਟ ਦੇਣਾ ਚਾਹੁੰਦਾ ਹਾਂ। ਅਜਿਹੀਆਂ ਗੱਲਾਂ, ਅਜਿਹੇ ਲੋਕ ਮੈਨੂੰ ਕਿਉਂ ਚੰਗੇ ਲਗਦੇ ਨੇ ? ਮੈਂ ਨਾਰਮਲ ਹੋ ਕੇ ਵੀ ਅਬਨਾਰਮਲ ਹਾਂ। ਪਤਨੀ ਕਦੇ ਕਦੇ ਕਹਿੰਦੀ ਆ ਕਿਸੇ ਮਨੋਵਿਗਿਆਨਕ ਜਾਂ ਮਨੋਚਿਕਿਤਸਕ ਤੋਂ ਚੈਕ ਅਪ ਕਰਵਾ ਲਵਾਂ ਜਾਂ ਸਲਾਹ ਹੀ ਲਵਾਂ। ਹਾਂ, ਸਾਇਕੈਟਰਿਸਟ ਨੂੰ ਮਿਲਣਾ ਚਾਹੀਦਾ। ਪਰ ਮਨ ਦੀਆਂ ਤਰੰਗਾਂ ਤੇ ਜਿਸਮ ਦੀਆਂ ਲਪਟਾਂ ਤਾਂ ਇੰਨੀਆਂ ਉੱਚੀਆਂ ਉਠ ਰਹੀਆਂ ਹਨ ਕਿ ਕਿਤੇ ਮੈਂ ਸ਼ਿਮਲਾ ਜਾਣ ਵਾਲੀ ਬੱਸ ਹੀ ਨਾ ਫੜ ਲਵਾਂ। ਆਪਣੀ ਪਤਨੀ ਦਾ ਇੰਤਜ਼ਾਰ ਕਰ ਰਿਹਾ ਹਾਂ। ਹੁਣ ਲੱਗਦਾ ਜਿਵੇਂ ਮੈਂ ਹੋਰ ਇੰਤਜ਼ਾਰ ਨਹੀਂ ਕਰ ਸਕਾਂਗਾ ਤੇ ਮੈਂ ਤੇਜ਼ ਰਫ਼ਤਾਰ ਬੱਸ ਸਟੈਂਡ ਦੇ ਗੇਟ ਨੂੰ ਲੰਘ ਆਉਂਦਾ ਹਾਂ, ਕਈ ਜੋੜੀ ਅੱਖਾਂ ਦੇ ਘੇਰਿਆਂ ਨੂੰ ਤੋੜਦਾ ਹੋਇਆ ਤੇ ਸੀਮਾ ਦੇ ਚੁੰਬਕ ਵਾਂਗ ਆਕਰਸ਼ਨ ਵੱਲ ਖਿਚਦਾ ਹੋਇਆ ਤੁਰਦਾ ਹਾਂ।

ਘਰ ਪਹੁੰਚ ਸੀਮਾਂ ਦੇ ਫੋਨ ਦਾ ਇੰਤਜ਼ਾਰ ਕਰਦਾ ਹਾਂ। ਯਾਦ ਕਰਦਾ ਹਾਂ ਮੈਂ ਆਪਣਾ ਅਤਾ ਪਤਾ, ਫੋਨ ਨੰਬਰ ਉਸਨੂੰ ਦਿੱਤਾ ਸੀ। ਪਤਨੀ ਮੈਨੂੰ ਬੱਸ-ਸਟੈਂਡ ਲੱਭਦੀ ਵਾਪਿਸ ਆ ਚੁੱਕੀ ਸੀ। ਪਤਨੀ ਹੁਣ ਮੇਰੀਆਂ ਇਨ੍ਹਾਂ ਗੱਲਾਂ ਜਾਂ ਆਦਤਾਂ ਤੋਂ ਪਰੇਸ਼ਾਨ ਨਹੀਂ ਹੁੰਦੀ। ਸਗੋਂ ਮੇਰਾ ਧਿਆਨ ਇੱਧਰ ਉੱਧਰ ਕਰਨ ਦਾ ਉਪਰਾਲਾ ਜ਼ਰੂਰ ਕਰਦੀ ਹੈ ਜੇਕਰ ਮੈਂ ਐਸੀ ਵੈਸੀ ਗੱਲ ਪੁੱਛਾਂ ਜਾਂ ਉੱਚੀ ਉੱਚੀ ਗਾਉਣ ਲੱਗ ਪਵਾਂ। ਜੇਕਰ ਮੈਂ ਅਮਰੀਕਾ ਜਾਂ ਇੰਗਲੈਂਡ ਹੁੰਦਾ ਤਾਂ ਮੈਂ ਇਨ੍ਹਾਂ ਲੋਕਾਂ ਦੇ ਸ਼ਹਿਰ ਵਿਚ ਹੀ ਰਹਿਣ ਲਗ ਪੈਂਦਾ।

ਖ਼ੁਦ ਹੀ ਡਰ ਜਾਂਦਾ ਹਾਂ। ਇਹੋ ਡਰ ਤੇ ਬੇਚੈਨੀ ਮੈਨੂੰ ਸੀਮਾ ਵਰਗੇ ਲੋਕਾਂ ਨਾਲ ਜੁੜਨ ਦੀ ਅਤੇ ਆਪਣੀ ਬੀਵੀ ਨਾਲੋਂ ਮੋਹ ਤੋੜਨ ਦੇ ਰਸਤੇ ਕੱਢ ਲੈਂਦੀ ਹੈ। ਮੈਂ ਚਾਹੁੰਦਾ ਹਾਂ ਕਿ ਮੈਂ ਮੋਹ ਤੋੜਨ ਵਾਲੇ ਰਸਤੇ 'ਤੇ ਹੀ ਚੱਲਾਂ। ਟੱਬਰ ਹੁੰਦੇ ਹੋਏ ਵੀ ਮੈਂ ਮਨ ਤੋਂ, ਸਰੀਰ ਤੋਂ, ਇਕੱਲਾ ਹੋ ਚੁੱਕਾ ਹਾਂ ਅਤੇ ਸ਼ਿਮਲਾ ਤੋਂ ਸੀਮਾ ਦੀ ਵਾਪਸੀ ਦਾ ਬੇਸਬਰੀ ਨਾਲ ਇੰਤਜ਼ਾਰ ਕਰਨ ਲੱਗ ਪਿਆ ਹਾਂ।



# ਮਲਕਾ

**✍ ਡਾ. ਹਰਜੀਤ ਕੌਰ**

ਅੱਜ ਪਹਿਲੀ ਵਾਰ ਅੰਜੂ ਨੇ ਉਸਨੂੰ ਨੇੜਿਓਂ ਤੱਕਿਆ। ਉਸਦੇ ਨਾਲ ਦੀ ਸੀਟ ਤੇ ਬੈਠੇ ਨਵ ਵਿਆਹੇ ਜੋੜੇ ਕੋਲੋਂ ਉਹ ਤਾੜੀਆਂ ਮਾਰ ਮਾਰ ਕੇ ਮੰਗ ਰਹੀ ਸੀ। ਮੰਗਤਿਆਂ ਵਾਲੇ ਤਰਲੇ ਨਾਲ ਨਹੀਂ ਬਲਕਿ ਰੋਅਬ ਭਰੇ ਇਕ ਲਾਡ ਜਿਹੇ ਨਾਲ। ਤਾੜੀ ਮਾਰਦੀ ਉਹ ਕਦੀ ਮੁੰਡੇ ਦੇ ਮੋਢੇ ਤੇ ਹੱਥ ਰੱਖਦੀ ਤੇ ਕਦੀ ਉਹਦਾ ਹੱਥ ਫੜ੍ਹਨ ਦਾ ਯਤਨ ਕਰਦੀ। ਮੁੰਡਾ ਸ਼ਰਮਾਅ ਕੇ ਜਿੰਨਾ ਉਸਦਾ ਹੱਥ ਛੰਡਦਾ ਉਸ ਨੂੰ ਪਰ੍ਹੇ ਕਰਨ ਦੀ ਕੋਸ਼ਿਸ਼ ਕਰਦਾ ਉਹ ਹੋਰ ਖਿੜਖਿੜਾਉਂਦੀ ਉਸਦੇ ਨੇੜੇ ਨੇੜੇ ਹੋ ਰਹੀ ਸੀ।

"ਅਰੇ ਜਾਨੂੰ ਦੇ ਨਾ ਜਲਦੀ। ਪਰੀ ਜੈਸੀ ਸੁੰਦਰ ਬੀਵੀ ਮਿਲੀ ਹੈ ਔਰ ਕਿਆ ਚਾਹੀਏ। ਲਾ ਲਾ ਜਲਦੀ ਸੇ ਸੌ ਕਾ ਨੋਟ ਨਿਕਾਲ। ਖ਼ੂਬਸੂਰਤ ਜੋੜੀ ਤੋਂ ਕਿਸਮਤ ਵਾਲੋਂ ਕੀ ਬਨਤੀ ਹੈ।" ਹੁਣ ਉਹ ਕੁੜੀ ਅੱਗੇ ਹੱਥ ਕਰ ਰਹੀ ਸੀ।

"ਦੇ ਦਿਓ ਪੰਜ ਦਸ ਰੁਪਏ ਇਹਨੂੰ ਪਿੱਛਾ ਛੁਡਾਓ।" ਕੁੜੀ ਨੇ ਭਾਵੇਂ ਹੌਲੀ ਜਿਹੀ ਪਤੀ ਦੇ ਕੰਨ ਵਿੱਚ ਕਿਹਾ ਸੀ ਪਰ ਉਸਨੂੰ ਸੁਣ ਗਿਆ।

"ਹੇ-ਏ...।" ਭੈੜਾ ਜਿਹਾ ਮੂੰਹ ਬਣਾ ਉਸ ਜ਼ੋਰ ਜ਼ੋਰ ਦੀ ਤਾੜੀ ਮਾਰਦਿਆਂ ਜਿਵੇਂ ਕੁੜੀ ਦੀ ਨਕਲ ਉਤਾਰੀ "ਪੰਜ-ਦਸ ਰੁਪਏ ... ਨਾ...ਨਾ...ਮੈਨੇ ਪੂਰੇ ਸੌ ਰੁਪਏ ਲੇਨੇ ਹੈ... ਪੂਰੇ ਸੌ... ਯੇਹ ਹਮਾਰਾ ਸ਼ਗਨ ਹੋਤਾ ਹੈ। ਭਗਵਾਨ ਕੀ ਕਸਮ ਹੀਰੋ ਹੀਰੋਇਨ ਲਗ ਰਹੇ ਹੋ ਕਿਸੀ ਸੇ ਪੂਛ ਲੋ। ਦੀਦੀ ਆਪ ਬਤਾਓ।" ਹੁਣ ਉਹ ਅੰਜੂ ਨੂੰ ਮੁਖ਼ਾਤਬ ਹੋ ਰਹੀ ਸੀ। ਇਕ ਟੱਕ ਉਸ ਵੱਲ ਦੇਖ ਰਹੀ ਅੰਜੂ ਇਕਦਮ ਜਿਵੇਂ ਘਬਰਾ ਜਿਹੀ ਗਈ। ਆਸ ਪਾਸ ਬੈਠੇ ਮੁਸਾਫ਼ਰ ਇੱਧਰ ਹੀ ਦੇਖ ਰਹੇ ਸਨ। ਆਖ਼ਰ ਉਸ ਜੋੜੇ ਨੂੰ ਪੰਜਾਹ ਦਾ ਨੋਟ ਦੇਣਾ ਹੀ ਪਿਆ। ਨੋਟ ਲੈ ਕੇ ਉਹ ਕੁੜੀ ਮੁੰਡੇ ਦੇ ਸਿਰ ਤੇ ਹਲਕਾ ਜਿਹਾ ਹੱਥ ਫੇਰਦੀ ਹੱਸਦੀ ਹੱਸਦੀ ਅਗਾਂਹ ਤੁਰ ਗਈ।

ਜੇ ਇਹ ਇੰਝ ਤਾੜੀਆਂ ਮਾਰ ਮਾਰ ਨਾ ਬੋਲੇ ਕੋਈ ਜਾਣ ਈ ਨਹੀਂ ਸਕਦਾ ਇਹ ਖੁਸਰਾ ਹੈ। ਅੰਜੂ ਸੋਚ ਰਹੀ ਸੀ। ਉਸਨੂੰ ਖ਼ੁਦ ਬੜੀ ਹੈਰਾਨੀ ਹੋਈ ਸੀ ਜਦੋਂ ਉਸ ਪਹਿਲੀ ਵਾਰ ਉਸਨੂੰ ਦੇਖਿਆ ਸੀ। ਬੜੇ ਸਹਿਜ ਨਾਲ ਤੁਰੀ ਆਉਂਦੀ ਨੇ ਇਕਦਮ ਆਪਣੀ ਇੱਕ ਪਾਸਿਓਂ ਕਮੀਜ ਚੁੱਕ ਕੇ ਪੇਟ ਮਲਣਾ ਸ਼ੁਰੂ ਕਰ ਦਿੱਤਾ ਸ਼ਾਇਦ ਕੋਈ ਕੀੜਾ ਮਕੌੜਾ ਲੜ ਗਿਆ ਸੀ।

"ਹੈ ਬੇਵਕੂਫ ਇਹ ਕੀ ਕਰ ਰਹੀ ਹੈ ਇਹਨੂੰ ਸ਼ਰਮ ਨਹੀਂ ਆਉਂਦੀ।" ਉਸ ਵੱਲ ਇਸ਼ਾਰਾ ਕਰਦਿਆਂ ਉਸ ਨਾਲ ਖਲੋਤੀ ਰੇਨੂੰ ਨੂੰ ਕਿਹਾ।

"ਇਨ੍ਹਾਂ ਨੂੰ ਸ਼ਰਮ ਕਾਹਦੀ ? ਤੂੰ ਵੀ ਕਮਾਲ ਕਰਦੀ ਹੈ।" ਰੇਨੂੰ ਹੱਸਦਿਆਂ ਬੋਲੀ

"ਕਿਉਂ... ਇਨ੍ਹਾਂ ਨੂੰ ਤੋਂ ਕੀ ਮਤਲਬ!"

"ਅੰਜੂ ਇਹ ਖੁਸਰਾ ਹੈ।" ਰੇਨੂੰ ਨੇ ਖੁਸਰਾ ਸ਼ਬਦ 'ਤੇ ਜ਼ੋਰ ਦਿੰਦਿਆਂ ਦੱਸਿਆ

"ਕੀ...!" ਅੰਜੂ ਨੂੰ ਉਸਦੀ ਸ਼ਕਲ ਵੇਖ ਕੇ ਜਿਵੇਂ ਯਕੀਨ ਨਹੀਂ ਸੀ ਹੋ ਰਿਹਾ। ਪਤਲਾ ਲੰਮਾ ਸਰੀਰ, ਤਿੱਖੇ ਖ਼ੂਬਸੂਰਤ ਨੈਣ ਨਕਸ਼, ਗੋਲਾਈ ਵਾਲਾ ਭਰਵਾਂ ਹਸੂੰ

ਹਸੂੰ ਕਰਦਾ ਚਿਹਰਾ, ਹਲਕੀ ਸਾਂਵਲੀ ਰੰਗਤ ਪਰ ਇਕ ਅਜੀਬ ਜਿਹੀ ਕਸ਼ਿਸ਼ ਸੀ ਉਸਦੇ ਚਿਹਰੇ ’ਤੇ। ਉਸ ਪਿੱਛੋਂ ਅੰਜੂ ਨੇ ਕਈ ਵਾਰ ਉਸਨੂੰ ਦੇਖਿਆ ਪਰ ਦੂਰੋਂ ਹੀ, ਕਦੀ ਪਲੇਟਫਾਰਮ ’ਤੇ, ਕਦੀ ਗੱਡੀ ਵਿੱਚ ਮੰਗਦਿਆਂ। ਉਹ ਉਹਨਾਂ ਕੋਲ ਕਦੀ ਨਹੀਂ ਸੀ ਰੁਕਦੀ। ਅੰਜੂ ਹੋਰੀਂ ਤਿੰਨ-ਚਾਰ ਸਹੇਲੀਆਂ ਅਕਸਰ ਇਕੱਠੀਆਂ ਹੀ ਬੈਠਦੀਆਂ। ਹਲਕੀ ਜਿਹੀ ਮੁਸਕਰਾਹਟ ਦਿੰਦਿਆਂ ਉਹ ਉਨ੍ਹਾਂ ਵੱਲ ਵੇਖਦੀ ਜ਼ਰੂਰ ਪਰ ਚੁੱਪ ਚਾਪ ਅੱਗੇ ਲੰਘ ਜਾਂਦੀ। ਕਈ ਵਾਰ ਉਨ੍ਹਾਂ ਦੀ ਪੂਰੀ ਟੋਲੀ ਇਕੱਠਿਆਂ ਵੀ ਮੰਗਦੀ, ਜਿਸ ਵਿੱਚ ਇੱਕ ਆਦਮੀ ਢੋਲਕੀ ਵਜਾਉਂਦਾ ਤੇ ਉਹ ਫਿਲਮੀ ਗਾਣੇ ਗਾਉਂਦੀਆਂ ਨੱਚਦੀਆਂ। ਸ਼ਬਦਾਂ ਦੀ ਭੰਨ ਤੋੜ ਕਰਦਿਆਂ ਭਾਰੀ ਆਵਾਜ਼ ਵਿੱਚ ਉਹ ਆਪਣੇ ਹੀ ਅੰਦਾਜ਼ ਨਾਲ ਗਾਉਂਦੇ। ਪਰ ਇੱਕ ਗੱਲ ਵਿਸ਼ੇਸ਼ ਇਹ ਸੀ ਕਿ ਉਨ੍ਹਾਂ ਦੀ ਤਾੜੀ ਤੇ ਢੋਲਕੀ ਦੀ ਥਾਪ ਵਿੱਚ ਪੂਰਾ ਸੁਮੇਲ ਹੁੰਦਾ ਜਿਸ ਤੇ ਉਹ ਕਦੀ ਹੌਲੀ ਅਤੇ ਕਦੀ ਤੇਜ਼ ਥਿਰਕਦੇ। ਪਰ ਅਜਿਹਾ ਕਦੀ ਕਦਾਈਂ ਹੀ ਹੁੰਦਾ ਅਕਸਰ ਉਹ ਇਕੱਲੇ ਇਕੱਲੇ ਹੀ ਮੰਗਦੇ।

ਅੰਜੂ ਦੇ ਮਨ ਵਿੱਚ ਕਈ ਵਾਰ ਇਹ ਸੋਚ ਆਉਂਦੀ ਕਿ ਉਹ ਉਨ੍ਹਾਂ ਕੋਲੋਂ ਕਿਉਂ ਨਹੀਂ ਮੰਗਦੇ। ਉਸਨੇ ਇੱਕ ਦੋ ਵਾਰ ਇਸਦਾ ਜ਼ਿਕਰ ਆਪਣੀਆਂ ਨਾਲ ਦੀਆਂ ਸਹੇਲੀਆਂ ਕੋਲ ਵੀ ਕੀਤਾ ਪਰ ਕਿਸੇ ਨੇ ਕੋਈ ਦਿਲਚਸਪੀ ਹੀ ਨਹੀਂ ਦਿਖਾਈ। ਉਨ੍ਹਾਂ ਇਸ ਬਾਰੇ ਕਦੀ ਸੋਚਿਆ ਹੀ ਨਹੀਂ ਸੀ ਜਾਂ ਸ਼ਾਇਦ ਉਨ੍ਹਾਂ ਦੀ ਨਜ਼ਰ ਵਿੱਚ ਇਸ ਗੱਲ ਦੀ ਕੋਈ ਅਹਿਮੀਅਤ ਹੀ ਨਹੀਂ ਸੀ। ਉਸ ਦਿਨ ਵੀ ਅਜਿਹਾ ਹੀ ਹੋਇਆ। ਪਿਛਲੇ ਪਾਸੇ ਬੈਠੇ ਮੁਸਾਫ਼ਰਾਂ ਨਾਲ ਉਸਦੀ ਚੰਗੀ ਬਹਿਸ ਹੋ ਰਹੀ ਸੀ ਸ਼ਾਇਦ ਕੋਈ ਅੱਗੋਂ ਉਸਦੇ ਇਸ ਤਰ੍ਹਾਂ ਗੱਡੀ ਵਿੱਚ ਮੰਗਣ ਤੇ ਇਤਰਾਜ਼ ਕਰ ਰਿਹਾ ਸੀ। ਉਨ੍ਹਾਂ ਦੀ ਗੱਲਬਾਤ ਤਾਂ ਭਾਵੇਂ ਠੀਕ ਤਰ੍ਹਾਂ ਨਹੀਂ ਸੀ ਸੁਣ ਰਹੀ ਪਰ ਉਸਦੀਆਂ ਤਾੜੀਆਂ ਤੇ ਰੌਲੇ ਗੋਲੇ ਦੀ ਆਵਾਜ਼ ਲਗਾਤਾਰ ਆ ਰਹੀ ਸੀ। ਕਾਫ਼ੀ ਦੇਰ ਦੀ ਝਿਕ-ਝਿਕ ਬਾਅਦ ਉਹ ਅਖ਼ੀਰ ਪੈਸੇ ਲੈਣ ਵਿੱਚ ਸਫ਼ਲ ਹੋ ਹੀ ਗਈ ਤੇ ਉਸੇ ਤਰ੍ਹਾਂ ਤਾੜੀਆਂ ਮਾਰਦੀ ਇਨ੍ਹਾਂ ਤਕ ਪਹੁੰਚੀ ਪਰ ਆਸ ਪਾਸ ਦੀਆਂ ਸਵਾਰੀਆਂ ਕੋਲੋਂ ਪੈਸੇ ਲੈ ਇਨ੍ਹਾਂ ਵਲ ਤੱਕਦੀ ਮੁਸਕਰਾਉਂਦੀ ਅਗਾਂਹ ਤੁਰ ਗਈ।

“ਕਮਾਲ ਐ ਉਨ੍ਹਾਂ ਕੋਲੋਂ ਪੈਸੇ ਲੈਣ ਲਈ ਘੰਟਾ ਭਰ ਬਹਿਸ ਕਰਦੀ ਰਹੀ ਤੇ ਸਾਡੇ ਕੋਲੋਂ ਬਿਨਾਂ ਮੰਗਿਆਂ ਹੀ ਤੁਰ ਗਈ। ਇਹ ਵੀ ਅਜੀਬ ਹੀ ਐ।” ਅੰਜੂ ਕੋਲੋਂ ਜਿਵੇਂ ਅੱਜ ਰਿਹਾ ਨਹੀਂ ਗਿਆ।

“ਪਹਿਲਾਂ ਇਹ ਦੱਸ ਬਈ ਤੂੰ ਇਹਦੀ ਐਨੀ ਚਿੰਤਾ ਕਿਉਂ ਕਰਦੀ ਐ ?” ਰੇਨੂੰ ਨੇ ਉਸਨੂੰ ਮੋਢਿਓਂ ਫੜ ਆਪਣੇ ਵੱਲ ਮੋੜਦਿਆਂ ਪੁੱਛਿਆ। ਉਸਦੇ ਚਿਹਰੇ ਦੇ ਹਾਵ ਭਾਵ ਅਤੇ ਬੋਲਾਂ ’ਚੋਂ ਵਿਅੰਗ ਸਪੱਸ਼ਟ ਝਲਕ ਰਿਹਾ ਸੀ। ਸਿਮਰਨ ਤੇ ਗੀਤਿਕਾ ਵੀ ਖਿੜਖਿੜਾ ਕੇ ਹੱਸ ਪਈਆਂ।

“ਯਾਰ ਤੁਸੀਂ ਵੀ ਗੱਲ ਪੁਠੀ ਹੀ ਪਾਨੀਓਂ। ਮੈਂ ਤਾਂ ਉਂਝ ਹੀ ਕਿਹਾ ਸੀ ਪਈ ਤੁਹਾਨੂੰ ਨਹੀਂ ਇਹ ਕਦੀ ਅਜੀਬ ਲੱਗਿਆ।”



“ਨਹੀਂ ਸਾਨੂੰ ਤਾਂ ਕਦੀ ਖਿਆਲ ਵੀ ਨਹੀਂ ਆਇਆ ਇਸ ਗੱਲ ਦਾ ਤੂੰ ਪਤਾ ਨਹੀਂ ਕੀ ਨੋਟ ਕਰਦੀ ਰਹਿੰਦੀ ਐਂ।” ਸਿਮਰਨ ਦੇ ਜੁਆਬ ਵਿੱਚ ਵੀ ਰੇਨੂੰ ਵਾਲਾ ਵਿਅੰਗ ਸੀ। ਅੰਜੂ ਹੱਸ ਕੇ ਚੁੱਪ ਕਰ ਗਈ ਪਰ ਉਸਨੂੰ ਅਕਸਰ ਘਰ ਜਾਂ ਦਫ਼ਤਰ ਬੈਠਿਆਂ ਵੀ ਇਸਦਾ ਖਿਆਲ ਆਉਂਦਾ। ਬਚਪਨ ਤੋਂ ਹੀ ਉਹ ਇਨ੍ਹਾਂ ਲੋਕਾਂ ਤੋਂ ਬਹੁਤ ਡਰਦੀ ਰਹੀ ਸੀ। ਕਾਲੇ ਭੱਦੇ, ਬੇਡੋਲ ਸਰੀਰ, ਭੜਕੀਲੇ ਕੱਪੜੇ, ਭੈੜਾ ਜਿਹਾ ਹਾਰ ਸ਼ਿੰਗਾਰ ਤੇ ਉਤੋਂ ਠਾਹ ਠਾਹ ਵੱਜਦੀਆਂ ਤਾੜੀਆਂ ਉਸਨੂੰ ਸਾਰਾ ਕੁਝ ਹੀ ਬੜਾ ਡਰਾਉਂਣਾ ਲੱਗਦਾ। ਕਦੀ ਕਿਸੇ ਘਰ ਜਦੋਂ ਮੁੰਡਾ ਜੰਮਣ ਜਾਂ ਵਿਆਹ ਆਦਿ ’ਤੇ ਇਹ ਨੱਚਣ ਆਉਂਦੇ ਤਾਂ ਘਰ ਵਾਲਿਆਂ ਵੱਲੋਂ ਆਂਢ ਗੁਆਂਢ ਨੂੰ ਸੱਦਾ ਦਿੱਤਾ ਜਾਂਦਾ। ਅੰਜੂ ਦੇ ਸਾਥੀ ਬੱਚੇ ਦੌੜਾਂ ਲਾਉਂਦੇ ਉਸ ਘਰ ਜਾ ਪਹੁੰਚਦੇ ਪਰ ਅੰਜੂ ਲੁਕਦੀ ਫਿਰਦੀ। ਕਦੀ ਉਹ ਕਿਸੇ ਛੱਤ ’ਤੇ ਖਲੋ ਕੇ ਤੇ ਕਦੀ ਮਾਂ ਦੇ ਉਹਲੇ ਹੋ ਉਨ੍ਹਾਂ ਨੂੰ ਨੱਚਦਿਆਂ ਵੇਖਦੀ। ਵੱਡੇ ਹੋਣ ’ਤੇ ਵੀ ਇਹ ਡਰ ਉਸਦੇ ਮਨੋ ਪੂਰੀ ਤਰ੍ਹਾਂ ਨਿਕਲਿਆ ਨਹੀਂ ਸੀ। ਪਰ ਹੁਣ ਇਸਨੂੰ ਦੇਖ ਕੇ ਕਦੀ ਕਦੀ ਅੰਜੂ ਨੂੰ ਲੱਗਦਾ ਉਸਦਾ ਡਰ ਨਿਰਮੂਲ ਹੀ ਸੀ।

ਇਕ ਦਿਨ ਸਵੇਰੇ ਗੱਡੀ ਪਲੇਟ ਫਾਰਮ ’ਤੇ ਲਗ ਚੁੱਕੀ ਸੀ ਪਰ ਕਿਸੇ ਤਕਨੀਕੀ ਖਰਾਬੀ ਕਾਰਨ ਇਸਦੇ ਤੁਰਨ ਵਿੱਚ ਅਜੇ ਸਮਾਂ ਸੀ। ਸਿਮਰਨ ਖਿੱਝ ਰਹੀ ਸੀ ਕਿ ਲੇਟ ਹੋਣ ਦੇ ਡਰੋਂ ਉਸਨੇ ਸਵੇਰੇ ਨਾਸ਼ਤਾ ਵੀ ਠੀਕ ਤਰ੍ਹਾਂ ਨਹੀਂ ਸੀ ਕੀਤਾ। “ਚਲ ਛੱਡ ਹੁਣ ਆਹ ਚਾਹ ਵਾਲਾ ਆ ਗਿਐ ਚਾਹ ਪੀਨੇ ਆਂ।” ਸਟੀਲ ਦੀ ਵੱਡੀ ਸਾਰੀ ਡਰੱਮਨੁਮਾ ਥਰਮਸ ਵਾਲੇ ਨੂੰ ਪੈਸੇ ਪਕੜਾਉਂਦਿਆਂ ਅੰਜੂ ਨੇ ਚਾਹ ਦੇ ਚਾਰ ਗਿਲਾਸ ਦੇਣ ਲਈ ਕਿਹਾ। ਡਿੱਪ ਵਾਲੀ ਚਾਹ ਦੇ ਨਿੱਕੇ ਨਿੱਕੇ ਗਲਾਸ ਅਜੇ ਉਨ੍ਹਾਂ ਹੱਥਾਂ ਵਿੱਚ ਪਕੜੇ ਹੀ ਸਨ ਕਿ ਅਚਾਨਕ ਪਲੇਟਫਾਰਮ ’ਤੇ ਉੱਚੀ ਉੱਚੀ ਲੜਾਈ ਝਗੜੇ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ। ਗੱਡੀ ਵਿੱਚ ਮੰਗਣ ਵਾਲੇ ਇਹੀ ਖੁਸਰੇ ਗੰਦੀਆਂ ਗਾਲ੍ਹਾਂ ਕੱਢਦੇ ਰੌਲਾ ਪਾਉਂਦੇ ਬੜੀ ਬੁਰੀ ਤਰ੍ਹਾਂ ਲੜ ਰਹੇ ਸਨ। ਖਿੜਕੀ ਕੋਲ ਬੈਠੀ ਅੰਜੂ ਨੇ ਦੇਖਿਆ ਇਹ ਸਾਰੇ ਕਿਸੇ ਇਕ ਦੇ ਦੁਆਲੇ ਹੋਏ ਸਨ ਤੇ ਉਹੀ ਖ਼ੂਬਸੂਰਤ ਦਿੱਖ ਵਾਲੀ ਬੜਾ ਉਲੱਰ ਕੇ ਉਸਨੂੰ ਪੈ ਰਹੀ ਸੀ। ਗੱਲ ਵਧਦੀ ਹੱਥੋਪਾਈ ’ਤੇ ਜਾ ਪਹੁੰਚੀ। ਅਚਾਨਕ ਪਤਾ ਨਹੀਂ ਕਿਸੇ ਦਾ ਧੱਕਾ ਵੱਜਿਆਂ ਜਾਂ ਉਸਦਾ ਪੈਰ ਕਿਤੇ ਅੜਿਆ ਉਹ ਧੜਮ ਕਰਦੀ ਡਿੱਗੀ ਤੇ ਡਿੱਗਦਿਆਂ ਉਸਦਾ ਮੱਥਾ ਪਲੇਟਫਾਰਮ ’ਤੇ ਪਏ ਬੈਂਚ ਦੀ ਨੁੱਕਰ ’ਤੇ ਐਨੀ ਜ਼ੋਰ ਨਾਲ ਵੱਜਿਆ ਕਿ ਨਾਲ ਹੀ ਖ਼ੂਨ ਦੀ ਤਤੀਰੀ ਵਗ ਤੁਰੀ। ਲੜਾਈ ਭੁੱਲ ਸਾਰੇ ‘ਮਲਕਾ’ ‘ਮਲਕਾ’ ਕਰਦੇ ਉਸਨੂੰ ਸਾਂਭਣ ਲੱਗੇ। ਉਸ ਦਿਨ ਅੰਜੂ ਨੂੰ ਪਤਾ ਲੱਗਿਆ ਉਸਦਾ ਨਾਮ ਮਲਕਾ ਸੀ। ਉਸ ਪਿੱਛੋਂ ਮਲਕਾ ਕਈ ਦਿਨਾਂ ਤੱਕ ਦਿੱਸੀ ਨਹੀਂ ਸ਼ਾਇਦ ਸੱਟ ਜ਼ਿਆਦਾ ਲੱਗ ਗਈ ਸੀ। ਉਸਦੇ ਨਾਲ ਦੇ ਇਕ ਦੋ ਸਾਥੀ ਅੰਜੂ ਨੂੰ ਗੱਡੀ ਵਿੱਚ ਦਿਖਾਈ ਦਿੱਤੇ ਪਰ ਇਹ ਸਾਰੇ ਉਸਨੂੰ ਬਚਪਨ ਵਿੱਚ ਦੇਖੇ ਖੁਸਰਿਆਂ ਵਰਗੇ ਹੀ ਜਾਪਦੇ ਸਨ। ਮਲਕਾ ਵਾਲੀ ਖੁਸ਼ ਮਿਜ਼ਾਜੀ ਇਨ੍ਹਾਂ ਵਿੱਚ ਨਹੀਂ ਸੀ। ਤੁਰੀ ਜਾਂਦੀ ਲੋਕਾਂ ਨਾਲ ਇੰਝ ਗੱਲਾਂ ਕਰਦੀ ਜਿਵੇਂ ਉਨ੍ਹਾਂ ਦੀ ਕਈ ਚਿਰਾਂ ਦੀ ਜਾਣੂ ਹੋਵੇ “ਅਰੇ ਨਾਨੀ ਘਰ ਜਾ ਰਹਾ ਹੈ।” ਕਿਸੇ ਬੱਚੇ ਦੀਆਂ ਗਲ੍ਹਾਂ ਨੂੰ

ਥਪਥਪਾਉਂਦਿਆਂ ਕਹਿੰਦੀ, "ਅਰੇ ਤੇਰੀ ਮੰਮੀ ਬੜੀ ਅੱਛੀ ਹੈ।" ਬੱਚੇ ਨਾਲ ਮਾਂ ਵੀ ਖੁਸ਼ ਹੋ ਜਾਂਦੀ। "ਮਾਤਾ ਜੀ ਰਾਮ ਰਾਮ।" ਕਿਸੇ ਬਜ਼ੁਰਗ ਔਰਤ ਨੂੰ ਹੱਥ ਜੋੜਦੀ ਤਾਂ ਉਹ ਖੁਸ਼ ਹੋ ਕੇ ਆਪ ਹੀ ਉਸਨੂੰ ਕੁਝ ਨਾ ਕੁਝ ਦੇ ਦਿੰਦੀ। ਉਸਦੇ ਨਾਲ ਦੇ ਸਾਥੀਆਂ ਦਾ ਅਜਿਹਾ ਵਿਹਾਰ ਨਹੀਂ ਸੀ। ਅੰਜੂ ਨੂੰ ਉਸਦੀ ਗੈਰ ਹਾਜ਼ਰੀ ਚੁੱਭਦੀ। ਉਹ ਉਸਦੇ ਸਾਥੀਆਂ ਕੋਲੋਂ ਉਸਦਾ ਹਾਲ ਚਾਲ ਪੁੱਛਣਾ ਚਾਹੁੰਦੀ ਸੀ ਪਰ ਚਾਹੁੰਦਿਆਂ ਹੋਇਆ ਵੀ ਉਹ ਉਸ ਬਾਰੇ ਕੁੱਝ ਪੁੱਛ ਨਾ ਸਕੀ। ਉਨ੍ਹਾਂ ਨਾਲੋਂ ਅੰਜੂ ਨੂੰ ਆਪਣੀਆਂ ਸਹੇਲੀਆਂ ਦੀ ਝਿਜਕ ਵਧੇਰੇ ਸੀ।

ਫੇਰ ਜਿਸ ਦਿਨ ਮਲਕਾ ਆਈ ਉਸਦੇ ਸਿਰ 'ਤੇ ਪੱਟੀ ਬੱਝੀ ਹੋਈ ਸੀ। ਉਸੇ ਤਰ੍ਹਾਂ ਤਾੜੀ ਮਾਰ ਮਾਰ ਉਹ ਲੋਕਾਂ ਨੂੰ ਖਾਸ ਕਰਕੇ ਮਰਦਾਂ ਨੂੰ ਮਖੌਲ ਕਰਦੀ ਮੰਗ ਰਹੀ ਸੀ। ਅੰਜੂ ਨੇ ਇੱਕ ਗੱਲ ਨੋਟ ਕੀਤੀ ਸੀ ਕਿ ਉਹ ਦੋਵੇਂ ਹੱਥ ਭਾਵੇਂ ਸਾਰਿਆਂ ਅੱਗੇ ਕਰਦੀ ਸੀ ਪਰ ਜੁਆਨ ਮਰਦਾਂ ਨੂੰ ਉਹ ਵਧੇਰੇ ਠਿੱਠ ਕਰਦੀ। ਵੱਖੋ ਵੱਖ ਐਕਟਰਾਂ ਨਾਲ ਉਨ੍ਹਾਂ ਦੀ ਤੁਲਨਾ ਕਰਦੀ। ਕਈ ਤਾਂ ਚੁੱਪ ਚਾਪ ਪੈਸੇ ਦੇ ਦਿੰਦੇ ਪਰ ਕਈ ਅੱਗੋਂ ਮਖੌਲ ਸ਼ੁਰੂ ਕਰ ਦਿੰਦੇ। ਅਜਿਹੇ ਸਮੇਂ ਇਸਦੀ ਬੇਬਾਕੀ, ਨਿਸੰਗਤਾ ਐਨੀ ਵਧ ਜਾਂਦੀ ਕਿ ਅਗਲਾ ਚੁੱਪਚਾਪ ਪੈਸੇ ਦੇਣ ਵਿੱਚ ਹੀ ਭਲਾਈ ਸਮਝਦਾ। ਔਰਤਾਂ ਨੂੰ ਇਹ ਘੱਟ ਹੀ ਤੰਗ ਕਰਦੀ ਖ਼ਾਸ ਕਰਕੇ ਅੱਧਖੜ ਜਾਂ ਬਜ਼ੁਰਗ ਔਰਤਾਂ ਨੂੰ ਉਹ ਜੋ ਦਿੰਦੀਆਂ ਸਿਰ ਝੁਕਾ ਕੇ ਲੈਂਦੀ। ਜੇ ਕੋਈ ਅੜਬ ਬੰਦਾ ਖਹਿਬੜਦਾ ਜਾਂ ਗੁੱਸਾ ਕਰਦਾ ਤਾਂ "ਅਰੇ ਹਮਾਰੇ ਕੌਨ ਸੇ ਹਲ ਚਲਤੇ ਹੈਂ, ਹਮਰਾ ਕੌਨਸਾ ਵਪਾਰ ਹੈ ਅਬ ਭਗਵਾਨ ਨੇ ਐਸਾ ਬਨਾ ਦੀਆ ਹੈ ਤੋ ਮਾਂਗ ਕਰ ਹੀ ਖਾਂਏਗੇ ਔਰ ਕਿਆ ਕਰੇਂ।" ਜਿਹੇ ਸ਼ਬਦ ਅਜਿਹੇ ਲਹਿਜੇ ਵਿੱਚ ਕਹਿੰਦੀ ਅਗਲਾ ਨਿਰਉੱਤਰ ਹੋ ਕੇ ਰਹਿ ਜਾਂਦਾ। ਉਸ ਦਿਨ ਉਸਨੇ ਸਾਰੀਆਂ ਸਵਾਰੀਆਂ ਕੋਲੋਂ ਮੰਗਿਆ ਸੀ, ਉਨ੍ਹਾਂ ਕੋਲ ਵੀ ਆਈ ਸੀ।

"ਆਜ ਤੋ ਆਪ ਕੋ ਭੀ ਪੈਸਾ ਦੇਨਾ ਪੜੇਗਾ, ਆਪ ਰੋਜ ਕੀ ਸਵਾਰੀ ਹੋ ਇਸ ਲੀਏ ਆਪ ਸੇ ਨਹੀਂ ਮਾਂਗਤੇ। ਲੇਕਿਨ ਅਬ ਦੀਵਾਲੀ ਆ ਰਹੀ ਹੈ।" ਤੇ ਜਿਸ ਕੋਲੋਂ ਜੋ ਮਿਲਿਆ ਹੱਸ ਕੇ ਕਬੂਲ ਕਰਦੀ ਉਹ ਅਗਾਂਹ ਤੁਰ ਗਈ।

ਜਨਵਰੀ ਦੇ ਸ਼ੁਰੂ ਦੇ ਦਿਨ ਠੰਡ ਪੂਰੇ ਜ਼ੋਰਾਂ 'ਤੇ ਸੀ। ਧੁੰਦਾਂ ਪੈ ਰਹੀਆਂ ਸਨ। ਸਾਰਾ ਦਿਨ ਸੂਰਜ ਦਿਖਾਈ ਨਾ ਦਿੰਦਾ। ਹੱਥ ਪੈਰ ਠਰੂੰ ਠਰੂੰ ਕਰਦੇ। ਗੱਡੀ ਵਿੱਚ ਹੋਰ ਵੀ ਜ਼ਿਆਦਾ ਠੰਡ ਲੱਗਦੀ। ਉਸ ਦਿਨ ਗੱਡੀ ਵਿਚ ਜ਼ਿਆਦਾ ਭੀੜ ਨਹੀਂ ਸੀ। ਅੰਜੂ ਤੇ ਉਸਦੀਆਂ ਸਹੇਲੀਆਂ ਇਕੱਠੀਆਂ ਆਹਮੋ ਸਾਹਮਣੇ ਦੀ ਵੱਡੀ ਸੀਟ 'ਤੇ ਬੈਠ ਗਈਆਂ। ਉਂਝ ਵੀ ਇਹ ਸ਼ਹਿਰ ਕਾਫੀ ਵੱਡਾ ਤੇ ਉਦਯੋਗਿਕ ਹੋਣ ਕਰਕੇ ਦੂਰ ਦੀ ਸਵਾਰੀ ਕਾਫੀ ਗਿਣਤੀ ਵਿੱਚ ਇੱਥੇ ਉੱਤਰ ਜਾਂਦੀ ਸੀ। ਅਚਾਨਕ ਅੰਜੂ ਦੀ ਨਜ਼ਰ ਮਲਕਾ ਤੇ ਪਈ ਜੋ ਕੰਪਾਰਮੈਂਟ ਦੇ ਦੂਜੇ ਬੰਨਿਓਂ ਬੜੀ ਹੌਲੀ ਹੌਲੀ ਲੋਕਾਂ ਅੱਗੇ ਹੱਥ ਫੈਲਾਉਂਦੀ ਮੰਗਦੀ ਤੁਰੀ ਆ ਰਹੀ ਸੀ। ਅੱਜ ਨਾ ਤਾਂ ਉਹ ਤਾੜੀ ਮਾਰ ਰਹੀ ਸੀ ਤੇ ਨਾ ਕੁਝ ਬੋਲ ਰਹੀ ਸੀ। ਉਨ੍ਹਾਂ ਕੋਲ ਪਹੁੰਚਦਿਆਂ ਉਸਦੀ ਨਜ਼ਰ ਅੰਜੂ ਦੀਆਂ ਨਜ਼ਰਾਂ ਨਾਲ ਟਕਰਾਈ ਤੇ ਉਹ ਪਤਾ ਨਹੀਂ ਕੀ ਸੋਚ ਕੇ ਉਥੇ ਹੀ ਖਲੋ ਗਈ। ਅਗਲੇ ਪਾਸੇ ਜਾਣ ਵਾਲੇ ਰਾਹ ਵਿਚ ਮੂੰਗਫਲੀ ਵੇਚਣ ਵਾਲਾ ਆਪਣਾ



ਛਾਬਾ ਲਈ ਖੜਾ ਸੀ। ਕੁੱਝ ਚਿਰ ਉਸੇ ਤਰ੍ਹਾਂ ਚੁੱਪ ਚਾਪ ਖਲੋਤੀ ਮਲਕਾ ਨੇ ਹੱਥ ਵਿੱਚ ਪਕੜੇ ਪੈਸਿਆਂ ਵਿੱਚੋਂ ਕੁਝ ਹੱਥ ਵਿੱਚ ਰੱਖ ਬਾਕੀ ਕੁੜਤੇ ਦੀ ਜੇਬ ਵਿੱਚ ਪਾ ਲਏ। ਇਕ ਨਜ਼ਰ ਇਹਨਾਂ ਵੱਲ ਵੇਖ ਕੋਲੋਂ ਲੰਘਦੇ ਮੂੰਗਫਲੀ ਵਾਲੇ ਕੋਲੋਂ ਪੰਜ ਪੈਕਟ ਮੂੰਗਫਲੀ ਦੇ ਫੜ ਹੱਥ ਵਿੱਚ ਪਕੜੇ ਪੱਚੀ ਰੁਪਏ ਉਸਦੀ ਤਲੀ 'ਤੇ ਰੱਖ ਦਿੱਤੇ। ਉਹ ਅੰਤਾਂ ਦੀ ਥੱਕੀ ਥੱਕੀ ਲੱਗ ਰਹੀ ਸੀ। ਚਿਹਰੇ 'ਤੇ ਸਦੀਵੀ ਮੁਸਕਰਾਹਟ ਦੀ ਥਾਂ ਉਦਾਸੀ ਨਿੰਮੋਝੂਣਤਾ ਉਘੜ ਰਹੀ ਸੀ। ਇਕ ਪੈਕਟ ਆਪਣੇ ਕੋਲ ਰੱਖ ਬਾਕੀ ਚਾਰ ਉਨ੍ਹਾਂ ਵੱਲ ਵਧਾ ਦਿੱਤੇ, "ਯੇ ਆਪਕੇ ਲੀਏ।" ਤੇ ਇੱਕ ਨਜ਼ਰ ਉਨ੍ਹਾਂ ਸਾਰਿਆਂ ਵੱਲ ਘੁਮਾਈ। ਉਨ੍ਹਾਂ ਸਾਰੀਆਂ ਨੂੰ ਜੋ ਪਹਿਲਾਂ ਹੀ ਉਸ ਵੱਲ ਦੇਖ ਰਹੀਆਂ ਸਨ ਕੁਝ ਸਮਝ ਨਹੀਂ ਸੀ ਆ ਰਹੀ।

"ਲੋ ਪਕੜੋ।" ਉਸ ਰੇਨੂੰ ਵੱਲ ਹੱਥ ਕੀਤਾ।

"ਨਹੀਂ... ਨਹੀਂ... ਅਸੀਂ ਨਹੀਂ ਲੈਣੇ।" ਰੇਨੂੰ ਹੱਥ ਨਾਲ ਨਾਂਹ ਨਾਂਹ ਦਾ ਇਸ਼ਾਰਾ ਕਰਦਿਆਂ ਤ੍ਰਬਕ ਕੇ ਪਿੱਛੇ ਹੋ ਗਈ।

ਮਲਕਾ ਦੇ ਮੱਥੇ ਦੀ ਤਿਊੜੀ ਪ੍ਰਸ਼ਨ ਚਿੰਨ੍ਹ ਬਣੀ ਹੋਈ ਸੀ।

"ਨਹੀਂ ਐਸੀ ਕੋਈ ਗੱਲ ਨਹੀਂ ਤੂੰ ਆਪ ਖਾਹ।" ਉਸ ਵੱਲ ਵੇਖਦਿਆਂ ਰੇਨੂੰ ਨੇ ਇਸ ਵਾਰ ਬੜੇ ਸਹਿਜ ਨਾਲ ਕਿਹਾ। ਸਾਰਿਆਂ ਦੇ ਚਿਹਰੇ ਹੈਰਾਨੀ ਦੀ ਮੂਰਤ ਬਣੇ ਹੋਏ ਸਨ।

"ਮੈਨੇ ਏਕ ਲੇ ਲੀਆ ਹੈ ਯੇ ਆਪਕੇ ਲੀਏ ਹੈ ਖਾਓ।"

"ਨਹੀਂ ਨਹੀਂ ਤੂੰ ਰੱਖ ਲੈ ਫੇਰ ਖਾਹ ਲਵੀਂ। ਅਸੀਂ ਨਹੀਂ ਲੈਣੇ।" ਕਿਸੇ ਨੂੰ ਸਮਝ ਨਹੀਂ ਸੀ ਆ ਰਹੀ ਉਸਨੇ ਉਹਨਾਂ 'ਤੇ ਪੈਸੇ ਕਿਉਂ ਲਾਏ।

"ਲੈਣੇ ਕਿਉਂ ਨਹੀਂ ਮੈਂ ਚੁੱਕ ਕੇ ਬਾਹਰ ਸੁੱਟ ਦਿਆਂਗੀ।" ਤੇ ਉਹ ਸੱਚ ਮੁੱਚ ਖਿੜਕੀ ਵਲ ਹੋ ਤੁਰੀ।

"ਓ ਠਹਿਰ... ਬਾਬਾ ਚੰਗਾ ਲਿਆ ਫੜਾ ਇਧਰ।" ਸੀਟ ਦੇ ਇਕ ਪਾਸੇ ਬੈਠੀ ਅੰਜੂ ਨੇ ਜਲਦੀ ਨਾਲ ਉਸਦਾ ਰਾਹ ਰੋਕਦਿਆਂ ਉਸ ਕੋਲੋਂ ਪੈਕਟ ਫੜ ਸਾਰਿਆਂ ਨੂੰ ਇੱਕ ਇੱਕ ਦੇ ਦਿੱਤਾ।

"ਕਮਾਲ ਦੀ ਚੀਜ਼ ਐ ਇਹ ਮਲਕਾ ਵੀ। ਚਲੋ ਬਈ ਖਾ ਲਓ ਹੁਣ ਜੇ ਇਹ ਐਨੇ ਪਿਆਰ ਨਾਲ ਖਵਾ ਰਹੀ ਹੈ।" ਪੈਕਟ ਫੜਦਿਆਂ ਸਿਮਰਨ ਨੇ ਕਿਹਾ।

"ਪਿਆਰ ਨਾਲ? ਇਹ ਤਾਂ ਧੱਕੇ ਨਾਲ ਖਵਾ ਰਹੀ ਹੈ।" ਰੇਨੂੰ ਮੂੰਗਫਲੀ ਛਿਲਦਿਆਂ ਬੋਲੀ।

"ਬਿਲਕੁਲ ਠੀਕ ਇਹ ਅੱਜ ਪਤਾ ਲੱਗਿਐ ਮਲਕਾ ਮੰਗਦੀ ਵੀ ਧੱਕੇ ਨਾਲ ਹੈ ਤੇ ਵੰਡਦੀ ਵੀ ਧੱਕੇ ਨਾਲ।" ਮਲਕਾ ਨੇ ਜਿਵੇਂ ਸਾਰਿਆਂ ਦਾ ਦਿਲ ਜਿੱਤ ਲਿਆ ਸੀ।

"ਤੂੰ ਪੰਜਾਬੀ ਵੀ ਠੀਕ ਬੋਲ ਲੈਨੀ ਐਂ। ਮੈਂ ਤੈਨੂੰ ਅੱਗੇ ਵੀ ਕਈ ਵਾਰ ਤੇਰੇ ਨਾਲਦਿਆਂ ਨਾਲ ਪੰਜਾਬੀ ਵਿੱਚ ਗੱਲ ਕਰਦਿਆਂ ਸੁਣਿਆ ਹੈ।" ਅੰਜੂ ਨੇ ਮਲਕਾ ਨੂੰ ਕਿਹਾ ਮਲਕਾ ਪੰਜਾਬੀ ਦੇ ਸ਼ਬਦ ਭਾਵੇਂ ਬਿਲਕੁਲ ਠੀਕ ਵਰਤਦੀ ਸੀ ਪਰ ਉਨ੍ਹਾਂ ਦਾ ਉਚਾਰਣ ਕਿਤੇ ਕਿਤੇ ਹਿੰਦੀ ਦੇ ਸ਼ਬਦਾਂ ਵਾਂਗ ਲਮਕਾਅ ਵਾਲਾ ਸੀ।

"ਹਾਂ ਬੋਲ ਲੈਨੀ ਆਂ। ਪੰਦਰਾਂ ਸਾਲ ਹੋ ਗਏ ਇੱਥੇ ਰਹਿੰਦਿਆਂ ਹੁਣ ਤਾਂ, ਮੇਰੇ ਨਾਲ ਦੇ ਸਾਰੇ ਪੰਜਾਬੀ ਨੇ ਉਨ੍ਹਾਂ ਦੇ ਸਾਥ ਵਿੱਚ ਹੌਲੀ-ਹੌਲੀ ਆਪੇ ਆ ਗਈ।" ਦੱਸਦਿਆਂ ਮਲਕਾ ਅੰਜੂ ਵਾਲੇ ਪਾਸੇ ਇੱਕ ਨੁੱਕਰ 'ਤੇ ਜਿਵੇਂ ਸੁੰਗੜ ਕੇ ਬੈਠ ਗਈ।

"ਉਰੇ ਹੋ ਕੇ ਚੰਗੀ ਤਰ੍ਹਾਂ ਬੈਠ ਜਾ।" ਅੰਜੂ ਨੇ ਇਕ ਪਾਸੇ ਹੋ ਕੇ ਉਸਨੂੰ ਹੋਰ ਖੁੱਲ੍ਹੀ ਥਾਂ ਦੇ ਦਿੱਤੀ।

"ਤੇਰਾ ਨਾਂ ਬੜਾ ਸੁਹਣਾ ਐ, 'ਮਲਕਾ'।" ਉਸਨੇ ਗੱਲ ਅਗਾਂਹ ਤੋਰਨ ਲਈ ਕਿਹਾ। ਉਸਦੇ ਨਾਲ ਦੀਆਂ ਸਾਥਣਾਂ ਪਹਿਲਾਂ ਤੋਂ ਚਲ ਰਹੀ ਚਰਚਾ ਵਿਚ ਫਿਰ ਮਗਨ ਹੋ ਗਈਆਂ ਸਨ ਤੇ ਅੰਜੂ ਨੂੰ ਇਹ ਮੌਕਾ ਜਿਵੇਂ ਰੱਬ ਨੇ ਦਿੱਤਾ ਸੀ। ਪਤਾ ਨਹੀਂ ਕਿਉਂ ਉਸਦਾ ਬਾਰ ਬਾਰ ਦਿਲ ਕਰਦਾ ਸੀ ਕਿ ਕਦੀ ਮਲਕਾ ਨੂੰ ਕੋਲ ਬਿਠਾ ਕੇ ਗੱਲ ਕਰੇ ਪਰ ਉਹ ਡਰ ਜਾਂਦੀ ਇਹ ਪਤਾ ਨਹੀਂ ਕੀ ਸੋਚੇ।

"ਹਾਂ ਇਹ ਨਾਂ ਬੜਾ ਸੁਹਣਾ ਹੈ ਮੇਰੀ ਮਾਂ ਨੇ ਰੱਖਿਆ ਸੀ। ਉਂਝ ਮੇਰਾ ਨਾਮ ਸਵਿਤਰੀ ਹੈ ਪਰ ਮੇਰੀ ਮਾਂ ਮੈਨੂੰ ਮਲਕਾ ਕਹਿੰਦੀ ਸੀ।" ਉਸ ਦੀਆਂ ਅੱਖਾਂ ਵਿਚਲੀ ਉਦਾਸੀ ਹੋਰ ਡੂੰਘੀ ਹੋ ਗਈ ਸੀ।

"ਹੁਣ ਤੇਰੀ ਅੰਮਾ... ਕਿੱਥੇ ਹੈ?"

ਲੰਮੀਆਂ ਪਲਕਾਂ ਚੁੱਕ ਅੰਜੂ ਵਲ ਵੇਖਦਿਆਂ ਉਸ ਹਲਕਾ ਜਿਹਾ ਸਿਰ ਛੰਡਿਆਂ ਜਿਵੇਂ ਕਹਿ ਰਹੀ ਹੋਵੇ ਕਿਹੋ ਜਿਹਾ ਸੁਆਲ ਪੁੱਛ ਰਹੀ ਹੈਂ ਤੇ ਮੂੰਹ ਫੇਰ ਪਰਲੇ ਪਾਸੇ ਬਾਰੀ ਵਿਚੋਂ ਬਾਹਰ ਤੱਕਣ ਲੱਗੀ। ਉਸਨੂੰ ਇਹ ਨਹੀਂ ਸੀ ਪੁੱਛਣਾ ਚਾਹੀਦਾ। ਉਸਦੀ ਮਾਂ ਸ਼ਾਇਦ ...ਹੁਣ। ਅੰਜੂ ਦੇ ਜ਼ਿਹਨ ਵਿੱਚ ਤਾਂ ਕਈ ਸੁਆਲ ਤੈਰ ਰਹੇ ਸਨ ਪਰ...

"ਮਲਕਾ ਤੂੰ ਉਸ ਦਿਨ ਔਰਤ ਨਾਲ ਲੜ ਕਿਉਂ ਰਹੀ ਸੀ?" ਅੰਜੂ ਨੇ ਗੱਲ ਬਦਲਦਿਆਂ ਪੁੱਛਿਆ।

"ਉਹ ਸਾਲੀ...ਹਰਾਮਜਾਦੀ ਕੁੱਤੀ ਮੈਂ ਉਸਨੂੰ ਛੱਡਣਾ ਨਹੀਂ ਸੀ ਪਰ ਉਹ ਦੌੜ ਗਈ।" ਮਲਕਾ ਨੂੰ ਇਕ ਦਮ ਜਿਵੇਂ ਗੁੱਸਾ ਚੜ੍ਹ ਗਿਆ।

"ਉਹੋ... ਨਹੀਂ ਨਹੀਂ ਗਾਲ੍ਹਾਂ ਨਹੀਂ... ਚੰਗਾ ਨਹੀਂ ਲੱਗਦਾ।" ਅੰਜੂ ਨੇ ਆਸ ਪਾਸ ਤੱਕਦਿਆਂ ਉਸਦੇ ਮੌਢੇ 'ਤੇ ਹੱਥ ਰੱਖਿਆ। ਅੰਜੂ ਦੇ ਹੱਥ ਦੀ ਛੋਹ 'ਤੇ ਮਲਕਾ ਜਿਵੇਂ ਇਕ ਦਮ ਸ਼ਾਂਤ ਹੋ ਗਈ।

"ਨਹੀਂ ਮੈਂ ਉਸ ਨਾਲ ਲੜਨਾ ਨਹੀਂ ਸੀ ਚਾਹੁੰਦੀ ਪਰ ਉਹ ਬਾਰ ਬਾਰ ਮਨ੍ਹਾਂ ਕਰਨ ਤੇ ਵੀ ਮੇਰੀ ਗੱਡੀ ਵਿੱਚ ਆ ਰਹੀ ਸੀ।"

"ਤੇਰੀ ਗੱਡੀ?" ਅੰਜੂ ਨੂੰ ਕੁਝ ਸਮਝ ਨਹੀਂ ਆਈ

"ਦੱਸਦੀ ਹਾਂ ਪਰ ਇਕ ਗੱਲ ਦੱਸੋ ਜੇ ਮੈਂ ਤੁਹਾਨੂੰ 'ਦੀਦੀ' ਕਹਿੰਦੀ ਹਾਂ ਤਾਂ ਤੁਹਾਨੂੰ ਬੁਰਾ ਤਾਂ ਨਹੀਂ ਲੱਗਦਾ।" ਕੁਝ ਪਲ ਪਹਿਲਾਂ ਗੁੱਸੇ 'ਚ ਲਾਲ ਅੱਖਾਂ ਵਿਚ ਜਿਵੇਂ ਫੇਰ ਉਦਾਸੀ ਪਰਤ ਆਈ ਸੀ।

"ਨਹੀਂ ਨਹੀਂ ਬੁਰਾ ਕਿਉਂ ਲੱਗੇਗਾ ਤੂੰ ਗੱਲ ਦਸ।" ਅੰਜੂ ਨੇ ਫੇਰ ਉਸਦੇ ਮੌਢੇ 'ਤੇ ਹੱਥ ਰਖਿਆ ਜਿਵੇਂ ਉਸਦੇ ਦਿਲ 'ਤੇ ਦਸਤਕ ਦੇ ਰਹੀ ਹੋਵੇ।



"ਦੀਦੀ ਅਸੀਂ ਚਾਰ ਚਾਰ ਦੀ ਟੋਲੀ ਨੇ ਆਪਣੀਆਂ ਗੱਡੀਆਂ ਵੰਡੀਆਂ ਹੋਈਆਂ ਹਨ। ਕੋਈ ਕਿਸੇ ਦੀ ਗੱਡੀ ਵਿੱਚ ਮੰਗਣ ਨਹੀਂ ਜਾਂਦਾ।"

"ਕੀ ਮਤਲਬ?" ਅੰਜੂ ਨੂੰ ਅਜੇ ਵੀ ਕੁਝ ਸਮਝ ਨਹੀਂ ਸੀ ਆਇਆ

ਤੇ ਫੇਰ ਮਲਕਾ ਨੇ ਜਿਵੇਂ ਸ਼ਿਕਾਇਤੀ ਸੁਰ ਵਿੱਚ ਦੱਸਿਆ, "ਦੀਦੀ ਕੀ ਕਰੀਏ ਅੱਗੇ ਅਸੀਂ ਲੋਕ ਘਰਾਂ ਵਿੱਚ ਵਧਾਈ ਲੈਣ ਜਾਂਦੇ ਸੀ ਜਦੋਂ ਕਿਸੇ ਘਰ ਮੁੰਡਾ ਜੰਮਿਆ ਜਾਂ ਵਿਆਹ ਹੋਇਆ। ਲੋਕ ਦਿੰਦੇ ਵੀ ਬਹੁਤ ਸੀ, ਪੈਸੇ, ਕੱਪੜੇ, ਚੀਜ਼ਾਂ, ਦਾਣੇ ਤੇ ਕਈ ਤਾਂ ਸੋਨੇ ਦੇ ਗਹਿਣੇ ਵੀ ਪਾ ਦਿੰਦੇ ਸੀ।"

"ਮਲਕਾ ਆਪਣੀ ਮਰਜ਼ੀ ਨਾਲ ਤਾਂ ਠੀਕ ਬਹੁਤੀ ਵਾਰ ਤਾਂ ਧੱਕੇ ਨਾਲ ਵੀ ਆਪਣੀ ਮੰਗ ਪੂਰੀ ਕਰਵਾਉਂਦੇ ਸੀ।" ਅੰਜੂ ਬਚਪਨ 'ਚ ਦੇਖੀਆਂ ਕਈ ਘਟਨਾਵਾਂ ਯਾਦ ਆ ਗਈਆਂ ਜਦੋਂ ਘਰਾਂ 'ਚ ਖੁਸ਼ੀ ਮੌਕੇ ਨੱਚਣ ਆਏ ਖੁਸਰੇ ਧੱਕੇ ਨਾਲ ਲੋੜ ਤੋਂ ਵੱਧ ਪੈਸੇ ਵਸਤਾਂ ਦੀ ਮੰਗ ਕਰਦੇ ਤੇ ਪੂਰੀ ਨਾ ਹੋਣ 'ਤੇ ਕਈ ਪ੍ਰਕਾਰ ਦੀਆਂ ਬਦ ਦੁਆਵਾਂ ਤੇ ਧਮਕੀਆਂ ਦਿੰਦੇ। ਲੋਕਾਂ ਦੇ ਮਨਾਂ ਵਿੱਚ ਇਹਨਾਂ ਦੀ ਬਦਦੁਆ ਦਾ ਬਹੁਤ ਡਰ ਹੁੰਦਾ ਸੀ ਤੇ ਇਸੇ ਡਰੋਂ ਉਹ ਔਖੇ ਹੋ ਕੇ ਵੀ ਇਨ੍ਹਾਂ ਦੀਆਂ ਮੰਗਾਂ ਪੂਰੀਆਂ ਕਰਦੇ। "ਦੀਦੀ ਲਾਲਚੀ ਬੰਦੇ ਤਾਂ ਹਰ ਥਾਂ 'ਤੇ ਈ ਹੁੰਦੈ ਐ। ਫੇਰ ਅਸੀਂ ਕੀ ਕਰੀਏ ਸਾਨੂੰ ਤਾਂ ਰੱਬ ਨੇ ਈ ਮੰਗ ਖਾਣ ਲਈ ਬਣਾਇਆ। ਹੁਣ ਅਸੀਂ ਘਰਾਂ ਵਿੱਚ ਬਹੁਤਾ ਨਹੀਂ ਜਾਂਦੇ। ਪੜ੍ਹੇ ਲਿਖੇ ਅਮੀਰ ਘਰਾਂ ਵਿੱਚ ਬੱਚੇ ਈ ਇਕ ਦੋ ਹੁੰਦੇ ਐ ਤੇ ਗਰੀਬ ਘਰ ਜਿਥੇ ਬੱਚਿਆਂ ਦੀ ਗਿਣਤੀ ਜ਼ਿਆਦਾ ਹੁੰਦੀ ਐ ਉਥੇ ਉਨ੍ਹਾਂ ਨੂੰ ਖਾਣ ਵਾਸਤੇ ਕੁਝ ਨਹੀਂ ਮਿਲਦਾ ਸਾਨੂੰ ਕਿਸੇ ਨੇ ਕੀ ਦੇਣੈ। ਇਸ ਲਈ ਹੁਣ ਅਸੀਂ ਬਾਜ਼ਾਰਾਂ ਵਿੱਚ, ਗੱਡੀਆਂ ਬੱਸਾਂ ਵਿੱਚ ਮੰਗਦੇ ਹਾਂ। ਪਹਿਲਾਂ ਆਪੋ ਆਪਣੇ ਪਿੰਡ, ਗਲੀ, ਮਹੱਲੇ ਵੰਡੇ ਹੋਏ ਸੀ ਹੁਣ ਆਹ ਗੱਡੀਆਂ ਬੱਸਾਂ ਬਜ਼ਾਰ ਵੰਡੇ ਹੋਏ ਨੇ।"

"ਅੱਛਾ।" ਅੰਜੂ ਨੇ ਸਿਰ ਹਿਲਾਉਂਦਿਆਂ ਕਿਹਾ ਹੁਣ ਉਸਨੂੰ 'ਮੇਰੀ ਗੱਡੀ' ਦੀ ਸਮਝ ਆਈ ਸੀ।

"ਹਾਂ, ਸੋਨੀਆਂ ਨਾਲ ਉਸ ਦਿਨ ਲੜਾਈ ਇਸੇ ਕਰਕੇ ਹੋਈ ਸੀ। ਮੇਰਾ ਕੋਈ ਕਸੂਰ ਨਹੀਂ ਸੀ। ਤੂੰ ਦੇਖਿਆ ਨਹੀਂ ਮੇਰੇ ਕਿੰਨੀ ਸੱਟ ਲੱਗ ਗਈ ਸੀ।" ਮੱਥੇ 'ਤੇ ਸੱਟ ਦੇ ਨਿਸ਼ਾਨ 'ਤੇ ਹੱਥ ਲਾਉਂਦਿਆਂ ਉਹ ਦੱਸਿਆ "ਆਹ ਪੰਜ ਟਾਂਕੇ ਲੱਗੇ ਸਨ। ਨਾਲੇ ਮੇਰੇ ਪੈਸੇ ਖਰਚ ਹੋਏ ਨਾਲ ਪੰਦਰਾਂ ਦਿਨ ਘਰ ਬੈਠਣਾ ਪਿਆ।" ਮਲਕਾ ਹੁਣ ਕਾਫ਼ੀ ਖੁੱਲ੍ਹ ਕੇ ਗੱਲਾਂ ਕਰ ਰਹੀ ਸੀ ਜਿਸ ਨਾਲ ਅੰਜੂ ਦੀ ਝਿਜਕ ਵੀ ਘਟਣ ਲੱਗੀ।

"ਮਲਕਾ ਇਕ ਗਲ ਦੱਸ ਮੈਂ ਸੁਣਿਐ ਜਿਸ ਘਰ ਇਹੋ ਜਿਹਾ ਬੱਚਾ ਪੈਦਾ ਹੁੰਦੈ ਪਤਾ ਲੱਗਣ ਤੇ ਤੁਸੀਂ ਜਬਰਦਸਤੀ ਚੁੱਕ ਲਿਆਉਂਦੇ ਹੋ।"

ਮਲਕਾ ਜੋਰ ਦੀ ਹੱਸ ਪਈ ਪਰ ਇਸ ਹਾਸੇ ਵਿੱਚ ਖੁਸ਼ੀ ਨਹੀਂ, ਤਿੱਖਾਂ ਵਿਅੰਗ ਤੇ ਦੁੱਖ ਦਾ ਭਾਵ ਸੀ, "ਦੀਦੀ ਇਹ ਗੱਲ ਬਿਲਕੁਲ ਝੂਠ ਐ। ਹੁਣ ਤੂੰ ਦੱਸ ਕਦੀ ਅੱਜ ਤੱਕ ਕਿਸੇ ਨੇ ਆਪਣੇ ਅੱਖੀਂ ਇਸ ਤਰ੍ਹਾਂ ਹੁੰਦਾ ਦੇਖਿਐ ਬਈ ਕਿਸੇ ਅਜਿਹੇ ਬੱਚੇ ਨੂੰ ਘਰ ਪਰਿਵਾਰ ਵਾਲੇ ਬਾਕੀ ਬੱਚਿਆਂ ਵਾਂਗ ਪਾਲ ਪੋਸ ਰਹੇ ਹੋਣ ਤੇ ਖੁਸਰੇ

ਉਸਨੂੰ ਜਬਰਦਸਤੀ ਲੈ ਗਏ ਹੋਣ। ਅਸੀਂ ਕਿਉਂ ਕਿਸੇ ਨੂੰ ਉਸਦੇ ਪਰਿਵਾਰ ਨਾਲੋਂ ਵੱਖ ਕਰਾਂਗੇ ਜੇ ਉਸਦਾ ਪਰਿਵਾਰ ਨਾਲ ਰੱਖ ਕੇ ਖੁਸ਼ ਹੈ। ਅਸਲ ਗੱਲ ਤਾਂ ਦੀਦੀ ਇਹ ਹੈ ਕਿ ਪਰਿਵਾਰ ਵਾਲੇ ਖ਼ੁਦ ਹੀ ਨਹੀਂ ਰੱਖਣਾ ਚਾਹੁੰਦੇ। ਹਾਲਾਤ ਇਸ ਤਰ੍ਹਾਂ ਦੇ ਬਣ ਜਾਂਦੇ ਨੇ ਜਾਂ ਬਣਾ ਦਿੱਤੇ ਜਾਂਦੇ ਹਨ ਕਿ ਉਹ ਖ਼ੁਦ ਹੀ ਸਾਡੇ ਕੋਲ ਆ ਜਾਂਦਾ ਹੈ।" ਬੜੇ ਧਿਆਨ ਨਾਲ ਮਲਕਾ ਦੀ ਗੱਲ ਸੁਣ ਰਹੀ ਅੰਜੂ ਸਾਹਮਣੇ ਮਲਕਾ ਦਾ ਇਕ ਵੱਖਰਾ ਰੂਪ ਉੱਘੜ ਰਿਹਾ ਸੀ। ਉਸਦੀ ਸੋਚ, ਗੱਲਬਾਤ ਦਾ ਲਹਿਜਾ, ਇਹ ਤਾਂ ਪਹਿਲਾਂ ਵਾਲੀ ਮਲਕਾ ਨਹੀਂ।

"ਹਾਂ ਮਲਕਾ ਤੇਰੀ ਗੱਲ ਠੀਕ ਜਾਪਦੀ ਐ ਪਰ ਇਹ ਤਾਂ ਸੱਚ ਹੈ ਕਿ ਤੁਹਾਡੇ ਵਿੱਚ ਕੁਝ ਲੋਕ ਖੁਸਰੇ ਨਹੀਂ ਹੁੰਦੇ। ਦੇਖ ਸਾਡੇ ਕੋਲ ਤਾਂ ਆਸ ਪਾਸ ਤੋਂ ਸੁਣੀਆਂ ਸੁਣਾਈਆਂ ਗੱਲਾਂ ਨੇ ਬਈ ਤੁਹਾਡੇ ਆਪਣੇ ਡੇਰੇ ਹੁੰਦੇ ਐ ਜਿਸਨੂੰ ਤੁਹਾਡੇ ਵਿੱਚੋਂ ਹੀ ਕੋਈ ਵੱਡਾ ਵਡੇਰਾ ਚਲਾਉਂਦਾ ਹੈ ਤੇ ਤੁਸੀਂ ਆਪਣੀ ਤਾਕਤ ਵਧਾਉਣ ਲਈ ਲਾਲਚ ਦੇ ਕੇ ਜਾਂ ਜਬਰਦਸਤੀ ਲੋਕਾਂ ਨੂੰ ਆਪਣੇ ਨਾਲ ਰਲਾਉਂਦੇ ਹੋ।"

"ਨਹੀਂ ਨਹੀਂ ਇਥੇ ਵੀ ਜਬਰਦਸਤੀ ਕੋਈ ਨਹੀਂ। ਹਾਂ ਇਹ ਠੀਕ ਐ ਸਾਡੀਆਂ ਟੋਲੀਆਂ ਵਿੱਚ ਸਾਰੇ ਖੁਸਰੇ ਨਹੀਂ ਹੁੰਦੇ। ਕਈ ਵਾਰ ਗਰੀਬੀ ਦੇ ਮਾਰੇ ਬੰਦੇ ਵੀ ਸਾਡੇ ਨਾਲ ਆ ਰਲਦੇ ਨੇ। ਸਾਡੇ ਨਾਲ ਜਿਹੜਾ ਢੋਲਕੀ ਵਜਾਉਂਦਾ ਹੈ ਉਹ ਖੁਸਰਾ ਨਹੀਂ ਪਰ ਇਹ ਆਪਣੀ ਮਰਜੀ ਨਾਲ ਸਾਡੇ ਨਾਲ ਨੇ ਤੇ ਇਹ ਸਾਨੂੰ ਬੁਰਾ ਨਹੀਂ ਸਮਝਦੇ। ਦੀਦੀ ਹੈ ਤਾਂ ਅਸੀਂ ਵੀ ਇਨਸਾਨ ਦੀ ਔਲਾਦ ਹੀ ਪਰ ਆਦਮੀ ਔਰਤ ਦੀ ਜਾਤ ਨਹੀਂ ਇਸੇ ਲਈ ਘਰਾਂ 'ਚ ਦੁਰਕਾਰੇ ਹੋਏ ਹਾਂ।"

"ਮਲਕਾ ਇਕ ਗੱਲ ਹੋਰ ਦੱਸ ਕਹਿੰਦੇ ਐ ਜਦੋਂ ਕੋਈ ਖੁਸਰਾ ਮਰ ਜਾਂਦੈ ਤਾਂ ਉਸਦਾ ਅੰਤਮ ਕਿਰਿਆ ਕਰਨ ਤੋਂ ਪਹਿਲਾਂ ਤੁਸੀਂ ਉਸਨੂੰ ਜੁੱਤੀਆਂ ਮਾਰਦੇ ਹੋ ਬਈ ਦੁਬਾਰਾ ਇਸ ਜੂਨ ਵਿੱਚ ਨਾ ਆਵੀ।" ਅੰਜੂ ਨੇ ਇਹ ਗੱਲ ਬੜੇ ਡਰਦਿਆਂ ਡਰਦਿਆਂ ਪੁੱਛੀ

"ਦੀਦੀ ਮੈਂ ਤੁਹਾਨੂੰ ਸਾਰਾ ਕੁਝ ਨਹੀਂ ਦਸ ਸਕਦੀ। ਪਰ ਇਹ ਗੱਲ ਵੀ ਬਿਲਕੁਲ ਝੂਠ ਹੈ। ਘਰ ਵਿੱਚ ਕੋਈ ਕੁੱਤਾ ਬਿੱਲੀ ਵੀ ਰੱਖੋ ਤਾਂ ਉਸ ਨਾਲ ਵੀ ਪਿਆਰ ਹੋ ਜਾਂਦੈ। ਉਸਦੇ ਮਰਨ ਦਾ ਵੀ ਦੁੱਖ ਹੁੰਦੈ। ਇਥੇ ਤਾਂ ਮਰਨ ਵਾਲਾ ਇਨਸਾਨ ਐ ਉਸ ਨਾਲ ਇੰਝ ਕਿਵੇਂ ਕੀਤਾ ਜਾ ਸਕਦੈ। ਹਾਂ ਅਸੀਂ ਦਿਲੋਂ ਅਰਦਾਸ ਜ਼ਰੂਰ ਕਰਦੇ ਹਾਂ ਪ੍ਰਮਾਤਮਾ ਦੁਬਾਰਾ ਇਸਨੂੰ ਤਾਂ ਕੀ ਕਿਸੇ ਨੂੰ ਵੀ ਇਸ ਜੂਨੇ ਨਾ ਪਾਵੀਂ।" ਕਹਿੰਦੀਆਂ ਮਲਕਾ ਦੀ ਆਵਾਜ਼ ਭਾਰੀ ਹੋ ਗਈ।

ਅੰਜੂ ਨੂੰ ਮਲਕਾ ਬੇਹੱਦ ਮਾਸੂਮ ਨਿਰਛਲ ਜਾਪ ਰਹੀ ਸੀ "ਮਲਕਾ ਤੂੰ ਆਪਣੀ ਟੋਲੀ ਵਾਲਿਆਂ ਵਰਗੀ ਨਹੀਂ ਤੂੰ ਬਹੁਤ ਚੰਗੀ ਐ।"

"ਨਹੀਂ ਨਹੀਂ ਦੀਦੀ ਉਹ ਵੀ ਸਾਰੇ ਚੰਗੇ ਐ। ਸਾਨੂੰ ਸਾਡੇ ਹਾਲਾਤ ਮਾੜਾ ਬਣਾ ਦਿੰਦੇ ਐ।"

"ਨਹੀਂ ਮੇਰਾ ਮਤਲਬ ਇਹ ਨਹੀਂ ਸੀ। ਅਸਲ ਵਿੱਚ ਸੱਚ ਦੱਸਾਂ ਮੈਂ ਬਚਪਨ ਤੋਂ ਹੀ ਖੁਸਰਿਆਂ ਤੋਂ ਬਹੁਤ ਡਰਦੀ ਸੀ ਮਲਕਾ ਗੁੱਸਾ ਨਾ ਕਰੀਂ।" ਅੰਜੂ ਨੇ ਬੜੇ ਪਿਆਰ ਨਾਲ ਉਸਨੂੰ ਕਿਹਾ, "ਮੈਂ ਹੁਣ ਤਕ ਮੋਟੇ ਕਾਲੇ ਭੱਦੀਆਂ ਸ਼ਕਲਾਂ ਆਵਾਜ਼ਾਂ



ਵਾਲੇ ਖੁਸਰੇ ਹੀ ਦੇਖੇ ਸੀ ਉਤੋਂ ਗੋਟੇ ਕਿਨਾਰੀਆਂ ਵਾਲੇ ਰੰਗੇ ਬਿਰੰਗੇ ਭੜਕੀਲੇ ਕੱਪੜੇ ਤੇ ਉਹੋ ਜਿਹੇ ਭੜਕੀਲੇ ਰੰਗਾਂ ਨਾਲ ਲਿਪਿਆ ਮੂੰਹ ਸਿਰ। ਤੈਨੂੰ ਦੇਖ ਕੇ ਮੈਨੂੰ ਯਕੀਨ ਨਹੀਂ ਸੀ ਹੁੰਦਾ ਬਈ ਕੋਈ ਖੁਸਰਾ ਵੀ ਐਨਾ ਸੋਹਣਾ ਹੋ ਸਕਦੈ। ਤੂੰ ਬਹੁਤ ਸੋਹਣੀ ਐ।"

ਆਪਣੀ ਸਿਫਤ ਸੁਣ ਕੇ ਖੁਸ਼ ਹੋਣ ਦੀ ਬਜਾਇ ਮਲਕਾ ਜਿਵੇਂ ਹੋਰ ਉਦਾਸ ਹੋ ਗਈ। ਇਕ ਥਾਂ ਤੇ ਇਕ ਟੱਕ ਵੇਖਦੀ ਉਹ ਬੜੀ ਹੌਲੀ ਜਿਹੀ ਬੋਲੀ, "ਹਾਂ ਦੀਦੀ ਮੈਨੂੰ ਪਤੈ ਮੇਰੀ ਮਾਂ ਵੀ ਇਹੀ ਕਹਿੰਦੀ ਸੀ ਤੇ ਮੇਰੀਆਂ ਸਹੇਲੀਆਂ ਵੀ... ਜਦੋਂ ਤਕ ਉਨ੍ਹਾਂ ਨੂੰ ਪਤਾ ਨਹੀਂ ਸੀ ਲੱਗਾ।" ਉਸਦਾ ਗੱਚ ਭਰ ਆਇਆ ਸੀ।

"ਮਲਕਾ ਤੂੰ ਆਪਣੀ ਮਾਂ ਨੂੰ ਬਹੁਤ ਪਿਆਰ ਕਰਦੀ ਹੈਂ?" ਮਲਕਾ ਮੂੰਹੋਂ ਬੋਲੀ ਨਹੀਂ ਕੇਵਲ ਸਿਰ ਨਾਲ ਇਸ਼ਾਰਾ ਕਰਦਿਆਂ ਹਾਮੀ ਭਰੀ। ਤੇ ਫਿਰ ਕਿੰਨੀ ਦੇਰ ਗੋਡਿਆਂ ਵਿੱਚ ਸਿਰ ਦੇ ਕੇ ਬੈਠੀ ਰਹੀ। ਸਿਮਰਨ ਤੇ ਰੀਤਿਕਾ ਕਦੋਂ ਆਪਣੇ ਸਟੇਸ਼ਨ ਤੇ ਉਤਰੀਆਂ। ਅੰਜੂ ਨੂੰ ਪਤਾ ਹੀ ਨਹੀਂ ਲੱਗਾ। ਉਨ੍ਹਾਂ ਦੋਹਾਂ ਨੇ ਅੱਜ ਰਸਤੇ ਵਿੱਚ ਹੀ ਕਿਸੇ ਕੰਮ ਲਈ ਰੁਕਣਾ ਸੀ। ਰੇਨੂੰ ਬਾਰੀ ਨਾਲ ਢੋਹ ਲਾਈ ਸੌਂ ਰਹੀ ਸੀ।

ਕੁਝ ਚਿਰ ਪਿੱਛੋਂ ਮਲਕਾ ਨੇ ਦੁਪੱਟੇ ਨਾਲ ਅੱਖਾਂ ਪੂੰਝਦਿਆਂ ਸਿਰ ਚੁੱਕਿਐ, ਪਿੱਛੇ ਢੋਹ ਲਾ ਕੇ ਸਿੱਧੀ ਬੈਠ ਗਈ ਤੇ ਅੰਜੂ ਨਾਲ ਨਜ਼ਰਾਂ ਮਿਲਾਏ ਬਗੈਰ ਆਪਣੀ ਕਹਾਣੀ ਦੱਸਣੀ ਸ਼ੁਰੂ ਕਰ ਦਿੱਤੀ। ਮੂਲ ਰੂਪ ਵਿੱਚ ਉਹ ਬਿਹਾਰ ਦੀ ਰਹਿਣ ਵਾਲੀ ਸੀ। ਪੜ੍ਹੇ ਲਿਖੇ ਮਾਂ ਬਾਪ ਦੀ ਪੰਜਵੀਂ ਔਲਾਦ ਉਸਦੀ ਮਾਂ ਸਕੂਲ ਟੀਚਰ ਸੀ ਤੇ ਪਿਉ ਕਿਸੇ ਸਰਕਾਰੀ ਮਹਿਕਮੇ ਵਿੱਚ ਅਫਸਰ। ਪਰ ਮਹਿਕਮਾ ਕਿਹੜਾ ਸੀ ਉਸਨੂੰ ਕੁਝ ਯਾਦ ਨਹੀਂ ਸੀ। ਯਾਦ ਸੀ ਤਾਂ ਸਿਰਫ ਇਹ ਕਿ ਉਸਦਾ ਪਿਉ ਉਸਨੂੰ ਅੰਤਾਂ ਦੀ ਨਫਰਤ ਕਰਦਾ ਸੀ। ਵੱਡੀਆਂ ਦੋ ਭੈਣਾਂ ਤੇ ਫੇਰ ਦੋ ਭਰਾ ਸਾਰੇ ਪੜ੍ਹਨ ਵਾਲੇ ਸਭ ਤੋਂ ਵੱਡੀ ਭੈਣ ਕਿਸੇ ਕਾਲਜ ਵਿੱਚ ਪੜ੍ਹਦੀ ਸੀ। ਘਰ ਵਿੱਚ ਜੇ ਪੈਸਾ ਬਹੁਤ ਜ਼ਿਆਦਾ ਨਹੀਂ ਸੀ ਤਾਂ ਕੋਈ ਕਮੀ ਵੀ ਨਹੀਂ ਸੀ, ਮਾਂ-ਬਾਪ ਦੋਵੇਂ ਕਮਾਉਣ ਵਾਲੇ। ਵੱਡੇ ਭੈਣ ਭਰਾ ਪਿਤਾ ਨਾਲ ਲਾਡ ਕਰਦਿਆਂ ਉਸਨੂੰ ਆਪਣੀਆਂ ਨਿੱਕੀਆਂ ਵੱਡੀਆਂ ਫਰਮਾਇਸ਼ਾਂ ਦਸਦੇ ਜਿਨ੍ਹਾਂ ਨੂੰ ਲੱਗਦੀ ਵਾਹ ਉਹ ਪੂਰਾ ਵੀ ਕਰਦਾ ਪਰ ਮਲਕਾ ਨੂੰ ਸਾਹਮਣੇ ਦੇਖਦਿਆਂ ਹੀ ਉਹ ਅੱਗ ਬਗੂਲਾ ਹੋ ਜਾਂਦਾ ਤੇ ਬਿਨਾਂ ਕਿਸੇ ਦੋਸ਼ ਦੇ ਝਿੜਕਾਂ ਗਾਲਾਂ ਦੇਂਦਿਆਂ ਚਪੇੜਾਂ ਮੁੱਕਿਆਂ ਨਾਲ ਭੰਨ ਸੁੱਟਦਾ। ਪਹਿਲਾਂ ਪਹਿਲ ਵੱਡੇ ਭੈਣ ਭਰਾਵਾਂ ਚੋਂ ਕੋਈ ਉਸਨੂੰ ਛੁਡਾਉਣ ਦੀ ਕੋਸ਼ਿਸ਼ ਕਰਦਾ ਸੀ ਪਰ ਫੇਰ ਉਹ ਵੀ ਇਧਰ ਉਧਰ ਹੋ ਜਾਂਦੇ ਮਲਕਾ ਸੋਚਦੀ ਸ਼ਾਇਦ ਉਹ ਵੀ ਪਿਤਾ ਤੋਂ ਡਰਦੇ ਸਨ। ਅਜਿਹੇ ਮੌਕੇ ਮਾਂ ਹੀ ਸੀ ਜਿਹੜੀ ਆਪ ਵੀ ਅੱਖਾਂ ਚੋਂ ਪਰਲ ਪਰਲ ਅੱਥਰੂ ਵਹਾਉਂਦੀ ਉਸਨੂੰ ਬੁੱਕਲ 'ਚ ਲੈ ਆਪਣੀ ਮਮਤਾ ਦੀ ਮਰਹਮ ਉਸਦੇ ਤਨ ਦੇ ਜ਼ਖ਼ਮਾਂ ਤੇ ਲਾਉਂਦੀ।

"ਹਾਂ ਹਾਂ ਬਿਠਾ ਇਸੇ ਗੋਦ ਮੇਂ, ਬੜਾ ਨਾਮ ਰੌਸ਼ਨ ਕਰੇਗੀ ਹਮਾਰਾ।" ਪਿਤਾ ਆਪਣਾ ਗੁੱਸਾ ਮਾਂ ਤੇ ਵੀ ਉਤਾਰਦਾ, "ਅਰੇ ਇਸੇ ਮਾਰ ਕਿਉਂ ਨਹੀਂ ਦੇਤੀ।"

"ਕੈਸੇ ਮਾਰ ਦੂੰ? ਹੈ ਤੋ ਅਪਨਾ ਹੀ ਖ਼ੂਨ। ਹੇ ਭਗਵਾਨ ਇਸਕਾ ਕਿਆ ਦੋਸ਼ ਥਾ ਜੋ ਇਸੇ ਯੇਹ ਸਜ਼ਾ ਦੀ।" ਮਾਂ ਨੂੰ ਸਿਸਕੀਆਂ ਲੈਂਦੀ ਰੋਂਦੀ ਦੇਖ ਮਲਕਾ ਆਪੇ ਹੀ ਚੁੱਪ ਕਰ ਜਾਂਦੀ।

ਇਹ ਮਾਂ ਹੀ ਸੀ ਜਿਸਨੇ ਸਮਾਜ ਤੋਂ ਉਹਲਾ ਰੱਖਦਿਆਂ ਉਸਨੂੰ ਸਕੂਲ ਦਾਖ਼ਲ ਕਰਵਾਇਆ। ਪਰ ਉਹਲਾ ਰਹਿ ਨਹੀਂ ਸਕਿਆ। ਤਿੰਨ ਚਾਰ ਸਾਲ ਸ਼ਾਇਦ ਬਾਹਰ ਵੀ ਕਿਸੇ ਨੂੰ ਕੁਝ ਪਤਾ ਨਹੀਂ ਸੀ ਇਸ ਲਈ ਆਰਾਮ ਨਾਲ ਨਿਕਲ ਗਏ। ਪਰ ਫੇਰ ਉਸਨੂੰ ਲੱਗਦਾ ਜਿਵੇਂ ਕੁੜੀਆਂ ਖਾਸ ਤੌਰ ਤੇ ਵੱਡੀ ਕਲਾਸ ਦੀਆਂ ਉਸਨੂੰ ਦੇਖ ਕੇ ਘੁਸਰ ਮੁਸਰ ਕਰਦੀਆਂ ਹਨ, ਵਿਚ ਵਿਚ ਉਸਨੂੰ 'ਖੁਸਰੀ' ਸ਼ਬਦ ਵੀ ਸੁਣਾਈ ਦਿੰਦਾ। ਉਸ ਸਮੇਂ ਤਕ ਉਹ ਖੁਦ ਵੀ ਆਪਣੇ ਸਭ ਕੁਝ ਤੋਂ ਅਨਜਾਣ ਸੀ ਪਰ ਪੰਜਵੀਂ ਤਕ ਪਹੁੰਚਦਿਆਂ ਉਹ ਜਾਣ ਗਈ ਕਿ ਉਹ ਆਪਣੀਆਂ ਸਹੇਲੀਆਂ ਵਰਗੀ ਨਹੀਂ ਸੀ। ਤੇ ਉਹ ਹੌਲੀ ਹੌਲੀ ਲੋਕਾਂ ਦੀ ਨਫਰਤ ਦਾ ਪਾਤਰ ਬਣਨ ਲੱਗੀ। ਪਹਿਲਾਂ ਸਕੂਲ ਵਿੱਚ ਫਿਰ ਆਸਪਾਸ ਤੇ ਰਿਸ਼ਤੇਦਾਰਾਂ ਵਿੱਚ ਤੇ ਫੇਰ ਆਪਣੇ ਹੀ ਘਰ ਵਿੱਚ ਜਿਥੇ ਪਹਿਲਾਂ ਕੇਵਲ ਪਿਉ ਹੀ ਨਫ਼ਰਤ ਕਰਦਾ ਸੀ ਤੇ ਹੁਣ ਉਸ ਨਾਲ ਭੈਣ ਭਰਾ ਵੀ ਸ਼ਾਮਲ ਹੋ ਗਏ ਸਨ। ਇਕ ਦਿਨ ਉਸਦੇ ਸਕੂਲ ਵਿੱਚ ਹੀ ਪੜ੍ਹਦੀ ਉਸਦੀ ਭੈਣ ਘਰ ਆ ਕੇ ਬੜਾ ਚੀਕੀ ਚਿਲਾਈ ਸੀ ਕਿ ਉਸਨੂੰ ਸਕੂਲ ਵਿੱਚ "ਖੁਸਰੀ ਦੀ ਭੈਣ" ਕਹਿ ਕੇ ਕੁੜੀਆਂ ਨੇ ਤੰਗ ਕੀਤਾ ਸੀ। ਉਸਦਾ ਸਕੂਲ ਜਾਣਾ ਬੰਦ ਹੋ ਗਿਆ ਜਿਥੇ ਉਹ ਹੁਣ ਖੁਦ ਹੀ ਨਹੀਂ ਸੀ ਜਾਣਾ ਚਾਹੁੰਦੀ। ਫੇਰ ਉਸਦੇ ਭੈਣ ਭਰਾਵਾਂ ਨੇ ਉਸਤੋਂ ਕੰਨੀਂ ਕਤਰਾਉਣੀ ਸ਼ੁਰੂ ਕਰ ਦਿੱਤੀ। ਕਦੀ ਕੋਈ ਵੱਡਾ ਭੈਣ ਭਰਾ ਉਸਨੂੰ ਆਪਣੇ ਨਾਲ ਬਾਹਰ ਨਹੀਂ ਲੈ ਕੇ ਜਾਂਦਾ ਸਗੋਂ ਉਸਨੂੰ ਹਿਦਾਇਤਾਂ ਦਿੰਦੇ "ਤੂੰ ਬਾਹਰ ਨਹੀਂ ਜਾਏਗੀ। ਤੁਨੇ ਕਿਸੀ ਸੇ ਕੋਈ ਬਾਤ ਨਹੀਂ ਕਰਨੀ। ਲੋਗ ਹਮਾਰਾ ਮਜ਼ਾਕ ਬਨਾਤੇ ਹੈਂ। ਮਾਂ ਉਨ੍ਹਾਂ ਨੂੰ ਰੋਕਦੀ ਝਿੜਕਦੀ ਮਲਕਾ ਨੂੰ ਪਿਆਰ ਕਰਦੀ। ਪਰ ਇਕ ਦਿਨ ਮਾਂ ਵੀ ਜਿਵੇਂ ਅੰਦਰੋਂ ਟੁੱਟ ਗਈ ਸੀ। ਸਭ ਤੋਂ ਵੱਡੀ ਭੈਣ, ਜਿਸਦੀ ਮੰਗਣੀ ਇਕ ਚੰਗੇ ਖਾਂਦੇ ਪੀਂਦੇ ਪਰਿਵਾਰ ਵਿੱਚ ਹੋਈ ਸੀ, ਦਾ ਰਿਸ਼ਤਾ ਮੁੰਡੇ ਵਾਲਿਆਂ ਨੇ ਤੋੜ ਦਿੱਤਾ ਕਿਉਂ ਜੋ ਉਸ ਨੂੰ ਪਤਾ ਲਗ ਗਿਆ ਸੀ ਕਿ ਉਸਦੀ ਛੋਟੀ ਭੈਣ ਕੁੜੀ ਨਹੀਂ ਬਲਕਿ...।

ਉਸ ਦਿਨ ਮਾਂ ਉਸਨੂੰ ਛਾਤੀ ਨਾਲ ਲਾ ਕੇ ਫੁੱਟ ਫੁੱਟ ਰੋਈ ਸੀ।

"ਦੀਦੀ ਉਸ ਇਕੋ ਦਿਨ ਵਿੱਚ ਮੇਰਾ ਬਚਪਨ ਮੇਰੀ ਮਾਸੂਮੀਅਤ ਮੁੱਕ ਗਈ। ਮੈਂ ਕਈ ਸਾਲ ਅਗੇ ਲੰਘ ਆਈ ਤੇ ਸਮਝ ਗਈ ਆਪਣੇ ਬਾਰੇ ਘਰਦਿਆਂ ਬਾਰੇ...ਤੇ ਕੁਝ ਦਿਨ ਹੋਰ ਸਾਡੀ ਗਲੀ ਵਿੱਚ ਖੁਸਰੇ ਕਿਸੇ ਘਰ ਵਧਾਈ ਲੈਣ ਆਏ ਸਨ ਮੈਂ ਚੁੱਪਚਾਪ ਉਨ੍ਹਾਂ ਪਿੱਛੇ ਤੁਰ ਆਈ।"

"ਤੇਰੀ ਉਮਰ ਉਦੋਂ ਕਿੰਨੀ ਸੀ।"

"ਇਹੀ ਕੋਈ ਗਿਆਰਾਂ ਬਾਰਾਂ ਸਾਲ।"

"ਤੂੰ ਦੁਬਾਰਾ ਕਦੀ ਘਰ ਨਹੀਂ ਗਈ।" ਅੰਜੂ ਨੇ ਉਸਦੀਆਂ ਅੱਖਾਂ 'ਚ ਤੱਕਦਿਆਂ ਪੁੱਛਿਆ।



"ਗਈ ਸੀ ਪਹਿਲੀ ਵਾਰ ਘਰੋਂ ਨਿਕਲਣ ਤੋਂ ਸੱਤ ਸਾਲ ਬਾਅਦ। ਮੈਨੂੰ ਉਨ੍ਹਾਂ ਸਾਰਿਆਂ ਦੀ ਯਾਦ ਆਉਂਦੀ ਸੀ। ਮੇਰੇ ਕੋਲ ਪੈਸੇ ਸਨ। ਸਾਰਿਆਂ ਲਈ ਤੋਹਫੇ ਖਰੀਦੇ। ਮੈਨੂੰ ਲੱਗਿਆ ਐਨੇ ਸਮੇਂ ਪਿਛੋਂ ਉਹ ਮੈਨੂੰ ਮਿਲ ਕੇ ਖੁਸ਼ ਹੋਣਗੇ। ਨਾਲ ਮੈਂ ਕਿਹੜਾ ਉਨ੍ਹਾਂ ਕੋਲ ਹਮੇਸ਼ਾਂ ਰਹਿਣਾ ਸੀ। ਪਰ ਇਕ ਡਰ ਮੇਰੇ ਮਨ ਵਿੱਚ ਵੀ ਸੀ। ਇਸ ਲਈ ਮੈਂ ਜਾਣ ਬੁਝ ਕੇ ਰਾਤੀਂ ਹਨੇਰਾ ਪੈਣ ਤੇ ਘਰ ਪਹੁੰਚੀ। ਦਰਵਾਜ਼ਾ ਵੱਡੇ ਭਰਾ ਨੇ ਖੋਲ੍ਹਿਆ ਪਰ ਇਕ ਦਮ ਪਛਾਣਿਆ ਨਹੀਂ। ਮਰੀਅਲ ਕਮਜ਼ੋਰ ਸਰੀਰ ਹੁਣ ਭਰ ਜੁਆਨ ਸੀ "ਮੈਂ ਸਵਿਤਰੀ...।" ਭਰਾ ਨੇ ਇਕ ਪਲ ਗਹੁ ਨਾਲ ਤੱਕਿਆ ਤੇ ਬਿਨਾਂ ਬੋਲਿਆਂ ਅੰਦਰ ਚਲਾ ਗਿਆ। ਦਿਲ ਕੀਤਾ ਮੈਂ ਵੀ ਪਰਤ ਜਾਵਾਂ ਪਰ ਮਾਂ ਨੇ ਅੰਦਰੋਂ ਹੀ ਮੇਰੀ ਆਵਾਜ਼ ਪਛਾਣ ਲਈ ਸੀ। ਉਸ ਗਲ ਨਾਲ ਲਾਇਆ ਅੰਦਰ ਲਿਜਾਣ ਲੱਗੀ ਪਰ ਪਿਉ ਤੇ ਭਰਾ ਦੀ ਅੰਦਰੋਂ ਆਉਂਦੀ ਗੁੱਸੇ ਭਰੀ ਆਵਾਜ਼ ਨੇ ਮੇਰੇ ਪੈਰ ਬੰਨ੍ਹ ਦਿੱਤੇ। ਮੈਂ ਉਥੇ ਹੀ ਰੁਕ ਸੁਣਨ ਲੱਗੀ ਉਨ੍ਹਾਂ ਦੀ ਗਲਬਾਤ ਤੋਂ ਪਤਾ ਲੱਗਾ ਦੋਨਾਂ ਭੈਣਾਂ ਤੇ ਵੱਡੇ ਭਰਾ ਦਾ ਵਿਆਹ ਹੋ ਚੁੱਕਾ ਸੀ। ਭੈਣਾਂ ਆਪੋ ਆਪਣੇ ਸਹੁਰੇ ਤੇ ਭਰਜਾਈ ਪੇਕੇ ਗਈ ਹੋਈ ਸੀ ਤੇ ਉਹ ਹੁਣ ਇਹ ਸ਼ੁਕਰ ਕਰ ਰਹੇ ਸਨ ਕਿ ਮੈਂ ਉਨ੍ਹਾਂ ਦੀ ਗੈਰ ਹਾਜ਼ਰੀ ਵਿੱਚ ਆਈ ਸੀ।"

"ਪਰ ਅਬ ਯੇ ਯਹਾਂ ਕਿਆ ਲੇਨੇ ਆਈ ਹੈ। ਇਸ ਘਰ ਦਾ ਸੁਖ ਸ਼ਾਂਤੀ ਛੀਨਨੇ।" ਪਿਤਾ ਦੇ ਕੁਰੱਖਤ ਬੋਲ ਉਚੀ ਹੋ ਗਏ ਸਨ।

"ਹਮਨੇ ਸੋਚਾ ਥਾ ਕਹੀ ਮਰ ਖੱਪ ਗਈ ਹੋਗੀ ਪਰ ਯੇ...।" ਮੈਂ ਤੁਰਦੀ ਤੁਰਦੀ ਉਨ੍ਹਾਂ ਦੇ ਕਮਰੇ ਦੇ ਬੂਹੇ ਤੇ ਪਹੁੰਚ ਰੁਕ ਗਈ ਤੇ ਬਿਨਾਂ ਕਿਸੇ ਸੰਬੋਧਨ ਦੇ ਕਿਹਾ, "ਮੇਰੇ ਸੇ ਬਹੁਤ ਬੜੀ ਗਲਤੀ ਹੋ ਗਈ। ਮੈਂ ਯਹਾਂ ਰਹਿਨੇ ਨਹੀਂ ਆਈ ਥੀ ਆਪ ਸਭ ਕੋ ਦੇਖਨੇ ਕੀ ਮਨ ਮੇਂ ਤੜਪ ਥੀ ਪਰ ਆਪ ਬੇਫ਼ਿਕਰ ਰਹੇਂ ਅਬ ਦੁਬਾਰਾ ਕਭੀ ਨਹੀਂ ਹੋਗੀ।" ਤੇ ਮੈਂ ਪਰਤ ਆਈ।

ਮਾਂ ਨੇ ਰੋਕਿਆ, "ਇਤਨੀ ਰਾਤ ਕੋ ਕਹਾਂ ਜਾਏਗੀ।"

"ਮਾਂ ਮੇਰੇ ਜੈਸੋਂ ਕੇ ਲੀਏ ਰਾਤ ਕਿਆ ਔਰ ਸੁਬਹ ਕਿਆ? ਹਾਂ ਔਰ ਜਾ ਰਹੀ ਹੂੰ ਵਹੀਂ ਜਹਾਂ ਸੇ ਆਈ ਥੀ।" "ਤੇ ਦੀਦੀ ਉਸ ਰਾਤ ਵਾਪਸ ਤੁਰਨ ਤੋਂ ਪਹਿਲਾਂ ਮੈਂ ਮਾਂ ਨੂੰ ਘੁੱਟ ਕੇ ਅਖਰੀਲੀ ਗਲਵਕੜੀ ਪਾਈ ਤੇ ਸਵਿੱਤਰੀ ਨੂੰ ਹਮੇਸ਼ਾਂ-ਹਮੇਸ਼ਾਂ ਲਈ ਮਾਰ ਕੇ ਮਲਕਾ ਬਣ ਗਈ।" ਅੰਜੂ ਦਾ ਹੱਥ ਆਪਣੇ ਹੱਥਾਂ ਵਿੱਚ ਘੁੱਟ ਮਲਕਾ ਹੁਬਕੀਂ ਹੁਬਕੀਂ ਰੋ ਰਹੀ ਸੀ "ਤੇ ਹੁਣ ਮਲਕਾ ਦਾ ਕੋਈ ਨਹੀਂ।"

ਅੰਜੂ ਨੂੰ ਸਮਝ ਨਹੀਂ ਸੀ ਆ ਰਹੀ ਉਹ ਕੀ ਆਖੇ ਪਰ ਉਸਨੂੰ ਲੋੜ ਨਹੀਂ ਪਈ। ਕੁਝ ਚਿਰ ਪਿੱਛੋਂ ਉਹ ਆਪੇ ਹੀ ਅੱਥਰੂ ਪੂੰਝਦਿਆਂ ਬੋਲੀ, "ਨਹੀਂ ਮੈਂ ਇਕੱਲੀ ਨਹੀਂ। ਮੇਰਾ ਪਰਿਵਾਰ ਹੈ... ਇਹ ਮੇਰੇ ਨਾਲ ਦੇ ਸਾਰੇ।" ਤੇ ਫਿਰ ਅੰਜੂ ਵੱਲ ਤੱਕਦਿਆਂ ਕਿਹਾ। ਦੀਦੀ ਇਕ ਗੱਲ ਮੈਂ ਵੀ ਦੱਸਾਂ। ਮੈਂ ਜਦੋਂ ਤੁਹਾਡੇ ਕੋਲੋਂ ਲੰਘਦੀ ਹਾਂ ਮੈਨੂੰ ਬੜਾ ਚੰਗਾ ਲਗਦੈ। ਸਾਰੇ ਪੜ੍ਹੇ ਲਿਖੇ ਸਿਆਣੇ ਸ਼ਾਇਦ ਮੈਂ ਤੁਹਾਡੇ ਕਿਸੇ ਚੋਂ ਆਪਣੀ ਮਾਂ ਦੇਖਦੀ ਸੀ ਕਿਸੇ ਚੋਂ ਭੈਣ ਇਸ ਲਈ ਮੇਰਾ ਵੀ ਦਿਲ ਕਰਦਾ ਸੀ ਤੁਹਾਡੇ ਨਾਲ ਗੱਲਾਂ ਕਰਨ ਨੂੰ। ਪਰ ਮੈਨੂੰ ਪਤੈ ਸਾਨੂੰ ਕੋਈ ਪਸੰਦ ਨਹੀਂ ਕਰਦਾ।"

"ਨਹੀਂ ਮਲਕਾ ਐਸੀ ਕੋਈ ਗੱਲ ਨਹੀਂ। ਮੈਨੂੰ ਤੂੰ ਬੜੀ ਚੰਗੀ ਲੱਗਦੀ ਐ। ਮੈਂ ਤੈਨੂੰ ਆਪਣਾ ਪਤਾ ਦਿੰਦੀ ਆਂ ਤੂੰ ਮੇਰੇ ਘਰ ਆਵੀਂ ਮੇਰੇ ਘਰ...।"

"ਨਹੀਂ ਨਹੀਂ ਦੀਦੀ ਇਹ ਨਹੀਂ ਹੋ ਸਕਦਾ।" ਉਹ ਇਉਂ ਡਰ ਰਹੀ ਸੀ ਜਿਵੇਂ ਮੈਂ ਉਸਨੂੰ ਕੋਈ ਸਜ਼ਾ ਸੁਣਾਈ ਹੋਵੇ।

"ਕੀ ਨਹੀਂ ਹੋ ਸਕਦਾ।"

"ਨਹੀਂ ਦੀਦੀ ਕਦੀ ਕਦੀ ਬਾਹਰ ਇਸੇ ਤਰ੍ਹਾਂ ਮਿਲਣਾ ਗੱਲਬਾਤ ਕਰਨੀ ਹੀ ਠੀਕ ਹੈ। ਸਾਡੇ ਲੋਕਾਂ ਦਾ ਤੁਹਾਡੇ ਘਰਾਂ ਨਾਲ ਕੋਈ ਸੰਬੰਧ ਨਹੀਂ ਹੋ ਸਕਦਾ ਭਗਵਾਨ ਨੇ ਜਿਸ ਘਰ ਜਨਮ ਦੇ ਕੇ ਨਾਤਾ ਜੋੜਿਆ ਸੀ ਜੇ ਉਹ ਮੈਨੂੰ ਆਪਣਾ ਨਹੀਂ ਸਕੇ ਤਾਂ... ਨਹੀਂ ਦੀਦੀ ਮੈਂ ਆਪਣਿਆਂ ਵਿੱਚ ਹੀ ਠੀਕ ਹਾਂ।"

ਤੇ ਇਕਦਮ ਉਠਕੇ ਉਹ ਅੰਜੂ ਵਲ ਬਿਨਾਂ ਦੇਖਿਆਂ ਅਗੇ ਚਲੀ ਗਈ।



# ਮਹਾਂਨਾਚ

**ਡਾ. ਤਰਸਪਾਲ ਕੌਰ**

"ਓਏ ਤੂੰ ਸਾਡੇ ਨਾਲ ਦਾ ਨੀਂ.. ਜਾਹ ਪਰ੍ਹਾਂ ਹੋ... ਹੂੰ, ਜਦੋਂ ਦੇਖੋ ਏਹਨੂੰ... ਪਤਾ ਨੀਂ ਸਾਲ਼ਾ ਸਾਡੇ ਅਰਗੀ ਤਾਂ ਕੋਈ ਗੱਲ ਈ ਨੀਂ ਕਰਦਾ...।"

"ਆਹੋ...ਦੀਪਿਆ ਆਪਣੀਆਂ ਕਈ ਗੱਲਾਂ ਦੇ ਤਾਂ ਸਵਾਦ ਈ ਖਰਾਬ ਕਰ ਦਿੰਦੈ... ਹੂੰ, ਲੱਛਣ ਦੇਖੋ ਤਾਂ ਏਹਦੇ...।" ਭਿੰਦੀ ਨੇ ਮੱਥੇ ਤਿਊੜੀ ਭਰਦਿਆਂ ਨੱਕ ਚਾੜ੍ਹਦਿਆਂ ਦੀਪੇ ਨੂੰ ਕਿਹਾ ਸੀ। ਏਨੇ 'ਚ ਦੋ ਕੁੜੀਆਂ ਰਮਾ ਤੇ ਰਾਜੋ ਕੋਲੇ ਆ ਗਈਆਂ ਤਾਂ ਭਿੰਦੀ ਤੇ ਦੀਪਾ ਆਪਣੀਆਂ ਗੱਲਾਂ ਟਾਲ਼ ਕੇ ਬਾਥਰੂਮ ਨੂੰ ਹੋ ਤੁਰੇ।

"ਹਸਨੇ ਤੂੰ ਏਥੇ ਕੀ ਕਰਦਾਂ ਭਲਾ?... ਇਹ ਬੜੇ ਖਰਾਬ ਮੁੰਡੇ ਆ... ਐਵੇਂ ਨਾ ਇਹਨਾਂ ਦੀਆਂ ਗੱਲਾਂ-ਗੁੱਲਾਂ ਸੁਣਿਆ ਕਰ... ਚਲ ਆ ਜਾ ਰੋਟੀ ਖਾਈਏ... ਅਸੀਂ ਲਿਆਈਆਂ... ਜੇ ਖਾਣੀ ਐ ਤਾਂ...।" ਰਾਜੋ ਨੇ ਹਸਨੇ ਨੂੰ ਸਿਆਣਿਆਂ ਵਾਂਗ ਬੜੇ ਪਿਆਰ ਨਾਲ ਕਿਹਾ, ਜਿਹੜਾ ਬਾਥਰੂਮ ਦੇ ਮੂਹਰੇ ਖੜ੍ਹੇ ਭਿੰਦੀ ਤੇ ਦੀਪੇ ਦੀਆਂ ਗੱਲਾਂ ਸੁਣ ਕੇ ਬਿਟਰ-ਬਿਟਰ ਦੋਹਾਂ ਵੱਲ ਦੇਖੀ ਜਾ ਰਿਹਾ ਸੀ। ਉਹ ਕੁੜੀਆਂ ਨਾਲ ਹੀ ਤੁਰ ਪਿਆ ਤੇ ਰਮਾ ਭੱਜ ਕੇ ਕਲਾਸ ਦੇ ਕਮਰੇ ਵਿਚੋਂ ਰੋਟੀ ਚੁੱਕ ਕੇ ਪਿਛਲੇ ਪਾਸੇ ਵਾਲੇ ਵੱਡੇ ਸਾਰੇ ਨਿੰਮ ਹੇਠਾਂ ਆ ਗਈ ਤੇ ਉਹ ਤਿੰਨੋਂ ਜਣੇ ਰਲ਼ ਕੇ ਰੋਟੀ ਖਾਣ ਲੱਗ ਪਏ।

"ਥੋਨੂੰ ਪਤੈ... ਅੱਬਾ ਹੁਣ ਫੇਰ ਕਹਿਣ ਲੱਗ ਪਿਆ ਤੂੰ ਹੁਣ ਸਕੂਲ ਨੀਂ ਜਾਣਾ, ਚਲਾਉਣੀ ਤਾਂ ਘਰੇ ਸਿਲਾਈ ਕਢਾਈ ਦੀ ਦੁਕਾਨ ਐ ਤੂੰ ਕੰਮ ਸਿੱਖ, ਐਵੇਂ ਮਗਜ਼ ਮਾਰਦਾ ਫਿਰਦੈਂ...? ਹਸਨੇ ਨੇ ਰੋਟੀ ਦੀ ਬੁਰਕੀ ਮੂੰਹ 'ਚ ਪਾਉਂਦੇ ਨੇ ਰੋਕ ਲਈ ਤੇ ਰੋਟੀ ਵਾਲੇ ਡੱਬੇ 'ਚ ਹੀ ਰੱਖ ਲਈ ਸੀ।

"ਕੋਈ ਨਾ ਹਸਨੇ... ਇਹੋ ਜਿਹੀਆਂ ਗੱਲਾਂ ਤਾਂ ਸਾਨੂੰ ਕੁੜੀਆਂ ਨੂੰ ਵੀ ਰੋਜ਼ ਹੀ ਕਹਿੰਦੇ ਰਹਿੰਦੇ ਐ... ਤੂੰ ਕਿਉਂ ਐਵੇਂ ਸੋਚੀ ਜਾਨੈਂ... ਅਸੀਂ ਸਾਰੇ ਜਾ ਕੇ ਤੇਰੇ ਅੱਬਾ ਨੂੰ ਮਨਾ ਲਾਂਗੇ ਕਿ ਚਾਚਾ, ਹਸਨੇ ਨੂੰ ਬਾਹਰਵੀਂ ਤਾਂ ਕਰਾ ਦੇ... ਐਨਾ ਹੁਸ਼ਿਆਰ ਐ ਹਸਨਾ ਪੜ੍ਹਨ 'ਚ...।" ਰਾਜੋ ਨੇ ਹਸਨੇ ਨੂੰ ਹੌਂਸਲਾ ਦਿੰਦਿਆਂ ਕਿਹਾ। ਅੱਧੀ ਛੁੱਟੀ ਖਤਮ ਹੋ ਗਈ ਸੀ ਤੇ ਘੰਟੀ ਵੱਜ ਗਈ। ਉਹ ਫਟਾਫਟ ਜਮਾਤ ਵਿਚ ਆ ਗਏ ਤੇ ਅੰਗਰੇਜ਼ੀ ਦੇ ਟੈਸਟ ਦੀ ਤਿਆਰੀ ਵਿਚ ਜੁਟ ਗਏ। ਅਧਿਆਪਕ ਨੇ ਆ ਕੇ ਟੈਸਟ ਲਿਆ ਤੇ ਹਸਨੇ ਨੇ ਪੰਦਰਾਂ ਕੁ ਮਿੰਟਾਂ 'ਚ ਹੀ ਟੈਸਟ ਮੁਕਾ ਕੇ ਅਧਿਆਪਕ ਦੇ ਹੱਥ ਫੜਾ ਦਿੱਤਾ। ਉਸ ਦੇ ਪਿੱਛੇ ਹੀ ਉਸ ਦੀ ਕਤਾਰ ਵਿਚ ਬੈਠੀਆਂ ਚਾਰ-ਪੰਜ ਕੁੜੀਆਂ ਨੇ ਵੀ। ਅਧਿਆਪਕ ਦੂਜਿਆਂ ਨੂੰ ਵੀ ਕਾਹਲੀ ਨਾਲ ਲਿਖਣ ਲਈ ਕਹਿਣ ਲੱਗ ਪਿਆ। ਦੀਪਾ, ਭਿੰਦੀ ਤੇ ਜੀਵਨ ਆਪਸ ਵਿਚ ਘੁਸਰ-ਮੁਸਰ ਕਰਨ ਲੱਗ ਪਏ।

"ਦੇਖ ਤਾਂ ਓਏ ਭਿੰਦੀ... ਰਾਂਝੇ ਦੇ ਪਿੱਛੇ ਈ ਫੜਾ ਤੇ ਪੇਪਰ ਸਾਰੀਆਂ ਨੇ... ਓ ਕੋਈ ਹਸਨੇ ਵਾਲੀਆਂ ਮਿੱਠੀਆਂ ਮਿੱਠੀਆਂ ਗੱਲਾਂ ਸਾਨੂੰ ਵੀ ਸਿਖਾ ਦਵੇ...।" ਦੀਪੇ ਨੇ ਭਿੰਦੀ ਦੇ ਕੰਨ ਵਿਚ ਕਿਹਾ ਸੀ।

"ਹਾਏ ਜਮ੍ਹਾ ਈ ਕ੍ਰਿਸ਼ਨ ਲਗਦਾ... ਤੇ ਆਹ ਸਾਰੀਆਂ ਉਹਦੀਆਂ ਗੋਪੀਆਂ...।" ਜੀਵਨ ਨੇ ਵੀ ਲੰਮਾ ਜਿਹਾ ਸਾਹ ਲੈ ਕੇ ਹਲਕੇ ਜਿਹੇ ਕਿਹਾ ਸੀ।

"ਚਲੋ ਬਈ... ਜਾਉ ਹੁਣ ਕਲਾਸ ਦਾ ਟਾਈਮ ਖਤਮ...।" ਅਧਿਆਪਕ ਨੇ ਹੁਕਮ ਦਿੱਤਾ ਤੇ ਉਹ ਸਾਰੇ ਜਮਾਤ ਵਿਚੋਂ ਬਾਹਰ ਆ ਗਏ।

ਹਸਨੇ ਨੂੰ ਜਦੋਂ ਇਹੋ ਜਿਹੀ ਗੱਲ ਸੁਣ ਜਾਂਦੀ ਤਾਂ ਉਹਦੀਆਂ ਅੱਖਾਂ 'ਚ ਹੰਝੂ ਆ ਜਾਂਦੇ ਤੇ ਸੋਚਣ ਲੱਗ ਜਾਂਦਾ ਕਿ ਸਾਰੀਆਂ ਕੁੜੀਆਂ ਦੀ ਤਾਂ ਉਹ ਬਹੁਤ ਇੱਜ਼ਤ ਕਰਦਾ ਹੈ ਤੇ ਕੁੜੀਆਂ ਵੀ ਕਦੇ ਉਸ ਨਾਲ ਕੋਈ ਗਲਤ ਮਸਖ਼ਰੀ ਨਹੀਂ ਕਰਦੀਆਂ, ਨਾਲੇ ਉਹਨੂੰ ਬੜਾ ਸਿਆਣਾ ਸਮਝਦੀਆਂ ਨੇ। ਫੇਰ ਆਹ ਉਹਦੀ ਹੀ ਜਮਾਤ ਦੇ ਮੁੰਡੇ ਉਹਨੂੰ ਇਉਂ ਅਵਾ-ਤਵਾ ਕਿਉਂ ਬੋਲਦੇ ਰਹਿੰਦੇ ਨੇ। ਉਹ ਸੋਚਾਂ ਵਿਚ ਉਤਰ ਜਾਂਦਾ ਤੇ ਫਿਰ ਕੁੜੀਆਂ ਦੇ ਨਾਲ ਹੀ ਆਪਣਾ ਕਿਤਾਬਾਂ ਵਾਲਾ ਝੋਲਾ ਲੈ ਕੇ ਹੌਲੀ-ਹੌਲੀ ਘਰ ਨੂੰ ਤੁਰ ਜਾਂਦਾ।

ਹਸਨਾ ਹੁਣ ਬਾਹਰਵੀਂ ਜਮਾਤ ਵਿਚ ਹੋ ਗਿਆ ਸੀ। ਕਿਵੇਂ ਨਾ ਕਿਵੇਂ ਉਹਨੇ ਅੱਬਾ ਨੂੰ ਵੀ ਇਹ ਜਮਾਤ ਪਾਸ ਕਰਨ ਲਈ ਰਾਜ਼ੀ ਕਰ ਲਿਆ ਸੀ। ਉਹ ਹੁਣ ਦੁਕਾਨ 'ਤੇ ਬੈਠ ਕੇ ਵੀ ਆਪਣੇ ਅੱਬਾ ਨਾਲ ਕੰਮ ਵਿਚ ਹੱਥ ਵਟਾਉਂਦਾ ਸੀ। ਕਈ ਕਿਸਮ ਦੀਆਂ ਕਢਾਈਆਂ ਕਰਨੀਆਂ ਤਾਂ ਉਹਨੂੰ ਬਚਪਨ 'ਚ ਹੀ ਆ ਗਈਆਂ ਸਨ, ਬਸ ਸਿਲਾਈ ਤੇ ਕੱਪੜੇ ਦੀ ਕਾਂਟ-ਛਾਂਟ ਕਰਨੀ ਉਸਨੂੰ ਨਹੀਂ ਆਉਂਦੀ ਸੀ। ਹਸਨੇ ਦੀ ਹੱਥ ਦੀ ਕਢਾਈ ਵਿਚਲੀ ਸਫ਼ਾਈ ਦੇਖ ਕੇ ਹਰ ਕੋਈ ਦੁਕਾਨ 'ਤੇ ਆ ਕੇ ਵੀ ਉਹਤੋਂ ਹੀ ਕੰਮ ਕਰਾਉਣਾ ਚਾਹੁੰਦਾ। ਉਹ ਅਕਸਰ ਸ਼ਾਮ ਨੂੰ ਦੁਕਾਨ 'ਤੇ ਬਹਿੰਦਾ ਤੇ ਕੁੜੀਆਂ-ਚਿੜੀਆਂ ਆ ਕੇ ਹਸਨੇ ਨੂੰ ਕਢਾਈ ਦੇ ਨਮੂਨੇ ਦਿਖਾਉਣ ਲਈ ਕਹਿੰਦੀਆਂ, ਫੇਰ ਉਹਦੇ ਨਾਲ ਗੋਟੇ-ਜ਼ਰੀ, ਰੰਗਾਂ ਅਤੇ ਕਢਾਈ ਦੇ ਮੇਲ ਬਾਰੇ ਬਹਿਸ ਕਰਦੀਆਂ ਤੇ ਆਖ਼ਿਰ ਉਹਨੂੰ ਕੰਮ ਛੇਤੀ ਕਰਕੇ ਦੇਣ ਲਈ ਕਹਿ ਕੇ ਚਲੀਆਂ ਜਾਂਦੀਆਂ। ਬਹੁਤ ਸਾਰੇ ਆਂਢ-ਗੁਆਂਢ ਵਾਲਿਆਂ ਨੂੰ ਚਿੜ ਹੋਣ ਲੱਗ ਪਈ ਸੀ ਕਿ ਹਸਨੇ ਕੋਲ ਕੁੜੀਆਂ-ਬੁੜੀਆਂ ਦਾ ਹੀ ਤਾਂਤਾ ਲੱਗਿਆ ਰਹਿੰਦਾ 'ਸਾਡੇ ਬੰਦਿਆਂ ਨਾਲ ਤਾਂ ਕੋਈ ਇਹਦੀ ਗੱਲਬਾਤ ਈ ਨੀਂ।' ਬਹੁਤਿਆਂ ਦੀ ਸੋਚ ਅੰਦਰ ਹੋਰ ਵੀ ਗੱਲਾਂ ਘਰ ਕਰ ਗਈਆਂ ਸਨ।

ਫੇਰ ਇੱਕ ਦਿਨ ਉਹਨੂੰ ਉਹਦੇ ਅੱਬਾ ਨੇ ਰਾਸ਼ਨ ਕਾਰਡ ਦਾ ਫਾਰਮ ਭਰਨ ਲਈ ਭੇਜ ਦਿੱਤਾ ਤਾਂ ਰਾਸ਼ਨ ਡਿਪੂ ਵਾਲੇ ਨੇ ਉਸ 'ਤੇ ਅਜੀਬ ਜਿਹਾ ਵਿਅੰਗ ਕੀਤਾ ਸੀ। ਹਸਨੇ ਨੂੰ ਸਮਝ ਤਾਂ ਨਾ ਆਇਆ ਪਰ ਨੀਵੀਂ ਪਾ ਕੇ ਉਹ



ਘਰ ਨੂੰ ਆ ਗਿਆ ਤੇ ਆ ਕੇ ਅੱਬਾ ਨੂੰ ਕਹਿ ਦਿੱਤਾ ਕਿ ਉਹ ਆਪ ਹੀ ਫਾਰਮ ਭਰ ਆਵੇ। ਉਹਦੇ ਅੱਬਾ ਨੂੰ ਵੀ ਕੁਝ ਗੱਲ ਪੱਲੇ ਨਹੀਂ ਪਈ ਸੀ।

ਇਹ ਸਾਰਾ ਦ੍ਰਿਸ਼ ਇੱਕ ਰੀਲ ਵਾਂਗ ਅੱਜ ਹਸਨੇ ਦੀਆਂ ਅੱਖਾਂ ਅੱਗੇ ਇੱਕ ਵਾਰ ਫੇਰ ਘੁੰਮ ਗਿਆ ਸੀ। ਹਸਨੇ ਦੇ ਅੰਦਰ ਇੱਕ ਟੀਸ ਉਠੀ। ਉਹਨੂੰ ਉਹੀ ਮਰਦਮਸ਼ੁਮਾਰੀ ਦੇ ਦਿਨ ਵਾਲਾ ਦ੍ਰਿਸ਼ ਵੀ ਚੇਤੇ ਆ ਗਿਆ ਜਦੋਂ ਉਸੇ ਦੇ ਸਕੂਲ ਦਾ ਮਾਸਟਰ ਹਿੰਮਤ ਸਿਹੁੰ ਉਹਨਾਂ ਦੇ ਘਰੇ ਪਰਿਵਾਰਿਕ ਮੈਂਬਰਾਂ ਦੀ ਗਿਣਤੀ ਬਾਰੇ ਲਿਖਣ ਆਇਆ ਸੀ। ਉਸ ਦੇ ਕਹੇ ਹੋਏ ਉਹੀ ਲਫਜ਼ ਹਸਨੇ ਨੂੰ ਵਾਰ-ਵਾਰ ਸੂਲ ਵਾਂਗ ਚੁਭ ਜਾਂਦੇ, ਜਦੋਂ ਉਹ ਅੱਬਾ ਨੂੰ ਪੁੱਛ ਰਿਹਾ ਸੀ, "ਘਰੇ ਕਿੰਨੇ ਮੈਂਬਰ ਨੇ...?" "ਜੀ ਤਿੰਨ...।" ਅੱਬਾ ਨੇ ਜੁਆਬ ਦਿੱਤਾ ਸੀ।

"ਅੱਛਾ, ਕਿੰਨੇ ਮਰਦ ਤੇ ਕਿੰਨੀਆਂ ਔਰਤਾਂ?" ਮਾਸਟਰ ਮਸਖ਼ਰੀ ਵਾਲੇ ਲਹਿਜ਼ੇ ਨਾਲ ਪੁੱਛ ਰਿਹਾ ਸੀ। "ਜੀ, ਮੈਂ ਤੇ ਹਸਨਾ... ਉਹਦੀ ਅੰਮੀ ਬੱਸ...।" ਅੱਬਾ ਨੇ ਨਿਮਰ ਜਿਹੇ ਲਹਿਜ਼ੇ 'ਚ ਕਿਹਾ ਸੀ। "ਅੱਛਾ... ਠੀਕ...ਓ ਪਰ ਆਹ ਏਹਨੂੰ ਥੋਡੇ ਹਸਨੇ ਨੂੰ ਕਾਹਦੇ 'ਚ ਪਾਵਾਂ, ਬੁੜੀਆਂ 'ਚ ਕਿ ਬੰਦਿਆਂ 'ਚ...?" ਮਾਸਟਰ ਨੇ ਠਹਾਕਾ ਮਾਰ ਕੇ ਪੁੱਛਿਆ ਤੇ ਉਹਦੇ ਨਾਲ ਦਾ ਬੰਦਾ ਵੀ ਮੁਸਕੜੀਏਂ ਹੱਸਣ ਲੱਗ ਪਿਆ। ਹਸਨੇ ਨੂੰ ਇਉਂ ਲੱਗਿਆ ਸੀ ਕਿ ਜਿਵੇਂ ਆਰੀ ਉਹਦੇ ਸੀਨੇ ਦੇ ਆਰ-ਪਾਰ ਹੋ ਗਈ ਹੋਵੇ। ਹਸਨੇ ਦੀ ਅੰਮੀ ਚੁੱਪ ਕਰਕੇ ਅੰਦਰ ਚਲੀ ਗਈ ਸੀ ਤੇ ਉਹ ਕਦੇ-ਕਦੇ ਹੀ ਬਾਹਰ ਨਿਕਲਦੀ। ਉਹ ਅੰਦਰੇ-ਅੰਦਰ ਹੀ ਧੁਖਦੀ ਗਈ ਤੇ ਅੰਤ ਦਫ਼ਨਾ ਦਿੱਤੀ ਗਈ ਸੀ।

ਕਦੇ-ਕਦੇ ਜਦੋਂ ਉਹਦੇ ਜਮਾਤੀ ਮੁੰਡੇ ਉਹਦੀ ਦੁਕਾਨ 'ਤੇ ਆ ਬਹਿੰਦੇ ਤਾਂ ਹਸਨਾ ਨਾਮੋਸ਼ ਹੁੰਦਾ, ਉਹ ਇਹੀ ਕਹਿੰਦੇ...

"ਉਹ ਸਾਲ਼ਿਆ ਮਰਦ ਬਣਿਆ ਕਰ ਮਰਦ... ਐਵੇਂ ਤੀਵੀਆਂ ਆਂਗੂੰ ...।"

ਕਦੇ-ਕਦੇ ਹਸਨੇ ਦਾ ਮਜ਼ਾਕ ਬਣਾਉਣ ਲਈ ਉਹ ਹੋਰ ਵੀ ਮੁਸ਼ਟੰਡੇ ਲੈ ਆਉਂਦੇ ਤੇ ਹਸਨੇ ਕੋਲੋਂ ਖਾ ਪੀ ਕੇ ਤੁਰ ਜਾਂਦੇ। ਉਹਨਾਂ ਤੋਂ ਡਰਦੀਆਂ ਮਾਰੀਆਂ ਕੁੜੀਆਂ-ਬੁੜੀਆਂ ਵੀ ਉਹਨਾਂ ਦੇ ਹੁੰਦੇ ਹਸਨੇ ਕੋਲ ਨਾ ਆਉਂਦੀਆਂ।

ਇੱਕ ਦਿਨ ਰਾਜੋ ਹਸਨੇ ਨੂੰ ਆਪਣਾ ਕਾਲਾ ਸੂਟ ਕਢਾਈ ਕਰਨ ਲਈ ਦੇਣ ਆਈ ਤਾਂ ਉਹਨੇ ਹਸਨੇ ਨੂੰ ਆਖਿਆ ਕਿ ਅਜਿਹੇ ਮੁਸ਼ਟੰਡਿਆਂ ਨੂੰ ਇੱਥੇ ਨਾ ਆਉਣ ਦਿਆ ਕਰੇ ਤਾਂ ਹੌਲੀ-ਹੌਲੀ ਉਹ ਸਾਰੇ ਰਾਜੋ 'ਤੇ ਕਚੀਚੀਆਂ ਵੱਟਦੇ ਉਥੋਂ ਤੁਰ ਗਏ। ਹਸਨਾ ਤੇ ਰਾਜੋ ਤਾਂ ਕਦੇ-ਕਦੇ ਨਿੱਕੀਆਂ ਭੈਣਾਂ ਵਾਂਗ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ। ਹਸਨੇ ਨੇ ਰਾਜੋ ਦੇ ਕਾਲੇ ਸੂਟ 'ਤੇ ਜ਼ਰੀ ਦੀ ਖ਼ੂਬਸੂਰਤ ਕਢਾਈ ਕਰ ਕੇ ਸਿਲਾਈ ਕਰ ਦਿੱਤਾ। ਹਸਨੇ ਨੂੰ ਰਾਜੋ ਦਾ ਸੂਟ ਬਹੁਤ ਹੀ ਸੋਹਣਾ ਲੱਗ ਰਿਹਾ ਸੀ। ਜਿਸ ਦਿਨ ਰਾਜੋ ਸੂਟ ਲੈਣ ਆਈ ਤਾਂ ਹਸਨਾ ਉਹਦਾ ਸੂਟ ਆਪ ਪਾਉਣ ਦੀ ਜਿੱਦ ਕਰਨ ਲੱਗਾ। ਰਾਜੋ ਉਸਦੇ ਅੱਥਰੇਪਣ 'ਤੇ ਹੈਰਾਨ ਜਿਹੀ

ਹੋਈ। ਹਸਨਾ ਰੰਗ ਦਾ ਗੋਰਾ ਤੇ ਸੋਹਣੇ ਨੈਣ-ਨਕਸ਼ਾਂ ਵਾਲਾ ਹੋਣ ਕਰਕੇ ਕਾਲਾ ਸੂਟ ਉਹਦੇ 'ਤੇ ਖੂਬ ਜਚ ਰਿਹਾ ਸੀ ਤੇ ਉਹ ਸੂਟ ਪਾ ਕੇ ਝੂਮਣ ਲੱਗ ਪਿਆ। ਬਾਰੀ ਦੀਆਂ ਝੀਤਾਂ ਵਿਚੋਂ ਦੀ ਲੰਘਦੇ ਬੰਦੇ ਉਹਨੂੰ ਵੇਖਣ ਲੱਗ ਪਏ ਤੇ ਉਸਦਾ ਅੱਬਾ ਵੀ, ਪਰ ਹਸਨੇ ਨੂੰ ਕੋਈ ਖਿਆਲ ਹੀ ਨਾ ਰਿਹਾ। ਰਾਜੋ ਨੇ ਉਹਨੂੰ ਰੋਕਿਆ ਤਾਂ ਉਹ ਭੱਜ ਕੇ ਅੰਦਰ ਚਲਿਆ ਗਿਆ ਤੇ ਫੇਰ ਅਗਲੇ ਦਿਨ ਤੱਕ ਉਹ ਬਾਹਰ ਨਹੀਂ ਆਇਆ ਸੀ। ਹਸਨੇ ਦਾ ਅੱਬਾ ਹੁਣ ਬਿਮਾਰ ਹੋ ਗਿਆ ਸੀ ਤੇ ਬੁਖਾਰ ਤੇ ਖੰਘ ਉਹਦਾ ਪਿੱਛਾ ਨਹੀਂ ਸੀ ਛੱਡ ਰਹੀ। ਹਸਨਾ ਉਹਦਾ ਪੂਰਾ ਖਿਆਲ ਰਖਦਾ ਤੇ ਦਵਾ-ਦਾਰੂ ਕਰਦਾ ਅਤੇ ਆਖ਼ਿਰ ਹਸਨੇ ਦਾ ਆਖ਼ਰੀ ਸਹਾਰਾ ਵੀ ਉਹਤੋਂ ਛੁੱਟ ਗਿਆ। ਉਹ ਡੂੰਘੀ ਉਦਾਸੀ ਵਿਚ ਚਲਿਆ ਗਿਆ। ਕਸਬੇ ਤੋਂ ਉਹਦਾ ਮਨ ਉੱਖੜ ਗਿਆ ਸੀ। ਇੱਕ ਦਿਨ ਪਤਾ ਨਹੀਂ ਕੀ ਹੋਇਆ ਸੀ ਕਿ ਜਦੋਂ ਉਸਨੂੰ ਹੋਸ਼ ਜਿਹਾ ਆਇਆ ਤਾਂ ਪਤਾ ਲੱਗਿਆ ਕਿ ਉਹ ਹੁਣ ਸ਼ਹਿਰ ਵਿਚ ਰੇਲਵੇ ਪੁਲ ਨਾਲ ਲਗਦੀ ਬਸਤੀ ਵਿਚ ਆ ਗਿਆ ਸੀ। ਕੁਝ ਦਿਨ ਇਧਰ-ਓਧਰ ਘੁੰਮਣ ਦੇ ਬਾਅਦ ਜਦੋਂ ਉਹ ਕੁਝ ਕੁ ਠੀਕ ਹੋਇਆ ਤਾਂ ਉਹਦੇ ਜ਼ਿਹਨ 'ਚ ਫਿਰ ਉਹ ਜਮਾਤੀ ਮੁੰਡੇ, ਕੁੜੀਆਂ, ਦੁਕਾਨ, ਅੱਬਾ ਤੇ ਅੰਮੀ ਘੁੰਮਣ ਲੱਗ ਪੈਂਦੇ ਤੇ ਸਾਰੇ ਉਹੀ ਪਲ ਉਹੀ ਘਟਨਾਵਾਂ ਉਹਦੇ ਧੁਰ ਅੰਦਰ ਚੰਗਿਆੜੀ ਵਾਂਗ ਲੱਗ ਜਾਂਦੀਆਂ।

ਜਦੋਂ ਜਮਾਤੀ ਮੁੰਡਿਆਂ ਦੇ ਬੋਲ ਤੇ ਮਰਦਮਸ਼ੁਮਾਰੀ ਵਾਲੇ ਮਾਸਟਰ ਦਾ ਵਿਅੰਗ ਉਹਦੇ ਕੰਨਾਂ ਵਿਚ ਰੜਕਣ ਲੱਗ ਪੈਂਦੇ ਤਾਂ ਉਹਨੂੰ ਉਹਨਾਂ ਦਾ ਮਰਦਾਵਾਂਪਣ ਕਰੂਰ ਜਾਪਣ ਲੱਗ ਪੈਂਦਾ। ਹਸਨੇ ਦੀ ਪੀੜਾ ਕਈ ਵਾਰੀ ਅਸਹਿ ਹੋ ਜਾਂਦੀ। ਬਸਤੀ ਵਿਚ ਉਸ ਤੰਗ ਜਿਹੀ ਗਲੀ ਵਿਚ ਰਹਿੰਦਿਆਂ ਹਾਲੇ ਹਸਨਾ ਉਹਨਾਂ ਸਾਰਿਆਂ ਨਾਲ ਪਰਚ ਨਹੀਂ ਸਕਿਆ ਸੀ। ਬਹੁਤਾ ਸਮਾਂ ਉਹ ਕਿਤਾਬਾਂ ਪੜ੍ਹ ਕੇ ਜਾਂ ਬਸਤੀ ਵਿਚ ਏਧਰ-ਓਧਰ ਘੁੰਮ ਕੇ ਗੁਜ਼ਾਰ ਦਿੰਦਾ। ਉਸ ਗਲੀ ਦੇ ਬਾਸ਼ਿੰਦੇ ਉਹਦੇ ਜ਼ਿਹਨ 'ਤੇ ਕੋਈ ਬੋਝ ਨਾ ਪਾਉਂਦੇ ਤੇ ਉਹਨੂੰ ਨੱਚਣ ਗਾਉਣ ਜਾਂ ਫਿਰ ਕਿਸੇ ਰਿਆਜ਼ ਲਈ ਨਾ ਕਹਿੰਦੇ। ਉਂਜ ਵੀ ਉਹਨਾਂ ਸਾਰਿਆਂ ਵਿਚੋਂ ਪੜ੍ਹਿਆ ਲਿਖਿਆ ਹਸਨਾ ਹੀ ਸੀ ਤੇ ਹੱਥਾਂ ਦਾ ਕਾਰੀਗਰ ਵੀ। ਇੱਕ ਦਿਨ ਵੱਡੀ ਮਹੰਤ ਧੰਨੋ ਨੇ ਹਸਨੇ ਦੀਆਂ ਮੋਟੀਆਂ ਅੱਖਾਂ ਵੱਲ ਝਾਕਦਿਆਂ ਕਿਹਾ...

"ਤੇਰਾ ਜੀਅ ਜਿਵੇਂ ਪਰਚਦਾ ਓਵੇਂ ਪਰਚਾ ਲਿਆ ਕਰ... ਆਹ.. ਪਰ ਜਿਹੜੇ ਮੇਰੇ ਘੱਗਰੇ ਤੇ ਸੂਟ ਨੇ, ਉਹਨਾਂ 'ਤੇ ਕਢਾਈ ਕਰਨ ਦਾ ਤੇ ਸਜਾਉਣ ਦਾ ਕੰਮ ਅੱਜ ਤੋਂ ਤੇਰਾ... ਮੈਨੂੰ ਤੇਰਾ ਕੰਮ ਬੜਾ ਪਸੰਦ ਆਇਆ... ਸਾਰੇ ਤਾਰੀਫ਼ ਕਰਦੇ ਨੇ... ਕਰੇਂਗਾ ਵੇ ਹਸਨਿਆ...?"

"ਹਾਂ... ਹਾਂ ਜ਼ਰੂਰ ਕਿਉਂ ਨਹੀਂ...।" ਹਸਨੇ ਨੇ ਕਿਹਾ ਤੇ ਹਸਨਾ ਆਪਣੇ ਕਿੱਤੇ ਵਿਚ ਫੇਰ ਤੋਂ ਰੁੱਝ ਗਿਆ। ਉਂਜ ਵੀ ਨੱਚਣ-ਗਾਉਣ ਵੱਲ ਉਹਦਾ ਕੋਈ ਵਿਸ਼ੇਸ਼ ਧਿਆਨ ਵੀ ਨਹੀਂ ਸੀ। ਉਹਨਾਂ ਸਾਰਿਆਂ ਵਿਚ ਹਸਨਾ ਹੀ ਅਲੱਗ



ਜਿਹੀਆਂ ਰੁਚੀਆਂ ਵਾਲਾ ਵਿਅਕਤੀ ਸੀ। ਹੁਣ ਉਹ ਬਸਤੀ ਦੇ ਲੋਕਾਂ ਦਾ ਜਾਣੂ ਹੋ ਚੁੱਕਿਆ ਸੀ ਤੇ ਜ਼ਨਾਨੀਆਂ ਉਹਦੇ ਨਾਲ ਬੇਝਿਜਕ ਗੱਲਬਾਤ ਕਰ ਲੈਂਦੀਆਂ। ਹਸਨੇ ਨੂੰ ਆਪਣੀਆਂ ਹਮ-ਜਮਾਤਣਾਂ ਰਮਾ, ਰਾਜੋ ਵਰਗੀਆਂ ਮੁੜ-ਮੁੜ ਚੇਤੇ ਆਉਂਦੀਆਂ। ਉਹਦੇ ਨਾਲ ਰਹਿੰਦੇ ਸਾਥੀ ਦੀਨਾ ਤੇ ਬੰਸਾ ਰਿਆਜ਼ ਕਰਦੇ ਰਹਿੰਦੇ ਤੇ ਉਹਨੂੰ ਵੀ ਕਦੀ ਅੱਡੀ ਮਾਰ ਕੇ ਨੱਚ ਵਿਖਾਉਣ ਲਈ ਕਹਿੰਦੇ ਪਰ ਉਹ ਚੁੱਪ-ਚਾਪ ਉਥੋਂ ਬਾਹਰ ਆ ਜਾਂਦਾ। ਉਹਦੀ ਤਾਂ ਨਵਾਬੀ ਚੁੱਪ ਵੀ ਉਹਦੇ ਸਾਥੀਆਂ ਤੇ ਬਸਤੀ ਵਾਲਿਆਂ ਦਾ ਧਿਆਨ ਖਿੱਚੀ ਰਖਦੀ। ਫਿਰ ਕਦੇ-ਕਦੇ ਧੰਨੋ ਵੀ ਆਖ ਬਹਿੰਦੀ ਕਿ

"ਆਖ਼ਿਰ ਕਿੰਨੀ ਦੇਰ ਤੱਕ ਹਸਨੇ ਦਾ ਇੰਜ ਚੱਲੇਗਾ...?" ਫਿਰ ਧੰਨੋ ਨੂੰ ਹਸਨੇ ਦੀ ਕਾਰੀਗਰੀ ਮੋਹ ਲੈਂਦੀ ਤੇ ਉਹ ਵੀ ਚੁੱਪ ਕਰ ਜਾਂਦੀ।

ਹਸਨੇ ਨੂੰ ਕਦੇ ਆਪਣੇ ਆਪੇ ਦੀ ਤਲਾਸ਼ ਹੋ ਜਾਂਦੀ। ਉਹ ਆਪਣੇ ਵਿਚੋਂ ਸ਼ਾਇਦ ਕਿਸੇ ਮਨੁੱਖ ਦੀ ਖੋਜ ਕਰਨ ਲੱਗ ਪੈਂਦਾ ਤੇ ਤੁਰਿਆ ਜਾਂਦਾ ਕਈ ਵਾਰੀ ਕੰਧਾਂ ਉੱਤੇ 'ਅਹਿਮਦ ਹਸਨ' ਲਿਖ ਦਿੰਦਾ। ਉਹਨੂੰ ਬਸਤੀ ਦੇ ਬਾਹਰ ਰੇਲਵੇ ਪੁਲ ਦੇ ਦੂਜੇ ਪਾਸੇ ਦੇ ਚੌਂਕ ਵਿਚੋਂ ਲੰਘਦੀਆਂ ਲਾਰੀਆਂ ਦੀ ਪਾਂ-ਪਾਂ ਅਤੇ ਸਕੂਲੀ ਬੱਚਿਆਂ ਦਾ ਭੱਜ-ਭੱਜ ਬੱਸਾਂ ਫੜਨਾ, ਉਹਨਾਂ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਵਿਚ ਗੁਆਚ ਜਾਣਾ ਚੰਗਾ ਲਗਦਾ। ਉਹ ਸਕੂਲਾਂ, ਕਾਲਜਾਂ 'ਚੋਂ ਆਉਂਦੀਆਂ ਅਤੇ ਜਾਂਦੀਆਂ ਕੁੜੀਆਂ ਨੂੰ ਵੇਖਦਾ ਰਹਿੰਦਾ। ਬਹੁਤੀ ਵਾਰੀ ਉਹ ਆਸ-ਪਾਸ ਦੇ ਲੋਕਾਂ ਨੂੰ ਵੀ ਭੁੱਲ ਜਾਂਦਾ ਕਿ ਉਹ ਉਸ ਨੂੰ ਵੇਖ ਰਹੇ ਹੋਣਗੇ। ਚੌਂਕ ਦੇ ਇੱਕ ਪਾਸੇ ਡੂੰਘੇ ਥਾਂ 'ਤੇ ਬਣੀਆਂ ਨਿੱਕੀਆਂ ਦੁਕਾਨਾਂ ਦੇ ਮੂਹਰੇ ਪਾਣੀ-ਪੂਰੀ ਤੇ ਪਾਨ ਵਾਲਾ ਵੀ ਰੋਜ਼ ਆ ਕੇ ਦੁਕਾਨ ਸਜ਼ਾ ਲੈਂਦੇ। ਪਾਨ ਵਾਲਾ ਉਹਨੂੰ ਪਾਨ ਬਣਾ ਕੇ ਦਿੰਦਾ ਤੇ ਕਦੇ ਕਹਿ ਵੀ ਦਿੰਦਾ...

"ਏ ਹਸਨੇ ਭਾਈ... ਤੂ ਭੀ ਠੁਮਕਾ ਲਗਾਤਾ ਹੈ ਯਾ ਨਹੀਂ...?" ਹਸਨਾ ਉਹਦੀ ਗੱਲ ਦਾ ਉੱਤਰ ਨਾ ਦਿੰਦਾ ਅਤੇ ਨਾ ਹੀ ਧੰਨੇ ਅਤੇ ਦੀਨੇ ਵਾਂਗ ਉਹਨੂੰ ਨਿਸੰਗ ਹੋ ਕੇ ਬੋਲਣਾ ਹੀ ਆਉਂਦਾ ਸੀ। ਜਦੋਂ ਕਦੇ ਧੰਨੋ ਉਹਨੂੰ ਕਹਿੰਦੀ...

"ਵੇ ਹਸਨਿਆ... ਆਹ ਲਾਈਂ ਤਾਂ ਮੇਰੇ ਘੱਗਰੇ ਨੂੰ ਨਵਾਂ ਗੋਟਾ... ਅੱਜ ਤਾਂ ਮੈਂ ਮੇਰੇ ਖਾਸ ਯਾਰਾਂ ਦੇ ਨੱਚਣ ਜਾਣਾ...।" ਤਾਂ ਹਸਨਾ ਸੋਚਦਾ ਕਿ ਧੰਨੋ ਸਚਮੁੱਚ ਹੀ ਖੁਸ਼ੀ ਵਿਚ ਨੱਚਦੀ ਹੈ ਜਾਂ ਕਿਸੇ ਗ਼ਮੀ ਵਿਚ। ਉਸ ਬਸਤੀ ਵਿਚ ਰਹਿੰਦਿਆਂ ਮੰਨਣੀ ਤਾਂ ਧੰਨੋ ਦੀ ਗੱਲ ਹਸਨੇ ਨੂੰ ਵੀ ਪੈਣੀ ਹੀ ਸੀ ਪਰ ਹਾਲੇ ਤੱਕ ਹਸਨੇ 'ਤੇ ਤਾਂ ਧੰਨੋ ਦੀ ਰਹਿਮਤ ਹੀ ਸੀ ਕਿਉਂਕਿ ਉਹਦੇ ਸਿਲਾਈ-ਕਢਾਈ ਤੇ ਰਸੋਈ ਦੇ ਕੰਮ ਤੋਂ ਧੰਨੋ ਅਤਿਅੰਤ ਖੁਸ਼ ਸੀ। ਹੋਰ ਤਾਂ ਹੋਰ ਬਸਤੀ ਦੀਆਂ ਹੋਰ ਜ਼ਨਾਨੀਆਂ ਵੀ ਉਹਤੋਂ ਕੰਮ ਕਰਵਾਉਂਦੀਆਂ। ਇਸ ਤਰ੍ਹਾਂ ਹਸਨੇ ਦੀ ਰੋਟੀ ਜੋਗੀ ਕਮਾਈ ਆਰਾਮ ਨਾਲ ਹੋ ਜਾਂਦੀ ਸੀ। ਧੰਨੋ ਤੇ ਦੀਨਾ ਉਹਦੇ ਮੂਹਰੇ ਸਜਦੇ

ਸੰਵਰਦੇ ਅਤੇ ਤਿਆਰ ਹੋ ਕੇ ਝੂਮਣ ਲੱਗ ਪੈਂਦੇ। ਉਹ ਹਰ ਢੰਗ ਨਾਲ ਹਸਨੇ ਨੂੰ ਨੱਚਣ ਲਈ ਉਕਸਾਉਂਦੇ ਰਹਿੰਦੇ ਪਰ ਉਹ ਆਪਣੇ ਕੰਮਾਂ ਵਿਚ ਹੀ ਮਸਤ ਰਹਿੰਦਾ। ਉਹ ਆਪਣੇ ਮੋਢਿਆਂ ਤੱਕ ਲੰਮੇ ਵਾਲ ਪਿੱਛੇ ਨੂੰ ਵਾਹ ਕੇ ਰੱਖਦਾ। ਹੁਣ ਉਹ ਤਕੜੇ ਜੁੱਸੇ ਵਾਲਾ ਖ਼ੂਬਸੂਰਤ ਪਰਪੱਕ ਨੌਜਵਾਨ ਲੱਗਣ ਲੱਗ ਪਿਆ ਸੀ। ਉਹਦੀਆਂ ਗਹਿਰੀਆਂ ਸਮੁੰਦਰ ਵਰਗੀਆਂ ਅੱਖਾਂ ਤੋਂ ਧੰਨੋ ਵੀ 'ਤਾਅ' ਖਾ ਜਾਂਦੀ ਅਤੇ ਉਹ ਦਾ ਹਸਨੇ ਉੱਤੇ ਕੋਈ ਜ਼ੋਰਾ-ਜ਼ਰਬੀ ਕਰਨ ਨੂੰ ਕਦੇ ਵੀ ਦਿਲ ਨਾ ਕਰਦਾ। ਹਸਨੇ ਦੀਆਂ ਡੂੰਘੀਆਂ ਅੱਖਾਂ ਦੀਆਂ ਪਲਕਾਂ ਜਦੋਂ ਉਪਰ ਨੂੰ ਹੁੰਦੀਆਂ ਤਾਂ ਉਹਨਾਂ 'ਚ ਅਨੇਕਾਂ ਪ੍ਰਸ਼ਨ ਹੁੰਦੇ ਸਨ। ਉਂਜ ਭਾਵੇਂ ਉਹ ਅੱਖਾਂ ਨੀਵੀਆਂ ਹੀ ਰੱਖਦਾ ਸੀ। ਧੰਨੋ ਉਹਨੂੰ ਕਹਿ ਬੈਠਦੀ...

"ਵੇ ਅੜਿਆ... ਮੋਇਆ! ਇੰਜ ਨਾ ਵੇਖਿਆ ਕਰ ਤੂੰ... ਤੇਰੀਆਂ ਅੱਖੀਆਂ ਦੇ ਸਵਾਲਾਂ ਦਾ ਤਾਂ ਮੇਰੇ ਕੋਲ ਵੀ ਕੋਈ ਜਵਾਬ ਨੀਂ...।" ਧੰਨੋ ਦੇ ਏਸ ਜਵਾਬ ਵਿਚ ਵੀ ਕੋਈ ਹੂਕ ਛਿਪੀ ਹੋਈ ਜਾਪਦੀ। ਧੰਨੋ ਦੀ ਹਸਨੇ ਪ੍ਰਤੀ ਦਿਆਨਤਦਾਰੀ ਦੇਖ ਕੇ ਦੀਨੇ ਨੂੰ ਅੱਜਕਲ੍ਹ ਜਲਣ ਹੋਣ ਲੱਗ ਪਈ ਸੀ। ਅੱਜ ਉਹ ਧੰਨੋ ਨੂੰ ਕਹਿ ਰਿਹਾ ਸੀ...

"ਅੱਛਾ... ਤੂੰ ਹੁਣ ਹਸਨੇ ਦੀ ਜੰਞ ਲੈ ਕੇ ਜਾਏਂਗੀ... ਲਗਦਾ ਤਾਂ ਏਹੀ ਐ...।" ਧੰਨੋ ਗੁੱਸੇ 'ਚ ਲਾਲ-ਪੀਲੀ ਹੋ ਗਈ ਤੇ ਜਵਾਬ ਦਿੱਤਾ...

"ਬਕ ਨਾ ਬਹੁਤਾ... ਜੇ ਕਹੇਂ ਤਾਂ ਪਹਿਲਾਂ ਤੈਨੂੰ ਲਾੜੀ ਲਿਆ ਦਿਆਂ...?" ਦੀਨਾ ਅੱਗੋਂ ਕੁਝ ਨਾ ਬੋਲਿਆ ਤੇ ਉਹਨੇ ਘੁੰਗਰੂ ਲਾਹ ਸੁੱਟੇ, ਫਿਰ ਚੁਬਾਰੇ ਦੀਆਂ ਪੌੜੀਆਂ ਚੜ੍ਹ ਗਿਆ। ਅੱਜ ਉਹਨਾਂ ਦੀ ਆਪਸੀ ਅਣਬਣ ਤੋਂ ਹਸਨਾ ਬਹੁਤ ਪ੍ਰੇਸ਼ਾਨ ਹੋ ਗਿਆ। ਰਸੋਈ 'ਚ ਰੋਟੀਆਂ ਪਕਾਉਂਦਾ ਉਹ ਰੋਂਦਾ ਰਿਹਾ। ਰਸੋਈ ਦੇ ਕੰਮ ਤੋਂ ਬਾਅਦ ਉਹ ਬਸਤੀ 'ਚੋਂ ਆਏ ਹੋਏ ਕੁਝ ਦੁਪੱਟਿਆਂ ਉੱਤੇ ਕਿਨਾਰੀਆਂ ਲਾਉਣ ਲੱਗ ਪਿਆ। ਕਾਲੀ ਚੁੰਨੀ ਨੂੰ ਹੱਥ ਲਾਉਂਦਿਆਂ ਹੀ ਉਹਨੂੰ ਰਾਜੋ ਤੇ ਰਮਾ ਦੀਆਂ ਗੱਲਾਂ ਚੇਤੇ ਆ ਗਈਆਂ। ਉਹਦੀਆਂ ਅੱਖਾਂ 'ਚੋਂ ਦੋ ਮੋਟੇ-ਮੋਟੇ ਹੰਝੂ ਟਪਕੇ, ਉਹਨੇ ਮੋਢੇ 'ਤੇ ਰੱਖੇ ਪਰਨੇ ਨਾਲ ਸਾਫ਼ ਕਰ ਲਏ ਅਤੇ ਉੱਠ ਕੇ ਬਸਤੀ ਦੇ ਬਾਹਰ ਪੁਲ ਕੋਲ ਆ ਗਿਆ। ਪਾਨ ਵਾਲੇ ਨੇ ਉਹਨੂੰ ਪਾਨ ਪੁੱਛਿਆ ਤਾਂ ਉਹਨੇ ਨਾਂਹ ਕਰ ਦਿੱਤੀ। ਸ਼ਹਿਰ ਦਾ ਮੁੱਖ ਚੌਂਕ ਹੋਣ ਕਾਰਨ ਇਕੋ ਵੱਡੇ ਸ਼ਹਿਰ ਨਾਲ ਸੜਕਾਂ ਜੁੜਦੀਆਂ ਸਨ ਜਿਸ ਕਾਰਨ ਸਾਰਾ ਦਿਨ ਬੱਸਾਂ, ਕਾਰਾਂ, ਗੱਡੀਆਂ ਦੀ ਭੀੜ ਜੁੜੀ ਰਹਿੰਦੀ। ਹਸਨਾ ਭੀੜ 'ਚੋਂ ਕਿਸੇ ਆਪਣੇ ਚਿਹਰੇ ਦੀ ਤਲਾਸ਼ ਵਿਚ ਲੱਗਿਆ ਰਹਿੰਦਾ ਜਾਂ ਫਿਰ ਆਉਂਦੀਆਂ ਜਾਂਦੀਆਂ ਗੱਡੀਆਂ ਦੀ ਰਫ਼ਤਾਰ ਮਾਪਦਾ ਰਹਿੰਦਾ। ਕਈ ਵਾਰੀ ਤਾਂ ਕਈ-ਕਈ ਘੰਟੇ ਉਹਦਾ ਜੀਅ ਇੱਥੇ ਪਰਚਿਆ ਰਹਿੰਦਾ। ਅੱਜ ਵੀ ਉਹ ਲਗਾਤਾਰ ਇਸੇ ਭੀੜ ਨੂੰ ਦੇਖ ਰਿਹਾ ਸੀ ਪਤਾ ਨਹੀਂ ਕੁਝ ਲੱਭ ਰਿਹਾ ਸੀ ਜਾਂ ਕੁਝ ਦੱਸਣਾ ਚਾਹ ਰਿਹਾ ਸੀ। ਉਹ ਪਾਣੀ-ਪੂਰੀ ਵਾਲੇ ਕੋਲ ਥੜ੍ਹੇ ਉੱਤੇ ਕੰਧ



ਨਾਲ ਢੋਹ ਲਾਈ ਬੈਠਾ ਸੀ। ਇੰਨੇ 'ਚ ਉਹਦੀ ਨਿਗਾਹ ਕਾਲਜ ਬੱਸ 'ਤੇ ਪਈ ਜੋ ਖੱਬੇ ਪਾਸੇ ਵਾਲੀ ਸੜਕ ਦੇ ਕਿਨਾਰੇ 'ਤੇ ਆ ਕੇ ਹਾਲੇ ਰੁਕੀ ਹੀ ਸੀ ਅਤੇ ਕੁੜੀਆਂ ਉਤਰ ਰਹੀਆਂ ਸਨ। ਬੱਸ ਦੇ ਨਾਲ ਹੀ ਇੱਕ ਕਾਰ ਆ ਕੇ ਰੁਕੀ ਅਤੇ ਚਾਰ ਪੰਜ ਮੁੰਡਿਆਂ ਨੇ ਕੁੜੀਆ ਵਿਚੋਂ ਇੱਕ ਕੁੜੀ ਨੂੰ ਖਿੱਚ ਲਿਆ। ਕੁੜੀ ਜ਼ੋਰ-ਜ਼ੋਰ ਦੀ ਗਲ੍ਹਾ ਪਾੜ ਕੇ ਰੌਲਾ ਪਾ ਰਹੀ ਸੀ। ਉਹਨਾਂ ਨੂੰ ਗਾਲ੍ਹਾਂ ਕੱਢ ਰਹੀ ਸੀ। ਇੱਕ ਮੁੰਡੇ ਨੇ ਕੁੜੀ ਦੇ ਮੂੰਹ 'ਤੇ ਜ਼ੋਰ ਨਾਲ ਹੱਥ ਰੱਖ ਲਿਆ ਤੇ ਬਾਕੀਆਂ ਨੇ ਉਹਨੂੰ ਜ਼ਬਰਦਸਤੀ ਦਬੋਚ ਲਿਆ। ਦੂਜੀਆਂ ਕੁੜੀਆਂ ਡਰਦੀਆਂ ਮਾਰੀਆਂ ਚੀਕਾਂ ਮਾਰਦੀਆਂ ਇਧਰ-ਓਧਰ ਦੌੜ ਰਹੀਆਂ ਸਨ। ਬੱਸ ਦੇ ਡਰਾਇਵਰ ਨੇ ਕੰਨ ਵਲ੍ਹੇਟ ਕੇ ਹੌਲੀ ਕੁ ਦੇਣੇ ਬੱਸ ਤੋਰ ਲਈ ਅਤੇ ਉਥੋਂ ਨਿਕਲ ਗਿਆ। ਗੁੰਡੇ ਕੁੜੀ ਨੂੰ ਧੂਹ ਕੇ ਕਾਰ ਵਿਚ ਲੈ ਗਏ। ਇੱਕ ਬਾਹਰ ਖੜ੍ਹਾ ਅੱਗ ਉਗ਼ਲ ਰਿਹਾ ਸੀ...

"ਸਾਲੀ ਨੂੰ ਬਹੁਤਾ ਹੀ ਮਾਣ ਏ, ਸੁਹੱਪਣ ਦਾ... ਜਦੋਂ ਦੇਖੋ, ਗਾਲ੍ਹ ਦੇ ਕੇ ਜਾਂਦੀ ਐ... ਅੱਜ ਕੱਢ ਦਿੰਨੇ ਆਂ ਸਾਰਾ ਗ਼ਰੂਰ...।"

ਉਹ ਇੰਨੀ ਉੱਚੀ ਬੋਲ ਰਿਹਾ ਸੀ। ਉੱਥੇ ਖੜ੍ਹੇ ਤੇ ਲੰਘਣ ਵਾਲੇ ਬੰਦਿਆਂ ਨੂੰ ਸਭ ਸੁਣ ਰਿਹਾ ਸੀ। ਅੱਜ ਉਥੇ ਨਾ ਕੋਈ ਟਰੈਫ਼ਿਕ ਪੁਲਸ 'ਚੋਂ ਤੇ ਨਾ ਕੋਈ ਹੋਰ ਗਾਰਡ ਮੌਜੂਦ ਸੀ। ਹਸਨਾ ਉੱਠ ਖੜ੍ਹਾ ਹੋਇਆ ਅਤੇ ਕਾਰ ਵੱਲ ਨੂੰ ਜਾਣ ਲੱਗਿਆ। ਪਾਨ-ਵਾਲਾ ਤੇ ਦੂਜੇ ਬੰਦੇ ਉਹਨੂੰ ਰੋਕਣ ਲੱਗ ਪਏ ਪਰ ਉਹ ਰੁਕਿਆ ਨਹੀਂ ਸੀ ਅਤੇ ਕਾਰ ਦੇ ਪਿੱਛੇ ਨੂੰ ਹੋ ਗਿਆ। ਗੁੰਡੇ ਕਾਰ ਨੂੰ ਹੌਲੀ-ਹੌਲੀ ਏਧਰ-ਓਧਰ ਤੋਰੀ ਜਾ ਰਹੇ ਸਨ। ਹਸਨੇ ਦੀਆਂ ਅੱਖਾਂ 'ਚੋਂ ਖ਼ੂਨ ਟਪਕਣ ਲੱਗ ਪਿਆ ਤੇ ਕਾਰ ਦਾ ਪਿੱਛਾ ਕਰਦਾ ਗਿਆ ਅੰਤ ਉਹ ਤੇਜ਼ੀ ਨਾਲ ਭੱਜ ਕੇ ਕਾਰ ਦੇ ਮੂਹਰੇ ਹੋ ਗਿਆ। ਕਾਰ ਦੇ ਬਰੇਕ ਲੱਗ ਗਏ। ਕਾਰ ਦੀਆਂ ਟਾਕੀਆਂ ਖੁੱਲ੍ਹ ਗਈਆਂ ਅਤੇ ਗੁੰਡੇ ਉਤਰ ਕੇ ਹਸਨੇ ਨਾਲ ਹੱਥੋਪਾਈ ਹੋਣ ਲੱਗ ਪਏ। ਤਕੜੇ ਸਰੀਰ ਵਾਲੇ ਹਸਨੇ ਨੇ ਨਸ਼ੇ ਵਿਚ ਗੜੁੰਦ ਦੋ ਜਣਿਆਂ ਨੂੰ ਤਾਂ ਕੁੱਟ ਸੁੱਟਿਆ ਅਤੇ ਇੱਕ ਦੇ ਮੱਥੇ ਵਿਚ ਇੱਟ ਦੇ ਮਾਰੀ ਤੇ ਉਹ ਡਿੱਗ ਪਿਆ। ਰੌਲ਼ੇ ਨੂੰ ਸੁਣ ਕੇ ਭੀੜ ਵੀ ਨੇੜੇ ਆਉਣ ਲੱਗ ਪਈ। ਤੇਜ਼ੀ ਨਾਲ ਇੱਕ ਕਾਰ ਹੋਰ ਆ ਕੇ ਰੁਕੀ ਤੇ ਮਧੋਲੇ ਹੋਏ ਗੁੰਡੇ ਦੂਜੀ ਕਾਰ ਵਿਚ ਬੈਠ ਕੇ ਭੱਜ ਗਏ। ਹਸਨੇ ਨੇ ਕਾਹਲੀ ਨਾਲ ਕੁੜੀ ਨੂੰ ਕਾਰ 'ਚੋਂ ਬਾਹਰ ਕੱਢਿਆ, ਉਸ ਦੇ ਕੱਪੜੇ ਲੱਥੇ ਹੋਏ ਸਨ, ਉਹ ਬੇਹੋਸ਼ ਹੋ ਚੁੱਕੀ ਸੀ। ਹਸਨਾ ਉੱਚੀ-ਉੱਚੀ ਦਹਾੜਨ ਲੱਗ ਪਿਆ, ਉਹਦੇ ਹੰਝੂ ਰੁਕ ਨਹੀਂ ਸਨ ਰਹੇ ਤੇ ਉਹ ਬੌਂਦਲਿਆ ਹੋਇਆ ਲੋਕਾਂ ਨੂੰ ਆਵਾਜ਼ਾਂ ਦੇ ਰਿਹਾ ਸੀ ਪਰ ਉਹਨੂੰ ਜਾਪਿਆ ਜਿਵੇਂ ਚੌਂਕ ਸੁੰਨਾ ਹੋ ਚੁੱਕਿਆ ਹੋਵੇ। ਹਸਨੇ ਨੇ ਉੱਠ ਕੇ ਆਸੇ-ਪਾਸੇ ਵੇਖਿਆ, ਉਹਨੇ ਆਪਣੇ ਕੱਪੜੇ ਲਾਹ ਲਏ ਅਤੇ ਬੇਹੋਸ਼ ਪਈ ਕੁੜੀ ਦੇ ਪਾ ਦਿੱਤੇ। ਇਕਦਮ ਉਹਦੇ ਅੰਦਰ ਕੋਈ ਤੂਫ਼ਾਨ ਉੱਠਿਆ, ਉਹ ਨੰਗ-ਧੜੰਗਾ ਚੌਂਕ ਦੇ ਵਿਚਾਲੇ ਨੱਚਣ ਲੱਗ ਪਿਆ। ਆਸੇ-ਪਾਸੇ ਦੀ ਭੀੜ ਕੋਲੇ ਆ ਕੇ ਮੂੰਹ

'ਚ ਉਂਗਲਾਂ ਪਾ ਕੇ ਵੇਖਣ ਲੱਗ ਪਈ। ਉਹ ਅੱਜ ਇੰਨਾ ਨਿਸੰਗ ਹੋ ਕੇ ਨੱਚ ਰਿਹਾ ਸੀ ਕਿ ਨਟਰਾਜ ਦੀ ਮੂਰਤ ਨੂੰ ਮਾਤ ਪਾ ਰਿਹਾ ਸੀ। ਧੰਨੋ ਬਸਤੀ 'ਚੋਂ ਭੱਜੀ-ਭੱਜੀ ਆਈ ਅਤੇ ਹਸਨੇ ਨੂੰ ਵੇਖ ਕੇ ਦੰਗ ਰਹਿ ਗਈ ਪਰ ਉਹਨੂੰ ਰੋਕ ਨਾ ਸਕੀ। ਕੋਈ ਸਿਆਣਾ ਬਜ਼ੁਰਗ ਕੋਲੋਂ ਲੰਘਦਾ ਹੋਇਆ ਕਹਿ ਰਿਹਾ ਸੀ,

"ਉਹ ਭਾਈ... ਰੋਕੋ ਏਸ ਰੱਬ ਦੇ ਬੰਦੇ ਨੂੰ... ਤੇ ਏਹਨੂੰ ਕੱਪੜਾ ਦਿਉ ਕੋਈ...।"

ਕੁਝ ਲੋਕ ਬੇਸ਼ਰਮੀ ਨਾਲ ਤੇ ਕੁਝ ਕੁ ਹੈਰਾਨੀ ਨਾਲ ਹਸਨੇ ਨੂੰ ਵੇਖ ਰਹੇ ਸਨ ਅਤੇ ਕਈ ਬੰਦੇ ਕੁਝ ਕੁ ਵਿੱਥਾਂ ਦੂਰ ਪਈ ਬੇਹੋਸ਼ ਕੁੜੀ ਨੂੰ ਵੀ। ਭੀੜ ਨੂੰ ਇਹ ਸਮਝ ਨਹੀਂ ਆਇਆ ਪਰ ਕੁਝ ਸਿਆਣੇ ਜ਼ਰੂਰ ਸਮਝ ਗਏ। ਜਿਹਨਾਂ ਵਿਚੋਂ ਧੰਨੋ ਵੀ ਇੱਕ ਸੀ। ਉਹ ਬੇਹੋਸ਼ ਪਈ ਕੁੜੀ ਨੂੰ ਚੁੱਕ ਕੇ ਬਸਤੀ ਵੱਲ ਲੈ ਗਈ। ਸ਼ਾਇਦ ਹਸਨਾ ਅੱਜ ਆਪਣੇ ਜਮਾਤੀ ਮੁੰਡਿਆਂ, ਮਾਸਟਰ ਹਿੰਮਤ ਸਿਹੁੰ ਅਤੇ ਆਹ ਗੁੰਡਿਆਂ ਦਾ ਰੱਜ ਕੇ ਵਿਰੋਧ ਕਰ ਰਿਹਾ ਸੀ.... ਮਰਦਾਨਗੀ ਦੀ ਕਰੂਰਤਾ ਦਾ ਵਿਰੋਧ............ਇਹ ਉਸਦਾ 'ਮਹਾਂਨਾਚ' ਸੀ। ਮਰਦ ਖੜ੍ਹੇ ਦੇਖ ਰਹੇ ਸਨ।



# ਮ੍ਰਿਗਤ੍ਰਿਸ਼ਨਾ

**✍ ਐੱਸ. ਬਲਵੰਤ**

ਉਹਦਾ ਨਾਂ ਤਾਂ ਮਿਸਟਰ ਬਸਰਾ ਸੀ, ਪਰ ਸਭ ਨੇ ਉਸਦਾ ਛੋਟਾ ਨਾਂ ਬਸੀ ਪਾਇਆ ਹੋਇਆ ਸੀ।

ਕਈ ਦਿਨ ਹੋ ਗਏ ਸਨ- ਬਸੀ ਦਫਤਰ ਨਹੀਂ ਸੀ ਆ ਰਿਹਾ। ਰਮਾਕਾਂਤ ਉਹਦੀ ਹਰ ਰੋਜ਼ ਉਡੀਕ ਕਰਦਾ। ਪਤਾ ਨਹੀਂ ਕੀ ਵਾਪਰ ਗਿਆ। ਉਹ ਤਾਂ ਕਦੇ ਦਫ਼ਤਰ ਤੋਂ ਛੁੱਟੀ ਨਹੀਂ ਸੀ ਕਰਦਾ। ਕੋਈ ਇਤਲਾਹ ਵੀ ਨਹੀਂ। ਰਮਾਕਾਂਤ ਨੇ ਸੋਚਿਆ ਅੱਜ ਉਹ ਬਸੀ ਦੇ ਘਰ ਜਾਵੇਗਾ।

ਉਹ ਜਦੋਂ ਤੋਂ ਇਸ ਦਫ਼ਤਰ 'ਚ ਆਇਆ ਸੀ, ਉਹਦੀ ਦੋਸਤੀ ਰਮਾਕਾਂਤ ਨਾਲ ਹੋ ਗਈ ਸੀ। ਉਹ ਖਾਣਾ ਇਕੱਠੇ ਖਾਂਦੇ। ਸ਼ਾਮ ਨੂੰ ਘਰ ਵਲ ਇਕੱਠੇ ਤੁਰਦੇ। ਦਿਨ ਭਰ ਦੀਆਂ ਗੱਲਾਂ ਸਾਂਝੀਆਂ ਕਰਦੇ। ਘਰ ਜਾਂਦੇ ਰਾਹ ਤੀਕ ਇਕ ਮੋੜ ਤੇ ਇਕੱਠੇ ਜਾਂਦੇ ਪਰ ਮੁੜ ਆਪੋ ਆਪਣੇ ਰਾਹ ਵੱਖੋ-ਵਖਰੇ ਤੁਰ ਜਾਂਦੇ।

ਬਸੀ ਰਮਾਕਾਂਤ ਦੇ ਘਰ ਵੀ ਆਇਆ ਸੀ। ਪਰ ਰਮਾਕਾਂਤ ਨੂੰ ਉਹ ਆਪਣੇ ਘਰ ਕਦੇ ਨਾ ਲੈ ਗਿਆ। ਕਹਿੰਦਾ ਉਹ ਘਰ 'ਚ ਇਕੱਲਾ ਹੀ ਰਹਿੰਦਾ। ਉਹਨਾਂ ਦੀ ਕੀ ਸੇਵਾ ਕਰ ਸਕੇਗਾ?

ਪਿਛਲੇ ਹਫਤੇ ਹੀ ਉਹ ਰਮਾਕਾਂਤ ਦੀ ਬੇਟੀ ਦੇ ਜਨਮ ਦਿਨ ਤੇ ਫੁੱਲ ਲਿਆਇਆ ਸੀ। ਜਦ ਰਮਾਕਾਂਤ ਨੇ ਉਹ ਫੁੱਲ ਆਪਣੀ ਬੇਟੀ ਨੂੰ ਦਿੱਤੇ ਤਾਂ ਉਹ ਬਹੁਤ ਖੁਸ਼ ਹੋਈ। ਆਖਣ ਲੱਗੀ, "ਅੰਕਲ ਨੂੰ ਮੇਰਾ ਥੈਂਕਸ ਆਖਣਾ।... ਅੰਕਲ ਬਹੁਤ ਚੰਗੇ ਸਨ। ਤੁਸੀਂ ਤਾਂ ਕਦੇ ਵੀ ਫੁੱਲ ਨਹੀਂ ਲਿਆਉਂਦੇ?

ਰਮਾਕਾਂਤ ਨੂੰ ਇਹ ਗੱਲ ਬਹੁਤ ਚੁੱਭੀ। ਇਹ ਨਹੀਂ ਸੀ ਕਿ ਉਹ ਫੁੱਲਾਂ ਦੇ ਖਰਚੇ ਤੋਂ ਡਰਦਾ ਸੀ। ਪਰ ਉਹਨੂੰ ਕਦੇ ਸੁੱਝਿਆ ਹੀ ਨਹੀਂ?... ਉਹ ਗੱਲ ਉਸਨੂੰ ਉਸੇ ਦਿਨ ਹੀ ਪਤਾ ਲੱਗੀ ਕਿ ਕਿਸੇ ਦੇ ਜਨਮ ਦਿਨ ਤੇ ਫੁੱਲ ਦੇਣ ਨਾਲ ਜਨਮ ਦਿਨ ਵਾਲੇ ਇਨਸਾਨ ਦੀ ਖੁਸ਼ੀ 'ਚ ਕਿੰਨਾ ਇਜ਼ਾਫਾ ਹੁੰਦਾ। ਰਮਾਕਾਂਤ ਨੂੰ ਬਹੁਤ ਅਫਸੋਸ ਹੋਇਆ ਕਿ ਅਜਿਹਾ ਕਿਉਂ ਨਹੀਂ ਸੀ ਕਰ ਸਕਿਆ?

ਉਂਜ ਬਸੀ ਹੋਰ ਗੱਲਾਂ 'ਚ ਵੀ ਬਹੁਤ ਕਮਾਲ ਸੀ। ਮੌਕਾ ਤਾੜ ਲੈਂਦਾ ਤੇ ਅਗਾਂਹ ਹੋ ਕੇ ਵਿਚੋਲਾ ਬਣ ਜਾਂਦਾ। ਦਫਤਰ 'ਚ ਕਈ ਵੇਰ ਅਜਿਹੀਆਂ ਮੁਸੀਬਤਾਂ ਆਈਆਂ। ਬਸੀ ਉਹਨਾਂ ਨੂੰ ਆਪਣੇ ਸਿਰ ਲੈ ਲੈਂਦਾ, ਭਾਵੇਂ ਉਹ ਫਾਲਤੂ ਕੰਮ ਦੀ ਗੱਲ ਹੋਵੇ ਭਾਵੇਂ ਕਿਸੇ ਜ਼ਿੰਮੇਵਾਰੀ ਦੀ। ਰਮਾਕਾਂਤ ਹਮੇਸ਼ਾ ਪਿੱਛੇ ਰਹਿ ਜਾਂਦਾ।

ਰਮਾਕਾਂਤ ਅੱਜ ਇਹਨਾਂ ਸੋਚਾਂ 'ਚ ਹੀ ਤੁਰਦਾ ਪਤਾ ਨਹੀਂ ਕਿਹੜਾ ਕੰਮ ਕਰ ਗਿਆ ਤੇ ਕਿਹੜਾ ਛੱਡ ਗਿਆ।

ਸ਼ਾਮ ਹੋਈ ਤਾਂ ਉਹ ਬਸੀ ਦੇ ਘਰ ਵੱਲ ਉਹਦਾ ਪਤਾ ਲੈਣ ਲਈ ਤੁਰ ਪਿਆ।

ਆਖਰ ਕਿਹੜੀ ਗੱਲ ਸੀ, ਉਹ ਕਈ ਦਿਨਾਂ ਤੋਂ ਦਫ਼ਤਰ ਨਹੀਂ ਆਇਆ? ਕਿਤੇ ਬਿਮਾਰ ਹੀ ਨਾ ਹੋਵੇ?... ਪਰ ਜੇ ਬਿਮਾਰ ਹੁੰਦਾ ਤਾਂ ਫੋਨ ਤਾਂ ਕਰ ਸਕਦਾ ਸੀ?... ਖੈਰ ਅੱਜ ਪਤਾ ਲੱਗ ਜਾਵੇਗਾ।

ਉਹਦੇ ਘਰ ਵਲ ਜਾਣ ਵਾਲੀ ਬੱਸ ਆਈ ਤਾਂ ਉਹ ਉਸ ਤੇ ਚੜ੍ਹ ਗਿਆ।

ਸਾਰੇ ਰਾਹ ਉਹ ਬਸੀ ਨਾਲ ਬਿਤਾਏ ਦਿਨ ਚੇਤੇ ਕਰਦਾ ਰਿਹਾ।

ਜਦ ਉਸ ਨੂੰ ਉਹ ਮਿਲਣੀ ਚੇਤੇ ਆਈ ਜਦੋਂ ਬਸੀ ਨੇ ਰਮਾਕਾਂਤ ਦੀ ਪਤਨੀ ਨੂੰ ਚੁੰਮ ਲਿਆ ਸੀ ਤਾਂ ਉਹ ਕੰਬ ਗਿਆ। ਕਿੰਨਾ ਗੁੱਸਾ ਚੜ੍ਹਿਆ ਸੀ ਉਸ ਦਿਨ ਰਮਾਕਾਂਤ ਨੂੰ? ਬਹੁਤ ਦੁਖੀ ਹੋਇਆ ਸੀ, ਰਮਾਕਾਂਤ ਉਸ ਦਿਨ।

ਮੌਕਾ ਉਹਨਾਂ ਦੇ ਵਿਆਹ ਦੀ ਸਾਲਗਿਰਾਹ ਦਾ ਸੀ। ਬਸੀ ਨੇ ਮੀਆਂ ਬੀਵੀ ਨੂੰ ਖਾਣੇ ਤੇ ਬੁਲਾਇਆ ਸੀ। ਕਨਾਟ ਪਲੇਸ ਦੇ ਕਿਸੇ ਠੀਕ ਜਿਹੇ ਢਾਬੇ ਤੇ ਰੋਟੀ ਖਾਣ ਦਾ ਫੈਸਲਾ ਹੋਇਆ, ਇਨਵੀਟੇਸ਼ਨ ਬਸੀ ਵੱਲੋਂ ਸੀ। ਇਸ ਲਈ ਉਹਦੀ ਦੱਸੀ ਥਾਂ ਤੇ ਉਹ ਦੋਵੇਂ ਪਹੁੰਚ ਗਏ।

ਖਾਣੇ ਦਾ ਆਰਡਰ ਦਿੱਤਾ ਗਿਆ। ਵੇਟਰ ਫਟਾਫਟ ਲੈ ਆਇਆ। ਖਾਣਾ ਬਹੁਤ ਸੁਆਦ ਸੀ।

ਅਸਲ 'ਚ ਇੰਨੀ ਆਮਦਨ ਹੀ ਨਹੀਂ ਸੀ ਕਿ ਉਹ ਹਰ ਰੋਜ਼ ਹੋਟਲਾਂ 'ਚ ਖਾਣਾ ਖਾ ਸਕਦੇ। ਕਦੇ ਕਦੇ ਅਜਿਹੀ ਦਾਅਵਤ ਮਿਲਦੀ ਤਾਂ ਉਹ ਜ਼ਰੂਰ ਜਾਂਦੇ ਤੇ ਢਿੱਡ ਭਰ ਕੇ ਕਸਰਾਂ ਕੱਢਦੇ।

ਅੱਜ ਵੀ ਉਹ ਇੰਜ ਹੀ ਕਰ ਰਹੇ ਸਨ।

ਬਸੀ ਉਹਨਾਂ ਦੋਹਾਂ ਵੱਲ ਬੜੇ ਪਿਆਰ ਨਾਲ ਦੇਖਦਾ ਰਿਹਾ। ਉਨ੍ਹਾਂ ਦੀਆਂ ਗੱਲਾਂ ਸੁਣਦਾ ਰਿਹਾ। ਮਿਸੇਜ਼ ਰਮਾਕਾਂਤ ਭਰਵੇਂ ਸਰੀਰ ਦੀ ਔਰਤ ਸੀ। ਬਸੀ ਆਪਣੀਆਂ ਅੱਖਾਂ ਉਹਦੇ ਸਰੀਰ ਤੇ ਗੱਡੀ ਉਹਦੇ ਵਲ ਦੇਖਦਾ ਰਿਹਾ। ਉਹਦੀ ਨਿਗਾਹ ਸਿਰ ਤੇ ਵਾਹੇ ਵਾਲਾਂ ਮਗਰੋਂ ਉਨ੍ਹਾਂ 'ਚ ਪਏ ਸਿੰਦੂਰ ਵੱਲ ਗਈ। ਮੱਥੇ ਤੇ ਬਿੰਦੀ, ਅੱਖਾਂ, ਨੱਕ, ਗੱਲ੍ਹਾਂ ਤੇ ਮੁੜ ਉਹਦੇ ਬੁੱਲ੍ਹਾਂ ਵਲ ਦੇਖਦਾ ਰਿਹਾ। ਜਿਹਨਾਂ ਤੇ ਲੱਗੀ ਲਿਪਸਟਿਕ ਖਾਣਾ ਖਾਣ ਨਾਲ ਲੱਥਣੀ ਸ਼ੁਰੂ ਹੋ ਗਈ ਸੀ ਤੇ ਬੁੱਲ੍ਹਾਂ ਦੀ ਅਸਲ ਲਾਲੀ ਉਭਰ ਰਹੀ ਸੀ।

ਮੁੜ ਉਹ ਮਿਸਜ਼ ਰਮਾਕਾਂਤ ਦੇ ਬਾਕੀ ਅੰਗਾਂ ਵਲ ਦੇਖਦਾ ਰਿਹਾ।

ਰਮਾਕਾਂਤ ਨੂੰ ਪਹਿਲਾਂ ਤਾਂ ਬੁਰਾ ਲੱਗਾ, ਪਰ ਮਗਰੋਂ ਉਸ ਸੋਚਿਆ ਕਿ ਉਹਦੀ ਬੀਵੀ ਜੇ ਸੁਹਣੀ ਹੈ ਤਾਂ ਦੇਖੀ ਜਾਵੇ?... ਉਹਦਾ ਕਿਹੜਾ ਕੁਝ ਘਸ ਚੱਲਿਆ?...

ਪਰ ਜਦ ਬਸੀ ਦੀ ਨਿਗਾਹ ਮਿਸਜ਼ ਰਮਾਕਾਂਤ ਦੀਆਂ ਛਾਤੀਆਂ ਤੇ ਟਿਕੀ ਤਾਂ ਮਿਸੇਜ਼ ਰਮਾਕਾਂਤ ਤੋਂ ਰਿਹਾ ਨਾ ਗਿਆ। ਉਸ ਕਹਿ ਹੀ ਦਿੱਤਾ, "ਬਸੀ, ਤੁਸੀਂ ਵਿਆਹ ਕਿਉਂ ਨਹੀਂ ਕਰਵਾਉਂਦੇ?"

"ਵਿਆਹ?..." ਉਹ ਹੱਸਿਆ, "ਤੁਹਾਡੇ ਵਰਗੀ ਖ਼ੂਬਸੂਰਤ ਔਰਤ ਤਾਂ ਇਹ ਰਮਾਕਾਂਤ ਲੈ ਗਿਆ, ਹੁਣ ਵਿਆਹ ਕਿਸ ਨਾਲ ਕਰਾਵਾਂ?"

ਬਸੀ ਦੇ ਇੰਨਾ ਕਹਿਣ ਤੇ ਉਹ ਸ਼ਰਮਾ ਗਈ। ਨੀਵੀਂ ਪਾ ਕੇ ਚੋਰ ਨਜ਼ਰ ਨਾਲ ਉਸ ਰਮਾਕਾਂਤ ਵੱਲ ਦੇਖਿਆ। ਸ਼ਾਇਦ ਉਹ ਇਹ ਸੋਚ ਰਹੀ ਸੀ ਕਿ ਉਹ ਗੱਲ ਰਮਾਕਾਂਤ ਨੇ ਤਾਂ ਕਦੇ ਨਹੀਂ ਕਹੀ?... ਉਹਨੂੰ ਲੱਗਾ ਸ਼ਾਇਦ ਉਹ ਵਾਕਈ ਖ਼ੂਬਸੂਰਤ ਹੈ!

ਰਮਾਕਾਂਤ ਚੁੱਪ ਬੈਠਾ ਇਹ ਦੇਖ ਸੁਣ ਰਿਹਾ ਸੀ। ਉਸਨੂੰ ਕੁਝ ਨਹੀਂ ਸੁੱਝਾ ਕਿ ਉਹ ਆਪਣੀ ਬੀਵੀ ਦੀ ਤਾਰੀਫ ਕਰੇ ਜਾਂ ਬਸੀ ਨੂੰ ਅਜਿਹਾ ਕਰਨ ਤੋਂ ਰੋਕੇ?... "ਪਰ ਇਹਦੇ 'ਚ ਕੀ ਮਾੜਾ ਸੀ। ਜੇ ਮੇਰੀ ਬੀਵੀ ਖ਼ੂਬਸੂਰਤ ਐ ਉਸ ਨੇ ਕਹਿ ਦਿੱਤਾ, ਤਾਂ ਹਰਜ਼ ਕੀ?... ਅੱਜ ਉਹਦੇ ਮਹਿਮਾਨ ਵੀ ਤਾਂ ਹਾਂ? ਮਾੜਾ ਮੋਟਾ ਮਜ਼ਾਕ ਤਾਂ ਚਲਦਾ ਈ...।"



ਉਸ ਮਨ ਵਿੱਚ ਸੋਚਿਆ।

ਬਸੀ ਨੂੰ ਆਪਣੇ ਤੌਰ ਤੇ ਲੱਗਾ ਕਿ ਅਨਜਾਣੇ 'ਚ ਉਸ ਕੁਝ ਅਜਿਹਾ ਕਹਿ ਦਿੱਤਾ ਜੋ ਉਸ ਨੂੰ ਨਹੀਂ ਕਹਿਣਾ ਚਾਹੀਦਾ। ਮਸਾਂ ਮਸਾਂ ਦੁਨੀਆਂ ਦੀਆਂ ਭਟਕਣਾਂ ਬਾਅਦ ਇਕ ਚੰਗਾ ਦੋਸਤ ਮਿਲਿਐ। ਕਿਤੇ ਇਹ ਵੀ ਨਾਰਾਜ਼ ਨਾ ਹੋ ਜਾਵੇ?

ਉਹ ਖਾਣਾ ਖਾ ਕੇ ਇੰਡੀਆ ਗੇਟ ਵਲ ਘੁੰਮਣ ਆ ਗਏ।

ਮਾੜੀ ਮਾੜੀ ਠੰਡ ਉਤਰ ਆਈ ਸੀ। ਉਹ ਪਾਰਕ 'ਚ ਬੈਠ ਗਏ। ਥੋੜੀ ਦੇਰ ਬਾਅਦ ਉਹਨਾਂ ਫੈਸਲਾ ਕੀਤਾ ਕਿ ਆਈਸ ਕਰੀਮ ਖਾਧੀ ਜਾਵੇ। ਰਮਾਕਾਂਤ ਨੇ ਜ਼ਬਰਦਸਤੀ ਕੀਤੀ ਕਿ ਅੱਜ ਉਹਨਾਂ ਦੇ ਵਿਆਹ ਦੀ ਸਾਲਗਿਰਾਹ ਤੇ ਆਈਸ ਕਰੀਮ ਉਹ ਲਿਆਏਗਾ।

ਰਮਾਕਾਂਤ ਉਠ ਕੇ ਸੜਕ ਤੇ ਖੜੀ ਰੇਹੜੀ ਵੱਲ ਆਈਸ ਕਰੀਮ ਲੈਣ ਲਈ ਵਧਿਆ। ਮਿਸੇਜ਼ ਰਮਾਕਾਂਤ ਦਾ ਦਿਲ ਧੜਕਨ ਲਗ ਪਿਆ। ਹੁਣ ਉਹ ਦੋਵੇਂ ਇਕੱਲੇ ਸਨ।

ਸ਼ਾਇਦ ਉਹ ਕੁਝ ਕਹਿਣਾ ਚਾਹੁੰਦੀ ਸੀ। ਇਕ ਵੇਰ ਕੋਸ਼ਿਸ਼ ਵੀ ਕੀਤੀ ਪਰ ਹਿੰਮਤ ਨਾ ਬਣੀ।

ਅਖੀਰ ਮਿਸੇਜ਼ ਰਮਾਕਾਂਤ ਨੇ ਕੋਸ਼ਿਸ਼ ਕੀਤੀ ਤੇ ਕਿਹਾ, "ਕੀ ਮੈਂ ਵਾਕਈ ਖ਼ੂਬਸੂਰਤ ਹਾਂ?"

"ਬੇਸ਼ਕ! ਤੂੰ ਖ਼ੂਬਸੂਰਤ ਹੈਂ।" ਉਹਦੇ ਕਹਿੰਦਿਆਂ ਹੀ, ਮਿਸੇਜ਼ ਰਮਾਕਾਂਤ ਦਾ ਚਿਹਰਾ ਭੱਖ ਉਠਿਆ ਤਾਂ ਬਸੀ ਨੇ ਅਗਾਂਹ ਹੋ ਕੇ ਉਸ ਨੂੰ ਚੁੰਮ ਲਿਆ। ਮਿਸੇਜ਼ ਰਮਾਕਾਂਤ ਕੰਬ ਗਈ।

ਰਮਾਕਾਂਤ ਇਹ ਸਭ ਕੁੱਝ ਦੇਖ ਰਿਹਾ ਸੀ।

ਉਹਦਾ ਜੀਅ ਕੀਤਾ ਕਿ ਆਈਸ ਕਰੀਮ ਜਾ ਕੇ ਉਹਨਾਂ ਦੇ ਮੂੰਹ ਤੇ ਦੇ ਮਾਰੇ। ਪਰ ਉਸ ਸੋਚਿਆ, "ਇਸ ਵਿੱਚ ਬਸੀ ਇਕੱਲੇ ਦੀ ਜ਼ਿਆਦਤੀ ਥੋੜ੍ਹੀ ਸੀ।... ਉਹਦੀ ਬੀਵੀ ਵੀ ਤਾਂ ਇਤਰਾਜ਼ ਕਰ ਸਕਦੀ ਸੀ?... ਉਹ ਹੀ ਸਾਲੀ ਹਰਾਮਜ਼ਾਦੀ।... ਹਰ ਔਰਤ ਹੀ ਅਜਿਹੀ ਹੁੰਦੀ ਹੋਵੇਗੀ।..."

ਮਗਰੋਂ ਉਸ ਨੂੰ ਆਪੇ ਹੀ ਖਿਆਲ ਆਇਆ ਕਿ, ਕਦੇ ਖ਼ੁਦ ਉਸ ਆਪਣੀ ਬੀਵੀ ਨੂੰ ਐਨੇ ਪਿਆਰ ਨਾਲ ਨਿਹਾਰਿਆ?... ਉਹਦੀ ਖ਼ੂਬਸੂਰਤੀ ਦੀ ਤਾਰੀਫ਼ ਕੀਤੀ?" ਉਹਨੂੰ ਆਪਣਾ ਆਪ ਬਹੁਤ ਘਟੀਆ ਲੱਗਾ।

ਉਹ ਆਈਸ ਕਰੀਮ ਲਿਆਇਆ। ਤਿੰਨਾਂ ਨੇ ਫੜ੍ਹੀ ਤੇ ਇਕ ਦੂਜੇ ਤੋਂ ਅੱਖ ਬਚਾਅ ਨੀਵੀਂ ਪਾਈ ਘਰਾਂ ਲਈ ਉਥੋਂ ਤੁਰ ਪਏ।

ਘਰ ਆ ਕੇ ਰਮਾਕਾਂਤ ਇਹ ਸਭ ਕੁੱਝ ਬਾਰੇ ਸੋਚਦਾ ਰਿਹਾ, ਤੇ ਮਨ ਵਿੱਚ ਆਖਿਆ, "ਅੱਗੇ ਤੋਂ ਕਦੇ ਬਸੀ ਨਾਲ ਗੱਲ ਨਹੀਂ ਕਰਨੀ। ਬਹੁਤ ਘਟੀਆ ਆਦਮੀ ਹੈ। ਤਾਂ ਹੀ ਵਿਆਹ ਨਹੀਂ ਕਰਾਉਂਦਾ ਸਾਲਾ।... ਦੂਜਿਆਂ ਦੀਆਂ ਬੀਵੀਆਂ ਤੇ ਨਜ਼ਰ ਰੱਖਦਾ। ਇਕੱਲਾ ਰਹਿੰਦਾ ਕਰਕੇ ਹੀ ਤਾਂ ਪੈਸੇ ਬਚ ਜਾਂਦੇ ਹੋਣਗੇ। ਦੂਜਿਆਂ ਦੀਆਂ ਬੀਵੀਆਂ ਤੇ ਖਰਚ ਕਰਨ ਲਈ।"

ਮਿਸੇਜ਼ ਰਮਾਕਾਂਤ ਵੀ ਕਾਫੀ ਡਰੀ ਹੋਈ ਸੀ। ਇਹ ਬਹੁਤ ਪਾਪ ਹੋਇਆ। ਉਹਨੂੰ

ਇੰਜ ਨਹੀਂ ਸੀ ਕਰਨਾ ਚਾਹੀਦਾ।... ਪਰ ਇਹ ਉਸ ਜਾਣ ਬੁਝ ਕੇ ਤਾਂ ਨਹੀਂ ਕੀਤਾ? ਬਸ ਹੋ ਗਿਆ। ਉਹ ਇਕ ਵਫਾਦਾਰ ਇਸਤਰੀ ਵਾਂਗ ਹੀ ਰਹਿ ਰਹੀ ਸੀ। ਅਚਾਨਕ ਉਹਦੇ ਅੰਦਰੋਂ ਇਹ ਕੀ ਫੁਟਿਆ ਕਿ ਉਹ ਅਜਿਹਾ ਕਰਨ ਲਈ ਮਜਬੂਰ ਹੋ ਗਈ।

ਇਨ੍ਹਾਂ ਸੋਚਾਂ 'ਚ ਹੀ, ਪਤਾ ਨਹੀਂ ਉਹ ਕਦੋਂ ਸੌਂ ਗਈ।

ਸਵੇਰੇ ਉੱਠ ਕੇ ਮਿਸੇਜ਼ ਰਮਾਕਾਂਤ ਨੇ ਮੁਆਫ਼ੀ ਮੰਗੀ। ਰਮਾਕਾਂਤ ਚੁੱਪ ਰਿਹਾ। ਉਸਦੀ ਖਾਮੋਸ਼ੀ ਨੇ ਮਿਸੇਜ਼ ਰਮਾਕਾਂਤ ਨੂੰ ਹੋਰ ਪਰੇਸ਼ਾਨ ਕਰ ਦਿੱਤਾ। ਉਹ ਡਰ ਰਹੀ ਸੀ। ਪਤਾ ਨਹੀਂ ਉਹਨੂੰ ਕੀ ਹੋ ਗਿਆ ਸੀ। ਕੋਈ ਚੀਸ ਸੀ ਉਹਦੇ ਅੰਦਰ ਜਿਸਨੇ ਉਹਨੂੰ ਕੱਜ ਲਿਆ ਸੀ।

ਰਮਾਕਾਂਤ ਤਿਆਰ ਹੋ ਕੇ ਦਫ਼ਤਰ ਚਲਾ ਗਿਆ। ਪਰ ਬੋਲਿਆ ਕੁਝ ਨਾ।

ਮਿਸੇਜ਼ ਰਮਾਕਾਂਤ ਹੋਰ ਪਰੇਸ਼ਾਨ ਹੋ ਗਈ।

ਜਦ ਦਫ਼ਤਰ 'ਚ ਪਹੁੰਚਾ ਤਾਂ ਬਸੀ ਪਹਿਲਾਂ ਹੀ ਆਇਆ ਹੋਇਆ ਸੀ। ਉਸ ਰੋਜ਼ ਵਾਂਗ ਰਮਾਕਾਂਤ ਨੂੰ ਬੁਲਾਇਆ। ਪਰ ਉਹ ਠੀਕ ਨਾ ਬੋਲਿਆ।

ਬਸੀ ਇੰਜ ਕਰ ਰਿਹਾ ਸੀ, ਜਿਵੇਂ ਕੱਲ੍ਹ ਕੁਝ ਹੋਇਆ ਹੀ ਨਹੀਂ।

ਇੰਨੇ ਚਿਰ 'ਚ ਸਟਾਫ ਦੇ ਬਾਕੀ ਲੋਕ ਆ ਗਏ। ਉਨ੍ਹਾਂ ਚੋਂ ਤਾਨੀਆ ਤੇ ਊਸ਼ਾ ਨਾਲ ਵੀ ਉਹਦੀ ਕਾਫੀ ਬਣਦੀ ਸੀ। ਉਨ੍ਹਾਂ ਆਪਸ 'ਚ ਵਿਸ਼ ਕੀਤਾ ਤੇ ਆਪੋ ਆਪਣੇ ਕੰਮਾਂ 'ਚ ਲਗ ਗਏ।

ਦੁਪਿਹਰ ਵੇਲੇ ਲੰਚ ਦਾ ਸਮਾਂ ਹੋ ਗਿਆ ਸੀ। ਹਮੇਸ਼ਾ ਰਮਾਕਾਂਤ ਤੇ ਬਸੀ ਇਕੱਠੇ ਲੰਚ ਕਰਦੇ ਪਰ ਅੱਜ ਰਮਾਕਾਂਤ ਸਮੇਂ ਤੋਂ ਪਹਿਲਾਂ ਹੀ ਉਠ ਕੇ ਬਾਹਰ ਲੰਚ ਕਰਨ ਚਲਾ ਗਿਆ।

ਬਸੀ ਨੇ ਤਾਨੀਆ ਤੇ ਊਸ਼ਾ ਨਾਲ ਲੰਚ ਕੀਤਾ। ਊਸ਼ਾ ਨੇ ਉਸ ਨੂੰ ਤਾਅਨਾ ਮਾਰਿਆ, "ਅੱਜ ਆਪਣੇ ਦੋਸਤ ਨਾਲ ਲੰਚ ਨਹੀਂ ਕੀਤਾ?... ਕੀ ਗੱਲ ਲੜ ਪਏ ਓ?" ਊਸ਼ਾ ਮਜ਼ੇ ਲੈ ਰਹੀ ਸੀ।

ਉਹ ਚੁੱਪ ਰਿਹਾ।

ਕੁਝ ਦੇਰ ਦਫ਼ਤਰ ਦੀਆਂ ਗੱਲਾਂ ਹੁੰਦੀਆਂ ਰਹੀਆਂ। ਮਗਰੋਂ ਤਾਨੀਆ ਦੇ ਵਿਆਹ ਦੀਆਂ ਗੱਲਾਂ ਚਲ ਪਈਆਂ। ਤਾਨੀਆ ਨੇ ਦੱਸਿਆ ਉਸ ਨੇ ਸਾਰੇ ਸਟਾਫ਼ ਨੂੰ ਬੁਲਾਇਆ ਹੋਇਆ ਸੀ।

ਇੰਨੇ ਚਿਰ ਰਮਾਕਾਂਤ ਆ ਗਿਆ। ਜਦੋਂ ਉਹ ਆਇਆ ਤਾਂ ਉਹ ਤਿੰਨੇ ਖ਼ੂਬ ਜੁੜ ਕੇ ਬੈਠੇ ਸਨ। ਉਹ ਨੂੰ ਲੱਗਾ, ਇਹ ਸਾਲਾ ਅੱਜ ਤਾਨੀਆ ਨਾਲ ਵੀ ਉਹੋ ਕੁਝ ਕਰੇਗਾ ਜੋ ਕੱਲ੍ਹ ਉਹਨੇ ਉਹਦੀ ਬੀਵੀ ਨਾਲ ਕੀਤਾ।

ਉਹ ਗੁੱਸੇ 'ਚ ਭਰਿਆ ਆਪਣੇ ਕੰਮ 'ਚ ਰੁੱਝਣ ਦੀ ਕੋਸ਼ਿਸ਼ ਕਰਦਾ ਰਿਹਾ।

ਇਸ ਤਰ੍ਹਾਂ ਇਹ ਸਿਲਸਿਲਾ ਕਈ ਦਿਨ ਚਲਦਾ ਰਿਹਾ। ਰਮਾਕਾਂਤ ਘਰ ਜਾਂਦਾ ਤਾਂ ਆਪਣੀ ਬੀਵੀ ਤੇ ਖਿਝਦਾ, ਪਰ ਕਹਿੰਦਾ ਕੁਝ ਨਾ। ਦਫ਼ਤਰ ਆਉਂਦਾ ਤਾਂ ਉਹ ਬਸੀ ਤੋਂ ਪਰ੍ਹੇ ਪਰ੍ਹੇ ਰਹਿੰਦਾ ਤੇ ਖਿਝਦਾ ਰਹਿੰਦਾ।

ਬਸੀ ਜਦ ਤਾਨੀਆ ਜਾਂ ਊਸ਼ਾ ਨਾਲ ਹੱਸ ਹੱਸ ਗੱਲ੍ਹਾਂ ਕਰਦਾ ਤਾਂ ਰਮਾਕਾਂਤ ਤੋਂ ਸਹਿ ਨਾ ਹੁੰਦਾ। ਹੁਣ ਉਹ ਉਸ ਨੂੰ ਬੜੇ ਗਹੁ ਨਾਲ ਦੇਖਦਾ। ਲੰਮਾ ਪਤਲਾ ਸਰੀਰ।



ਕੱਪੜੇ ਵੀ ਬਹੁਤ ਢੁਕਵੇਂ ਪਾਉਂਦਾ। ਦਫਤਰ ਦੇ ਲੋਕਾਂ ਨਾਲ ਵੀ ਕਾਫ਼ੀ ਮੇਲ ਮਿਲਾਪ ਬਣਾ ਲੈਂਦਾ।

ਕੁਝ ਦਿਨ ਬਾਅਦ ਜਦ ਰਮਾਕਾਂਤ ਤੇ ਉਹਦੀ ਬੀਵੀ ਰਾਤ ਨੂੰ ਸੌਣ ਲੱਗੇ, ਮਿਸੇਜ਼ ਰਮਾਕਾਂਤ ਨੇ ਉਹਨੂੰ ਦੱਸਿਆ ਕਿ ਉਹ ਅਗਲੇ ਬੱਚੇ ਦੀ ਮਾਂ ਬਣਨ ਵਾਲੀ ਹੈ। ਇਹ ਸੁਣ ਰਮਾਕਾਂਤ ਪਹਿਲਾਂ ਤਾਂ ਖੁਸ਼ ਹੋਇਆ। ਪਰ ਮਗਰੋਂ ਉਹ ਉਦਾਸ ਉਹਦੇ ਵਲ ਦੇਖਦਾ ਰਿਹਾ। ਸ਼ਾਇਦ ਉਹ ਇਹ ਲੱਭਣ ਦੀ ਕੋਸ਼ਿਸ਼ ਕਰਦਾ ਰਿਹਾ ਕਿ ਉਸ ਬੱਚੇ ਦਾ ਬਾਪ ਕੌਣ ਹੈ?

ਉਹ ਹਮੇਸ਼ਾ ਇਕ ਸ਼ੱਕ 'ਚ ਘਿਰਿਆ ਰਹਿੰਦਾ ਕਿ ਉਹ ਚੋਰੀ ਛਿਪੇ ਬਸੀ ਨੂੰ ਮਿਲਦੀ ਹੈ ਤੇ ਇਹ ਬੱਚਾ ਵੀ ਉਸੇ ਦਾ ਹੀ ਹੋਵੇਗਾ।

ਬਿਸਤਰ ਤੇ ਲੇਟਿਆਂ ਰਮਾਕਾਂਤ ਨੂੰ ਆਪਣੇ ਆਪ ਤੋਂ ਘ੍ਰਿਣਾ ਹੋ ਉੱਠੀ।

ਪਰ ਹੌਲੀ ਹੌਲੀ ਉਸਦਾ ਗੁੱਸਾ ਠੰਡਾ ਹੁੰਦਾ ਗਿਆ।

ਤੇ ਇੱਕ ਦਿਨ ਉਨ੍ਹਾਂ ਬਹਿ ਕੇ ਬੀਤੇ ਤੇ ਮਿੱਟੀ ਪਾਉਣਾ ਮੰਨ ਲਿਆ।

ਕੁਝ ਚਿਰ 'ਚ ਜ਼ਿੰਦਗੀ ਮੁੜ ਉਸੇ ਰਫਤਾਰ ਨਾਲ ਤੁਰਨ ਲੱਗੀ।

ਬੱਸ ਆਪਣੀ ਪੂਰੀ ਸਪੀਡ ਨਾਲ ਤੁਰਦੀ, ਰੁਕਦੀ ਤੇ ਫਿਰ ਤੁਰਦੀ ਜਾ ਰਹੀ ਸੀ।

ਰਮਾਕਾਂਤ ਬਸੀ ਨਾਲ ਬਿਤਾਏ ਸਮੇਂ 'ਚ ਗੁਆਚ ਜਾਂਦਾ ਤੇ ਮੁੜ ਪਰਤ ਆਉਂਦਾ। ਇਸ ਤਰ੍ਹਾਂ ਯਾਦਾਂ ਦਾ ਸਿਲਸਿਲਾ ਵੀ ਚਲਦਾ ਰਿਹਾ ਤੇ ਬੱਸ ਵੀ।

ਬਸੀ ਦੇ ਘਰ ਮੁਹਰਲਾ ਸਟਾਪ ਆ ਗਿਆ ਤੇ ਉਹ ਉੱਤਰ ਕੇ ਉਹਦੇ ਘਰ ਵਲ ਤੁਰ ਪਿਆ। ਜਾਂਦੇ ਜਾਂਦੇ ਉਹਦੀ ਘਬਰਾਹਟ ਹੋਰ ਵਧਣ ਲੱਗੀ। ਸੁਖ ਹੋਵੇ ਸਹੀ। ਕਿਤੇ ਬਿਮਾਰ ਹੀ ਨਾ ਹੋਵੇ। ਉਹ ਤਾਂ ਰਹਿੰਦਾ ਵੀ ਇਕੱਲਾ ਸੀ। ਮਾਂ ਬਾਪ, ਭੈਣ-ਭਰਾ ਤੇ ਹੋਰ ਕਿਸੇ ਰਿਸ਼ਤੇਦਾਰ ਬਾਰੇ ਤਾਂ ਉਸ ਕਦੇ ਨਹੀਂ ਸੀ ਦੱਸਿਆ।

ਅਖੀਰ ਉਹ ਬਸੀ ਦੇ ਘਰ ਪਹੁੰਚ ਗਿਆ। ਦਰਵਾਜ਼ਾ ਖੜਕਾਇਆ ਤਾਂ ਇਕ ਮਰਦਨੁਮਾ ਔਰਤ ਨੇ ਖੋਲ੍ਹਿਆ। ਜਦ ਰਮਾਕਾਂਤ ਨੇ ਆਪਣੇ ਬਾਰੇ ਜਾਣਕਾਰੀ ਦਿੱਤੀ ਤਾਂ ਉਹ ਉਸ ਨੂੰ ਅੰਦਰ ਲੈ ਗਈ। ਉਸ ਦੱਸਿਆ ਕਿ, "ਬਸੀ ਹਮੇਸ਼ਾ ਤੇਰਾ ਜ਼ਿਕਰ ਕਰਦਾ ਹੁੰਦਾ ਸੀ।"

ਕੁਝ ਚਿਰ ਮਗਰੋਂ ਉਹ ਚੁੱਪ ਕਰ ਗਈ ਤੇ ਫਿਰ ਅਚਾਨਕ ਚੁੱਪੀ ਤੋੜਦਿਆਂ ਕਿਹਾ ਕਿ ਬਸੀ ਤਾਂ ਪਰਸੋਂ ਹੀ ਇਹ ਜੂਨ ਛੱਡ ਗਿਆ।

ਜਦ ਉਸ ਇਹ ਗੱਲ ਕਹੀ ਤਾਂ ਰਮਾਕਾਂਤ ਦੀ ਤਰਾਹ ਨਿਕਲ ਗਈ। ਆਪਣੇ ਆਪ ਤੇ ਕਾਬੂ ਪਾ ਉਸ ਪੁੱਛਿਆ ਕਿ, "ਦਫਤਰ 'ਚ ਤਾਂ ਕਿਸੇ ਨੂੰ ਨਹੀਂ ਦੱਸਿਆ, ਅਸੀਂ ਲੋਕ ਚਿੰਤਤ ਸਾਂ।"

"ਸਾਡੀ ਬਰਾਦਰੀ 'ਚ ਜਦੋਂ ਕੋਈ ਇਹ ਜੂਨ ਛੱਡਦਾ, ਅਸੀਂ ਲੋਕਾਂ ਨੂੰ ਦੱਸਦੇ ਨਹੀਂ, ਸਗੋਂ ਅੱਧੀ ਰਾਤ ਨੂੰ ਲੋਥ ਲੁਕਾ ਕੇ ਲੈ ਜਾਂਦੇ ਹਾਂ, ਮਤੇ ਕੋਈ ਗਰਭਵਤੀ ਔਰਤ ਦੇਖ ਨਾ ਲਵੇ ਤੇ ਸਾਡੇ ਵਰਗੀ ਔਲਾਦ ਪੈਦਾ ਕਰ ਦੇਵੇ- ਨਾ ਮਰਦ ਤੇ ਨਾ ਔਰਤ।"

ਰਮਾਕਾਂਤ ਨੂੰ ਲੱਗਾ ਜਿਵੇਂ ਉਹ ਜ਼ਮੀਨ ਦੀ ਤਹਿ ਤੇ ਡਿੱਗ ਪਿਆ ਹੋਵੇ ਤੇ ਕੁਦਰਤ ਦੇ ਕਰਿਸ਼ਮੇ ਉਸ ਨੂੰ ਲਫੇੜੇ ਮਾਰ ਰਹੇ ਹੋਣ।

# ਵੇ ਸੋਨੇ ਦਿਆ ਕੰਗਣਾ

✍ ਗੁਰਮੀਤ ਕੜਿਆਲਵੀ

'ਛਨ-ਛਨਾ...ਛਨ...ਛਨ...ਛਨਾ...ਛਨ...'' ਬਬਲੀ ਦੇ ਪੈਰਾਂ ਨਾਲ ਜਿਵੇਂ ਧਰਤੀ ਵਿੱਚ ਭੂਚਾਲ ਆ ਗਿਆ ਹੋਵੇ। ਸਾਈਂ ਅਬਦੁੱਲਾ ਸ਼ਾਹ, ਗਿਆਰਵੀਂ ਵਾਲੇ ਪੀਰ ਦੇ ਗੱਦੀ ਨਸ਼ੀਨ ਲੱਡੂ ਸ਼ਾਹ ਵਜ਼ਦ ਵਿੱਚ ਸਿਰ ਮਾਰ ਰਹੇ ਨੇ। ਵਾਰ-ਵਾਰ ਉਨ੍ਹਾਂ ਦਾ ਹੱਥ ਨੋਟਾਂ ਵਾਲੇ ਬੋਰੇ ਵਿੱਚ ਚਲਾ ਜਾਂਦਾ ਹੈ। ਸੋਨੇ ਦੀਆਂ ਛਾਪਾਂ ਨਾਲ ਭਰੇ ਗੋਹੇ-ਨਿਛੋਹ ਹੱਥ ਨੋਟਾਂ ਦਾ ਰੁੱਗ ਭਰ ਕੇ ਬੱਬਲੀ ਉਪਰ ਸੁੱਟ ਦਿੰਦੇ ਨੇ। ਨੋਟਾਂ ਦਾ ਮੀਂਹ ਵਰਦਾ ਹੈ। ਰਫ਼ੀਕ ਦੇ ਹੱਥ 'ਧੱਕ-ਧਕ...ਧੱਕ...ਧੱਕ...ਧਕਾ...ਧਕ' ਤਬਲੇ ਨੂੰ ਥਾਪ ਦੇ ਰਹੇ ਹਨ। ਧਰਤੀ ਘੁੰਮਣ ਲੱਗਦੀ ਹੈ ਜਿਵੇਂ ਸਾਰੇ ਡੇਰੇ ਵਿਚ ਹੀ ਭੂਚਾਲ ਆ ਗਿਆ ਹੋਵੇ।

'ਦਨ...ਦਨਾ...ਦਨ...ਦਨਾ...ਦਨ' ਇੱਕ ਭੂਚਾਲ ਬਬਲੀ ਦੇ ਅੰਦਰ ਵੀ ਚੱਲ ਰਿਹਾ ਹੈ। ਉਸਦਾ ਜੀਅ ਕਰਦਾ ਹੈ ਨੱਚਣਾ ਛੱਡ ਕੇ, ਸਾਈਂ ਦੇ ਤਕੀਏ ਨਾਲ ਸਿਰ ਜੋੜ ਕੇ ਧਾਹਾਂ ਮਾਰ-ਮਾਰ ਕੇ ਰੋਵੇ। ਕੁੱਲ ਦੁਨੀਆਂ ਦੀ ਬੇੜੀ ਬੰਨੇ ਲਾਉਣ ਵਾਲਾ, ਦੋ ਜਹਾਨ ਦਾ ਵਾਲੀ, ਮੇਹਰਾਂ ਦਾ ਸਾਈਂ...ਗਰੀਬ ਨਵਾਜ਼...ਸੱਚੀ ਸਰਕਾਰ ਬਬਲੀ 'ਤੇ ਮੇਹਰ ਕਿਉਂ ਨਹੀਂ ਕਰਦਾ। ਉਸਦੀ ਡਿਕਡੋਲੇ ਖਾ ਰਹੀ ਬੇੜੀ ਨੂੰ ਪੱਤਣ 'ਤੇ ਕਿਉਂ ਨਹੀਂ ਲਗਾਉਂਦਾ।

'ਛਨ...ਛਨਾ...ਛਨ' ਬਬਲੀ ਦੇ ਅੰਦਰਲਾ ਭੂਚਾਲ ਥੰਮਣ ਦਾ ਨਾਂ ਹੀ ਨਹੀਂ ਲੈ ਰਿਹਾ ਤੇ ਨਾ ਹੀ ਥੰਮਦੇ ਹਨ ਉਸਦੇ ਪੈਰ। ਡੇਰੇ 'ਤੇ ਚੌਂਕੀ ਭਰਨ ਵਾਲਿਆਂ ਦੀ ਜੁੜੀ ਭੀੜ 'ਚ ਬੈਠੇ ਦਾਨੇ ਬੁੜੀਆਂ-ਬੰਦੇ ਹੱਥ ਜੋੜੀਂ 'ਧੰਨ ਸੱਚੀ ਸਰਕਾਰ...ਧੰਨ ਸੱਚੀ ਸਰਕਾਰ...ਮੇਹਰ...ਸਾਈਂ...ਮੇਹਰ' ਕਰਦੇ ਹਨ। ਭੀੜ ਵਿੱਚ ਜ਼ਿਆਦਾ ਗਿਣਤੀ ਮੁੰਡੀਹਰ ਦੀ ਹੈ। ਜਿਹੜੀ ਬਬਲੀ ਵਰਗਿਆਂ ਦਾ ਨਾਚ ਵੇਖਣ ਆਈ ਹੈ। ਹਰ ਗਿਆਰਵੀਂ ਵਾਲੀ ਰਾਤ ਪੀਰ ਦੇ ਡੇਰੇ 'ਤੇ ਜੁੜਦੀ ਇਹ ਭੀੜ ਬਬਲੀ ਦੇ ਨਾਚ, ਨਖ਼ਰੇ ਅਤੇ ਹੁਸਨ ਦੀ ਮੁਰੀਦ ਹੈ। ਤੂੰਬਿਆਂ-ਅਲਗੋਜ਼ਿਆਂ ਵਾਲੇ ਗਮੰਤਰੀ। ਲੋਕ ਗਾਇਕ ਅਤੇ ਅਖਾੜੇ ਲਾ ਕੇ ਗਾਉਣ ਵਾਲੇ; ਮਾਲਵੇ ਵਿਚੋਂ ਦੂਰ-ਦੂਰ ਤੋਂ ਆਏ। ਰਾਤ ਦੇ ਦੂਜੇ ਪਹਿਰ ਨਚਾਰਾਂ ਦੀ ਵਾਰੀ ਆਉਂਦੀ ਹੈ। ਡਰੰਮ, ਢੋਲ ਅਤੇ ਬੀਨਾਂ ਦੀਆਂ ਸੁਰਾਂ 'ਤੇ ਪੈਲ਼ਾਂ ਪਾਉਂਦੇ। ਅਜੇ ਚੰਦ ਦੀ ਫਾਂਟ ਦੋ ਕੁ ਹੱਥ ਰਹਿੰਦੀ ਹੁੰਦੀ ਹੈ। ਜਦੋਂ ਤੀਜੇ ਪਹਿਰ ਮਹੰਤਾਂ ਦੀਆਂ ਟੋਲੀਆਂ, ਹਰਮੋਨੀਅਮ, ਢੋਲਕੀ, ਤਬਲੇ ਅਤੇ ਚਿਮਟੇ ਦੀ ਤਾਲ 'ਤੇ ਥਿਰਕਣ ਲੱਗਦੀਆਂ ਨੇ। ਸਾਰੀ ਰਾਤ ਦੀ ਚੌਂਕੀ ਭਰਨ ਕਰਕੇ ਨਿੰਦਰਾਏ ਨੈਣਾਂ ਵਿੱਚ ਫਿਰ ਤੋਂ ਖੁਮਾਰੀ ਉੱਤਰ ਆਉਂਦੀ ਹੈ। ਨੀਂਦ ਦੀਆਂ ਝਪਕੀਆਂ ਮਾਰਦੇ ਲੋਕ ''ਤਾ...ਥਈਆ...ਤਾ ਥਈਆ... '' ਦੇ ਬੋਲਾਂ ਅਤੇ ਹੱਥਾਂ ਦੀਆਂ ਦੋਵੇਂ ਤਲੀਆਂ ਜੋੜ ਕੇ ਵਜਾਈਆਂ ਤਾੜੀਆਂ ਦੀ ਖਣਕਾਰ ਨਾਲ ਹੁਲਾਸੇ ਜਾਂਦੇ ਹਨ। ਸਭ ਤੋਂ ਵੱਧ ਨਸ਼ੇ ਵਿੱਚ ਆਉਂਦੀ ਹੈ...ਦੂਰ ਦੁਰਾਡੇ ਦੇ ਪਿੰਡਾਂ ਤੋਂ ਆਈ ਮੁੰਡੀਹਰ। ਬਬਲੀ ਦੇ ਪੈਰਾਂ ਦੀ ਥਿਰਕਣ ਕਈ ਮਨਚਲਿਆਂ ਦੇ ਅੰਦਰ ਤਾਰਾਂ ਛੇੜਦੀ ਹੈ। ਬਾਕੀ ਦੀਆਂ ਮਹੰਤ ਟੋਲੀਆਂ ਬਬਲੀ ਤੋਂ ਖਾਰ ਖਾਂਦੀਆਂ ਹਨ। ਬਬਲੀ 'ਤੇ ਵਰ੍ਹਦੇ ਨੋਟ, ਨਾਂ ਲੈ-ਲੈ ਕੇ ਕਰਾਈਆਂ ਵੇਲਾਂ ਉਨ੍ਹਾਂ ਦੇ ਕਾਲਜੇ ਵਿੱਚ



ਟੀਸ ਪੈਦਾ ਕਰਦੀਆਂ ਨੇ। ਉਹ ਹਰ ਵਾਰ ਵਧੇਰੇ ਤਿਆਰੀ ਕਰਕੇ ਆਉਂਦੇ ਨੇ, ਕਈ-ਕਈ ਦਿਨ-ਰਾਤ ਦੀ ਲੰਬੀ ਰਿਆਜ਼, ਉਹ ਹਰ ਸੰਭਵ ਕੋਸ਼ਿਸ਼ ਕਰਦੇ ਨੇ ਕਿ ਉਨ੍ਹਾਂ ਦੇ ਪੈਰਾਂ ਦੀ ਥਿਰਕਣ ਨਾਲ ਵੀ ਡੇਰੇ ਦੀ ਧਰਤੀ 'ਚ ਕੰਬਣੀ ਛਿੜੇ। ਚੌਂਕੀ ਭਰਨ ਆਏ ਲੋਕਾਂ ਦੇ ਦਿਲਾਂ ਵਿੱਚ ਥਰਥਰਾਹਟ ਹੋਵੇ...ਤੇ ਸਭ ਤੋਂ ਵੱਧ ਕਿ ਲੋਕ ਬਬਲੀ ਮਹੰਤ ਨੂੰ ਭੁੱਲ ਜਾਣ, ਪਰ ਬਬਲੀ ਤਾਂ ਲੋਕਾਂ ਦੇ ਦਿਲਾਂ ਵਿੱਚੋਂ ਨਿਕਲਦਾ ਹੀ ਨਹੀਂ।

ਉਂਝ ਤਾਂ ਕਰੀਬ-ਕਰੀਬ ਸਾਰੀਆਂ ਮਹੰਤ ਟੋਲੀਆਂ ਹੀ ਬਬਲੀ ਨਾਲ ਅੰਦਰ ਖਾਤੇ ਖਾਰ ਖਾਂਦੀਆਂ ਨੇ ਪਰ ਬਬਲੀ ਪ੍ਰਤੀ ਸਭ ਤੋਂ ਵੱਧ ਈਰਖਾ ਰੱਖਦਾ ਹੈ ਸੂਟੀ ਮਹੰਤ। ਸੂਟੀ ਆਪਣੇ ਇਲਾਕੇ ਦਾ ਸਭ ਤੋਂ ਖ਼ੂਬਸੂਰਤ ਮਹੰਤ ਹੈ। ਬਬਲੀ ਦੇ ਐਨ ਮੁਕਾਬਲੇ ਦਾ, ਸਗੋਂ ਉਸ ਤੋਂ ਵੀ ਅੱਗੇ। ਓਨਾ ਹੀ ਛੋਹਲਾ। ਪਰ ਬਬਲੀ ਵਿੱਚ ਤਾਂ ਪਤਾ ਹੀ ਨਹੀਂ ਕੀ ਕਰਾਮਾਤ ਹੈ...ਹੋਰ ਕੋਈ ਉਸਦੇ ਹਾਣ ਨੂੰ ਪਹੁੰਚਦਾ ਹੀ ਨਹੀਂ। ਕਈ ਮਹੰਤ ਤਾਂ ਇਹ ਵੀ ਕਹਿੰਦੇ ਨੇ ਕਿ ਬਬਲੀ 'ਤੇ ਪੀਰ ਮੇਹਰਬਾਨ ਨੇ।

* * *

ਭੀੜ ਵਿੱਚ ਸੋਹਣੀ ਕਦੋਂ ਕੁ ਆ ਬੈਠਾ? ਕਿੰਨੀ ਵਾਰ ਵਰਜਿਆ ਹੈ ਉਸਨੂੰ ਪਰ...ਰੁਕਦਾ ਈ ਨਹੀਂ। ਕਹਿ ਦਿੰਦਾ ਹੈ, ''ਦਿਲ ਦਰਿਆ ਬੰਨ੍ਹ ਨਹੀਂ ਹੁੰਦਾ, ਮੱਲੋ-ਮੱਲੀ ਖਿੱਚ ਲਿਆਉਂਦਾ।''

ਲੋਕ ਤਾਂ ਸਮਝਦੇ ਨੇ ਬਬਲੀ ਦੇ ਪੈਰਾਂ ਵਿੱਚ ਭੂਚਾਲ ਹੈ... ਪਰ ਲੋਕਾਂ ਨੂੰ ਕੀ ਪਤਾ ਭੂਚਾਲ ਬਬਲੀ ਦੇ ਪੈਰਾਂ ਵਿੱਚ ਨਹੀਂ... ਬਬਲੀ ਦੇ ਅੰਦਰ ਹੈ, ਤੇ ਇਸ ਅੰਦਰਲੇ ਭੂਚਾਲ ਦਾ ਨਾਂ ਹੈ ''ਸੋਹਣੀ''।

''ਕਿਉਂ ਫ਼ਕੀਰਾਂ ਦੇ ਪਿੱਛੇ ਪੈ ਰਹਿਨੈਂ? ਸਾਡਾ ਪੰਛੀਆਂ ਦਾ ਭਲਾ ਕੀ ਟਿਕਾਣਾ? ਤੈਨੂੰ ਪਤੈ, ਪੰਛੀ ਤੇ ਦਰਵੇਸ਼, ਪੱਲੇ ਰਿਜ਼ਕ ਨਹੀਂ ਬੰਨ੍ਹਦੇ। ਫਿਰ ਮੇਰੇ ਕੋਲ ਹੈ ਵੀ ਕੀ ਤੈਨੂੰ ਸੌਂਪਣ ਲਈ। ਮੇਰੇ ਕੋਲ ਤਾਂ ਮੇਰਾ ਜਿਸਮ ਵੀ ਪੂਰਾ ਨਹੀਂ। ਰੱਬ ਨੇ ਤਾਂ ਮੈਨੂੰ ਪੂਰਾ ਮਨੁੱਖ ਹੀ ਨਹੀਂ ਬਣਾਇਆ। ਕੀ ਕਰੇਂਗਾ ਮੈਨੂੰ ਪਿਆਰ ਕਰਕੇ?''

''ਕੀ ਪੰਛੀਆਂ ਨਾਲ ਲੋਕ ਪਿਆਰ ਨਹੀਂ ਕਰਦੇ? ਪਿਆਰ ਤਾਂ ਹੁੰਦਾ ਰਹੇਗਾ, ਉਦੋਂ ਤੱਕ ਜਦੋਂ ਤਕ ਆਦਮਜ਼ਾਤ ਅੰਦਰ ਦਿਲ ਧੜਕਦਾ ਰਹੇਗਾ। ਜਦੋਂ ਤਕ ਧਰਤੀ ਘੁੰਮਦੀ ਹੈ... ਜਦੋਂ ਤੱਕ ਸੂਰਜ ਚੜ੍ਹਦਾ-ਛਿਪਦਾ ਹੈ, ਹਵਾ ਰੁਮਕਦੀ ਹੈ... ਫੁੱਲ ਖਿੜਦੇ ਨੇ, ਤਿਤਲੀਆਂ ਉੱਡਦੀਆਂ ਨੇ, ਬੱਚੇ ਮੁਸਕਰਾਉਂਦੇ ਨੇ, ਲਗਰਾਂ ਫੁੱਟਦੀਆਂ ਨੇ... ਪਿਆਰ ਵੀ ਰਹੇਗਾ ਉਦੋਂ ਤੱਕ।'' ਸੋਹਣੀ ਅੰਦਰਲਾ ਪਾਗਲਪਨ ਬੋਲਦਾ ਹੈ।

''ਤੇਰਾ ਨਾਂ ਈ ਸੋਹਣੀ ਨਈਂ, ਦਿਲ ਵੀ ਸੋਹਣਾ ਹੈ, ਤੂੰ ਸੋਹਣਾ ਏਂ... ਸੁਨੱਖਾ। ਨਿਰੀ-ਪੁਰੀ ਮੂਰਤ। ਤੇਰੇ ਨਾਲ ਸੋਹਣੀ ਤੋਂ ਸੋਹਣੀ ਕੁੜੀ ਜੁੜ ਸਕਦੀ ਹੈ। ਤੇਰੇ ਨਾਲ ਵਿਆਹ ਕਰਵਾ ਲਵੇਗੀ। ਦਸ ਕਿੱਲੇ ਜ਼ਮੀਨ ਤੇਰੇ ਹਿੱਸੇ। ਮਾਂ-ਪਿਉ ਦਾ ਕੱਲਾ-ਕਾਰਾ ਪੁੱਤ। ਦਸ ਕਿੱਲਿਆਂ ਦਾ ਮਾਲਕ ਬਾਦਸ਼ਾਹ ਹੁੰਦਾ ਹੈ... ਇੱਕ ਰਿਆਸਤ ਦਾ ਮਾਲਕ। ਇੱਕ ਰਾਜਾ।''

''ਇਹ ਦਸ ਕਿੱਲੇ ਤਾਂ ਮੈਂ ਤੇਰੇ ਪੈਰਾਂ 'ਚ ਪਾਏ ਘੁੰਗਰੂਆਂ ਨਾਲ ਬੰਨ੍ਹ ਦਿੱਤੇ

ਨੇ...।" ਸੋਹਣੀ ਕਿਵੇਂ ਵੀ ਨਹੀਂ ਸਮਝਦਾ।

"ਸਾਡਾ ਤਾਂ ਕੋਈ ਮੁਰਦਾ ਵੀ ਨਹੀਂ ਚੁੱਕਦਾ। ਸਾਡੇ ਤਾਂ ਮੁਰਦੇ ਦੇ ਮੱਥੇ ਲੱਗਣਾ ਵੀ ਗੁਨਾਹ ਸਮਝਿਆ ਜਾਂਦਾ ਹੈ। ਰਾਤ ਦੇ ਹਨੇਰੇ ਵਿੱਚ ਹੀ ਜਨਾਜ਼ਾ ਉਠਦਾ ਹੈ ਸਾਡਾ। ਛਿੱਤਰ ਮਾਰਦੇ ਲਿਜਾਂਦੇ ਨੇ ਅਰਥੀ ਨੂੰ। ਮੁੜ ਕਦੇ ਏਸ ਜੂਨੀ ਨਾ ਆਉਣ ਲਈ। ਸਾਡਾ ਤਾਂ ਕੋਈ ਪਰਛਾਵਾਂ ਵੀ ਨਹੀਂ ਲੈਂਦਾ ਪਰ ਤੂੰ... ਤੂੰ ਏਂ ਕਿ ਸਾਡਾ ਪਰਛਾਵਾਂ ਈ ਬਣਿਆ ਰਹਿਨੈਂ। ਜਾਹ ਬੀਬਾ... ਮੁੜ ਜਾ। ਕਿਉਂ ਦਰਵੇਸ਼ਾਂ ਦੀ ਮਿੱਟੀ ਖ਼ਰਾਬ ਕਰਨੈਂ। ਸਾਡੇ ਹਿੱਸੇ ਦਾ ਅਸਮਾਨ ਸਾਡੇ ਕੋਲ ਰਹਿਣ ਦੇ... ਇਸ ਅਸਮਾਨ ਵਿੱਚ ਨਫ਼ਰਤ ਈ ਨਫ਼ਰਤ ਏ... ਇਸ ਵਿੱਚੋਂ ਹਿੱਸਾ ਕਿਉਂ ਵੰਡਾਉਂਦਾ ਏਂ? ਆਪਣੇ ਹਿੱਸੇ ਦੀ ਨਫ਼ਰਤ ਦਾ ਜ਼ਹਿਰ ਅਸੀਂ ਤਾ-ਉਮਰ ਪੀਣਾ ਏ... ਏਸ ਵਿੱਚੋਂ ਤੇਰੇ ਵਰਗਾ ਕੋਈ ਹਿੱਸਾ ਕਿਉਂ ਵੰਡਾਵੇ?"

"ਕੀ ਤੇਰੇ ਅੰਦਰ ਦਿਲ ਨਹੀਂ ਜੋ ਤੈਨੂੰ ਮਜਬੂਰ ਕਰਦਾ ਹੋਵੇ ਕਿ ਤੈਨੂੰ ਕੋਈ ਪਿਆਰ ਕਰੇ?" ਸੋਹਣੀ ਦੇ ਸੁਆਲ ਦਾ ਜੁਆਬ ਤਾਂ ਨਹੀਂ ਹੈ ਮੇਰੇ ਕੋਲ। ਕਿਸਦਾ ਦਿਲ ਨਹੀਂ ਕਰਦਾ ਕਿ ਉਸਨੂੰ ਕੋਈ ਪਿਆਰ ਕਰੇ?

"ਪਰ ਸਾਡੇ ਹਿੱਸੇ ਦੇ ਅਸਮਾਨ 'ਤੇ ਤਾਂ ਮੁਹੱਬਤ ਦਾ ਕੋਈ ਵੀ ਤਾਰਾ ਨਹੀਂ ਹੁੰਦਾ... ਏਸੇ ਕਰਕੇ ਅਸੀਂ ਮਸਤ ਲੋਕ ਕਿਸੇ ਨੂੰ ਪਿਆਰ ਨਹੀਂ ਕਰ ਸਕਦੇ।"

"ਕੀ ਇਹ ਸੱਚ ਐ? ਮੇਰੇ ਸਿਰ 'ਤੇ ਹੱਥ ਰੱਖ ਕੇ ਸਹੁੰ ਖਾ...।"

"ਨਹੀਂ... ਤੂੰ ਆਪਣੀ ਸਹੁੰ ਨਾ ਪੁਆ।"

"ਚੱਲ... ਮੇਰੀ ਨਹੀਂ ਤਾਂ ਪੀਰ ਗਿਆਰਵੀਂ ਵਾਲੇ ਦੀ ਸਹੁੰ...।"

"ਬਾਅ... ਸ। ਨਾ ਸੋਹਣੀ ਨਾ...। ਇੰਜ ਨਹੀਂ ਕਰੀਦਾ। ਪੀਰਾਂ ਦੀ ਸਹੁੰ ਨਹੀਂ ਖਾਈਦੀ। ਨਾ ਝੂਠੀ, ਨਾ ਸੱਚੀ। ਪੀਰਾਂ ਦੀ ਧੱਕ ਬੁਰੀ ਹੁੰਦੀ ਐ। ਪੀਰਾਂ ਦੇ ਧੱਕੇ ਹੋਏ ਤਾਂ ਅਸੀਂ ਧੱਕੇ ਖਾਂਦੇ ਫਿਰਦੇ ਹਾਂ...।"

"ਚੱਲ ਆਪਣੇ ਦਿਲ 'ਤੇ ਹੱਥ ਰੱਖ ਤੇ ਈਮਾਨ ਨਾਲ ਦੱਸ... ਤੇਰੇ ਦਿਲ ਅੰਦਰ ਮੁਹੱਬਤ ਦੀ ਕੋਈ ਲਹਿਰ ਨ੍ਹੀ ਉਠਦੀ?"

ਸੋਹਣੀ ਨੂੰ ਕਿਵੇਂ ਦੱਸਾਂ ਕਿ ਮੇਰਾ ਵੀ ਜੀਅ ਕਰਦਾ ਹੈ ਕਿ ਕੋਈ ਮੈਨੂੰ ਪਿਆਰ ਕਰੇ। ਮੈਨੂੰ ਤੋੜ ਸੁੱਟੇ... ਮੇਰੀਆਂ ਹੱਡੀਆਂ ਦਾ ਚੂਰਮਾ ਬਣਾ ਲਵੇ। ਮੇਰੇ ਅੰਦਰ ਮੁਹੱਬਤ ਦੀਆਂ ਲਹਿਰਾਂ ਨਹੀਂ ਦਰਿਆ ਵਗਦੇ ਨੇ।

"ਔਹ ਤਬਲੇ 'ਤੇ ਦੇਖ...ਰਫ਼ੀਕ ਵੱਲ। ਉਹ ਵੀ ਕੜੀ ਵਰਗਾ ਗੱਭਰੂ ਸੀ ਤੇਰੇ ਵਾਂਗੂੰ। ਇੱਕ ਪਿਆਰ ਭਿੱਜੀ ਰੂਹ। ਤੂੰ ਏਂ ਕਿ ਆਪਣੇ ਦਸ ਕਿੱਲੇ ਮੇਰੀਆਂ ਝਾਂਜਰਾਂ ਨਾਲ ਬੰਨ੍ਹ ਦੇਣਾ ਚਾਹੁੰਦਾ ਏਂ, ਉਸ ਕੋਲ ਤਾਂ ਕੁੱਝ ਵੀ ਨਹੀਂ ਸੀ। ਕਿਸੇ ਵਕਤ ਉਹ ਵੀ ਮੇਰੇ ਪਿੱਛੇ ਪਾਗਲ ਹੋਇਆ ਫਿਰਦਾ ਸੀ। ਫਿਰ ਉਸ ਦਾ ਇਹੀ ਪਾਗਲਪਨ ਇੱਕ ਦਿਨ ਉਸ ਨੂੰ ਮੇਰੇ ਚੁਬਾਰੇ ਦੀਆਂ ਪੌੜੀਆਂ ਚੜ੍ਹਾ ਲਿਆਇਆ ਸੀ। ਮੇਰੇ ਵੇਖਦਿਆਂ-ਵੇਖਦਿਆਂ ਉਸਨੇ ਆਪਣਾ ਆਪ ਮੇਰੇ ਵਰਗਾ ਬਣਾ ਲਿਆ ਸੀ। ਕਿੰਨੇ ਦਿਨ ਤੜਪਦਾ ਰਿਹਾ ਸੀ। ਬੜੀ ਮੁਸ਼ਕਲ ਨਾਲ ਬਚਾਇਆ ਸੀ ਉਸਨੂੰ। ਬਚ ਜ਼ਰੂਰ ਗਿਆ ਸੀ ਪਰ ਇਸਦੀ ਗਿਣਤੀ ਮਰਦ ਜ਼ਾਤ ਵਿਚੋਂ ਮਨਫ਼ੀ ਹੋ ਗਈ ਸੀ। ਇਸਦੀ ਵਿਧਵਾ-ਬੁੱਢੀ ਮਾਂ ਨੇ ਰੋ-ਰੋ ਕੇ ਬੁਰਾ ਹਾਲ ਕਰ ਲਿਆ ਸੀ।



ਉਸਦੀਆਂ ਅੱਖਾਂ ਵਿਚ ਉਮਰੋਂ ਪਹਿਲਾਂ ਮੋਤੀਆ ਉਤਰ ਆਇਆ ਸੀ। ਮੈਂ ਤਾਂ ਉਸਦੀ ਹੀ ਗੁਨਾਹਗਾਰ ਹਾਂ। ਮੇਰੇ ਤੋਂ ਤਾਂ ਅਜੇ ਉਹੀ ਪਾਪ ਨਹੀਂ ਧੋਤਾ ਗਿਆ। ਕੀ ਕਰਾਂ ਉਸਦਾ? ਉਸਨੂੰ ਤਾਂ ਮੈਂ ਵਾਪਸ ਪਰਤ ਜਾਣ ਲਈ ਵੀ ਨਹੀਂ ਕਹਿ ਸਕਦੀ। ਵਾਪਸ ਪਰਤ ਜਾਣ ਲਈ ਹੁਣ ਉਸ ਕੋਲ ਬਚਿਆ ਹੀ ਕੀ ਹੈ?"

"ਮੇਰਾ ਪਿਆਰ ਰੂਹ ਤੋਂ ਰੂਹ ਤਕ ਦਾ ਮੇਲ ਹੈ!" ਸੋਹਣੀ ਦਲੀਲ ਦਿੰਦਾ।

"ਰੂਹਾਂ ਦਾ ਪਿਆਰ ਵੀ ਤਾਂ ਜਿਸਮਾਂ ਦੇ ਵਿਚੋਂ ਦੀ ਹੋ ਕੇ ਜਾਂਦਾ ਏ ਤੇ ਮੇਰੇ ਕੋਲ ਜਿਸਮ ਹੀ ਪੂਰਾ ਨਹੀਂ। ਤੂੰ ਆਪਣੇ 10 ਕਿੱਲੇ ਵਾਰ ਦੇਣ ਦੀਆਂ ਗੱਲਾਂ ਕਰਦਾ ਏਂ, ਮੈਂ ਤਾਂ ਆਪਣੀ ਪੂਰੀ ਰਿਆਸਤ ਵਾਰ ਸਕਦੀ ਹਾਂ। ਸਾਡੀ ਰਿਆਸਤ ਦਾ ਤਾਂ ਪਤਾ ਏ ਨਾ? ਸੌ ਰਿਆਸਤਾਂ ਵਾਰ ਦੇਵਾਂ ਜੇ ਕੋਈ ਮੇਰੇ ਜਿਸਮ ਅੰਦਰ-ਸਾਰੇ ਅੰਗ ਪੂਰੇ ਕਰ ਦੇਵੇ... ਪਰ ਝੱਲਿਆ ਐਡੀ ਕਜ਼ੁਰਤ ਕੌਣ ਕਰੇ?"

ਮੈਨੂੰ ਪਤਾ! ਤੂੰ ਵੀ ਕਈ ਹੋਰਾਂ ਵਾਂਗ ਵਕਤ ਬਦਲ ਜਾਣ ਦੀਆਂ ਗੱਲਾਂ ਕਰੇਂਗਾ। ਹੋ ਰਹੀਆਂ ਨੇ ਐਹੋ ਜਿਹੀਆਂ ਗੱਲਾਂ। ਮੇਰੇ ਵਰਗੇ ਕਈ ਕਮੇਟੀਆਂ ਦੀਆਂ ਚੋਣਾਂ ਵਿੱਚ ਜਿੱਤ ਗਏ ਨੇ। ਵੱਡੇ ਲੀਡਰ ਬਣ ਕੇ ਅਸੈਂਬਲੀਆਂ ਵਿੱਚ ਵੀ ਜਾ ਬੈਠੇ ਨੇ... ਪਰ ਇਹ ਸਭ ਸਾਡੇ ਦਿਲ ਵਿੱਚ ਉਠਦੇ ਜਜ਼ਬਾਤਾਂ 'ਤੇ ਪਾਣੀ ਤਾਂ ਨਹੀਂ ਨਾ ਪਾ ਸਕਦੇ!"

"ਧਰਤੀ 'ਤੇ ਸਾਰੇ ਜੀਅ ਰੱਬ ਨੇ ਬਣਾਏ। ਕਿਸੇ ਨੂੰ ਨਰ ਦੀ ਜੂਨੇ ਪਾਤਾ ਕਿਸੇ ਨੂੰ ਨਾਰੀ... ਕਿਸੇ ਦੇ ਆਪਣੇ ਵੱਸ ਕਿੱਥੇ?" ਸੋਹਣੀ ਦਲੀਲ ਦਿੰਦਾ ਹੈ।

"ਕਹਿੰਦੇ ਰੱਬ ਮਿੱਟੀ ਨਾਲ ਖੇਡ ਰਿਹਾ ਸੀ। ਖੇਡ-ਖੇਡ ਵਿੱਚ ਉਸ ਨੇ ਮਿੱਟੀ ਦੀਆਂ ਦੋ ਢੇਰੀਆਂ ਲਾ ਦਿੱਤੀਆਂ। ਰਾਤ ਉਨ੍ਹਾਂ ਢੇਰੀਆਂ 'ਤੇ ਮੀਂਹ ਦੇ ਕੁੱਝ ਛੱਟੇ ਪਏ ਤੇ ਦੋਵਾਂ ਢੇਰੀਆਂ ਵਿੱਚ ਜ਼ਿੰਦਗੀ ਧੜਕਣ ਲੱਗੀ। ਇੱਕ ਢੇਰੀ ਦੀ ਮਿੱਟੀ ਮਰਦ ਦਾ ਰੂਪ ਧਾਰਨ ਕਰ ਗਈ ਤੇ ਦੂਜੀ ਤੀਵੀਂ ਦਾ। ਰੱਬ ਨੇ ਦੋ ਢੇਰੀਆਂ ਈ ਲਗਾਈਆਂ ਸਨ... ਤੀਜੀ ਢੇਰੀ ਕਿਹੜੀ ਲੱਗ ਗਈ ਸੀ ਜਿਸ ਵਿੱਚੋਂ ਅਸੀਂ ਬਣ ਗਏ...ਨਾ ਮਰਦ ਨਾ ਔਰਤ। ਰੱਬ ਵੀ ਆਦਮੀ ਰੂਪ 'ਚ ਐ। ਆਤਮਾ ਔਰਤ। ਸਾਡਾ ਰੂਪ ਕਿੱਥੇ ਆ? ਕੁੱਝ ਦੇਵੀਆਂ ਨੇ... ਕੁੱਝ ਦਿਉਤੇ, ਸਾਡਾ ਕੌਣ ਐ? ਅਸੀਂ ਕੀਹਨੂੰ ਆਪਣਾ ਕਹੀਏ? ਜੱਗ 'ਤੇ ਆਏ ਆ... ਸਾਡਾ ਸਥਾਨ ਕੀ ਐ?"

"ਦੁਨੀਆਂ ਤੁਹਾਡੀਆਂ ਦੁਆਵਾਂ ਦੀ ਸਲਾਮਤੀ ਮੰਗਦੀ ਐ। ਹਰ ਘਰ ਚਾਹੁੰਦਾ, ਤੁਹਾਡੇ ਪੈਰਾਂ ਦੇ ਘੁੰਗਰੂ ਉਨ੍ਹਾਂ ਦੇ ਵਿਹੜੇ ਛਣਕਣ। ਹਰ ਕੋਈ ਚਾਹੁੰਦਾ ਉਨ੍ਹਾਂ ਘਰ ਪੁੱਤ ਹੋਵੇ... ਤੇ ਤੁਸੀਂ ਉਸ ਘਰ ਦੇ ਵਿਹੜੇ ਨੂੰ ਨੱਚ-ਨੱਚ ਨੀਵਾਂ ਕਰ ਦੇਵੋਂ...।"

"ਹੁਣ ਕਿੱਥੇ ਵਕਤ ਐ ਦੁਨੀਆਂ ਕੋਲੇ। ਹੁਣ ਤਾਂ ਪਿੰਡ-ਪਿੰਡ ਰੇਟ ਬੰਨ੍ਹੀ ਜਾਂਦੇ ਨੇ ਸਾਡਾ। ਲੋਕਾਂ ਦੇ ਦਰਾਂ ਦੀ ਸੁੱਖ ਮੰਗਣ ਵਾਲੇ ਅਸੀਂ ਲੋਕ ਵੀ ਹੁਣ ਫ਼ੱਕਰ ਨਹੀਂ ਰਹੇ, ਮਾਇਆ ਪਿੱਛੇ ਦੌੜਦੇ ਹਾਂ। ਕੋਈ ਵਕਤ ਸੀ ਮਾਇਆ ਸਾਡੇ ਪਿਛੇ ਦੌੜਦੀ ਸੀ ਤੇ ਅਸੀਂ ਮਾਇਆ ਤੋਂ ਦੌੜਦੇ ਸਾਂ, ਪਰ ਹੁਣ...? ਹੁਣ ਤਾਂ ਅਸੀਂ ਮੂੰਹ ਪਾੜ੍ਹ ਹੋਈ ਜਾਂਦੇ ਹਾਂ। ਸਰਾਪ ਦੇਣ ਦਾ ਹਊਆ ਲੋਕਾਂ ਦੇ ਮਨਾਂ ਅੰਦਰ ਭਰਦੇ ਹਾਂ। ਲੋਕ ਡਰਦੇ ਨੇ ਕਿ ਜੇ ਮਹੰਤ ਸਾਡੇ ਦਰ ਤੋਂ ਨਾਰਾਜ਼ ਤੁਰ ਗਿਆ ਤਾਂ ਸਾਨੂੰ

ਸਰਾਪ ਲੱਗੂ ਜਾਊ। ਝੱਲਿਆ... ਗ਼ਰੀਬਾਂ ਦੇ ਘਰਾਂ ਦੀਆਂ ਤਾਂ ਅਸੀਂ ਖ਼ੁਸ਼ੀਆਂ ਹੀ ਨਹੀਂ ਮੰਗਦੇ। ਹੁਣ ਸਾਨੂੰ ਕੌਣ ਪਿਆਰ ਕਰਦਾ ਐ...?"

"ਕਿਸੇ ਦਾ ਤਾਂ ਪਤਾ ਨਹੀਂ... ਮੈਂ ਤਾਂ ਪਿਆਰ ਕਰਦਾ ਹਾਂ। ਮੇਰਾ ਤਾਂ ਸਾਰਾ ਕੁੱਝ ਤੇਰਾ ਹੈ... ਮੇਰੀ ਮਾਇਆ... ਮੇਰਾ ਜਿਸਮ!"

"ਘਰ ਤੇਰੇ ਕੋਲ ਤੇਰੀ ਮਾਂ ਹੈ... ਸੁੱਖਾਂ ਲੱਧੀ। ਜਿਸ ਨੇ ਤੇੜ ਤੜਾਗੀ ਬੰਨ੍ਹਣ ਤੋਂ ਲੈ ਕੇ ਅੱਜ ਤੱਕ ਤੇਰੇ ਭਰਦੇ ਅੰਗਾਂ ਨੂੰ ਤੱਕਦਿਆਂ ਕਿੰਨੇ ਹੀ ਵਰ੍ਹੇ ਅੱਖਾਂ ਵਿੱਚ ਜ਼ੀਰ ਲਏ ਨੇ। ਜਿਉਣ ਜੋਗੀ ਨੇ ਆਪਣੀ ਨੂੰਹ ਰਾਣੀ ਦੇ ਸਿਰ ਤੋਂ ਪਾਣੀ ਵਾਰ ਕੇ ਪੀਣਾ ਹੈ। ਰੰਗਲੇ ਪੀੜ੍ਹੇ 'ਤੇ ਬੈਠ ਕੇ ਪੋਤੇ-ਪੋਤੀਆਂ ਨੂੰ ਖਿਡਾਉਣਾ ਐ। ਸਾਥੋਂ ਨਿਕਰਮਿਆਂ ਤੋਂ ਕੀ ਭਾਲਦਾ ਹੈਂ? ਮਾਂ ਦੇ ਸੁਪਨਿਆਂ 'ਚ ਕਿਰਚਾਂ ਕਿਉਂ ਬੀਜਦਾ ਏਂ। ਅਸੀਂ ਤਾਂ ਅੱਗੇ ਹੀ ਰੱਬ ਦੇ ਘਰੋਂ ਧੱਕੇ ਹੋਏ ਹਾਂ... ਹੋਰ ਪਾਪੀ ਤਾਂ ਨਾ ਬਣਾ!"

"ਝੱਲਿਆ! ਜਦੋਂ ਕਿਸੇ ਘਰ ਨਿਆਣਾ-ਨਿੱਕਾ ਹੋਣ ਦੀ ਕਨਸੋਅ ਮਿਲਦੀ ਹੈ, ਸਾਡੀ ਬਰਾਦਰੀ ਵਧਾਈ ਮੰਗਣ ਪੁੱਜ ਜਾਂਦੀ ਹੈ। ਪਿੜ ਮਘ ਜਾਂਦਾ ਹੈ। ਮੁੰਡੇ ਨੂੰ ਲੋਰੀ ਦੇਣ ਲਈ "ਲੋਰੀਆਂ ਲਾਲ ਨੂੰ ਦੇਵਾਂ... ਮੈਂ ਤੇਰੇ ਸ਼ਗਨ ਮਨਾਵਾਂ" ਗਾਉਂਦੇ ਅਸੀਂ ਗੋਦੀ ਚੁੱਕ ਲੈਂਦੇ ਹਾਂ। ਨੱਚਦੇ-ਗਾਉਂਦੇ ਮਲਕੜੇ ਜਿਹੇ ਨਵੇਂ-ਜੰਮੇ ਬਾਲ ਦਾ ਜਣਨ ਅੰਗ ਟੋਹ ਲੈਂਦੇ ਹਾਂ। ਬੱਚਾ ਰੋ ਪੈਂਦਾ ਏ। ਇਹ ਵੇਖਣ ਲਈ ਕਿ ਜੁਆਕ ਕਿਤੇ ਸਾਡੀ ਬਰਾਦਰੀ ਦਾ ਤਾਂ ਨਈਂ। ਸਾਡੇ ਵਰਗੀ ਤੀਸਰੀ ਕੌਮ। ਬੜੀ ਸਫ਼ਾਈ ਨਾਲ ਅੱਖ ਬਚਾ ਕੇ ਇਹ ਕਾਰਜ ਕਰਦੇ ਹਾਂ... ਲੋਕਾਂ ਨੂੰ ਨਹੀਂ ਪਤਾ ਚੱਲਦਾ ਕਿ ਕੀ ਕੀਤਾ ਅਸੀਂ।"

ਤੇ ਹਾਂ ਜੇ ਜੁਆਕ ਸਾਡੇ ਵਿਚੋਂ ਹੋਵੇ... ਅਸੀਂ ਰਾਤ ਦੇ ਹਨੇਰੇ ਵਿੱਚ ਮਾਂ-ਪਿਉ ਤੋਂ ਲੈ ਕੇ ਜਾਂਦੇ ਹਾਂ। ਦੁੱਧ ਦੀ ਉਮਰੇ ਮਾਂ ਦੀ ਆਂਦਰ ਨਾਲੋਂ ਤੋੜ ਕੇ। ਮਾਂ ਦੀ ਗੋਦੀ ਦਾ ਨਿੱਘ ਸਾਡੇ ਵਰਗਿਆਂ ਦਾ ਨਸੀਬ ਨਹੀਂ ਬਣਦਾ।

ਤੈਨੂੰ ਇੱਕ ਸੱਚੀ ਗੱਲ ਸੁਣਾਵਾਂ। ਇੱਕ ਮਾਂ ਦੇ ਪੰਜਾਂ ਕੁੜੀਆਂ ਬਾਅਦ ਮੁੰਡਾ ਹੋਇਆ। ਮਸਾਂ ਕਿਤੇ ਸ਼ਰੀਕੇ ਕਬੀਲੇ ਵਿੱਚ ਉਹਦੀ ਜੜ੍ਹ ਲੱਗੀ ਸੀ। ਤੈਨੂੰ ਪਤਾ ਧੀਆਂ ਦੇ ਮਾਪਿਆਂ ਨੂੰ ਜਿਉਣ ਕਿਹੜਾ ਕੋਈ ਦਿੰਦਾ। ਜਦੋਂ ਜੁਆਕ ਸਵਾ ਮਹੀਨੇ ਦਾ ਹੋਇਆ, ਅਸੀਂ ਵੀ ਵਧਾਈ ਲੈਣ ਪੁੱਜ ਗਏ। ਤੈਨੂੰ ਸੱਚੀ ਦੱਸਾਂ ਜਦੋਂ ਅਜਿਹੇ ਥੁੜੇ ਜਿਹੇ ਘਰ ਰੱਬ ਕੋਈ ਚੰਗਾ ਜੀਅ ਦਿੰਦਾ ਐ ਨਾ... ਮੈਨੂੰ ਬੜੀ ਖ਼ੁਸ਼ੀ ਹੁੰਦੀ ਐ। ਬਿਆਨ ਨੀ ਹੁੰਦੀ ਮੈਥੋਂ। ਮੇਰਾ ਤਾਂ ਚਾਉ ਨਾ ਚੱਕਿਆ ਜਾਵੇ। ਵਿੰਹਦੇ-ਵਿੰਹਦੇ ਵਿਹੜਾ ਭਰ ਗਿਆ। ਤੈਨੂੰ ਪਤਾ ਜਿੱਥੇ ਬਬਲੀ ਹੋਵੇ... ਤੇਰੇ ਵਰਗੇ ਮਨਚਲੇ ਕਿਵੇਂ ਭੂੰਡਾਂ ਵਾਂਗੂੰ ਆ ਜੁੜਦੇ ਨੇ। ਲਉ ਜੀ...ਮੈਂ ਪੈਰਾਂ ਦੀ ਧਮਕਾਰ ਨਾਲ ਧਰਤੀ ਨੂੰ ਕਾਂਬਾ ਛੇੜਨਾ ਸ਼ੁਰੂ ਕਰ ਦਿੱਤਾ। ਮੈਂ ਇਕ ਗੱਲੋਂ ਹੈਰਾਨ... ਪਰੇਸ਼ਾਨ। ਮੁੰਡੇ ਦੀ ਮਾਂ ਦਾ ਚਿਹਰਾ ਤਾਂ ਉਦਾਸਿਆ ਪਿਆ ਸੀ। ਉਸ ਦੀਆਂ ਅੱਖਾਂ ਵਿੱਚ ਉਤਰ ਆਈ ਪੀੜ ਮੈਂ ਸਾਫ਼ ਪੜ੍ਹ ਲਈ ਸੀ। ਉਂਝ ਉਪਰੋਂ ਉਹ ਕਦੇ-ਕਦੇ ਹੱਸ ਪੈਂਦੀ ਸੀ।

ਲੋਰੀ ਦੇਣ ਲਈ ਮੈਂ ਬੱਚਾ ਗੋਦੀ ਵਿੱਚ ਚੁੱਕਿਆ। ਬੱਚਾ ਮੈਨੂੰ ਫੜਾਉਣ ਲੱਗਿਆਂ ਉਸ ਨੇ ਅੱਖਾਂ ਮੈਥੋਂ ਚੁਰਾ ਲਈਆਂ। ਲੋਰੀ ਗਾਉਂਦਿਆਂ ਮੈਂ ਪਿੜ ਵਿਚ



ਗੇੜਾ ਦੇ ਦਿੱਤਾ। ਮੈਂ ਚੋਰ ਅੱਖ ਨਾਲ ਮੁੰਡੇ ਦੀ ਮਾਂ ਵੱਲ ਵੇਖਿਆ, ਮੋਟੇ-ਮੋਟੇ ਹੰਝੂ ਉਸਦੀਆਂ ਗੋਰੀਆਂ ਗੱਲ੍ਹਾਂ 'ਤੇ ਆ ਟਪਕੇ ਸਨ। ਨੱਚਦਿਆਂ-ਨੱਚਦਿਆਂ ਹੀ ਮੈਂ ਬੱਚੇ ਦੇ ਜਣਨ ਅੰਗਾਂ 'ਤੇ ਹੱਥ ਮਾਰਿਆ। ਇਹ ਕੀ...ਉਥੇ ਤਾਂ ਬਸ ਇਕ ਲਕੀਰ ਜਿਹੀ ਸੀ। ਮੈਂ ਮਾਂ ਵੱਲ ਵੇਖਿਆ, ਜਾਪਦਾ ਸੀ ਉਹ ਤਾਂ ਜਿਵੇਂ ਹੁਣੇ ਵਹਿ ਤੁਰੇਗੀ। ਉਸ ਨੂੰ ਤਾਂ ਜਿਵੇਂ ਧਰਤੀ ਵਿਹਲ ਨਾ ਦਿੰਦੀ ਹੋਵੇ...ਵਿਚਾਰੀ ਪੰਜਾਂ ਧੀਆਂ ਦੀ ਮਾਂ। ਮੈਂ ਹੱਸ ਰਹੇ ਬੱਚੇ ਦੇ ਪੇਟ 'ਤੇ ਚੂੰਡੀ ਵੱਢੀ ਤਾਂ ਉਹ 'ਈਆਂ...ਈਆਂ...' ਕਰਕੇ ਰੋਣ ਲੱਗ ਪਿਆ। "ਵਧਾਈਆਂ ਮਾਏਂ ਤੈਨੂੰ...ਵਧਾਈਆਂ ਨੀਂ" ਆਖਦਿਆਂ ਮੈਂ ਬੱਚਾ ਮਾਂ ਦੀ ਗੋਦੀ ਵਿੱਚ ਵਾਪਸ ਪਾ ਦਿੱਤਾ ਸੀ।

ਝੱਲਿਆ! ਪੂਰਨ ਦੇ ਵਿਯੋਗ ਵਿਚ ਮਾਂ ਇੱਛਰਾਂ ਅੰਨ੍ਹੀ ਹੋ ਗਈ ਸੀ। ਰਫ਼ੀਕ ਦੀ ਮਾਂ ਦੀਆਂ ਅੱਖਾਂ ਵਿਚ ਵੀ ਮੋਤੀਆ ਉਤਰ ਆਇਆ। ਹੁਣ ਤੂੰ...? ਗੀਤ ਬੋਲਦਾ ਏ... "ਸੋਏ! ਪੁੱਤਰਾਂ ਦੇ ਦਰਦ ਬੁਰੇ ਮਾਂ ਰੱਖ ਕੇ ਸਰ੍ਹਾਣੇ ਦੁੱਧ...ਰੋਏ" ਪੁੱਤਾਂ ਦੇ ਦਰਦ ਬੁਰੇ। ਜਾਹ ਮੁੜ ਜਾ...ਬੀਬਾ। ਇਸ ਤੋਂ ਪਹਿਲਾਂ ਕਿ ਤੇਰੀ ਵਿਧਵਾ ਮਾਂ ਦੀਆਂ ਅੱਖਾਂ ਵਿਚ ਮੋਤੀਆ ਉੱਤਰ ਆਵੇ, ਤੈਨੂੰ ਪਰਤ ਜਾਣਾ ਚਾਹੀਦਾ...।"

* * *

"ਤੇਰੇ ਇਸ਼ਕ ਨਚਾਇਆ...ਤੇਰੇ ਇਸ਼ਕ ਨਚਾਇਆ।" ਸਾਈਂ ਲੱਡੂ ਸ਼ਾਹ ਨੇ ਵਜਦ ਵਿੱਚ ਆ ਕੇ ਨੱਚਦਿਆਂ-ਨੱਚਦਿਆਂ ਖ਼ੁਦ ਵੀ ਗੇੜਾ ਦੇ ਦਿੱਤਾ।

"ਦਨ... ਦਨਾ... ਦਨ... ਦਨਾ... ਦਨ।" ਧਰਤੀ ਘੁੰਮਦੀ ਹੈ। ਬਬਲੀ ਦੇ ਪੈਰ ਥਿਰਕਦੇ ਹੀ ਜਾਂਦੇ ਨੇ। ਸਾਈਂ ਜੀ ਵਾਰ-ਵਾਰ ਤਕੀਏ ਤੋਂ ਉੱਠ ਕੇ ਬਬਲੀ ਦੇ ਸਿਰ ਉਪਰੋਂ ਦੀ ਨੋਟ ਵਾਰ ਰਹੇ ਨੇ। ਉਨ੍ਹਾਂ ਨੇ ਨੋਟਾਂ ਦਾ ਭਰਿਆ ਥੈਲਾ ਹੀ ਬਬਲੀ ਦੇ ਸਿਰ ਉਪਰ ਲਿਜਾ ਕੇ ਖ਼ਾਲੀ ਕਰ ਦਿੱਤਾ। ਬਬਲੀ ਦੇ ਅੰਦਰਲਾ ਤੂਫ਼ਾਨ ਥੰਮਣ ਦਾ ਨਾਂ ਹੀ ਨਹੀਂ ਲੈਂਦਾ। ਉਸ ਨਾਲੋਂ ਵੀ ਵੱਡਾ ਤੂਫ਼ਾਨ ਸੋਹਣੀ ਦੇ ਅੰਦਰ ਚੱਲ ਰਿਹਾ ਹੈ। ਉਸ ਦਾ ਜੀਅ ਕਰਦਾ ਹੈ ਪੈਰਾਂ ਨਾਲ ਘੁੰਗਰੂ ਬੰਨ੍ਹ ਕੇ ਬਬਲੀ ਦੇ ਨਾਲ ਹੀ ਨੱਚ ਪਏ। ਉਹ ਆਸੇ-ਪਾਸੇ ਦੇਖਦਾ ਹੈ, ਸਾਰੇ ਲੋਕ ਮਸਤ ਨੇ। ਮਨਚਲੇ ਭੱਦੇ ਇਸ਼ਾਰੇ ਕਰ ਰਹੇ ਨੇ। ਦੋ-ਚਾਰ ਜ਼ਿਆਦਾ ਉਤੇਜਿਤ ਹੋਇਆਂ ਨੇ ਤਾਂ ਉਂਗਲਾਂ ਬਬਲੀ ਦੇ ਉਭਾਰਾਂ ਨੂੰ ਵੀ ਲਾ ਦਿੱਤੀਆਂ ਨੇ। ਕਾਮ ਦੇਵਤਾ, ਕਾਲਾ ਸ਼ਾਹ ਨਾਗ ਬਣ ਕੇ ਕਈਆਂ ਦੇ ਸਿਰਾਂ ਉਪਰ ਸ਼ੂਕ ਰਿਹਾ ਹੈ। ਕਈ ਤਾਂ ਇਹ ਵੀ ਭੁੱਲ ਚੁੱਕੇ ਨੇ ਕਿ ਉਹ ਕਿਸੇ ਪੀਰ ਦੇ ਡੇਰੇ ਚੌਂਕੀ ਭਰਨ ਆਏ ਨੇ। ਇਨ੍ਹਾਂ ਵਿਚੋਂ ਕਈ ਤਾਂ ਪਿਛਲੀ ਗਿਆਰ੍ਹਵੀਂ ਸਮੇਂ ਕੀਤੀਆਂ ਗ਼ਲਤੀਆਂ ਦੀ ਭੁੱਲ ਬਖ਼ਸ਼ਾਉਣ ਵਾਲੇ ਵੀ ਹਨ। ਡੇਰੇ ਦੇ ਸੇਵਾਦਾਰ ਵਾਰ-ਵਾਰ ਲੋਕਾਂ ਨੂੰ ਧੱਕ-ਧੱਕ ਦੂਰ ਕਰੀ ਜਾਂਦੇ ਨੇ। ਉਹ ਗੋਲ ਦਾਇਰੇ ਨੂੰ ਮੋਕਲਾ ਕਰਨ ਦੀ ਕੋਸ਼ਿਸ਼ ਕਰਦੇ ਨੇ ਪਰ ਲੋਕ ਵਾਰ-ਵਾਰ ਖਿਸਕ ਕੇ, ਦਾਇਰਾ ਭੀੜਾ ਕਰ ਲੈਂਦੇ ਨੇ।

ਗਿਆਰ੍ਹਵੀਂ ਵਾਲੇ ਪੀਰ ਦਾ ਇਹ ਡੇਰਾ ਕਈ ਏਕੜਾਂ ਵਿੱਚ ਫੈਲੀ ਸੰਘਣੀ ਝਿੜੀ ਵਿੱਚ ਹੈ। ਦੂਰ-ਦੂਰ ਫੱਕਰਾਂ-ਮਸਤ ਮਲੰਗਾਂ ਦੀਆਂ ਟੋਲੀਆਂ ਧੂਣੇ ਧੁਖਾਈ ਬੈਠੀਆਂ ਹਨ।

"ਸਾਈਂ...ਸਾਰਿਆਂ ਨੂੰ ਆਪਣਾ ਬਣਾਈਂ। ਸਾਈਂ...ਭਗਤਾਂ ਦੀਆਂ ਦੂਰ ਬਲਾਈਂ...।" ਇਕ ਧੂਣੇ 'ਤੇ ਚਿਲਮ ਦੇ ਲੰਮੇ-ਲੰਮੇ ਸੂਟੇ ਖਿਚਦੀ ਟੋਲੀ 'ਚੋਂ ਆਵਾਜ਼ਾਂ ਆਉਂਦੀਆਂ ਹਨ। "ਜੋ ਤੇਰੇ ਨਾਂ ਦਾ ਸੂਟਾ ਲਾਊ...ਅਮਰ ਹੋ ਜਾਊ...ਬਮ-ਬਮ ਬੋਲੇ... ਸ਼ਿਵ ਜੀ ਭੋਲੇ।" ਚਿਲਮ ਦੀ ਸੁਰਖ਼ ਲਾਟ ਉਪਰ ਨੂੰ ਉੱਠਦੀ ਹੈ।

ਇਕ ਹੋਰ ਟੋਲੀ ਵਿੱਚ ਇਕ ਪਿਚਕੇ ਜਿਹੇ ਮੂੰਹ ਵਾਲਾ ਮਸਤ ਫ਼ਕੀਰ, ਬ੍ਰਹਮਾ ਵੱਲੋਂ ਆਪਣੀ ਸਕੀ ਧੀ 'ਤੇ ਮੋਹਿਤ ਹੋ ਜਾਣ ਦੀ ਕਥਾ ਸੁਣਾ ਰਿਹਾ ਹੈ। ਵੱਡੀ ਉਮਰ ਦੇ ਕਈ ਬੰਦੇ ਬੜੇ ਗਹੁ ਨਾਲ ਕਥਾ ਸੁਣ ਰਹੇ ਨੇ।

"ਲਾਲ ਮੇਰੀ ਪੱਤ ਰੱਖਿਓ...ਬਲਾ ਝੂਲੇ ਲਾਲੇ...ਸੇਵਨ ਦਾ...ਸਤੀਸਾ ਬਾਦ ਕਲੰਦਰ...।" ਬਬਲੀ ਦੀ ਆਵਾਜ਼ ਨੇ ਨਾਲ ਹੀ ਤਬਲੇ 'ਤੇ ਬੈਠਾ ਰਫ਼ੀਕ ਅਤੇ ਹਰਮੋਨੀਅਮ ਵਜਾ ਰਿਹਾ ਚਿਰਾਗੀ "ਦਮਾ... ਦਮ... ਮਸਤ ਕਲੰਦਰ... ਦਮਾ... ਦਮ... ਮਸਤ ਕਲੰਦਰ" ਦੀਆਂ ਆਵਾਜ਼ਾਂ ਚੁੱਕ ਲੈਂਦੇ ਹਨ।

ਡੇਰੇ ਦੇ ਅੰਦਰਲੇ ਵਿਹੜੇ ਵਿੱਚ 'ਯਾਰੇ ਸ਼ਾਹ ਮਸਤ' ਕਥਾ ਕਰ ਰਿਹਾ ਹੈ। ਬੀਬੀਆਂ ਉਸ ਦੁਆਲੇ ਝੁਰਮਟ ਮਾਰੀ...ਹੱਥ ਜੋੜੀ ਬੈਠੀਆਂ ਕਥਾ ਸੁਣ ਰਹੀਆਂ ਨੇ "ਪਹਿਲਾਂ-ਪਹਿਲ ਮਾਵਾਂ ਬੱਚੇ ਨਹੀਂ ਸੀ ਜਣਦੀਆਂ। ਬੱਚੇ ਨਾਰੀਅਲ ਦੇ ਦਰਖ਼ਤ ਨਾਲ ਲੱਗਿਆ ਕਰਦੇ ਸਨ। ਜਿਹਨੂੰ ਲੋੜ ਹੁੰਦੀ ਜਾ ਕੇ ਨਾਰੀਅਲ ਤੋੜ ਲਿਆਉਂਦਾ ਤੇ ਵਿੱਚੋਂ ਬੱਚਾ ਕੱਢ ਲੈਂਦਾ। ਕਈ ਵਾਰ ਬੱਚਾ ਕੋਹਜਾ ਨਿਕਲ ਆਉਂਦਾ। ਕੋਈ ਲੂਲ੍ਹਾ-ਲੰਗੜਾ ਹੁੰਦਾ। ਕਿਸੇ ਵਿੱਚ ਹੋਰ ਕੋਈ ਕਮੀ ਹੁੰਦੀ। ਔਰਤਾਂ ਅਜਿਹੇ ਬੱਚੇ ਨੂੰ ਫੇਰ ਉਸੇ ਦਰਖ਼ਤ ਹੇਠ ਛੱਡ ਆਉਂਦੀਆਂ। ਹੌਲ਼ੀ-ਹੌਲ਼ੀ ਨਾਰੀਅਲ ਦੇ ਰੁੱਖ਼ਾਂ ਹੇਠ ਬੱਚਿਆਂ ਦੀ ਕੁਰਬਲ-ਕੁਰਬਲ ਹੋਣ ਲੱਗੀ। ਰੋਗੀ ਬੱਚਿਆਂ ਦਾ ਢੇਰ ਲੱਗ ਗਿਆ। ਰੋਂਦੇ-ਵਿਲਕਦੇ। ਉਨ੍ਹਾਂ ਦੀ ਵਿਲਕਣੀ ਇਕ ਫ਼ਕੀਰ ਤੋਂ ਜਰੀ ਨਾ ਗਈ। ਉਹਨੇ ਦੁਆ ਕੀਤੀ, ਹੇ ਮਾਲਕਾ! ਬੱਚੇ ਨਾਰੀਅਲ ਦੀ ਥਾਵੇਂ, ਮਾਂ ਦੀ ਆਂਦਰ ਨਾਲ ਲੱਗਿਆ ਕਰਨ ਤਾਂ ਜੋ ਬੱਚੇ ਨੂੰ ਦੁਖੀ ਹਾਲਤ ਵਿੱਚ ਵੇਖ ਕੇ ਮਾਂ ਦੀ ਆਂਦਰ ਕਲਪੇ। ਲਉ ਜੀ ਫ਼ਰੀਦ ਦੀ ਦੁਆ...ਆਹਲਾ ਕਿਵੇਂ ਜਾਂਦੀ। ਹੋਗੀ ਧੁਰ ਦਰਗਾਹੀਂ ਕਬੂਲ। ਰੱਬ ਨੇ ਕਲਾ ਵਰਤਾਈ। ਉਹਨੇ ਨਾਰੀਅਲ ਦੇ ਦਰਖ਼ਤ ਨਾਲ ਬੱਚੇ ਲਾਉਣੇ ਬੰਦ ਕਰਕੇ ਮਾਵਾਂ ਦੀਆਂ ਆਂਦਰਾਂ ਨਾਲ ਲਾਉਣੇ ਸ਼ੁਰੂ ਕਰ ਦਿੱਤੇ। ਸੁਣੋ ਭਾਈ...ਬੀਬੀਓ। ਹੁਣ ਬੱਚਿਆਂ ਨਾਲ ਮਾਂ ਦੀ ਆਂਦਰਾਂ ਦੀ ਸਾਂਝ ਹੁੰਦੀਓ ਐ। ਬੱਚਾ ਅੰਨ੍ਹਾ ਹੋਵੇ...ਲੂਲ੍ਹਾ...ਲੰਗੜਾ...ਕਾਲਾ-ਕਲੂਟਾ...ਗੂੰਗਾ-ਬੋਲਾ...ਬੱਚੇ ਦੇ ਕੰਡਾ ਵੀ ਚੁੱਭੇ, ਮਾਂ ਦੀਆਂ ਆਂਦਰਾਂ ਕਲਪਦੀਆਂ। ਬੱਚਿਆਂ ਖ਼ਾਤਰ ਮਾਵਾਂ ਖੂਹ-ਟੋਭੇ ਉਤਰਦੀਆਂ। ਜਿਹੜੀ ਮਾਂ ਦੀ ਕੁੱਖ ਹਰੀ ਨ੍ਹੀ ਹੁੰਦੀ...ਪੀਰਾਂ ਦੀਆਂ ਚੌਂਕੀਆਂ ਭਰਦੀ ਐ...ਮੇਰਾ ਪੀਰ ਗਿਆਰਵੀਂ ਵਾਲਾ...।"

"...ਮਾਵਾਂ ਨੂੰ ਪੀਰਾ ਬੱਚੜੇ ਦੇਵੇਂ... ਦਮਾ...ਦਮ...ਮਸਤ ਕਲੰਦਰ।" ਬਬਲੀ ਦੀ ਆਵਾਜ਼ ਉੱਚੀ ਹੋ ਕੇ ਕੰਬਣ ਲੱਗੀ ਹੈ। ਉਸਨੂੰ ਜਾਪਦਾ ਹੈ ਜਿਵੇਂ ਕੋਈ ਬਾਲ ਉਸਦੀਆਂ ਆਂਦਰਾਂ ਨਾਲ ਆ ਲਗਿਆ ਹੋਵੇ। ਜਿਵੇਂ ਉਸਦੇ ਉਭਾਰਾਂ ਵਿਚ ਦੁੱਧ ਉਤਰ ਆਇਆ ਹੋਵੇ।

ਰਫ਼ੀਕ ਤੇ ਚਿਰਾਗੀ ਨਵਾਂ ਬੋਲ ਚੁੱਕ ਬੈਠੇ ਨੇ, "ਦਿਲ ਦੇਣਾ ਤੇ ਦਿਲ ਮੰਗਣਾ... ਵੇ ਸੌਦਾ ਇਕੋ ਜਿਹਾ... ਵੇ ਸੌਦਾ ਇੱਕੋ ਜਿਹਾ।" ਬਬਲੀ ਦਾ ਦਿਲ



ਕਰਦਾ ਹੈ ਸੋਹਣੀ ਨੂੰ ਗਲਵਕੜੀ ਵਿੱਚ ਲੈ ਕੇ ਘੁੱਟੇ ਤੇ ਪਾਗਲਾਂਹਾਰ ਬੇਤਹਾਸ਼ਾ ਚੁੰਮੇ। ਫਿਰ ਉਸਦੇ ਮੋਢੇ 'ਤੇ ਸਿਰ ਸੁੱਟ ਕੇ ਹੁਬਕੀਂ-ਹੁਬਕੀਂ ਰੋਣ ਲੱਗੇ।

"ਦਿਲ ਦੇਣਾ ਤੇ ਦਿਲ ਮੰਗਣਾ...ਵੇ ਸੌਦਾ ਇੱਕੋ ਜਿਹਾ... ਵੇ ਸੋਨੇ ਦਿਆ...ਕੰਗਣਾ।" ਬੋਲ ਬਬਲੀ ਦਾ ਅੰਦਰ ਚੀਰ ਰਹੇ ਨੇ। ਬਬਲੀ ਦੇ ਅੰਦਰ ਸੰਵਾਦ ਚੱਲ ਰਿਹਾ ਹੈ... "ਡਾਹਢਿਆ, ਐਨਾ ਜ਼ੁਲਮ? ਐਡਾ ਜ਼ੁਲਮ ਨਾ ਕਰਦੋਂ। ਜੇ ਸਾਨੂੰ ਮਰਦ ਜਾਂ ਔਰਤ ਹੀ ਨਹੀਂ ਸੀ ਬਣਾਉਣਾ, ਸਾਡੇ ਅੰਦਰ ਦਿਲ ਤਾਂ ਨਾ ਰੱਖਦਾ। ਐਵੇਂ ਮਾਸ ਦਾ ਬੁੱਤ ਕੀ ਕਰਨਾ ਸੀ। ਹੁਣ ਸਾਡੇ ਕੋਲ ਦਿਲ ਤਾਂ ਹੈ ਪਰ ਸੌਦਾ ਕਿੱਥੇ ਹੈ ਸਾਡੇ ਕੋਲ?"

"ਵੇ ਸੋਨੇ ਦਿਆ... ਵੇ ਸੋਨੇ ਦਿਆ... ਸੋਨੇ ਦਿਆ ਵੇ ਕੰਗਣਾ... ਕੰਗਣਾ...।" ਆਵਾਜ਼ਾਂ ਲਗਾਤਾਰ ਉਸਦੇ ਦਿਮਾਗ ਵਿੱਚ ਤੇ ਪੈਰ ਅਖਾੜੇ ਵਿੱਚ ਘੋਰੂ ਪਾਈ ਜਾਂਦੇ ਨੇ।

* * *

"ਹੈਂ... ਕੀ ਹੋ ਗਿਆ ਬਬਲੀ ਨੂੰ...?" ਸੋਹਣੀ ਨੇ ਗਸ਼ ਖਾ ਕੇ ਡਿੱਗਦੇ ਬਬਲੀ ਨੂੰ ਬਾਹਾਂ ਵਿੱਚ ਸੰਭਾਲ ਲਿਆ ਹੈ। ਡੇਰੇ ਦਾ ਵੈਦ ਦੌੜ ਆਇਆ ਹੈ। ਉਸ ਨੇ ਬਬਲੀ ਦੀ ਨਬਜ਼ ਟੋਹ ਕੇ ਵੇਖੀ ਹੈ। ਨਿਰਾਸ਼ਾ ਵਿੱਚ ਉਹ ਉਸ ਨੇ ਸਿਰ ਸੱਜੇ ਖੱਬੇ ਹਿਲਾ ਦਿੱਤਾ ਹੈ। ਅਖਾੜੇ ਵਿੱਚ ਹਾਹਾਕਾਰ ਜਿਹੀ ਮੱਚ ਗਈ ਹੈ।

"ਖ਼ੈਰ ਦਾਤਿਆ... ਖ਼ੈਰ... ਖ਼ੈਰ...ਮਿਹਰ ਕਰ ਮਾਲਕਾ...ਗਰੀਬ ਨਿਵਾਜ਼...ਪੀਰਾਂ ਦੇ ਪੀਰ...ਮਿਹਰ ਕਰ ਦਾਤਿਆ...।" ਲੋਕਾਂ ਦੇ ਹੱਥ ਦੁਆ ਵਿਚ ਜੁੜ ਗਏ ਨੇ। ਉਹ ਆਸ ਭਰੀਆਂ ਅੱਖਾਂ ਨਾਲ ਗੱਦੀ ਨਸ਼ੀਨ ਸਾਈਂ ਵੱਲ ਵੇਖਦੇ ਨੇ। ਸੋਹਣੀ ਦੀਆਂ ਤਾਂ ਅੱਖਾਂ ਹੀ ਪੱਥਰਾ ਗਈਆਂ ਹਨ। ਉਸ ਨੇ ਬਬਲੀ ਦਾ ਸਿਰ ਆਪਣੀ ਬੁੱਕਲ ਵਿੱਚ ਲਿਆ ਹੋਇਆ ਹੈ। ਸੂਟੀ ਮਹੰਤ ਬਬਲੀ ਦੇ ਪੈਰਾਂ ਨੂੰ ਬੇਤਹਾਸ਼ਾ ਚੁੰਮੀਂ ਜਾ ਰਿਹਾ। ਉਸਦੀਆਂ ਅੱਖਾਂ ਵਿੱਚੋਂ ਹੰਝੂ ਪਰਲ-ਪਰਲ ਵਹਿ ਰਹੇ ਨੇ। ਰਫ਼ੀਕ ਅਜੇ ਵੀ ਤਬਲੇ 'ਤੇ ਹਲਕੀ-ਹਲਕੀ ਥਾਪ ਦੇਈਂ ਜਾ ਰਿਹਾ।

* * *

"ਬਬਲੀ ਨੂੰ ਕਿਸੇ ਕੁੱਝ ਖੁਆ ਦਿੱਤਾ ਏ...ਕੋਈ ਪਾਰਾ...ਸੰਖੀਆ...ਜਾਂ ਐਹੋ ਜਿਹਾ ਕੁੱਝ ਹੋਰ।"

"ਬਬਲੀ ਦੀ ਚੜ੍ਹਤ ਨ੍ਹੀ ਜਰੀ ਗਈ ਕਈਆਂ ਤੋਂ...!"

"ਪਰ ਬਬਲੀ...ਸੋਹਣੀ ਦੇ ਹੱਥਾਂ ਵਿੱਚ ਈਂ ਕਿਉਂ ਡਿੱਗਿਆ? ਸੋਹਣੀ ਦੀ ਬੁੱਕਲ ਵਿੱਚ...?"

"ਸੋਹਣੀ ਤੇ ਸੂਟੀ ਮਹੰਤ... ਦੋਵੇਂ ਇਕੱਠੇ ਸਨ, ਅਖਾੜਾ ਸ਼ੁਰੂ ਹੋਣ ਤੋਂ ਪਹਿਲਾਂ। ਦੋਵਾਂ ਨੇ ਇਕੱਠਿਆਂ ਚਾਹ ਪੀਤੀ ਸੀ ਲੰਗਰ 'ਚੋਂ..." ਤੁਰੇ ਜਾਂਦੇ ਲੋਕਾਂ ਦੀਆਂ ਗੱਲਾਂ ਸਨ। ਜਿੰਨੇ ਮੂੰਹ ਓਨੀਆਂ ਹੀ ਗੱਲਾਂ

...ਪਰ...ਸੂਟੀ ਮਹੰਤ ਤਾਂ ਜਾਰੋ-ਜ਼ਾਰ ਹੋ ਰਿਹਾ ਸੀ। ਸੋਹਣੀ ਤਾਂ ਪੱਥਰ ਈ ਹੋ ਗਿਆ... ਰਫ਼ੀਕ ਤਾਂ ਲੱਗਦੈ ਪਾਗਲ ਹੋ ਗਿਆ...ਅਜੇ ਵੀ ਤਬਲੇ 'ਤੇ ਥਾਪ ਦੇਈ ਜਾਂਦਾ ਸੀ।

# ਜੀਣ ਜੋਗਾ

**✍ ਗੁਰਸੇਵਕ ਪ੍ਰੀਤ**

"ਅਰੇ ਬੰਧੂ ਮੈਂ ਵਕਤ ਬੋਲ ਰਹਾ ਹੂੰ। ਸਰਬਗਿਆਤਾ। ਸਰਬਸ਼ਕਤੀਮਾਨ। ਸਰਬਵਿਆਪਕ। ਪਰ ਬੰਧੂ... ਆਜ ਕੱਲ ਖੁਦ ਹੀ 'ਵਕਤ ਮੇਂ ਪੜਾ ਹੂਆ ਹੂੰ'... ਤਬੀ ਤੋਂ ਆਪ ਜੀ ਕੇ ਸਾਥ ਆਪਣੀ ਬਾਤ ਸਾਂਝੀ ਕਰ ਰਹਾ ਹੂੰ... ਹਾਂ ਹਾਂ... ਜਬ ਮੈਂ ਆਪਕੋ ਸਾਰੀ ਬਾਤ ਬਤਾ ਦੂੰਗਾ ਤੋ ਆਪ ਜੀ ਅਵੱਸ਼ ਮੇਰਾ ਦੂਖ ਸਮਝ ਜਾਓਗੇ... ਅਬ ਬੰਧੂ ਉਧਰ ਦੇਖੋ...।"

ਇੰਦਰ ਸਿੰਘ ਖੱਤਰੀ ਦੇ ਘਰ ਚੀਕ ਚਿਹਾੜਾ ਮੱਚਿਆ ਹੋਇਆ। ਸਾਰਾ ਪਿੰਡ ਉਥੇ ਜੁੜਿਆ ਬੈਠਾ। ਇੰਦਰ ਸਿੰਘ ਕੋਲ ਬੈਠੇ ਬੰਦੇ ਉਹਨੂੰ ਗੱਲੀਂ ਲਾ ਕੇ 'ਵੱਡੇ' ਦੁੱਖਾਂ ਦੀਆਂ ਕਹਾਣੀਆਂ ਪਾ ਕੇ ਉਹਦੇ ਦੁੱਖ ਨੂੰ 'ਛੋਟਾ' ਕਰਨ ਦਾ ਯਤਨ ਕਰੀਂ ਜਾਂਦੇ ਨੇ। ਪਰ ਪੱਥਰ ਬਣਿਆ ਬੈਠਾ ਇੰਦਰ ਨਾ ਹੁੰਗਾਰਾ ਭਰਦਾ, ਨਾ ਕਿਸੇ ਵੱਲ ਝਾਕਦੈ। ਸਗੋਂ ਅੱਖ ਬਚਾ ਕੇ ਹੋਰ ਪਾਸੇ ਝਾਕਣ ਲੱਗ ਜਾਂਦੈ। ਉਹ ਨੀਵੀਂ ਪਾਈਂ ਬੈਠਾ ਕਦੇ ਮੱਥੇ 'ਤੇ ਹੱਥ ਰੱਖਦਾ, ਕਦੇ ਅੱਖਾਂ ਬੰਦ ਕਰਕੇ ਕੰਧ ਨਾਲ ਢਾਸਣਾ ਲਾਉਂਦੈ।

'ਮੌਤ ਮੂਹਰੇ ਕੋਈ ਜ਼ੋਰ ਨੀ ਭਾਈ... ਦਰਿਆ ਨੂੰ ਡਿੰਘ ਨਾਲ ਟੱਪਣ ਆਲਾ ਸ਼ਿੰਦਾ ਭੋਰਾ ਭਰ ਨਹਿਰ 'ਚ ਡਿੱਗ ਕੇ ਮਰ ਗਿਆ... ਸਮਝ ਨੀ ਆਉਂਦੀ...।'

'ਓ ਨਹੀਂ ਡਿੱਗਣ ਨੂੰ ਉਹ ਕਿਤੇ ਨਿਆਣਾ ਸੀ... ਡਿਗਿਆ ਨਹੀਂ... ਆਪੇ ਛਾਲ ਮਾਰੀ ਹੋਊ... ਤੈਨੂੰ ਮੈਂ ਦੱਸਾਂ।'

'ਲੈ ਦੱਸਣ ਨੂੰ ਤਾਂ ਤੂੰ ਹੈਂਗਾ ਵੱਡਾ ਸੀਐਡੀ ਆਲਾ... ਆਪੇ ਮਰਨ ਨੂੰ ਕੀਹਦਾ ਜੀਅ ਕਰਦੈ ਓਏ... ਨਾਲੇ ਤੂੰ ਮਰਜੇਂਗਾ, ਪਾਂਅ ਖਾਧਿਆ ਜਿਹਿਆ... ਸਾਰੀ ਦਿਹਾੜੀ ਚਊਂ ਚਊਂ ਕਰਦਾ ਰਹਿਨੈਂ... ਇਹ ਤਾਂ ਕਿਸੇ ਨੇ ਦੁਸ਼ਮਣੀ ਕੱਢੀ ਆ... ਦੇਖਲੀਂ ਕਤਲ ਨਿਕਲੂ ਕਤਲ...।'

'ਓਏ ਚੁੱਪ ਕਰੋ ਕੰਜਰੋ... ਕੋਈ ਵੇਲਾ ਕੁਵੇਲਾ ਵੀ ਵੇਖ ਲਿਆ ਕਰੋ... ਐਵੀਂ ਭਕਾਈ ਮਾਰੀ ਜਾਨੇਂ ਓ...।' ਬਾਬਾ ਕੈਲਾ ਬੋਲਿਆ।

ਬੁੜੀਆਂ ਕੀਰਨੇ ਪਾ ਰਹੀਆਂ ਨੇ।

ਕਈ ਦਿਨਾਂ ਦੇ ਲਾਪਤਾ ਹੋਏ ਸ਼ਿੰਦੇ ਦੀ ਲਾਸ਼ ਅੱਜ ਟੈਲਾਂ ਤੋਂ ਮਿਲੀ ਆ। ਹੁਣ ਸਰਕਾਰੀ ਹਸਪਤਾਲ 'ਚ ਪੋਸਟ ਮਾਰਟਮ ਲਈ ਪਈ ਆ। ਸੱਠਾਂ ਨੂੰ ਢੁੱਕੇ ਇੰਦਰ ਦਾ ਇਕੋ ਇਕ ਆਸਰਾ ਸੀ ਉਸਦਾ ਪੁੱਤਰ ਸ਼ਿੰਦਾ।

'ਦੁੱਖ ਦਾ ਗੋਲਾ ਕਾਲਜੇ 'ਤੇ ਬਹਿ ਗਿਆ ਭਾਈ ਇੰਦਰ ਸਿਉਂ ਦੇ ਤਾਂ...' ਸਾਨ ਮਾਰੇ ਜਾਂਦੇ ਨੇ, ਜਵਾਨ ਪੁੱਤ ਦੀ ਮੌਤ ਕਿਤੇ ਛੋਟੀ ਗੱਲ ਆ... ਪਰ ਰੋਏ ਬਿਨਾਂ ਦਿਲ ਹੌਲਾ ਨੀਂ ਹੋਣਾ... ਉਂ ਡਮਾਕ ਹਿੱਲ ਜੂ...। ਐਹਨੂੰ ਕਹੋ ਭਾਈ ਗੱਲਾਂ ਕਰੇ... ਜੀ ਹੌਲਾ ਹੋ ਜੂ।' ਛਿੰਦੋ ਨੈਣ ਬੋਲੀ।

'ਬੰਦੇ ਦੇ ਕੀ ਵੱਸ ਆ ਭਾਈ... ਸਬਰ ਕਰੋ... ਹੁਣ ਓਦੀ ਮਿੱਟੀ ਕਿਉਂਟਣ ਬਾਰੇ ਸੋਚੋ...।' ਨੰਬਰਦਾਰ ਨੇ ਬੰਦਿਆਂ ਵੱਲ ਝਾਕਦਿਆਂ ਗੱਲ ਬਦਲੀ।



ਦੁਪਹਿਰ ਹੋ ਚੱਲੀ ਆ। ਪਿੰਡ ਵਾਲੇ ਸ਼ਿੰਦੇ ਦੇ ਪੋਸਟ ਮਾਰਟਮ ਲਈ ਹਸਪਤਾਲ ਪਹੁੰਚੇ ਤਾਂ ਇੰਦਰ ਨੇ ਬੁਸੀ ਜਿਹੀ ਆਵਾਜ਼ 'ਚ ਕੋਲ ਖੜ੍ਹੇ ਸਰਪੰਚ ਨੂੰ ਪੁੱਛਿਆ '...ਸਰੀਰ ਪੂਰਾ ਸੀ ਸ਼ਿੰਦੇ ਦਾ...।'

'...ਹਾਂ, ਬਾਈ ਪੂਰਾ ਸੀ... ਜਿਵੇਂ ਹੁਣੇ ਸੁੱਤਾ ਹੋਵੇ... ਬੱਸ ਰੰਗ ਕਾਲਾ ਹੋ ਗਿਆ ਸੀ, ਫੁੱਲ ਗਿਆ ਸੀ... ਪਾਣੀ 'ਚ ਪਿਆ ਰਹਿਣ ਕਰਕੇ ਹੋ ਜਾਂਦੈ... ਉਂ ਪੂਰਾ ਈ ਸੀ...।' ਸਰਪੰਚ ਬੋਲਿਆ।

'...ਹਾਂ ਬਾਈ ਪੂਰਾ ਸੀ...।' ਸੁਣਦਿਆਂ ਹੀ ਇੰਦਰ ਹੋਰ ਭਵੰਤਰ ਗਿਆ। ਗੁੰਮ ਸੁੰਮ। ਆਸੇ ਪਾਸੇ ਲੁਕਵਾਂ ਜਿਹਾ ਝਾਕਦਾ ਪਰ੍ਹਾਂ ਖੜ੍ਹੀ ਟਾਹਲੀ ਹੇਠ ਲੋਕਾਂ ਵੱਲ ਪਿੱਠ ਕਰਕੇ ਬਹਿ ਗਿਆ।

'ਲੈ ਬਈ, ਇੰਦਰ ਤਾਂ ਚਾਰ ਦਿਨ ਨੀਂਅ ਕੱਟਦਾ... ਲਿਖਾ ਲੋ ਮੈਥੋਂ...।' ਚੌਂਕੀਦਾਰ ਲਾਭਾ ਚੁੱਚੀਆਂ ਅੱਖਾਂ ਮਲਦਾ ਬੋਲਿਆ।

'ਜਦੋਂ ਜੱਗ 'ਚੋਂ ਈ ਸੀਰ ਮੁੱਕ ਗਿਆ... ਕਾਹਦਾ ਜਿਓਣ ਆ ਭਾਈ...।' ਦੇਸ ਰਾਜ ਨੇ ਹੁੰਗਾਰਾ ਭਰਿਆ।

'ਆਖਰ ਬੰਦੈ, ਰੱਬ ਤਾਂ ਨਈਂ... ਐਨਾ ਦੁੱਖ ਝੱਲ ਕੇ ਜਿਓਣਾ ਤਾਂ ਦਿਓਤਿਆਂ ਦੇ ਵੱਸ ਨਈਂ, ਬੰਦਾ ਤਾਂ ਕੀ ਚੀਜ਼ ਏ... ਸਭ ਕਰਮਾਂ ਦੀ ਖੇਡ ਆ...।' ਗਿਆਨੀ ਹਰਨਾਮ ਸਿੰਘ ਨੇ ਪਰਨਾ ਛੰਡਦਿਆਂ ਆਖਿਆ।

ਪੂਰੇ ਪਿੰਡ ਨੇ ਸ਼ਿੰਦੇ ਦੀ ਮੌਤ 'ਤੇ ਦੁੱਖ ਮਨਾਇਆ। ਕਿਸੇ ਚੁੱਲੇ ਅੱਗ ਨੀਂ ਪਾਈ, ਪਰ ਇੰਦਰ ਦੀ ਅੱਖ 'ਚੋਂ ਹਿੰਝ ਨਾ ਡਿੱਗੀ।

"ਅਰੇ ਬੰਧੂ ਯਹੀ ਤੋਂ ਮੈਂ ਚਾਹਤਾ ਹੂੰ ਕਿ ਇੰਦਰ ਨਾ ਰੋਏ... ਮੈਂ... ਮੈਂ ਮਹਾਂਬਲੀ ਵਕਤ ਨੇ ਬੜੀ ਬੜੀ ਸਲਤਨਤੋਂ ਕੋ ਆਪਣੀ ਮੀਟੀ ਕੇ ਨੀਚੇ ਦੱਬਾ ਦੀਆ... ਯੇ ਬਿਚਾਰਾ ਇੰਦਰ ਸੀਂਘ ਤੋ ਕਿਸ ਖੇਤ ਦੀ ਮੂਲੀ ਹੈ... ਇਬ ਇੰਦਰ ਸੀਂਘ ਖੱਤਰੀ ਖਤਮ ਹੋ ਗਿਆ ਹੈ... ਧੀਰੇ ਧੀਰੇ... ਬੱਸ ਆਪ ਜੀ ਦੇਖਤੇ ਜਾਓ... ਯੇ ਮਰੇ ਤੋਂ ਮੈਂ ਆਗੇ ਚਲੂੰ... ਬੜਾ ਕਾਮ ਪੜਾ ਹੈ...।"

ਇੰਦਰ ਸਿੰਘ ਦਾ ਟੱਬਰ ਵੰਡ ਵੇਲੇ ਪਾਕਿਸਤਾਨ ਤੋਂ ਇਧਰ ਆਇਆ ਸੀ। ਕਾਫਲੇ ਨਾਲ ਤੁਰੇ ਆਉਂਦਿਆਂ ਉਸ ਮਾਂ ਦੀ ਉਂਗਲੀ ਘੁੱਟ ਕੇ ਫੜ ਰੱਖੀ। ਪਰ ਰਾਹ 'ਚ ਹੋਏ ਮੁਸਲਿਆਂ ਦੇ ਹੱਲੇ 'ਚ ਉਸਦੇ ਹੱਥੋਂ ਮਾਂ ਦੀ ਉਂਗਲੀ ਛੁੱਟ ਗਈ। ਉਸ ਚੀਕਾਂ ਮਾਰੀਆਂ ਪਰ ਮਾਂ ਕਿਤੇ ਨਾ ਲੱਭੀ। ਚਾਲੀ ਜੀਆਂ ਦੇ ਵੱਡੇ ਲਾਣੇ 'ਚੋਂ ਕੁਝ ਜੀਅ ਫਸਾਦੀਆਂ ਨੇ ਮਾਰਤੇ। ਬਾਕੀ ਬਚਦਿਆਂ 'ਚੋਂ ਕੈਂਪਾਂ 'ਚ ਰੁਲਦੇ ਤੁਰ ਗਏ। ਇੰਦਰ ਤੇ ਉਹਦਾ ਵੱਡਾ ਭਾਈ ਕਿਸ਼ਨਾ ਕਿਵੇਂ ਨਾ ਕਿਵੇਂ ਬਚ ਗਏ।

ਅੰਮ੍ਰਿਤਸਰ ਦੀਆਂ ਭੀੜੀਆਂ ਗਲੀਆਂ ਉਨ੍ਹਾਂ ਦਾ ਘਰ ਹੋ ਗਈਆਂ। ਜਿਥੇ ਢੋਅ ਲੱਗਦਾ ਡੰਗ ਟਪਾ ਲੈਂਦੇ। ਕਿਸ਼ਨਾ ਟਰੱਕ 'ਤੇ ਕਲੀਨਰ ਲੱਗ ਪਿਆ। ਮਹੀਨੇ ਛਿਮਾਹੀ ਮੁੜਦਾ। ਕਦੇ ਇੰਦਰ ਨੂੰ ਮਿਲਦਾ। ਕਦੇ ਟਿਕਾਣਾ ਬਦਲਿਆ ਹੋਣ ਕਰਕੇ ਬਿਨਾਂ ਮਿਲਿਆ ਮੁੜ ਜਾਂਦਾ। ਹੌਲੀ-ਹੌਲੀ ਕਿਸ਼ਨਾ ਉਸਦੀ ਜ਼ਿੰਦਗੀ 'ਚੋਂ ਅਲੋਪ ਹੋ ਗਿਆ।

ਕੌੜੀਆਂ ਸੱਚਾਈਆਂ ਨੇ ਇੰਦਰ ਨੂੰ ਉਮਰੋਂ ਪਹਿਲਾਂ ਹੀ ਸਿਆਣਾ ਕਰ ਦਿੱਤਾ। ਖੱਤਰੀ ਖਾਨਦਾਨ ਦਾ ਖ਼ੂਨ ਤੇ ਬਾਲ ਉਮਰੇ ਮਿਲੀਆਂ ਮਾਂ-ਬਾਪ ਦੀਆਂ ਮੌਤਾਂ ਨੇ ਉਸ ਨੂੰ ਜ਼ਿੰਦਗੀ ਦੀਆਂ ਅਨੋਖੀਆਂ ਚੜ੍ਹਾਈਆਂ 'ਤੇ ਸਾਹ ਫੁੱਲਣ ਤੋਂ ਬਚਾਈ ਰੱਖਿਆ।

ਲਾਇਲਪੁਰੀਆਂ ਦੇ ਕੱਪੜੇ ਦੇ ਵੱਡੇ ਸ਼ੋਅ ਰੂਮ 'ਚ ਥਾਨ ਤੇ ਡੰਡੇ ਸੰਵਾਰਦਾ ਉਹ ਗਜ਼ਾਂ-ਗਿਰਿਆ ਦੀ ਗਿਣਤੀ ਮਿਣਤੀ ਕਰਨ ਲੱਗ ਪਿਆ। ਸੁਭਾਅ ਦਾ ਠੰਡਾ, ਜ਼ੁਬਾਨ ਦਾ ਮਿੱਠਾ ਤੇ ਢਿੱਡ 'ਚ ਵੜਣ ਦਾ ਗੁਰ ਜਾਣਦਾ ਹੋਣ ਕਰਕੇ ਸਰਦਾਰਾਂ ਦਾ ਚਹੇਤਾ ਬਣ ਗਿਆ। ਉਸ ਲਈ ਸਭ ਕੁਝ ਸਰਦਾਰ ਹੀ ਸੀ। ਨਾ ਕਦੇ ਤਨਖਾਹ ਲਈ ਨਾ ਖਰਚਾ ਪੁੱਛਿਆ। ਸਰਦਾਰਾਂ ਦੇ ਘਰੋਂ ਰੋਟੀ ਖਾਂਦਾ। ਦੁਕਾਨ 'ਤੇ ਕੰਮ ਕਰਦਾ ਤੇ ਸਟੋਰ 'ਚ ਪੈ ਛੱਡਦਾ।

ਕਈ ਵਰ੍ਹੇ ਲੰਘ ਗਏ। ਇਕ ਦਿਨ ਸਰਦਾਰਾਂ ਦੇ ਘਰ ਰੌਲਾ ਪੈ ਗਿਆ। ਅਖੇ ਇੰਦਰ ਨੇ ਉਨ੍ਹਾਂ ਦੀ ਧੀ ਨਾਲ ਜ਼ਬਰ ਜਿਨਾਹ ਕੀਤਾ। ਕੁੜੀ ਨੇ ਖ਼ੁਦ ਉਹਦਾ ਨਾਂ ਲਿਆ। ਲਾਇਲਪੁਰੀਆਂ ਨੇ ਇੰਦਰ ਨੂੰ ਕੁੱਟ-ਕੁੱਟ ਕੇ ਮਰਿਆਂ ਬਰੋਬਰ ਕਰ ਦਿੱਤਾ। ਪਰ ਅਗਲੇ ਦਿਨ ਕੁੜੀ ਕਿਸੇ ਹੋਰ ਨਾਲ ਨਿਕਲ ਗਈ।

ਨਿਰਾਸ਼ ਹੋਇਆ ਇੰਦਰ ਆਪਣੇ ਇੱਕ ਸਿਆਣੂ ਕੱਪੜੇ ਵਾਲੇ ਬਖਸ਼ੀਸ਼ ਸਿੰਘ ਕੋਲ ਮੋਗੇ ਆ ਲੱਗਿਆ। ਚੰਗਾ ਸੇਲਜ਼ਮੈਨ ਹੋਣ ਕਰਕੇ ਦੁਕਾਨ ਦੀ ਵਧੀ ਕਮਾਈ ਨੇ ਬਖਸ਼ੀਸ਼ ਦੇ ਘਰ ਦਿਨਾਂ 'ਚ ਹੀ ਰੌਣਕ ਲਿਆ ਦਿੱਤੀ। ਪਰ ਉਸਦਾ ਇਹ ਆਸਰਾ ਵੀ ਬਹੁਤਾ ਸਮਾਂ ਨਾ ਨਿਭਿਆ। ਦੁਕਾਨ 'ਚ ਚੋਰੀ ਹੋ ਗਈ। ਬਖਸ਼ੀਸ਼ ਨੇ ਪੁਲੀਸ ਅੱਗੇ ਇੰਦਰ ਨੂੰ ਕਰ ਦਿੱਤਾ। ਕਈ ਦਿਨ ਕੁਟਾਪਾ ਚੜ੍ਹਦਾ ਰਿਹਾ। ਪੁੱਠਾ ਲਟਕਾਇਆ। ਘੋਟਣਾ ਫੇਰਿਆ। ਭੌਣ 'ਤੇ ਬਿਠਾਇਆ। ਪਰ ਇੰਦਰ ਨੂੰ ਨਾ ਕੁਝ ਪਤਾ ਸੀ ਨਾ ਉਸ ਦੱਸਿਆ। ਥਾਣੇ ਕਚਿਹਰੀਆਂ 'ਚ ਕਈ ਵਰ੍ਹੇ ਰੁਲਦਾ ਰਿਹਾ। ਕੋਈ ਜ਼ਮਾਨਤ ਦੇਣ ਵਾਲਾ ਨਹੀਂ ਸੀ। ਜੇਲ੍ਹੋਂ ਨਿਕਲਿਆ ਤਾਂ ਹੱਥ ਖਾਲੀ, ਜੇਬ ਖਾਲੀ ਤੇ ਢਿੱਡ ਖਾਲੀ। ਜ਼ਿੰਦਗੀ ਦੀਆਂ ਘੁੱਟ-ਘੁੱਟ ਫੜੀਆਂ ਤਣੀਆਂ ਉਸਦੇ ਹੱਥਾਂ 'ਤੇ ਡੂੰਘੀਆਂ ਚੀਘਾਂ ਪਾ ਕੇ ਖਿਸਕਦੀਆਂ ਗਈਆਂ। ਪਿੱਛੇ ਰਹਿ ਗਈ ਸੀ ਇਕ ਜਲੂਣ। ਇੰਦਰ ਨੂੰ ਲੱਗਿਆ ਜਿਵੇਂ ਇੱਕ ਵਾਰੀ ਫਿਰ ਉਸਦੇ ਹੱਥੋਂ ਮਾਂ ਦੀ ਉਂਗਲੀ ਛੁੱਟ ਗਈ ਹੋਵੇ।

ਉਹ ਕਈ ਦੁਕਾਨਦਾਰਾਂ ਕੋਲ ਗਿਆ ਪਰ ਕਿਸੇ ਨੇ ਕੰਮ 'ਤੇ ਨਾ ਰੱਖਿਆ। ਸਾਰਿਆਂ ਨੂੰ ਬਖਸ਼ੀਸ਼ ਸਿੰਘ ਨੇ ਰੋਕ ਦਿੱਤਾ। ਅਖੇ 'ਮੇਰਾ ਸਕਾ ਨੀਂ ਨਿਕਲਿਆ ਤੁਹਾਡਾ ਕਦੋਂ ਬਣਿਆ।'

ਅਖੀਰ ਢਿੱਡ ਭਰਨ ਲਈ ਦਿਹਾੜੀ ਕਰਨ ਲੱਗਿਆ। ਕੈਲੇ ਮਿਸਤਰੀ ਨਾਲ ਸਾਂਝ ਬਣ ਗਈ। ਪਿੰਡ ਜੱਟਾਂ ਦਾ ਗੋਲ ਪੁਣਾ ਕਰਕੇ ਖਾਂਗੜ ਹੋਇਆ ਤੇ 'ਦਲਿੱਤ' ਸੁਣ-ਸੁਣ ਅੱਕਿਆ ਕੈਲਾ ਸ਼ਹਿਰ ਆ ਗਿਆ ਸੀ। ਕਈ ਵਰ੍ਹੇ ਧੱਕੇ ਮੁੱਕੀਆਂ ਖਾ ਕੇ ਕਰੰਡੀ ਫੜਣ ਜੋਗਾ ਹੋਇਆ। ਕੈਲਾ ਜਿਥੇ ਕੰਮ ਕਰਦਾ ਇੰਦਰ ਨੂੰ ਵੀ ਨਾਲ ਲਾ ਲੈਂਦਾ। ਇੰਦਰ ਕੈਲੇ ਦੇ ਘਰ ਹੀ ਰਹਿਣ ਲੱਗਾ।



ਕੈਲੇ ਦੀ ਘਰਵਾਲੀ ਗਿਆਨੋ ਇਕ ਦਿਨ ਕੈਲੇ ਨੂੰ ਕਹਿਣ ਲੱਗੀ 'ਮੱਖ ਮਿਸਤਰੀਆਂ, ਇੰਦਰ ਨਾਲ ਵਿਆਹ ਦੀ ਗੱਲ ਕਰਾਂ... ਜੇ ਤੂੰ ਕਹੇਂ ਤਾਂ...।'

'ਕੀ ਗੱਲ ਮੇਰੇ 'ਚੋਂ ਮੁਸ਼ਕ ਔਣ ਲੱਗ ਪਿਆ... ਭੈਣ ਦੇਣੀਏ, ਜੇ ਇੰਦਰ ਕਰਨਾ ਈ ਆ ਤਾਂ ਮੈਥੋਂ ਪੁੱਛ ਕੇ ਕਰਨਾ...।'

'ਫੋਟ...ਐਵੀਂ ਮੂੰਹ ਮਾਰੀ ਜਾਊ... ਕੀ ਹੋਇਆ ਜੇ ਮੁੰਡਾ ਮੂੰਹੋਂ ਨਹੀਂ ਫੁੱਟਦਾ, ਸੁੱਖ ਨਾਲ ਉਮਰ ਤਾਂ ਉਢ੍ਹੀ ਹੋਈ ਆ ਕਿ... ਅੱਧਾ ਬੰਦਾ ਲੱਗਦਾ... ਤੂੰ ਤਾਂ ਐਮੀਂ...।'

'ਲੈ ਆ ਫੇਰ ਕੋਈ ਮੇਮ... ਉਹ ਕਿਹੜਾ ਹਨੂਮਾਨ ਦਾ ਭਗਤ ਆ...।'

'ਲੈ ਤੂੰ ਤਾਂ ਹਾਸੇ 'ਚ ਗੱਲ ਪਾਈ ਜਾਨਾ... ਮੱਖ ਉਹਦਾ ਕਿਹੜਾ ਕੋਈ ਮਾਂ ਪਿਓ ਹੈਗਾ ਬਚਾਰੇ ਦਾ... ਹੁਣ ਤੇਰੇ ਲੜ ਲੱਗਿਆ ਤਾਂ ਕੁਝ ਸੋਚ ਵੀ...।'

'...ਇਹ ਬੁੜੀਆਂ ਦੇ ਕੰਮ ਹੁੰਦੇ ਐ... ਪੁੱਛ ਦੱਸ ਲਾ ਜੇ ਕਿਤੇ ਗੱਲ ਅੜਦੀ ਆ ਤਾਂ... ਨਾਲੇ ਐਵੀਂ ਨਾ ਮਜਬੀਆਂ ਦੇ ਘਰੀਂ ਕਰੇਲੇ ਦਿੰਦੀ ਫਿਰੀਂ... ਖੱਤਰੀਆਂ ਦਾ ਮੁੰਡਾ ਇੰਦਰ...।'

'...ਲੈ ਹੈਅ, ਮੈਨੂੰ ਪਤਾ ਆ... ਖੱਤਰੀ ਬੀ ਬਿਚਾਰੇ ਬਥੇਰੇ ਫਿਰਦੇ ਨੇ ਇੰਦਰ ਵਾਂਗੂੰ... ਵਖਤਾਂ ਦੇ ਮਾਰੇ... ਐਹ ਤਾਂ ਪੈਸੇ ਨੇ ਬੰਦਿਆਂ 'ਚ ਵੱਟਾਂ ਪਾ ਤੀਆਂ... ਹੈ ਤਾਂ ਸਾਰੇ ਇਕੋ ਖ਼ੂਨ...।'

'...ਚੱਲ ਠੀਕ ਆ, ਹੁਣ ਬਹੁਤਾ ਗਿਆਨ ਨਾ ਘੋਟ... ਸੌਣ ਦੇ ਘੜੀ...।'

ਗਿਆਨੋ ਨੇ ਕਈ ਖੱਤਰਾਣੀਆਂ, ਸੋਢਣਾਂ ਤੇ ਭਟਿਆਣੀਆਂ ਨਾਲ ਗੱਲ ਕੀਤੀ। ਪਰ ਕਿਸੇ ਲੜ ਨਾ ਫੜਾਇਆ।

ਮਨਿਆਰੀ ਵਾਲੀ ਸ਼ੀਲਾ ਨੇ ਤਾਂ ਉਹਦੇ ਨਾਲ ਆਢਾ ਹੀ ਲਾ ਲਿਆ। ਕਹਿੰਦੀ, 'ਮੁੰਡਾ ਗਰੀਬ ਹੋਵੇ ਗੱਲ ਵੱਖਰੀ ਆ ਗਿਆਨੋ... ਕੋਈ ਅੱਗੇ ਪਿੱਛੇ ਤਾਂ ਹੋਣਾ ਚਾਹੀਦੈ... ਰਹਿੰਦਾ ਤਾਂ ਉਹ ਦਲਿੱਤਾਂ ਦੇ ਚੁੱਲੇ 'ਤੇ ਆ ਤੇ ਤੂੰ ਕੁੜੀ ਭਾਲਦੀ ਆਂ ਸੋਭਾ ਸਿਉਂ ਖੱਤਰੀ ਦੀ... ਹੈਅ... ਕੋਈ ਰਹੀ-ਖੂਹੀ ਮਿਲਜੇ ਤਾਂ ਭਲੀ ਜਾਣ...।'

'ਦੇਖ ਬੀਰਾ... ਮੈਂ ਤੇਰੀ ਖਾਤਰ ਖੱਤਰੀਆਂ ਦੇ ਕਈ ਘਰੀਂ ਗੱਲ ਚਲਾਈ ਆ... ਹੁਣ ਤੇਰਾ ਕੋਈ ਹੁੰਦਾ ਤਾਂ ਉਹ ਫ਼ਿਕਰ ਕਰਦਾ... ਭਾਈ ਹੱਕ ਤਾਂ ਹੈਣੀ... ਦੇਖ ਲਾ, ਜੇ ਕਹੇਂ ਤਾਂ ਕਿਸੇ ਨੀਵੀਂ ਜਾਤ ਦੇ ਘਰੋਂ ਕੁੜੀ ਟੋਲ ਲਵਾਂ... ਹੋਊ ਸੋਹਣੀ ਐਨੀ ਮੇਰੀ ਗਰੰਟੀ ਆ ਮੱਖ...।' ਜਕਾ ਤਕੀ 'ਚ ਗਿਆਨੋ ਨੇ ਸਾਰੀ ਗੱਲ ਇੰਦਰ ਨੂੰ ਦੱਸ ਦਿੱਤੀ।

'ਬੀਬੀ... ਜਿਵੇਂ ਤੁਹਾਨੂੰ ਚੰਗਾ ਲੱਗਦੈ... ਮੈਨੂੰ ਕੋਈ ਫਰਕ ਨਹੀਂ... ਮੈਨੂੰ ਤਾਂ ਬੱਸ ਜੀਣ ਜੋਗਾ ਆਸਰਾ ਚਾਹੀਦੈ...।"

ਗਿਆਨੋ ਨੇ ਰਾਮਦਾਸੀਆਂ ਦੀ ਇੱਕ ਕੁੜੀ ਭਾਲ ਲਈ।

'ਲੈ ਭਾਈ ਦਿਨ ਸਿੱਧੇ ਹੋਣ ਤਾਂ ਰੱਬ ਆਪੇ ਨੱਕੇ ਮੋੜਦੈ... ਤੇਰਾ ਰਿਸ਼ਤਾ ਪੱਕਾ ਕਰਤਾ... ਗੋਲੀ ਅਰਗੀ ਆ ਕੁੜੀ... ਸੁੱਖ ਨਾਲ... ਦਾਜ 'ਚ ਬਣਿਆ ਬਣਾਇਆ ਘਰ ਮਿਲਜੂ... ਘਰ ਜਵਾਈ ਬਣਨ ਲਈ ਤਿਆਰ ਹੋ ਜਾ ਮੇਰਾ ਪੁੱਤ...।' ਗਿਆਨੋ ਨੇ ਚਾਅ ਨਾਲ ਇੰਦਰ ਨੂੰ ਕਿਹਾ।

ਕੁੜੀ ਦੀ ਮਾਂ ਮਨਜੀਤ ਕੌਰ ਵਕਤਾਂ ਦੀ ਮਾਰੀ ਸੀ। ਉਸਦਾ ਘਰ ਵਾਲਾ ਫੈਕਟਰੀ ਦੀ ਮਸ਼ੀਨ 'ਚ ਵਲੇਟਿਆ ਗਿਆ। ਮਾਲਕਾਂ ਨੇ ਮਿੱਠੇ ਪਿਆਰੇ ਹੋ ਕੇ ਮਨਜੀਤ ਤੋਂ ਖਾਲੀ ਕਾਗਜ਼ਾਂ 'ਤੇ ਅੰਗੂਠੇ ਲਵਾ ਲਏ। ਕਈ ਕੁਝ ਦੇਣ ਦੇ ਵਾਅਦੇ ਕੀਤੇ, ਪਰ ਬਾਅਦ 'ਚ ਪੂਰਾ ਕੋਈ ਨਾ ਕੀਤਾ। ਉਹ ਰੋਟੀ ਤੋਂ ਵੀ ਮੁਥਾਜ ਹੋ ਗਈ। ਰਿਸ਼ਤੇਦਾਰਾਂ ਨੇ ਅੱਖਾਂ ਮੋੜ ਲਈਆਂ। ਸਾਰਾ ਦਿਨ ਕੱਪੜੇ ਸਿਓਣ ਵਾਲੀ ਮਸ਼ੀਨ ਗੇੜ-ਗੇੜ ਕੇ ਘਰ ਚਲਾਉਂਦੀ ਨੇ ਆਪਣੀਆਂ ਸਾਰੀਆਂ ਸਿਆਣਪਾਂ ਜਵਾਨ ਹੋ ਰਹੀ ਧੀ ਕਰਤਾਰੋ ਦੇ ਢਿੱਡ ਪਾ ਦਿੱਤੀਆਂ। ਗਰੀਬ ਦੀ ਧੀ ਦਾ ਹੁਸਨ ਹੀ ਉਸ ਦਾ ਸਭ ਤੋਂ ਵੱਡਾ ਦੁਸ਼ਮਣ ਹੁੰਦੈ। ਮਾੜੇ ਵੇਲਿਆਂ ਤੋਂ ਡਰਦੀ ਮਨਜੀਤ ਨੇ ਗਿਆਨੋ ਦੇ ਬੋਲ ਭੁੰਜੇ ਨਾ ਡਿੱਗਣ ਦਿੱਤੇ ਤੇ ਆਪਣੀ ਧੀ ਦਾ ਹੱਥ ਇੰਦਰ ਦੇ ਹੱਥ ਦੇ ਦਿੱਤਾ।

ਇੰਦਰ ਸਹੁਰੀਂ ਰਹਿਣ ਲੱਗ ਪਿਆ। ਘਰ ਕਰਿਆਨੇ ਦੀ ਦੁਕਾਨ ਕਰ ਲਈ। ਨਵੀਂ ਕਬੀਲਦਾਰੀ ਤੇ ਆਪਣਿਆਂ ਦੇ ਮੋਹ ਨੇ ਉਸ ਦੇ ਸੁੱਤੇ ਚਾਅ ਜਗਾ ਦਿੱਤੇ। ਸੁਬ੍ਹਾ ਸਾਜਰੇ ਡੱਗੀ ਲੈ ਕੇ ਪਿੰਡਾਂ 'ਚ ਜਾਂਦਾ, ਆ ਕੇ ਦੁਕਾਨ 'ਤੇ ਬੈਠਦਾ। ਤਾਰੋ ਘਰੇ ਕੱਪੜੇ ਸਿਊਂਦੀ। ਜ਼ਿੰਦਗੀ ਸਾਂਵੀ ਤੋਰ ਤੁਰ ਪਈ।

'ਤਾਰੋ... ਅੱਧੀ ਉਮਰ ਖਾਲੀ ਜਿਹੀ ਨਿਕਲਗੀ, ਹੁਣ ਤੂੰ ਮਿਲ ਗਈ ਤਾਂ ਰੱਜ ਆ ਗਿਆ... ਆਪਾਂ ਹੁਣ ਬਾਕੀ ਉਮਰ 'ਕੱਠਿਆਂ ਕੱਟਣੀ ਆ...'ਕੱਠੇ ਈ ਮਰਾਂਗੇ...।' ਉਹ ਅਕਸਰ ਕਹਿੰਦਾ।

ਪਲੇਠੀ ਧੀ ਦੀਆਂ ਉਨ੍ਹਾਂ ਰੱਜ ਕੇ ਖੁਸ਼ੀਆਂ ਮਨਾਈਆਂ। ਸਾਰੇ ਪਿੰਡ 'ਚ ਗੁੜ ਫੇਰਿਆ। ਲੋਹੜੀ ਬਾਲ੍ਹੀ। ਗੁੱਡੀਆਂ ਪਟੋਲਿਆਂ ਨਾਲ ਘਰ ਭਰ 'ਤਾ। ਤਾਰੋ ਆਖਦੀ 'ਰਾਣੀ ਦਾ ਬਹੁਤਾ ਮੋਹ ਨਾ ਕਰਿਆ ਕਰ...ਐਹ ਤਾਂ ਬਗਾਨਾ ਧੰਨ ਏ।'

ਇੰਦਰ ਅੱਗੋਂ ਹੱਸ ਕੇ ਜਵਾਬ ਦਿੰਦਾ 'ਐਹ ਤਾਂ ਮੇਰਾ ਸ਼ੇਰ ਪੁੱਤ ਆ...ਮੈਂ ਐਹਨੂੰ ਪੜ੍ਹਾ ਲਿਖਾ ਕੇ ਅਫ਼ਸਰ ਬਣਾਊ... ਜਿਧਰ ਦੀ ਲੰਘਿਆ ਕਰੂ ਲੋਕ ਕਹਿਣਗੇ ਇੰਦਰ ਸਿਓ ਖੱਤਰੀ ਦੀ ਧੀ ਰਣਜੀਤ ਕੌਰ ਜਾਂਦੀ ਆ... ਰਹਿੰਦੀ ਦੁਨੀਆਂ ਤੱਕ ਮੇਰਾ ਨਾਂ ਚੱਲੂ...।'

ਪਰ ਕੁੜੀ ਦੋ ਸਾਲ ਦੀ ਹੋਣ ਤੋਂ ਪਹਿਲਾਂ ਹੀ ਤੁਰ ਗਈ। ਲੰਬੀ ਉਡੀਕ ਬਾਅਦ ਆਈ ਬੱਦਲੀ ਬਿਨਾਂ ਵਰ੍ਹੇ ਲੰਘ ਗਈ। ਇੰਦਰ ਡੌਰ-ਭੌਰ ਹੋਇਆ ਰਹਿੰਦਾ। ਰਾਣੀ ਵੱਡੇ ਆਪ੍ਰੇਸ਼ਨ ਨਾਲ ਹੋਈ ਸੀ। ਡਾਕਟਰ ਕਹਿੰਦੇ ਹੋਰ ਬੱਚਾ ਕਰਤਾਰੋ ਦੀ ਜਾਨ ਲਈ ਖਤਰਾ ਹੋਵੇਗਾ।

'...ਜੇ ਕਰਮਾਂ 'ਚ ਨਹੀਂ ਤਾਂ ਰੱਬ ਨਾ ਦਿੰਦਾ ਪਰ ਦੇ ਕੇ ਕਿਉਂ ਖੋਹ ਲੀ...।' ਇੰਦਰ ਰੱਬ ਨਾਲ ਮਿਹਣੋ ਮਿਹਣੀ ਹੁੰਦਾ।

ਉਸਨੇ ਡੱਗੀ ਲਿਜਾਣੀ ਛੱਡ ਦਿੱਤੀ। ਹੱਟੀ 'ਤੇ ਵੀ ਘੱਟ ਹੀ ਬਹਿੰਦਾ। ਸਾਰਾ ਦਿਨ ਪਿਆ ਰਹਿੰਦਾ।

'...ਕੀਹਦੇ ਲਈ ਧੱਕੇ ਖਾਵਾਂ... ਐਥੇ ਕਿਹੜੇ ਨਿਆਣੇ ਭੁੱਖੇ ਮਰਦੇ ਆ...।'

ਮਾਸਟਰ ਰਾਮ ਜਸ ਅਕਸਰ ਇੰਦਰ ਨਾਲ ਗੱਲੀਂ ਲੱਗਿਆ ਕਹਿੰਦਾ 'ਪੁੱਤਰਾ... ਜਿਓਣਾ ਮਰਨਾ ਕੋਈ ਬੰਦੇ ਦੇ ਵੱਸ ਥੋੜਾ... ਸਿਆਣਿਆਂ ਨੇ ਆਖਿਆ ਭਈ ਰੱਜੇ



ਬੰਦੇ ਨੂੰ ਤਾਂ ਮੌਤ ਆਉਣ ਦੇ ਸੌ ਬਹਾਨੇ ਬਣ ਜਾਂਦੇ ਨੇ... ਭੁੱਖਾ ਤਾਂ ਤੜਪ-ਤੜਪ ਕੇ ਵੀ ਨਹੀਂ ਮਰਦਾ... ਮਾਲਕ ਦੇ ਰੰਗ ਆ ਭਾਈ... ਹੌਸਲਾ ਰੱਖੋ।

ਉਹ ਜ਼ਿੰਦਗੀ ਦੀ ਬਾਜ਼ੀ ਲੜਣ ਤੋਂ ਹੱਥ ਖੜ੍ਹੇ ਕਰੀ ਬੈਠਾ ਸੀ।

'ਸਾਰੀ ਉਮਰ ਐਸੇ ਹੌਂਸਲੇ 'ਚ ਕੱਟੀ, ਬਈ ਕੱਲ ਨੂੰ ਜਵਾਕ ਦੁੱਖ ਸੁੱਖ ਦੇ ਹਾਣੀ ਬਣਨਗੇ... ਪਰ...।'

'ਜੇ ਤੂੰ ਕਹੇ ਤਾਂ ਕਿਸੇ ਦਾ ਜਵਾਕ ਗੋਦ ਲੈ ਲਈਏ... ਕਹਿੰਦੇ ਨੇ ਸ਼ਹਿਰੋਂ ਯਤੀਮ ਖਾਨਿਆਂ 'ਚੋਂ ਮਿਲ ਜਾਂਦੇ ਨੇ..।' ਕਰਤਾਰੋ ਦੁੱਖ ਘੱਟ ਕਰਨ ਦੀ ਵਿਉਂਤ ਘੜਦੀ।

'ਤਾਰੋ...ਮੇਰਾ ਭਾਈਆ ਬੜਾ ਦਾਨਸ਼ਮੰਦ ਬੰਦਾ ਸੀ... ਪਰ੍ਹੇ ਪੰਚਾਇਤ ਕੋਈ ਉਹਦੀ ਗੱਲ ਨੀਂਹ ਸੀ ਲੱਦਦਾ... ਉਹ ਕਹਿੰਦਾ ਸੀ ਔਲਾਦ ਹੋਵੇ ਤਾਂ ਆਵਦੀ... ਬਿਗਾਨੇ ਖੂਨ ਦਾ ਕੋਈ ਭਰੋਸਾ ਨਹੀਂ... ਆਵਦਾ ਵੱਢੂ ਤਾਂ ਛਾਂਵੇ ਸਿੱਟੂ... ਨਾਲੇ ਜੇ ਕਰਮਾਂ 'ਚ ਈ ਹੋਣੀ ਤਾਂ ਐਵੇਂ...।' ਇੰਦਰ ਨੇ ਹਉਂਕਾ ਖਿੱਚਿਆ।

"ਬੱਸ ਬੰਧੂ ਯਹੀਂ ਕਿਆ ਬਤਾਊਂ ਤੇਰੇ ਕੋ... ਮੇਰਾ ਕਾਮ ਪੂਰੇ ਹੋਣੇ ਵਾਲਾ ਹੀ ਥਾ ਕਿ ਇੰਦਰ ਨੇ ਅਗਲੀ ਸੁਬ੍ਹਾ ਦੁਕਾਨ ਖੋਲ ਲਈ... ਫਿਰ ਚਲ ਪੜਾ... ਮਰਤਾ ਮਰਤਾ ਉਠ ਖੜਾ... ਈਸੀ ਲੀਏ ਤੋਂ ਮੇਰਾ ਕਾਮ ਲਮਕ ਗਿਆ... ਲੋ ਆਗੇ ਸੁਣੋ।"

'ਇੰਦਰ... ਤੂੰ ਕਰਤਾਰੋ ਨੂੰ ਡਾਕਟਰ ਗੁਲਾਟੀ ਦੇ ਵਖਾ ਖਾਂ... ਕਹਿੰਦੇ ਬੜਾ ਸਿਆਣਾ... ਖਵਰਾ ਕਿਤੇ ਮੇਹਰ ਪੈ ਜੇ...।' ਕੈਲੇ ਮਿਸਤਰੀ ਨੇ ਇੰਦਰ ਕੋਲ ਗੱਲ ਕੀਤੀ।

ਔਲਾਦ ਦੀ ਦੱਬੀ ਖਾਹਿਸ਼ ਇਕ ਵਾਰ ਫਿਰ ਇੰਦਰ ਦੀ ਹਿੱਕ 'ਚ ਵਲਵਲੇ ਲੈਣ ਲੱਗੀ। ਉਹਨੇ ਤਾਰੋ ਨਾਲ ਸਲਾਹ ਕੀਤੀ। ਕੁਝ ਦਿਨਾਂ ਦੀ ਘੇਸ-ਘੇਸ ਤੋਂ ਬਾਅਦ ਤਾਰੋ ਡਾਕਟਰ ਕੋਲ ਜਾਣ ਲਈ ਤਿਆਰ ਹੋ ਗਈ। ਡਾਕਟਰ ਨੇ ਕਈ ਟੈਸਟ ਲਏ।

'... ਬੀਬੀ ਤੂੰ ਮਾਂ ਤਾਂ ਬਣ ਸਕਦੀ ਐਂ... ਕੇਅਰ ਕਰਨੀ ਪਊ... ਜੇ ਜ਼ਰਾ ਕੁ ਵੀ ਗੜਬੜ ਹੋ ਗਈ ਤਾਂ ਜਾਨ ਨੂੰ ਖਤਰਾ ਹੋ ਸਕਦੈ... ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਡਰ ਤਾਂ ਕੋਈ ਨੀਂ ਅੱਗੇ ਰੱਬ ਦੀ ਰਜ਼ਾ... ਤੁਸੀਂ ਸਲਾਹ ਕਰ ਲਓ।' ਡਾਕਟਰ ਨੇ ਉਨ੍ਹਾਂ ਨੂੰ ਸਮਝਾਉਂਦਿਆਂ ਗੱਲ ਮੁਕਾਈ।

'ਡਾਕਟਰ ਸਾਅਬ... ਖਰਚਾ...।' ਇੰਦਰ ਨੇ ਸੰਸਾ ਜ਼ਾਹਿਰ ਕੀਤਾ।

'... ਟੈਸਟ, ਦਵਾਈਆਂ ਤੇ ਆਪ੍ਰੇਸ਼ਨ ਵਗੈਰਾ ਦੀ ਤੁਸੀਂ ਤੀਹ ਚਾਲੀ ਹਜ਼ਾਰ ਦਾ ਖਰਚਾ ਮੰਨ ਕੇ ਚੱਲੋ...।'

'ਚਾਲੀ ਹਜ਼ਾਰ...।' ਤਾਰੋ ਨੂੰ ਚੱਕਰ ਆਇਆ। ਜਿਵੇਂ ਕਿਸੇ ਨੇ ਝੂਟਾ ਦੇ ਕੇ ਸਿਖਰ ਚੜ੍ਹੀ ਪੀਂਘ ਦਾ ਰੱਸਾ ਤੋੜ ਦਿੱਤਾ ਹੋਵੇ।

'... ਸਲਾਹ ਕਰਕੇ ਦੱਸ ਦਿਆਂਗੇ ਜੀ...।' ਇੰਦਰ ਨੇ ਡਾਟਕਰ ਦੇ ਮੇਜ਼ ਤੋਂ ਉਠਦਿਆਂ ਕਿਹਾ। ਉਸਦੀਆਂ ਲੱਤਾਂ ਕੰਬ ਰਹੀਆਂ ਸਨ।

ਇੰਦਰ ਲਈ ਇਕ ਨਵੀਂ ਜੰਗ ਸ਼ੁਰੂ ਹੋ ਗਈ। ਉਸਨੇ ਜੋੜ ਲਾਇਆ ਘਰ ਤੇ ਗਹਿਣੇ ਗੱਟੇ ਵੇਚ ਕੇ ਵੀ ਇੰਨੇ ਪੈਸੇ ਇਕੱਠ ਨਹੀਂ ਹੁੰਦੇ ਸੀ। ਉਤੋਂ ਤਾਰੋ ਦੀ ਜਾਨ ਦਾ ਖਤਰਾ ਵੱਖਰਾ। ਉਹ ਕਿਸੇ ਹਾਲਤ 'ਚ ਤਾਰੋ ਨੂੰ ਗੁਆਣਾ ਨਹੀਂ ਸੀ ਚਾਹੁੰਦਾ। ਉਸਨੂੰ ਕਿਧਰੇ ਵੀ ਚੈਨ ਨਾ ਆਉਂਦਾ। ਰਾਤ ਨੂੰ ਸੁਪਨੇ ਆਉਂਦੇ। ਉਹ ਦੇਖਦਾ ਆਲੇ ਦੁਆਲੇ ਨਿਆਣਿਆਂ ਦੀ ਭੀੜ ਲੱਗੀ ਪਈ ਆ। ਉਹ ਇੱਕ ਬੱਚੇ ਨੂੰ ਫੜਣ ਲਈ ਉੱਠਦਾ ਤਾਂ ਸਾਰੇ ਭੱਜ ਜਾਂਦੇ ਤੇ ਇਕ ਵੱਡੇ ਸਾਰੇ ਬੋਹੜ ਦੇ ਪਿੱਛੇ ਜਾ ਕੇ ਗਾਇਬ ਹੋ ਜਾਂਦੇ। ਉਹ ਭਾਲਦਾ ਭਾਲਦਾ ਹੰਭ ਜਾਂਦਾ ਤੇ ਅਖੀਰ ਉੱਚੀ ਉੱਚੀ ਆਵਾਜ਼ਾਂ ਮਾਰਨ ਲੱਗਦਾ।

ਹਾਲ ਤਾਂ ਕਰਤਾਰੋ ਦਾ ਵੀ ਮਾੜਾ ਸੀ ਪਰ ਬੇਚੈਨੀ ਇੰਦਰ ਨੂੰ ਜ਼ਿਆਦਾ ਸੀ। ਬੱਚੇ ਦੀ ਚਾਹ ਨੇ ਉਸਨੂੰ ਪਾਗਲ ਕਰ ਦਿੱਤਾ। ਦੂਸਰੇ ਪਾਸੇ ਪੈਸਿਆਂ ਦਾ ਪਹਾੜ ਪਾਰ ਕਰਨਾ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਸੀ।

'ਜੇ ਕੋਈ ਮੈਨੂੰ ਮੁੱਲ ਖਰੀਦ ਲਵੇ ਤਾਂ ਚਾਲੀ ਹਜ਼ਾਰ ਤੋਂ ਇਕ ਕੋਡੀ ਵੱਧ ਨਾ ਮੰਗਾਂ... ਤੇ ਸਾਰੇ ਪੈਸੇ ਡਾਕਟਰ ਨੂੰ ਫੜਾ ਉਸਤੋਂ ਫਟਾ ਫਟ ਜਵਾਕ ਲੈ ਲਵਾਂ... ਬੱਸ ਫੇਰ ਮੁੜ ਕੇ ਪਿੱਛੇ ਨਾ ਵੇਖਾਂ... ਦਿਨ ਰਾਤ ਮੋਢਿਆਂ 'ਤੇ ਚੱਕੀ ਫਿਰਾਂ...।'

'...ਤੇ ਜਿਹੜਾ ਤੈਨੂੰ ਮੁੱਲ ਲਊ ਉਹਦਾ ਕੰਮ ਤੇਰਾ ਪਿਓ ਕਰੂ...।'

'ਕਮਲੀਏ ਪਿਓ ਨੂੰ ਕਿਉਂ ਵਿੱਚ ਘੜੀਸਦੀ ਐਂ... ਉਹਦਾ ਕਰਮਾਂ ਵਾਲੇ ਦਾ ਵਿਹੜਾ ਤਾਂ ਭਰਿਆ ਰਹਿੰਦਾ ਸੀ ਜੀਆਂ ਨਾਲ... ਇਹ ਤਾਂ ਆਪਣੇ ਹੀ ਕਰਮਾਂ 'ਚ...।'

"ਦੇਖੋ ਦੇਖੋ ਬੰਧੂ ਇਨ ਲੋਗੋਂ ਕੀ ਕਰਤੂਤ ਦੇਖੋ... ਪਤਾ ਨਹੀਂ ਕਹਾਂ ਸੇ ਲਾਏ ਪੈਸੇ... ਇਲਾਜ ਸ਼ੁਰੂ ਕਰ ਲੀਆ... ਮੇਰੇ ਸੇ... ਮੇਰੇ ਸੇ ਪੰਗਾ... ਵਕਤ ਸੇ... ਅਬ ਦੇਖਨਾ ਮੈਂ ਇਨਕੋ ਕੈਸੇ ਕੈਸੇ ਮਜ਼ੇ ਚਖਾਤਾ ਹੂੰ... ਵਕਤ ਸੇ ਆਂਖੇ ਮਿਲਾਤੇ ਹੈਂ ਸੁਸਰੇ... ਦੋ ਕੌਡੀ ਕਾ ਆਦਮੀ... ਔਰ... ਔਰ... ਮੇਰੇ ਸੇ... ਮੇਰੇ ਸੇ...।"

ਅੱਖਾਂ ਬੰਦ ਕੀਤੀਆਂ ਛੇ ਮਹੀਨੇ ਲੰਘ ਗਏ। ਇਲਾਜ ਠੀਕ ਸੀ। ਬੱਚਾ ਠੀਕ ਸੀ। ਇੰਦਰ ਤੇ ਤਾਰੋ ਇਕ ਵੱਖਰੀ ਦੁਨੀਆਂ 'ਚ ਗੁਆਚ ਰਹਿੰਦੇ। ਇਕ ਪਲ ਉਨ੍ਹਾਂ ਨੂੰ ਚਾਰੇ ਪਾਸੇ ਹਰੇ ਵਾਈ ਦਿਖਦੀ। ਕੂਲੀ ਕੂਲੀ, ਠੰਡੀ ਤੇ ਸੋਹਣੀ। ਪਰ ਦੂਸਰੇ ਹੀ ਪਲ ਝੁਲਦੇ ਹਨੇਰੀ ਝੱਖੜ ਨਾਲ ਉਜੜਿਆ ਬਾਗ ਵਿਖਾਈ ਦਿੰਦਾ। ਇੰਦਰ ਰਾਤ ਨੂੰ ਕਈ ਵਾਰ ਉੱਠ ਕੇ ਤਾਰੋ ਦਾ ਮੂੰਹ ਵੇਖਦਾ।

'ਰੱਬਾ, ਇੱਕ ਵਾਰ ਜੱਗ 'ਚ ਸੀਰ ਪਾ ਦੇਹ, ਫੇਰ ਭਾਵੇਂ ਮੇਰੀ ਜਾਨ ਲੈ ਲੀਂ...।' ਕਰਤਾਰੋ ਦੇਵੀ ਦੇਵਤਿਆਂ ਅੱਗੇ ਅਰਜ਼ੋਈਆਂ ਕਰਦੀ।

'...ਜੇ ਤਾਰੋ ਨੂੰ ਕੁਝ ਹੋ ਗਿਆ ਤਾਂ ਮੈਂ ਚਾਰ ਦਿਹਾੜੇ ਵੀ ਨਹੀਂ ਕੱਢਣੇ... ਮੈਂ ਮਰਜੂੰ...।' ਇੰਦਰ ਰੱਬ ਅੱਗੇ ਹਾੜੇ ਕੱਢਦਾ।

ਪੂਰੇ ਦਿਨਾਂ ਤੋਂ ਕੁਝ ਦਿਨ ਪਹਿਲਾਂ ਡਾਕਟਰ ਨੇ ਕਰਤਾਰੋ ਨੂੰ ਹਸਪਤਾਲ ਸੱਦ ਲਿਆ। ਆਪ੍ਰੇਸ਼ਨ ਦੇ ਪ੍ਰਬੰਧ ਮੁਕੰਮਲ ਕਰ ਲਏ। ਇੰਦਰ ਕਰਤਾਰੋ ਕੋਲੋਂ ਇਕ ਘੜੀ ਵੀ ਪਾਸੇ ਨਹੀਂ ਹੋਇਆ। ਸਾਰਾ ਦਿਨ ਬੈਠਾ ਵਾਹਿਗੁਰੂ ਵਾਹਿਗੁਰੂ ਕਰਦਾ



ਰਹਿੰਦਾ। ਇੰਦਰ ਹਸਪਤਾਲ ਦੇ ਸਾਰੇ ਸਟਾਫ ਨੂੰ ਜੀ ਜੀ ਕਰਦਾ। ਉਸਨੂੰ ਉਹ ਉਸਦੀਆਂ ਆਸਾਂ ਪੂਰੀਆਂ ਕਰਨ ਵਾਲੇ ਫਰਿਸ਼ਤੇ ਜਾਪਦੇ।

ਰਾਤ ਢਲਦਿਆਂ ਹੀ ਕਰਤਾਰੋ ਨੂੰ ਪੀੜਾਂ ਸ਼ੁਰੂ ਹੋ ਗਈਆਂ। ਇੰਦਰ ਸਾਹ ਰੋਕੀਂ ਬੈਠਾ ਸੀ। ਜਦੋਂ ਗੁਰਦੁਆਰੇ ਬਾਬਾ ਬੋਲਿਆ ਤਾਂ ਇੰਦਰ ਦੇ ਕੰਨੀਂ ਬਾਲ ਦੇ ਰੋਣ ਦੀ ਆਵਾਜ਼ ਪਈ।

'ਤਾਰੋ...' ਉਸਨੂੰ ਹੌਲ ਪਿਆ। ਕੁਝ ਸਮੇਂ ਬਾਅਦ ਡਾਕਟਰ ਗੁਲਾਟੀ ਅਤੇ ਹੋਰ ਡਾਕਟਰ ਲੇਬਰ ਰੂਮ 'ਚੋਂ ਬਾਹਰ ਆਏ।

'... ਇੰਦਰ ਸਿੰਘ ਤੂੰ ਬਾਪ ਬਣ ਗਿਐਂ... ਪਰ... ਤੁਸੀਂ ਇਕ ਮਿੰਟ ਮੇਰੇ ਨਾਲ ਆਓ।' ਡਾਕਟਰ ਗੁਲਾਟੀ ਉਸ ਨੂੰ ਨਾਲ ਲੈ ਤੁਰਿਆ।

'ਡਾਕਟਰ ਸਾਅਬ ਕੀ ਗੱਲ ਆ... ਤਾਰੋ ਤਾਂ ਠੀਕ ਆ... ਡਾਕਟਰ ਸਾਅਬ ਮੁੰਡੇ ਕੁੜੀ ਦੀ ਤੁਸੀਂ ਚਿੰਤਾ ਨਾ ਕਰੋ... ਮੈਨੂੰ ਤਾਂ ਕੁੜੀਆਂ ਮੁੰਡਿਆਂ ਨਾਲੋਂ ਵੀ ਪਿਆਰੀਆਂ ਨੇ... ਨਰਸ ਭੈਣ ਜੀ ਨੂੰ ਪੁੱਛਲੋ, ਮੈਂ ਤਾਂ ਪਹਿਲਾਂ ਈ ਕਿਹਾ ਸੀ ਬਈ ਮੁੰਡਾ ਹੋਵੇ ਜਾਂ ਕੁੜੀ ਮੈਂ ਲੋਹੜੀ ਬਾਲੂੰ... ਹੈ ਨਾ ਬੀਬੀ ਜੀ... ਮੈਂ ਤਾਂ ਪਹਿਲਾਂ ਵੀ ਕੁੜੀ ਦੀ ਬਹੁਤ ਖੁਸ਼ੀ ਕੀਤੀ ਸੀ ਜੀ...।' ਇੰਦਰ ਡਾਕਟਰ ਅੱਗੇ ਹੱਥ ਜੋੜਦਾ ਉਸਦੇ ਪੈਰੀਂ ਹੱਥ ਲਾਉਂਦਾ ਕਮਲਿਆਂ ਵਾਂਗ ਬੋਲੀ ਜਾ ਰਿਹਾ ਸੀ।

'ਤੁਸੀਂ ਪਲੀਜ਼ ਇਕ ਮਿੰਟ ਅੰਦਰ ਆਓ... ਜ਼ਰੂਰੀ ਗੱਲ ਆ...।'

ਬੂਹੇ ਲਾਗੇ ਖੜੇ ਇੰਦਰ ਨੇ ਡਾਕਟਰ ਦੀ ਬਾਂਹ ਫੜ ਲਈ।

'... ਡਾ... ਡਾਕ... ਡਾਕਟਰ ਸਾਅਬ... ਵੇਖਿਓ ਕਿਤੇ... ਮੈਂ ਦੁਨੀਆਂ ਨੂੰ ਅੱਗ ਲਾ ਦੂੰ ਜੇ ਤਾਰੋ ਨੂੰ ਕੁਝ... ਤੁਸੀਂ ਜੋ ਮਰਜ਼ੀ ਕਰੋ... ਵੱਡੇ ਤੋਂ ਵੱਡਾ ਡਾਕਟਰ ਬਲਾ ਲਓ... ਜੋ ਕਹੋਂਗੇ ਮੈਂ ਕਰੂੰਗਾ... ਪਰ ਡਾਟ... ਸਾ... ਅ... ਬ...।' ਇੰਦਰ ਉੱਚੀ ਉੱਚੀ ਰੋਣ ਲੱਗ ਪਿਆ।

'...ਇੰਦਰ ਸਿੰਘ... ਇੰਦਰ ਸਿੰਘ... ਪਲੀਜ਼ ਟਰਾਈ ਟੂ ਅੰਡਰ ਸਟੈਂਡ... ਅੱਛਾ ਐਂਦਾ ਕਰ ਤੂੰ ਤਾਰੋ ਤੇ ਬੱਚੇ ਨੂੰ ਮਿਲ ਆ... ਫਿਰ ਮੇਰੇ ਕੋਲ ਆਈਂ... ਘਬਰਾਓ ਨਾ... ਸਿਸਟਰ... ਐਨਾ ਨੂੰ ਪੇਸ਼ੈਂਟ ਕੋਲ ਲੈ ਜਾਓ...।'

ਕਰਤਾਰੋ ਦਾ ਚਿਹਰਾ ਪੀਲਾ, ਅੱਖਾਂ ਅੱਧ ਖੁੱਲ੍ਹੀਆਂ ਅਤੇ ਬੁੱਲਾਂ 'ਤੇ ਸਕੂਨ ਭਰੀ ਮੁਸਕਰਾਹਟ ਸੀ। ਇੰਦਰ ਨੇ ਕੱਪੜੇ 'ਚ ਲਪੇਟੇ ਪਏ ਭੋਰਾ ਭਰ ਬਾਲ ਨੂੰ ਬੋਚ ਕੇ ਆਪਣੇ ਦੋਹਾਂ ਹੱਥਾਂ 'ਚ ਚੁੱਕ ਲਿਆ। ਉਹ ਰੂੰ ਦੇ ਗੋਹੜੇ ਵਰਗਾ ਸੀ। ਇੰਦਰ ਦਾ ਚਿਹਰਾ ਲਾਲ ਹੋ ਗਿਆ।

ਭੋਲੇ ਜਿਹੇ ਬੱਚੇ ਉਪਰ ਇੰਦਰ ਨੂੰ ਬਹੁਤ ਪਿਆਰ ਆਇਆ। ਉਸ ਨੇ ਬੱਚੇ ਨੂੰ ਛਾਤੀ ਨਾਲ ਲਾਇਆ। ਅੱਖਾਂ ਬੰਦ ਕਰਕੇ ਰੱਬ ਦਾ ਸ਼ੁਕਰ ਕੀਤਾ। ਉਸਦਾ ਚਿਹਰਾ ਸ਼ਾਂਤ ਹੋ ਗਿਆ। ਉਸਨੇ ਬੱਚੇ ਨੂੰ ਮੰਜੇ 'ਤੇ ਪਾ ਦਿੱਤਾ। ਫਿਰ ਕਰਤਾਰੋ ਵੱਲ ਵੇਖ ਕੇ ਹੱਸ ਪਿਆ। ਬੱਚੇ ਤੋਂ ਵਾਰ ਕੇ ਸੌ ਦਾ ਨੋਟ ਨਰਸ ਨੂੰ ਦਿੱਤਾ। ਨਰਸ ਨੇ ਚੁੱਪ ਕਰਕੇ ਨੋਟ ਫੜ ਲਿਆ ਤੇ ਮੂੰਹ ਪਰ੍ਹਾਂ ਨੂੰ ਕਰਕੇ ਖੜ੍ਹ ਗਈ। ਇੰਦਰ ਚਾਹੁੰਦਾ ਸੀ ਉਹ ਪੈਸੇ ਚਲਾ ਕੇ ਮਾਰੇ ਤੇ ਕਹੇ 'ਮੈਂ ਨਹੀਂ ਹਜ਼ਾਰ ਤੋਂ ਘੱਟ ਲੈਣਾ। ਐਡਾ ਸੋਹਣਾ

ਜਵਾਕ ਦਿੱਤਾ ਅਸੀਂ ਤੁਹਾਨੂੰ 'ਤੇ ਸੌ ਰੁਪਈਆ...।' ਪਰ ਨਾ ਨਰਸ ਨੇ ਪੈਸੇ ਚਲਾ ਕੇ ਮਾਰੇ ਤੇ ਨਾ ਕਰਤਾਰੋ ਦੀ ਮੁਸਕਰਾਹਟ ਹਾਸੇ 'ਚ ਬਦਲੀ।

ਖੁਸ਼ੀ ਤੇ ਪ੍ਰੇਸ਼ਾਨੀ ਜਿਹੀ 'ਚ ਲਿਪਟਿਆ ਇੰਦਰ ਬੋਲਿਆ 'ਚੰਗਾ, ਤਾਰੋ ਮੈਂ ਡਾਕਟਰ ਸਾਅਬ ਨੂੰ ਮਿਲ ਆਵਾਂ... ਕਹਿੰਦੇ ਸੀ ਮੇਰੇ ਕੋਲ ਆਈਂ... (ਹੱਸ ਕੇ) ਮੈਨੂੰ ਪਤਾ ਪੈਸਿਆਂ ਨੂੰ ਕਹੂਗਾ... ਆ ਵੇਖ ਮੈਂ ਸਾਰਾ ਬੰਦੋਬਸਤ ਕੀਤਾ ਹੋਇਆ... ਹੁਣੇ ਪੈਸੇ ਦੇ ਕੇ ਫਟਾ ਫਟ ਛੁੱਟੀ ਲੈ ਆਪਾਂ ਘਰੇ ਚਲਾਂਗੇ... ਕੈਲੇ ਹੋਰੀਂ ਉਡੀਕਦੇ ਨੇ... ਤੂੰ ਫ਼ਿਕਰ ਨਾ ਕਰੀਂ... ਅੱਛਾ ਐਂ ਤਾਂ ਦੱਸ ਮੁੰਡਾ ਕੇ ਕੁੜੀ।

'...।'

'ਤਾਰੋ... ਤਾਰੋ ਤੂੰ ਬੋਲਦੀ ਕਿਉਂ ਨੀਂਅ... ਤਾਰੋ...।'

'ਭਾਈ ਸਾਅਬ ਪੇਸ਼ੈਂਟ ਨੂੰ ਇੰਜ਼ੈਕਸ਼ਨ ਲੱਗੇ ਹੋਏ ਨੇ। ਉਹ ਅਜੇ ਪੂਰੀ ਸੁਰਤ 'ਚ ਨਹੀਂ... ਤੁਸੀਂ ਡਾਕਟਰ ਸਾਅਬ ਕੋਲ ਜਾ ਆਓ।' ਨਰਸ ਨੇ ਕਿਹਾ।

'ਭੈਣ ਜੀ ਮੁੰਡਾ ਕਿ ਕੁੜੀ?'

'ਪਲੀਜ਼ ਡਾਕਟਰ ਸਾਅਬ ਕੋਲ ਜਾਓ, ਓਹੀ ਦੱਸਣਗੇ।' ਨਰਸ ਨੇ ਪਰ੍ਹਾਂ ਨੂੰ ਮੂੰਹ ਫੇਰ ਲਿਆ।

'ਹੂੰ... ਕਿਵੇਂ ਭੂਸਰੀ ਖੜੀ ਆ... ਨਖਰੋ ਜੀਅ... ਇਹਨਾਂ ਨੂੰ ਕਿਸੇ ਦੀ ਖੁਸ਼ੀ ਨਾਲ ਕੋਈ ਮਤਲਬ ਈ ਨਹੀਂ... ਬੱਸ ਨੋਟ ਚਾਹੀਦੇ ਨੇ... ਡਾਕਟਰ ਸ਼ਾਬ ਦੱਸਣਗੇ...।'

'ਆਓ ਇੰਦਰ ਸਿੰਘ ਬੈਠੋ।' ਡਾਕਟਰ ਗੁਲਾਟੀ ਬੋਲਿਆ।

'ਡਾਕਟਰ ਸਾਅਬ ਤੁਹਾਡਾ ਲੱਖ ਲੱਖ ਸ਼ੁਕਰ ਆ ਜੀ... ਮੈਂ ਸਾਰੀ ਉਮਰ ਤੁਹਾਡਾ ਦੇਣ ਨੀਂਅ ਦੇ ਸਕਦਾ ਜੀ... ਤੁਸੀਂ ਜਦੋਂ ਮਰਜ਼ੀ ਮੈਨੂੰ ਵਾਜ ਮਾਰ ਲਈਓ। ਜਾਨ ਵੀ ਹਾਜ਼ਰ ਆ ਜੀ। ਡਾਕਟਰ ਸਾਅਬ ਬੱਸ ਜੀਅ ਦੀ ਘਾਟ ਸੀ ਪੂਰੀ ਹੋ ਗੀ... ਪ੍ਰਮਾਤਮਾ ਲੰਬੀ ਉਮਰ ਬਖਸ਼ੇ... ਹਾਂ ਡਾਕਟਰ ਸਾਅਬ ਪੈਸੇ ਦੱਸ ਦਿਓ... ਤੇ ਛੇਤੀ ਛੁੱਟੀ ਦੇ ਦਿਓ... ਤਿੰਨ ਦਿਨ ਹੋ ਗਏ ਦੁਕਾਨ ਬੰਦ ਪਈ ਨੂੰ... ਕਿੰਨੇ ਪੈਸੇ ਜੀ...।'

'ਇੰਦਰ ਸਿੰਘ... ਗੱਲ ਇਹ ਵੇ... ਪੈਸਿਆਂ ਦੀ ਕੋਈ ਗੱਲ ਨੀਂਅ ਤੂੰ ਤਾਂ ਘਰ ਦਾ ਬੰਦਾਂ... ਵੀਰੇ ਗੱਲ ਇਹ ਵਾ ਪਈ... ਆਪ੍ਰੇਸ਼ਨ ਬਹੁਤ ਵੱਡਾ ਸੀ। ਡਲਿਵਰੀ ਸਹੀ ਹੋ ਗਈ। ਕਰਤਾਰ ਕੌਰ ਨੂੰ ਕੁਝ ਦਿਨ ਅਜੇ ਹਸਪਤਾਲ 'ਚ ਹੋਰ ਰੱਖਣਾ ਪਊ... ਤੂੰ ਪੈਸਿਆਂ ਦਾ ਕੋਈ ਫਿਕਰ ਨਾ ਕਰ... ਤੇਰੇ ਕੋਲੋਂ ਅਸੀਂ ਹੋਰ ਕੋਈ ਪੈਸਾ ਨਹੀਂ ਲੈਣਾ... ਬੱਸ ਤੂੰ ਮਾਂ ਤੇ ਬੱਚੇ ਦੀ ਚੰਗੀ ਤਰ੍ਹਾਂ ਦੇਖਭਾਲ ਕਰੀਂ... ਠੀਕ ਆ... ਤੇ...।'

'ਚੰਗਾ ਡਾਕਟਰ ਸਾਅਬ ਮੈਂ ਆਪਣੇ ਬੇਲੀਆਂ ਨੂੰ ਸੁਨੇਹਾ ਦੇ ਆਵਾਂ... ਉਹ ਤਾਂ ਕਿੱਦਣ ਦੇ ਪਾਰਟੀ ਮੰਗਦੇ ਫਿਰਦੇ ਆ... ਘਰੇ ਦੋ ਬੋਤਲਾਂ ਵੀ ਰੱਖ ਰੱਖੀਆਂ ਨੇ ਜੀ...।'

'ਇੰਦਰ ਸਿੰਘ ਗੱਲ ਇਹ ਹੈ ਕਿ ਬੱਚਾ... ਬੱਚਾ।'

'...ਜੀ...?'



'ਬੱਚਾ... ਖੁਸਰਾ ਹੈ'

'...ਹੈਂਅ...!'

ਚੀਰ ਫਾੜ ਦੀ ਮਾਰ ਤੇ ਅਗੋਂ ਖੁਸਰੇ ਬੱਚੇ ਦਾ ਪਤਾ ਲੱਗਣ 'ਤੇ ਕਰਤਾਰੋ ਨੇ ਹਫ਼ਤਾ ਵੀ ਨਾ ਕੱਟਿਆ। ਕਰਤਾਰੋ ਦਾ ਤੁਰ ਜਾਣਾ ਇੰਦਰ ਲਈ ਅਸਹਿ ਸੀ। ਉਸਨੂੰ ਲੱਗਦਾ ਜਿਵੇਂ ਇਕ ਵਾਰ ਫਿਰ 'ਰੌਲਾ' ਪੈ ਗਿਆ ਹੋਵੇ ਤੇ ਉਸਦੇ ਹੱਥੋਂ ਮਾਂ ਦੀ ਫੜੀ ਉਂਗਲੀ ਛੁੱਟ ਗਈ ਹੋਵੇ।

"ਅੱਬ ਬੋਲੋ ਇੰਦਰ ਸਿੰਘ ਜੀ... ਮੇਰੇ ਸੇ... ਮਹਾਂਬਲੀ ਵਕਤ ਸੇ ਪੰਗਾ ਲੇਤੇ ਥੇ ਲੈ ਲੀਆ ਸਵਾਦ... ਘਰਵਾਲੀ ਮਰ ਗਈ... ਅਭ ਢੋਤੇ ਰਹਿਣਾ ਚਾਰ ਸੇਰ ਮਾਸ... ਨਾ ਆਗੇ ਕੁਸ਼ ਨਾ ਪੀਛੇ... ਅਰੇ ਕਿਆ ਸੋਚਣੇ ਲਗੇ ਬੰਧੂ... ਅਰੇ ਭਾਈ ਐਸਾ ਨਾ ਕਰੂੰ ਤੋ ਲੋਗ ਵਕਤ ਕੋ ਭੂਲ ਹੀ ਜਾਏਂ... ਫਿਰ ਯੇ ਆਦਮੀ ਮੇਰੇ ਸੇ ਕੈਸੇ ਡਰੇਗਾ... ਹੈਂ...।"

ਇੰਦਰ ਸਿੰਘ ਨੇ ਸਾਰਿਆਂ ਨੂੰ ਦੱਸ ਦਿੱਤਾ ਕਿ 'ਮੁੰਡਾ' ਹੋਇਆ। ਯਾਰਾਂ ਬੇਲੀਆਂ ਨਾਲ ਕਰਤਾਰੋਂ ਦੀ ਮੌਤ ਦਾ ਦੁਖ ਤੇ 'ਮੁੰਡੇ' ਦੀ ਖੁਸ਼ੀ ਮਨਾਈ। ਬੱਚਾ ਹਸਪਤਾਲ ਹੀ ਰਿਹਾ। ਨੈਣ ਨੇ ਇੰਦਰ ਦੇ ਬੂਹੇ ਸ਼ਰੀਂਹ ਬੰਨ੍ਹ ਦਿੱਤਾ। ਸਾਰੇ ਪਿੰਡ ਵਿਚ ਗੁੜ ਵੰਡਿਆ। ਸਵਾ ਮਹੀਨੇ ਤੋਂ ਘਰੇ ਖੁਸਰੇ ਨੱਚ ਗਏ। ਡਾਕਟਰ ਨੇ ਦੋ ਮਹੀਨੇ ਤੱਕ ਕਿਸੇ ਨੂੰ ਬੱਚੇ ਦੇ ਨੇੜੇ ਆਉਣ ਤੋਂ ਰੋਕੀ ਰੱਖਿਆ। ਇੰਦਰ ਨੇ ਪਿੰਡ ਛੱਡ ਦਿੱਤਾ। ਹੱਟੀ ਛੱਡ ਦਿੱਤੀ। ਕਦੇ ਕਿਤੇ ਚਾਰ ਦਿਨ ਲਾਉਂਦਾ, ਕਦੇ ਕਿਤੇ। ਬੱਚਾ ਗੋਦੀ ਚੁੱਕ ਕੇ ਤੁਰਿਆ ਫਿਰਦਾ। 'ਮੁੰਡੇ' ਨੂੰ ਲਾਡ ਨਾਲ ਸ਼ਿੰਦਾ ਪੁੱਤ ਕਹਿ ਕੇ ਬੁਲਾਉਂਦਾ। ਦਿਨ ਰਾਤ ਆਪਣੇ ਸੀਨੇ ਨਾਲ ਲਾਈ ਰੱਖਦਾ। ਸੱਤ ਸਾਲ ਬਾਅਦ ਇੰਦਰ ਪਿੰਡ ਮੁੜਿਆ। ਸ਼ਿੰਦਾ ਬਹੁਤ ਸੋਹਣਾ ਬਣ ਗਿਆ।

'ਵੇਖ ਪੁੱਤ ਕਿਸੇ ਮੂਹਰੇ ਕੱਛੀ ਨਹੀਂ ਲਾਹੁਣੀ... ਕਿਸੇ ਸਾਹਮਣੇ ਪਸ਼ਾਬ ਨਹੀਂ ਕਰਨਾ... ਨਾ ਕਿਸੇ ਨਾਲ ਕੋਈ ਐਹੋ ਜਹੀ ਗੱਲ ਕਰਨੀ... ਨਹੀਂ ਤਾਂ ਭੂਤ ਖਾ ਜੂ...।'

'ਮੈਨੂੰ ਪਤੈ ਪਾਪਾ ਜੀ...।'

ਛੋਟੇ ਜਿਹੇ ਸ਼ਿੰਦੇ ਨੂੰ ਇੰਦਰ ਨੇ ਬਹੁਤ ਕੁਝ ਪੜ੍ਹਾ ਦਿੱਤਾ। ਉਸਨੇ ਮੁੜ ਤੋਂ ਦੁਕਾਨ ਖੋਲ ਲਈ। ਡੱਗੀ ਵੀ ਲਾਉਣ ਲੱਗਾ। ਕਹਿੰਦਾ ਕਬੀਲਦਾਰੀ ਚਲਾਉਣ ਲਈ ਜਿੰਨਾ ਕੰਮ ਕਰ ਲੋ ਥੋੜਾ। ਅੱਜ ਤਾਂ 'ਮੁੰਡਾ' ਛੋਟਾ ਭਲਕ ਨੂੰ ਵੱਡਾ ਹੋਊ ਤਾਂ ਖਰਚ ਵੀ ਤਾਂ ਵੱਧਣਾ। ਸ਼ਿੰਦੇ ਨੂੰ ਸਕੂਲ ਪਾ ਦਿੱਤਾ। ਮਾਸਟਰ ਨੇ ਸਕੂਲ ਦੇ ਰਜਿਸਟਰ ਵਿਚ ਸ਼ਮਸ਼ੇਰ ਸਿੰਘ ਪੁੱਤਰ ਸਰਦਾਰ ਇੰਦਰ ਸਿੰਘ ਕੌਮ ਖੱਤਰੀ ਨਾਮ ਦਰਜ ਕਰ ਲਿਆ।

ਸੱਤਵੇਂ ਸਾਲ 'ਚ ਸਕੂਲੇ ਦਾਖਲ ਹੋਇਆ ਸ਼ਿੰਦਾ ਹਾਣੀਆਂ ਨਾਲੋਂ ਦੁੱਗਣਾ ਸੀ। ਇਕ ਦਿਨ ਛੀਂਬਿਆਂ ਦੀ ਕੁੜੀ ਲਾਲੀ ਨੇ ਉਸਨੂੰ ਬੋਕ ਕਹਿਤਾ। ਉਸਨੇ ਕੁੜੀ ਨੂੰ ਗੁਤੋਂ ਫੜ ਘੁੰਮਾ ਕੇ ਪਰ੍ਹੇ ਚਲਾ ਮਾਰਿਆ। ਕੁੜੀ ਦਾ ਸਿਰ ਪਾਟ ਗਿਆ। ਘਰ ਉਲਾਂਭਾ ਆਇਆ ਤਾਂ ਇੰਦਰ ਨੇ ਸ਼ਾਮ ਨੂੰ ਮੀਟ ਰਿੰਨਿਆ।

'ਸਾਲੇ... ਆਵਦੀ' ਲਾਦ ਨੂੰ ਨੀਂਅ ਸਮਝਾਉਂਦੇ ਬਈ ਮੁੰਡਿਆਂ ਨਾਲ ਕਿਵੇਂ ਗੱਲ ਕਰੀਦੀ ਆ... ਪਤਾ ਲੱਗ ਗਿਆ ਨਾ ਬਗਾਨੇ ਪੁੱਤ ਨੂੰ ਬੋਕ ਕਹਿਣ ਦਾ... ਆ ਗਏ 'ਲਾਂਭਾ ਦੇਣ... ਪੁੱਤ ਤੂੰ ਡਰ ਨਾ ਕਿਸੇ ਤੋਂ...ਮੈਂ ਹੈਗਾਂ...।'

ਪੰਜਵੀਂ ਤੱਕ ਤਾਂ ਸ਼ਿੰਦਾਂ ਬਿਨਾਂ ਪੜ੍ਹੇ ਪਾਸ ਹੋਈ ਗਿਆ। ਪਰ ਛੇਵੀਂ 'ਚ ਪੈਰ ਅੜ ਗਏ।

'ਇੰਦਰ ਸਿੰਆਂ ਮੁੰਡੇ ਨੂੰ ਸਮਝਾ... ਖੱਤਰੀ ਦਾ ਪੁੱਤ ਆ... ਚਾਰ ਅੱਖਰ ਪੜੂ ਤਾਂ ਕਿਤੇ ਕਮਾਉਣ ਜੋਗਾ ਹੋਊ... ਆਪਣੇ ਕਿਹੜਾ ਹਲ ਚੱਲਦੇ ਆ...।' ਮਾਸਟਰ ਨੇ ਇੰਦਰ ਨੂੰ ਸਕੂਲੇ ਸੱਦ ਕੇ ਕਿਹਾ।

'ਕੋਈ ਨਾ ਮਾਸਟਰ ਜੀ... ਬਥੇਰਾ ਕਮਾਇਆ ਪਿਆ ਮੇਰਾ... ਭਾਵੇਂ ਦੋ ਪੀੜੀਆਂ ਤੱਕ ਬੈਠ ਕੇ ਖਾਈ ਜਾਵੇ ਸ਼ਿੰਦਾ... ਆਹ ਸ਼ਿਵ ਦਾ ਮੁੰਡਾ, ਚੌਂਦਾਂ ਜਮਾਤਾਂ ਪੜ੍ਹਿਆ... ਐਹਨੂੰ ਤਾਂ ਕਿਤੇ ਨੌਕਰੀ ਮਿਲੀ ਨੀਂਅ... ਹੁਣ ਚੂੜੀਆਂ ਵੇਚਦਾ ਫਿਰਦਾ ਵਿਚਾਰਾ... ਤੁਸੀਂ ਚਿੰਤਾ ਨਾ ਕਰੋ... ਜਿੰਨਾ ਪੜ੍ਹਦਾ ਪੜ੍ਹਾ ਦਿਓ... ਨਾਲੇ ਪੜ੍ਹ ਕੇ ਕਿਹੜਾ ਜੱਜ ਲੱਗਗੇ... ਮਾਸਟਰੀ ਨਾਲੋਂ ਚਾਰ ਗੁਣਾ ਕਮਾਈ ਤਾਂ ਮੈਂ ਹੱਟੀ 'ਚੋਂ ਕਰ ਲੈਨਾਂ...।'

ਸ਼ਿੰਦੇ ਦੀ ਯਾਰੀ ਵੱਡੇ ਘਰਾਂ ਦੇ ਮੁੰਡਿਆਂ ਨਾਲ ਹੋ ਗਈ। ਕਦੇ ਕਿਸੇ ਦੀ ਜੀਪ 'ਤੇ ਸ਼ਹਿਰ ਜਾਂਦਾ। ਕਦੇ ਕਿਸੇ ਦੇ ਮੋਟਰ ਸਾਇਕਲ 'ਤੇ। ਪਟਿਆਂ ਦੇ ਨਿੱਤ ਨਵੇਂ ਡਿਜ਼ਾਇਨ ਬਣਾਉਂਦਾ। ਮੀਟ, ਦਾਰੂ ਹੁਣ ਇੰਦਰ ਦੇ ਘਰ ਲੂਣ ਤੇਲ ਹੋ ਗਿਆ ਸੀ।

ਹੌਲੀ-ਹੌਲੀ ਸ਼ਿੰਦੇ ਦੇ ਨਾਂ ਨਾਲ ਵੈਲੀ ਜੁੜ ਗਿਆ। ਨਵੇਂ ਤੋਂ ਨਵੇਂ ਮੁੰਡੇ ਉਸ ਨਾਲ ਤੁਰੇ ਫਿਰਦੇ। ਉਸਦੇ ਸੱਜੇ ਡੌਲੇ 'ਤੇ ਵੱਜੇ ਗੰਡਾਸੇ ਦਾ ਟੱਕ, ਉਪਰਲੀ ਦੰਦਬੀੜ ਦਾ ਟੁੱਟਿਆ ਸੂਆ ਅਤੇ ਫੁੱਲ ਤੋਂ ਵੱਢਿਆ ਸੱਜਾ ਅੰਗੂਠਾ ਉਸਦੀ 'ਕਾਬਲੀਅਤ' ਦੇ ਸਰਟੀਫਿਕੇਟ ਬਣ ਗਏ। ਜੇ ਕੋਈ ਇੰਦਰ ਕੋਲ ਸ਼ਿੰਦੇ ਨੂੰ ਸੰਭਾਲਣ ਦੀ ਸਲਾਹ ਦਿੰਦਾ ਅੱਗੋਂ ਉਹ ਇਕ ਦੀਆਂ ਸੌ ਸੁਣਾਉਂਦਾ।

ਉਸ ਦਿਨ ਸੱਥ 'ਚ ਬੈਠਿਆਂ ਜੱਗਾ ਤਖਾਣ ਇੰਦਰ ਨੂੰ ਕਹਿਣ ਲੱਗਿਆ, 'ਇੰਦਰ ਸਿਹਾਂ ਸ਼ਿੰਦੇ ਨੂੰ ਕਾਬੂ 'ਚ ਰੱਖ ਵਿਗੜਦਾ ਜਾਂਦੈ... ਮੁੰਡੇ ਤਾਂ ਮੇਰੇ ਵੀ ਚਾਰ ਨੇ, ਪਰ ਮਜਾਲ ਆ ਕਦੇ ਚੂੰ ਕਰ ਜਾਣ... ਮੁੰਡਾ ਤੇ ਰੰਬਾ ਜਿੰਨਾ ਚੰਡੀਏ ਓਨਾ ਈ ਸੂਤ ਰਹਿੰਦੇ ਨੇ...।'

'ਚਾਚਾ... ਮੁੰਡੇ ਖੁੰਡੇ ਐਹੋ ਜਿਹਾ ਕੁਸ਼ ਕਰਦੇ ਈ ਨੇ... ਉਹ ਖੁਸਰੇ ਹੋਣਗੇ ਜਿਹੜੇ ਅੰਦਰ ਵੜੇ ਰਹਿੰਦੇ ਨੇ... ਨਾਲੇ ਤੈਨੂੰ ਦੁੱਧ ਧੋਤੇ ਨੂੰ ਮੈਂ ਜਾਣਦਾਂ... ਭੁੱਲ ਗਿਆਂ ਜਦੋਂ ਪਰਾਰ ਲੋਕਾਂ ਨੇ ਨਰਮੇ 'ਚੋਂ ਫੜਿਆ ਸੀ, ਖੇਹ ਖਾਂਦੇ ਨੂੰ...।' ਇੰਦਰ ਨੇ ਮੋੜਾ ਦਿੱਤਾ।

'ਇੰਦਰ ਸਿਆਂ... ਸੁੱਖ ਨਾਲ ਉਮਰ ਹੋਈ ਪਈ ਆ... ਵਿਆਹ ਕਰਦੇ ਸ਼ਿੰਦੇ ਦਾ, ਨਾਲੇ ਰੋਟੀ ਪੱਕਦੀ ਹੋਜੂ... ਹੁਣ ਸਾਰੀ ਉਮਰ ਤੂੰ ਹੀ ਹੱਥ ਨੀਂਅ ਸਾੜਣੇ...।' ਟਿੱਬੀ ਵਾਲਿਆਂ ਦਾ ਸ਼ੇਰਾ ਬੋਲਿਆ।



'... ਨਾਲੇ ਤੂੰ ਖਾਂਦਾ ਹੋਵੇਂਗਾ ਨੋਹਾਂ ਦੇ ਪੱਕੇ ਪਰੋਂਠੇ... ਹੇ ਖਾਂ ਕੇਰਾਂ ਦਿੰਦਾ ਮੱਤਾਂ... ਚੱਲ ਸਿੱਟ ਪੱਤਾ... ਆਇਆ ਵੱਡਾ ਸਰਬਨ ਪੁੱਤ...।' ਸ਼ੇਰੇ ਦੀ ਗੱਲ ਨੂੰ ਰਾਹ ਵਿੱਚ ਹੀ ਬੋਚ ਕੇ ਜ਼ੈਲੇ ਨੇ ਬਣਾ ਸੰਵਾਰ ਕੇ ਉਸਨੂੰ ਜਵਾਬ ਦੇ ਦਿੱਤਾ।

ਲਗਾਤਾਰ ਤਿੰਨ ਦਿਨਾਂ ਬਾਅਦ ਸ਼ਿੰਦਾ ਘਰ ਮੁੜਿਆ ਤਾਂ ਇੰਦਰ ਨੇ ਪੁੱਛਿਆ, 'ਸ਼ਿੰਦਿਆਂ ਕਿਥੇ ਗਿਆ ਸੀ... ਦੱਸ ਜਾਂਦਾ ਯਾਰ... ਮੈਨੂੰ ਫਿਕਰ ਲੱਗਿਆ ਰਿਹਾ... ਤਿੰਨ ਦਿਨ ਹੋ ਗੇ... ਸੁੱਖ ਸੀ...?'

'ਪਾਪਾ ਜੀ ਕੀ ਦੱਸਾਂ... ਕਸੂਤਾ ਫਸ ਗਿਆ ਸੀ। ਮੇਰਾ ਬੇਲੀ ਇਕਬਾਲ ਤੇ ਪਟਵਾਰੀਆਂ ਦਾ ਗੁਰਦੀਪ ਹੋਟਲ 'ਚ ਕੁੜੀ ਲੈ ਗਏ। ਨਾਲ ਮੈਂ ਵੀ ਸੀ। ਕਿਸੇ ਨੇ ਪੁਲਸ ਕੋਲ ਚੁਗਲੀ ਕਰ 'ਤੀ। ਸਾਨੂੰ ਪੁਲਸ ਫੜ ਕੇ ਲੈ ਗੀ... ਅਵਾਰਾ ਗਰਦੀ ਦਾ ਕੇਸ ਪਾ 'ਤਾ... ਪਾਪਾ ਜੀ ਮੈਂ ਤਾਂ ਨਿਕਲ ਸਕਦਾ ਸੀ। ਮੇਰੇ ਤੇ ਤਾਂ ਕੋਈ ਕੇਸ ਨਹੀਂ ਸੀ ਬਣਨਾ... ਪਰ ਇਸ ਵਾਸਤੇ ਮੈਨੂੰ ਡਾਕਟਰੀ ਕਰਾਉਣੀ ਪੈਣੀ ਸੀ... ਪਰ ਫੇਰ ਤੁਹਾਡਾ ਜਿਓਣਾ ਦੁੱਬਰ ਹੋ ਜਾਣਾ ਸੀ... ਪਾਪਾ ਜੀ ਮੈਂ ਤੁਹਾਨੂੰ ਦੁਖੀ ਨਹੀਂ ਸੀ ਦੇਖ ਸਕਦਾ... ਐਸ ਲਈ ਮੈਂ ਆਪਣੇ 'ਤੇ ਅਵਾਰਾ ਗਰਦੀ ਦਾ ਕੇਸ ਪਵਾ ਲਿਆ... ਅੱਜ ਜ਼ਮਾਨਤ ਹੋਈ ਆ... ਪਾਪਾ ਜੀ ਮੈਂ ਠੀਕ ਕੀਤਾ ਨਾ...।'

'...ਸ਼ਿੰਦਿਆਂ... ਤੂੰ ਮੈਨੂੰ ਜਿਉਂਦਿਆਂ 'ਚ ਰੱਖ ਲਿਆ... ਪੁੱਤ ਇਹ ਬਦਨਾਮੀ ਸਾਡੇ ਲਈ ਕਾਲਖ ਦਾ ਟਿੱਕਾ ਨਹੀਂ ਜਿਓਣ ਦਾ ਆਸਰਾ... ਹੁਣ ਤਾਂ ਆਪਾਂ ਇਉਂ ਹੀ ਆਪਣੇ ਦਿਹਾੜੇ ਪੂਰੇ ਕਰਨੇ ਨੇ... ਮੈਂ ਤੈਨੂੰ ਉਹ ਕੁਸ਼ ਨਹੀਂ ਦੇ ਸਕਦਾ ਜੋ ਤੈਨੂੰ ਮਰਦ ਬਣਾ ਦੇਵੇ... ਪਰ ਦੁਨੀਆਂ ਤੈਨੂੰ ਮਰਦਾਂ ਵਾਂਗੂ ਈ ਪੂਜੂ। ਇਕ ਗੱਲ ਮੇਰੀ ਹੋਰ ਸੁਣ ਦੁਨੀਆਂ ਨੂੰ ਜੋ ਦਿਖਾਓ ਇਹ ਓਸੇ ਨੂੰ ਸੱਚ ਮੰਨ ਲੈਂਦੀ ਆ... ਜਿਸ ਦਿਨ ਇਹਨਾਂ ਨੂੰ ਪਤਾ ਲੱਗ ਗਿਆ ਤੂੰ ਖੁਸਰਾ, ਤਾਂ ਇਹ ਜਿਹੜੇ ਤੇਥੋਂ ਡਰਦੇ ਲੁਕਦੇ ਫਿਰਦੇ ਨੇ ਨਾਂ, ਇਹ ਤੈਨੂੰ ਤਾੜੀਆਂ ਮਾਰ ਮਾਰ ਕੇ ਮਾਰ ਦੇਣਗੇ... ਸ਼ਿੰਦਿਆਂ ਮੈਂ ਬਹੁਤ ਔਖੀ ਲੜਾਈ ਲੜੀ ਆ ਹੁਣ ਬਾਜ਼ੀ ਤੇਰੇ ਹੱਥ ਆ...।'

"ਹੈਂਅ ਹੈਂਅ ਅਰੇ ਬੰਧੂ ਬੁੱਢਾ ਤੋ ਬੁੱਢਾ ਯੇ ਮੁੰਡਾ ਬੀ ਬੜਾ ਚਾਲੂ ਨਿਕਲਾ... ਹਰ ਚਾਲ ਕੋ ਮਾਤ ਕਰ ਦੇਤੇ ਹੈਂਅ... ਬੀਸ ਸਾਲ ਹੋਣੇ ਕੋ ਆ ਗਏ... ਮੈਂ ਅਭੀ ਤੱਕ ਦੁਨੀਆਂ ਕੋ ਯੇ ਨਹੀਂ ਬਤਾ ਸਕਾ ਕਿ ਯੇ ਜੋ ਬੜਾ ਬਦਮਾਸ਼ ਬਣਾ ਫਿਰਤਾ ਹੈ ਯੇ ਖੁਸਰਾ ਹੈ... ਬਤਾਉਂ ਕੈਸੇ ਸਸੁਰੇ ਮੌਕੇ ਹੀ ਨਹੀਂ ਦੇਤੇ... ਪਰ ਮੈਂ ਬੀ ਵਕਤ ਹੂੰਅ... ਦੇਖਤਾ ਹੂੰ ਕਹਾਂ ਤੱਕ ਬਾਗਤੇ ਹੈਂ...।"

ਸਿਆਲਾਂ ਦੀ ਰਾਤ ਸੀ।

'ਕੀ ਗੱਲ ਪੁੱਤ... ਚੁੱਪ ਜਿਹਾ ਕਿਉਂ ਬੈਠਾਂ... ਰੋਟੀ ਵੀ ਨੀਂ ਖਾਧੀ।'

ਉਸ ਰਾਤ ਸ਼ਿੰਦਾ ਬਹੁਤ ਉਦਾਸ ਸੀ।

'ਪਾਪਾ ਜੀ... ਮੈਂ ਇਹ ਬਣਾਉਟੀ ਜ਼ਿੰਦਗੀ ਜੀਂਦਾ ਜੀਂਦਾ ਅੱਕ ਗਿਆਂ...।'

'ਪੁੱਤ ਜੀਣ ਦੀ ਮਜ਼ਬੂਰੀ ਆ... ਕੋਈ ਹੱਲ ਵੀ ਤਾਂ ਨਹੀਂ।'

'ਨਿੱਤ ਨਿੱਤ ਦੇ ਜੱਭ ਨਾਲੋਂ ਇਕੋ ਵਾਰੀ ਕੌੜਾ ਘੁੱਟ ਭਰ ਲੈਂਦੇ... ਕਿੰਨਾ ਕੁ ਚਿਰ ਝੂਠ ਦੇ ਪੱਜ ਜੀਵਾਂਗੇ... ਥਾਣੇਦਾਰਾਂ ਦੀ ਜੋਤੀ ਮੈਨੂੰ ਪਿਆਰ ਕਰਦੀ ਆ...

ਵਿਆਹ ਕਰਨ ਲਈ ਕਹਿੰਦੀ ਆ... ਦੱਸ ਮੈਂ ਉਹਨੂੰ ਕੀ ਜਵਾਬ ਦੇਵਾਂ... ਮੈਨੂੰ ਜੰਮਦੇ ਨੂੰ ਮਾਰ ਦਿੰਦਾ ਜਾਂ ਡੇਰੇ ਛੱਡ ਦਿੰਦਾ...।'

ਪਿਓ ਪੁੱਤ ਰਾਤ ਭਰ ਰੋਂਦੇ ਰਹੇ।

"ਹਾ ਹਾ ਹਾ ਹਾ... ਬੰਧੂ ਕਿਆ ਦੇਖ ਰਹੇ ਹੋ... ਅਬ ਆਇਆ ਨਾ ਊਂਟ ਪਹਾੜ ਕੇ ਨੀਚੇ... ਅਬ ਦੇਖਣਾ ਕੈਸੇ ਗਿੜ ਗਿੜਾ ਕੇ ਮੌਤ ਮਾਂਗਤਾ ਹੈ ਜੇ ਇੰਦਰ ਸੀਂਘ ਖੱਤਰੀ... ਅਰੇ ਬੰਧੂ ਵਕਤ ਹੂੰ ਮੈਂ ਵਕਤ... ਵਕਤ ਕੀ ਮਾਰ ਸੇ ਕੌਣ ਬਚ ਸਕਾ ਹੈ... ਹੈ ਨਾ...।"

ਲੋਕ ਮੁੜ ਸ਼ਿੰਦੇ ਦੀ ਮੌਤ ਬਾਰੇ ਗੱਲਾਂ ਕਰਨ ਲੱਗੇ। ਸ਼ਿੰਦੇ ਦੇ ਕੱਪੜਿਆਂ ਤੇ ਦੰਦਾਂ 'ਤੋਂ ਹੀ ਉਹਦੀ ਸ਼ਨਾਖਤ ਹੋਈ। ਜਦੋਂ ਇੰਦਰ ਨੂੰ ਲਾਸ਼ ਵਿਖਾਈ ਤਾਂ ਉਹ ਵਾਰ ਵਾਰ ਲੱਤਾਂ ਵਾਲੇ ਪਾਸਿਓ ਚਾਦਰ ਲਾਹ ਕੇ ਵੇਖਣ ਦੀ ਕੋਸ਼ਿਸ਼ ਕਰਦਾ। ਪਰ ਉਸਨੂੰ ਪਾਸਿਆਂ ਤੋਂ ਫੜੀਂ ਖੜੇ ਲੋਕ ਕਮਰਿਓ ਬਾਹਰ ਲੈ ਆਏ।

ਡਾਕਟਰ ਪੋਸਟ ਮਾਰਟਮ ਤੋਂ ਵਿਹਲਾ ਹੋ ਕੇ ਆਪਣੇ ਦਫ਼ਤਰ ਵੱਲ ਤੁਰ ਪਿਆ। ਜਦੋਂ ਉਹ ਟਾਹਲੀ ਕੋਲ ਖੜੇ ਇੰਦਰ ਕੋਲੋਂ ਲੰਘਣ ਲੱਗਿਆ ਤਾਂ ਇੰਦਰ ਹੱਥ ਜੋੜ ਕੇ ਬੋਲਿਆ, '...ਡਾਕਟਰ ਸਾਅਬ ਮੈਂ ਓਦਾ ਪਿਓ ਆਂ... ਸੱਚੀਂ ਦੱਸਿਓ... ਸ਼ਿੰਦੇ ਦਾ ਸਰੀਰ ਪੂਰਾ ਸੀ... ਧੜ ਤੇ ਮਾਸ ਸੀਗਾ...।'

'ਨਹੀਂ ਬਾਈ ਜੀ...' ਡਾਕਟਰ ਹੌਲੀ ਜਿਹੇ ਬੋਲਿਆ, 'ਕੁਝ ਮਾਸ ਤਾਂ ਮੱਛੀਆਂ ਨੇ ਖਾ ਲਿਆ ਕੁਝ ਗਲ ਸੜ ਗਿਆ... ਸਰੀਰ ਉਪਰ ਮਾਸ ਤਾਂ ਹੈ ਈ ਨਹੀਂ ਸੀ... ਬੱਸ ਹੱਡੀਆਂ ਈ ਸਨ ਉਹ ਵੀ ਪੂਰੀਆਂ ਨਹੀਂ... ਜਾਨਵਰ ਖਾ ਗਏ ਹੋਣਗੇ... ਜੋ ਰੱਬ ਨੂੰ ਮੰਨਜ਼ੂਰ... ਹੌਸਲਾ ਰੱਖੋ... ਮਹੀਨੇ ਕੁ ਤੱਕ ਪੋਸਟ ਮਾਰਟਮ ਦੀ ਰਿਪੋਰਟ ਆ ਜਾਊਗੀ... ਫਿਰ ਮੌਤ ਦੇ ਕਾਰਨ ਦਾ ਵੀ ਪਤਾ ਲੱਗ ਜੂ...' ਡਾਕਟਰ ਉਸਦੇ ਦੋਵੇਂ ਹੱਥ ਘੁੱਟ ਕੇ ਹਮਦਰਦੀ ਦਿੰਦਾ ਚਲਾ ਗਿਆ।

"ਅਭ ਹੋ ਗਿਆ... ਬੰਧੂ... ਮੇਰੇ ਬਰਸੋਂ ਦੀ ਜੱਦੋ-ਜਹਿਦ ਅਬ ਪੂਰੀ ਹੋ ਗਈ... ਬੜਾ ਸਖਤ ਹੱਡੀ ਕਾ ਨਿਕਲਾ ਸਸੁਰਾ... ਪਰ ਅਭ ਗਿਆ... ਅਭ ਨਹੀਂ ਬਚਤਾ... ਅਰੇ ਬੰਧੂ ਜੀਏਗਾ ਕਿਸਕੇ ਸਹਾਰੇ... ਸਭੀ ਤੋ ਮੈਨੇ... ਹਾ ਹਾ ਹਾ... ਵਕਤ ਹੂੰ ਨਾ... ਕਾਮ ਹੈ ਜੇ ਮੇਰਾ ਬੰਧੂ...।"

'ਸਰੀਰ ਉਪਰ ਮਾਸ ਤਾਂ ਹੈ ਈ ਨਹੀਂ ਸੀ... ਸਰੀਰ ਉਪਰ ਮਾਸ ਤਾਂ ਹੈ ਈ ਨਹੀਂ ਸੀ... ਸਰੀਰ ਉਪਰ ਮਾਸ ਤਾਂ ਹੈ ਈ ਨਹੀਂ ਸੀ...।' ਇੰਦਰ ਦੇ ਆਲੇ ਦੁਆਲੇ ਇਹ ਸ਼ਬਦ ਗੂੰਜਣ ਲੱਗੇ। ਉਸਨੇ ਇੱਕ ਲੰਬਾ ਸਾਹ ਖਿੱਚਿਆ। ਠੰਡੀ ਹਵਾ ਨਾਲ ਅੰਦਰ ਠਰ ਗਿਆ। ਅੱਖਾਂ ਅੱਗੋਂ ਧੁੰਦ ਛਿੱਦੀ ਹੋ ਗਈ।

ਇੰਦਰ ਨੇ ਪਿੱਛੇ ਮੁੜ ਕੇ ਵੇਖਿਆ। ਸਾਰਾ ਪਿੰਡ ਉਸ ਵੱਲ ਭਾਰੀ ਦੁੱਖ ਤੇ ਡਾਢੀ ਹਮਦਰਦੀ ਨਾਲ ਵੇਖ ਰਿਹਾ ਸੀ, ਉਸਦਾ 'ਗੱਭਰੂ ਪੁੱਤ' ਜੋ ਮਰ ਗਿਆ ਸੀ।

'ਸ਼ਿੰਦਿਆਂ... ਤੂੰ ਤਾਂ ਮਰਕੇ ਵੀ ਮੈਨੂੰ ਜੀਣ ਜੋਗਾ ਕਰ ਗਿਆ ਓਏ...।' ਇੰਦਰ ਅੰਦਰੋਂ ਆਵਾਜ਼ ਨਿਕਲੀ।

ਦੋ ਪਹਿਰਾਂ ਤੋਂ ਬੰਨ੍ਹ ਕੇ ਰੱਖਿਆ ਦੁੱਖ ਦਾ ਦਰਿਆ ਟੁੱਟ ਕੇ ਵਹਿ ਤੁਰਿਆ। ਚੀਕਾਂ, ਹੰਝੂ ਤੇ ਦੁਹੱਥੜ। ਉਹ ਟਾਹਲੀ ਦੇ ਮੁੱਢ ਨਾਲ ਸਿਰ ਮਾਰਨ ਲੱਗਿਆ।



ਦੂਰ ਖੜੇ ਬੰਦੇ ਉਸ ਨੂੰ ਸਾਂਭਣ ਲਈ ਭੱਜ ਤੁਰੇ।

"ਅਰੇ ਅਰੇ... ਯੇ ਕਿਆ... ਯੇ ਤੋ ਫਿਰ ਚੱਲ ਪੜਾ... ਜੀਣੇ ਦੀ ਬਾਤ ਕਰਤਾ ਹੈ ਤੋ ਮਰੇਗਾ ਕੌਣ... ਬੱਸ ਬੱਸ... ਯਹੀ ਹੈ ਮੇਰੀ ਮੁਸੀਬਤ ਇਸ ਆਦਮੀ ਨੇ ਤੋ ਮੁਝੇ ਹਰਾ ਕੇ ਰੱਖ ਦੀਆਂ... ਦੇਖੋ ਬੰਧੂ ਮੈਂ ਕੈਸਾ ਵਕਤ ਹੂੰ ਜੋ ਖੁਦ ਵਕਤ ਮੇਂ ਪੜਾ ਹੂੰ...।"

# ਨੂਰੀ

**✍ ਅਨੇਮਨ ਸਿੰਘ**

ਮੇਰਾ ਉਸ ਨਾਲ ਕੀ ਰਿਸ਼ਤਾ ਸੀ ?

ਮੈਨੂੰ ਅਜੇ ਤੱਕ ਇਹ ਸਮਝ ਵਿਚ ਨਹੀਂ ਆਇਆ। ਕਈ ਦਿਨਾਂ ਤੋਂ ਮੈਂ ਇਸੇ ਉਧੇੜ-ਬੁਣ ਵਿਚ ਲੱਗਾ ਹੋਇਆ ਹਾਂ। ਆਖ਼ਰ ਕੋਈ ਰਿਸ਼ਤਾ ਤਾਂ ਜ਼ਰੂਰ ਹੀ ਹੋਵੇਗਾ। ਉਸਨੇ ਮੇਰੇ ਨਾਲ ਵਿਹਾਰ ਹੀ ਇਹੋ ਜਿਹਾ ਕੀਤਾ ਸੀ ਕਿ ਮੈਂ ਇਸ ਰਿਸ਼ਤੇ ਬਾਰੇ ਸੋਚਣ ਲਈ ਮਜ਼ਬੂਰ ਹੋ ਗਿਆ ਹਾਂ। ਜੇ ਉਹ ਚਾਹੁੰਦੀ ਤਾਂ ਮੈਨੂੰ ਵੀ ਹੋਰਨਾਂ ਵਾਂਗ ਸਮਝ ਸਕਦੀ ਸੀ। ਮੇਰਾ ਉਸ ਨਾਲ ਉਸ ਵਕਤ ਰਿਸ਼ਤਾ ਹੀ ਕੀ ਸੀ ? ਪਰ ਉਸਦੇ ਮੇਰੇ ਪ੍ਰਤੀ ਅਜਿਹੇ ਵਿਹਾਰ ਬਾਰੇ ਸੋਚ-ਸੋਚ ਹੀ ਮੈਂ ਕਈ ਦਿਨਾਂ ਤੋਂ ਇਸੇ ਉਧੇੜ-ਬਣ 'ਚ ਲੱਗਾ ਹੋਇਆ ਹਾਂ ਕਿ ਸਾਡੇ ਵਿਚ ਕੋਈ ਰਿਸ਼ਤਾ ਤਾਂ ਜ਼ਰੂਰ ਹੋਵੇਗਾ। ਇਸ ਦਾ ਚਾਹੇ ਨਾਂ ਵੀ ਨਾ ਹੋਵੇ। ਤਦ ਮੈਨੂੰ ਇਸ ਤਰ੍ਹਾਂ ਜ਼ਿੰਦਗੀ ਬਖਸ਼ਿਸ ਕੀਤੀ। ਅੱਜ ਅਜਿਹਾ ਸੋਚ ਕੇ ਮੈਨੂੰ ਫ਼ਖਰ ਵੀ ਹੋ ਰਿਹਾ ਹੈ। ਅੱਜ ਮੈਂ ਜੋ ਕੁਝ ਵੀ ਹਾਂ, ਇਹ ਸਭ ਉਸੇ ਦੀ ਬਦੌਲਤ ਹੀ ਹੈ। ਨਹੀਂ ਮੇਰੇ ਕੋਲ ਕੁੱਝ ਵੀ ਨਹੀਂ ਹੋਣਾ ਸੀ। ਨਾ ਇਹ ਘਰ, ਨਾ ਇਹ ਨੌਕਰੀ। ਸਗੋਂ ਇਥੋਂ ਤੱਕ ਕਿ ਮੈਂ ਇਕ ਪਤੀ ਅਤੇ ਇਕ ਗੋਭਲੇ ਜਿਹੇ ਬੱਚੇ ਦਾ ਬਾਪ ਵੀ ਬਣ ਗਿਆ ਹਾਂ।

ਅੱਜ ਬਾਕੀ ਸਭ ਕੁਝ ਮੇਰੇ ਕੋਲ ਹੈ, ਸਿਰਫ਼ ਉਹ ਹੀ ਨਹੀਂ ਹੈ। ਕਿੰਨੇ ਸਾਲ ਹੋ ਗਏ ਹਨ। ਲਗਭਗ ਛੇ ਸਾਲ। ਸਮਾਂ ਵੀ ਕਿੰਨਾ ਤੇਜ਼ ਚਲਦਾ ਹੈ। ਸਭ ਕੁਝ ਬਦਲ ਗਿਆ ਹੈ। ਮੇਰਾ ਸਟਾਈਲ ਵੀ। ਅੱਜ ਮੈਂ ਜੋ ਵੀ ਕੁਝ ਵੀ ਹਾਂ, ਇਸ ਪਿੱਛੇ ਉਸਦਾ ਵੀ ਹੱਥ ਹੈ।

ਕਦੇ-ਕਦੇ ਜਦੋਂ ਇਕਾਂਤ 'ਚ ਹੁੰਦਾ ਹਾਂ ਤਾਂ ਦਿਮਾਗ ਹੋਰ ਹੀ ਤਰ੍ਹਾਂ ਦੇ ਖ਼ਿਆਲਾਂ ਵਿਚ ਉਲਝਣ ਲੱਗਦਾ ਹੈ। ਇਹ ਖਿਆਲ ਚੰਗੇ ਵੀ ਹੁੰਦੇ ਹਨ ਤੇ ਬੁਰੇ ਵੀ। ਪ੍ਰੇਸ਼ਾਨੀ 'ਚ ਸਭ ਕੁਝ ਅਜੀਬ ਲੱਗਣ ਲੱਗਦਾ ਹੈ। ਕਦੇ ਦਿਮਾਗ ਉਤੇ ਹਥੌੜਾ ਵੱਜਦਾ ਹੈ। ਮੈਨੂੰ ਲੱਗਦਾ ਹੈ, ਮੈਂ ਜਿਸ ਜ਼ਿੰਦਗੀ 'ਚ ਵਿਚਰ ਰਿਹਾਂ, ਉਹ ਤਾਂ ਅਸਲ 'ਚ ਮੇਰੀ ਹੈ ਹੀ ਨਹੀਂ। ਇਸ ਤਰ੍ਹਾਂ ਦੀ ਜ਼ਿੰਦਗੀ ਬਾਰੇ ਤਾਂ ਮੈਂ ਕਦੇ ਸੋਚਿਆ ਤੱਕ ਵੀ ਨਹੀਂ ਸੀ। ਅੱਜ ਮੇਰੇ ਕੋਲ ਸਭ ਕੁੱਝ ਹੈ। ਸਮਾਜ ਵਿਚ ਮੇਰੀ ਚੰਗੀ ਪਛਾਣ ਹੈ ਪਰ ਫਿਰ ਵੀ ਜਾਪਦਾ ਹੈ ਜਿਵੇਂ ਮੇਰੇ ਅੰਦਰ ਦਾ ਕੋਈ ਕੋਨਾ ਖਾਲੀ ਰਹਿ ਗਿਆ ਹੋਵੇ।

"ਐਂ ਕਰ, ਹੁਣ ਸਾਡੇ ਵੱਲ ਕਦੇ ਮੁੜ ਕੇ ਨਾ ਵੇਖੀਂ.......ਸਮਝਿਆ। ਜਾਹ, ਜ਼ਿੰਦਗੀ ਮਾਣ.....ਜਿਉਂਦਾ ਵੱਸਦਾ ਰਹਿ।" ਆਖਰੀ ਵਾਰ ਇਹੋ ਹੀ ਕਿਹਾ ਸੀ ਉਸਨੇ। ਮੇਰੇ ਤੋਂ ਉਸ ਦੀਆਂ ਅੱਖਾਂ ਵੱਲ ਵੇਖਿਆ ਨਾ ਗਿਆ। ਤੇ ਚੰਦ ਕੁ ਮਿੰਟਾਂ 'ਚ ਉਸਦੀ ਕਾਰ ਪਿੱਛੇ ਧੂੜ ਉਡਾਉਂਦੀ ਜਾ ਰਹੀ ਸੀ। ਤੇ ਮੈਂ ਗਲੀ ਦੇ ਮੋੜ ਤੀਕ ਵੇਖਦਾ ਰਹਿ ਗਿਆ ਸਾਂ। ਨਾ ਚਾਹੁੰਦਿਆਂ ਵੀ ਮੇਰੀਆਂ ਅੱਖਾਂ ਵਿਚ ਹੰਝੂ ਵਹਿ ਤੁਰੇ ਸਨ।

ਦੋ-ਤਿੰਨ ਦਿਨ ਮੈਂ ਬੇਚੈਨ ਰਿਹਾ ਸਾਂ। ਮੈਨੂੰ ਯਕੀਨ ਹੀ ਨਹੀਂ ਹੋ ਰਿਹਾ ਸੀ ਕਿ ਨੂਰੀ ਮੇਰੇ ਕੋਲੋਂ ਬਹੁਤ ਦੂਰ ਚਲੀ ਗਈ ਹੈ। ਅਸੀਂ ਕਿੰਨੇ ਸਾਲ ਇਕੱਠੇ ਰਹੇ ਸਾਂ। ਤੇ



ਇੰਨੇ ਚਿਰ ਦਾ ਰਿਸ਼ਤਾ ਕੀ ਕੁਝ ਪਲਾਂ 'ਚ ਹੀ ਮੁੱਕ ਜਾਂਦਾ ਹੈ ? ਨਹੀਂ, ਇਸ ਤਰ੍ਹਾਂ ਕਿਵੇਂ ਹੋ ਸਕਦਾ ਹੈ ? ਕਾਸ਼ ਇਸ ਤਰ੍ਹਾਂ ਹੋਵੇ ਕਿ ਮੈਂ ਮੁੜ ਉਸੇ ਦੁਨੀਆਂ 'ਚ ਚਲਾ ਜਾਵਾਂ।

ਪਰ ਨਹੀਂ, ਹੁਣ ਮੈਂ ਉਸ ਦੁਨੀਆਂ 'ਚ ਵਾਪਸ ਵੀ ਤਾਂ ਨਹੀਂ ਜਾ ਸਕਦਾ। ਹੁਣ ਬਹੁਤ ਕੁਝ ਬਦਲ ਗਿਆ ਹੈ। ਹੁਣ ਉਹ ਮੈਨੂੰ ਆਪਣੇ 'ਚ ਸ਼ਾਮਲ ਵੀ ਨਹੀਂ ਕਰਨਗੇ। ਜੇ ਉਹਨਾਂ ਇਸ ਤਰ੍ਹਾਂ ਕਰ ਵੀ ਲਿਆ ਤਾਂ ਕੀ ਪੰਮੀ ਮੇਰਾ ਜਾਣਾ ਬਰਦਾਸ਼ਤ ਕਰ ਲਵੇਗੀ ?

ਨਹੀਂ, ਇਸ ਤਰ੍ਹਾਂ ਕਦੇ ਵੀ ਨਹੀਂ ਹੋਵੇਗਾ। ਉਹ ਦੁਨੀਆਂ ਮੇਰਾ ਅਤੀਤ ਸੀ। ਤੇ ਅਤੀਤ ਕਦੇ ਭਵਿੱਖ ਨਹੀਂ ਬਣ ਸਕਦਾ। ਨੂਰੀ ਹੁਣ ਸਿਰਫ਼ ਮੇਰੀਆਂ ਯਾਦਾਂ ਵਿਚ ਹੀ ਰਹੇਗੀ। ਉਹ ਯਾਦਾਂ ਜੋ ਮਨ ਦੀ ਕਿਸੇ ਗੁਫ਼ਾ 'ਚ ਵੱਸ ਕੇ ਹਮੇਸ਼ਾਂ ਜਿਉਂਦੀਆਂ ਰਹਿੰਦੀਆਂ ਹਨ। ਬੱਸ, ਜਦੋਂ ਜੀਅ ਕੀਤਾ ਉਹਨਾਂ 'ਚ ਤੈਰ ਕੇ ਗੋਤੇ ਲਾ ਲਵੋ। ਬੀਤਿਆ ਸਮਾਂ ਮੁੜ ਕੇ ਨਹੀਂ ਆਉਂਦਾ ਪਰ ਇਹ ਤੁਹਾਨੂੰ ਜ਼ਿੰਦਗੀ ਜੀਉਣ ਲਈ ਹਰ ਪਲ ਸਹਾਈ ਰਹਿੰਦਾ ਹੈ।

ਤਦੇ ਹੀ ਤਾਂ ਮੈਨੂੰ ਅੱਜ ਤੱਕ ਪਤਾ ਹੀ ਨਾ ਲੱਗਾ ਕਿ ਛੇ ਸਾਲਾਂ ਦਾ ਵਕਤ ਕਿਵੇਂ ਦੁੜੰਗੇ ਮਾਰਦਾ ਲੰਘ ਚੁੱਕਾ ਹੈ। ਪੰਮੀ ਦੇ ਪਿਆਰ ਦੇ ਨਿੱਘ 'ਚ ਇਹ ਛੇ ਸਾਲ ਪਤਾ ਹੀ ਨਾ ਲੱਗਾ ਕਿਵੇਂ ਲੰਘ ਗਏ। ਵਿਆਹਿਕ ਜੀਵਨ ਨੇ ਮੈਨੂੰ ਸਿਰਫ਼ ਸਮਾਜੀ ਬੰਦਾ ਬਣਾ ਦਿੱਤਾ ਹੈ। ਕਬੀਲਦਾਰੀ ਦਾ ਇਹ ਚੱਕਰਵਿਊ, ਜ਼ਿੰਦਗੀ ਦੀ ਸਹਿਜ ਤੋਰ ਉਣਾ-ਨਿਵਾਣਾ ਪਾਰ ਕਰਦਾ ਆ ਰਿਹਾ ਹੈ।

ਪਰ ਇੰਨੇ ਸਮੇਂ 'ਚ ਮੁੜ ਕੇ ਕਦੇ ਨੂਰੀ ਮੇਰੀ ਜ਼ਿੰਦਗੀ 'ਚ ਨਾ ਆਈ। ਇਕ-ਦੋ ਵਾਰ ਮੈਂ ਉਸਨੂੰ ਮਿਲਣ ਦੀ ਕੋਸ਼ਿਸ਼ ਵੀ ਕੀਤੀ ਪਰ ਪਤਾ ਲੱਗਾ ਉਸਨੇ ਹੁਣ ਆਪਣਾ ਟਿਕਾਣਾ ਬਦਲ ਲਿਆ ਹੈ। ਉਹ ਕਿਸੇ ਵੱਡੇ ਸ਼ਹਿਰ 'ਚ ਜਾ ਕੇ ਰਹਿਣ ਲੱਗ ਪਈ ਹੈ। ਇਹ ਸੁਣ ਕੇ ਮਨ ਬਹੁਤ ਉਦਾਸ ਵੀ ਹੋਇਆ ਸੀ। ਮੈਂ ਚਾਹੁੰਦਾ ਸਾਂ ਕਿ ਉਹ ਇਕ ਵਾਰ ਮੈਨੂੰ ਜ਼ਰੂਰ ਮਿਲੇ। ਮੇਰੇ ਘਰ ਆਵੇ। ਚਾਹੇ ਮੇਰੇ ਪੁੱਤਰ ਦੇ ਜਨਮ ਦਿਨ 'ਤੇ ਹੀ ਕਿਉਂ ਨਾ ਆਵੇ। ਪਰ ਉਸ ਨਾਲ ਮੇਰਾ ਸੰਪਰਕ ਵੀ ਨਹੀਂ ਹੋ ਸਕਿਆ ਸੀ। ਮੇਰੇ ਪੱਲੇ ਨਿਰਾਸ਼ਾ ਹੀ ਪਈ ਸੀ।

ਪੰਮੀ ਨੇ ਮੈਨੂੰ ਬਹੁਤ ਵਾਰ ਹੌਂਸਲਾ ਦਿੱਤਾ ਸੀ। ਉਹ ਮੇਰੀ ਉਦਾਸੀ ਨਹੀਂ ਝੱਲ ਸਕਦੀ ਸੀ। "ਵੇਖੋ ਨੂਰੀ ਅੰਮਾ ਨੇ ਠੀਕ ਹੀ ਕੀਤਾ ਹੈ।.........ਹੁਣ ਤੁਹਾਡੀ ਜ਼ਿੰਦਗੀ ਹੋਰ ਅਤੇ ਉਨ੍ਹਾਂ ਦੀ ਹੋਰ ਹੈ.......ਜਿਵੇਂ ਨਦੀ ਦੇ ਦੋ ਕਿਨਾਰੇ।" ਪੰਮੀ ਅਕਸਰ ਮੇਰੇ ਬੁਝੇ ਚਿਹਰੇ ਨੂੰ ਦੇਖ ਢਾਰਸ ਦਿੰਦੀ ਸੀ।

ਪੰਮੀ ਵੀ ਉਸਨੂੰ ਹੋਰਾਂ ਵਾਂਗ ਨੂਰੀ ਅੰਮਾ ਹੀ ਆਖਦੀ ਸੀ। ਪਰ ਮੇਰੇ ਤੋਂ ਕਦੇ ਇੰਜ ਕਹਿ ਨਹੀਂ ਹੋਇਆ। ਸਾਡੇ ਘੇਰੇ ਦੇ ਸਭ ਲੋਕ ਉਸਨੂੰ ਨੂਰੀ ਘੱਟ, ਅੰਮਾ ਜ਼ਿਆਦਾ ਆਖਦੇ ਸਨ। ਮੈਂ ਇਹਨਾਂ ਨਾਵਾਂ ਦੇ ਚੱਕਰ 'ਚ ਕਦੇ ਵੀ ਨਹੀਂ ਪਿਆ। ਨੂਰੀ ਵੀ ਅਕਸਰ ਆਖਦੀ ਸੀ, "ਵੇਖ ਜੀਤ, ਤੂੰ ਮੈਨੂੰ ਕਦੇ ਅੰਮਾ ਨਾ ਕਹੀਂ ਸਮਝਿਆ। ਇਹ ਸ਼ਰਧਾ ਵਸ ਹੋਏ, ਮੈਨੂੰ ਅੰਮਾ ਆਖਦੇ ਨੇ........ਪਰ ਮੈਂ ਤੇਰੇ 'ਚ ਅਜਿਹਾ ਕੁਝ ਨਹੀਂ ਵੇਖਣਾ ਚਾਹੁੰਦੀ.........ਤੂੰ ਤਾਂ ਮੈਨੂੰ ਨੂਰੀ ਹੀ ਆਖਿਆ

ਕਰ.........ਮੈਨੂੰ ਨੂਰੀ ਅਖਵਾਉਣਾ ਚੰਗਾ ਲੱਗਦਾ ਹੈ।"

ਤੇ ਮੈਂ ਹਮੇਸ਼ਾ ਉਸਨੂੰ ਨੂਰੀ ਹੀ ਕਿਹਾ ਕਰਦਾ। ਸਾਡੇ ਗਰੁੱਪ ਦੇ ਬਾਕੀ ਲੋਕ ਮੇਰੇ ਨਾਲ ਇਸ ਗੱਲੋਂ ਵੀ ਔਖੇ ਹੁੰਦੇ। ਰਾਜੀ ਤਾਂ ਕਈ ਵਾਰ ਲੜਨ ਤੱਕ ਵੀ ਜਾਂਦਾ। ਪਰ ਮੇਰੇ ਮੂੰਹੋਂ ਤਾਂ ਜਿਵੇਂ ਇਹ ਨਾਂ ਪੱਕ ਹੀ ਗਿਆ ਹੋਵੇ।

"ਆਪਣੀ ਉਮਰ ਦਾ ਲਿਹਾਜ਼ ਤਾਂ ਰੱਖਿਆ ਕਰ ਸ਼ੁਦਾਈਆਂ।" ਚੰਦੋ ਆਖਦੀ ਤਾਂ ਕਾਲੋ ਤਾੜੀਆਂ ਮਾਰ ਗਾਉਣ ਹੀ ਲੱਗ ਪੈਂਦੀ- " ਦਿਲ ਹੋਣਾ ਚਾਹੀਦੈ ਜਵਾਨ......ਉਮਰਾਂ 'ਚ ਕੀ ਰੱਖਿਐ।" ਫਿਰ ਸਾਰੇ ਗਰੁੱਪ 'ਚ ਹਾਸੀ ਛਿੜ ਪੈਂਦੀ।

ਕਿੰਨੇ ਚੰਗੇ ਦਿਨ ਸਨ ਉਹ। ਸਾਰੀ ਜ਼ਿੰਦਗੀ ਇਹ ਦਿਨ ਭੁਲਾ ਨਹੀਂ ਹੋਣੇ। ਚਾਹੇ ਕਿਹੋ ਜਿਹੀ ਵੀ ਜ਼ਿੰਦਗੀ ਸੀ, ਬਹੁਤ ਵਧੀਆ ਸੀ। ਹੁਣ ਇੰਝ ਲੱਗਦਾ ਹੈ, ਜਿਵੇਂ ਸਾਰਾ ਕੁਝ ਝੂਠਾ ਹੀ ਹੋਵੇ। ਇਹ ਜੋ ਜ਼ਿੰਦਗੀ ਮੈਂ ਬਤੀਤ ਕਰ ਰਿਹਾ ਹਾਂ, ਇਸ ਵਿਚ ਉਹੋ ਜਿਹਾ ਤਾਂ ਕੁੱਝ ਵੀ ਨਹੀਂ। ਇਹ ਤਾਂ ਐਵੇਂ ਛਲਾਵਾ ਹੈ ਸਭ। ਬੱਸ ਫ਼ਰਜ਼ਾਂ ਦੁਆਲੇ ਘੁੰਮੀ ਜਾਵੇ। ਇਹ ਫ਼ਰਜ਼ ਕਦੇ ਖ਼ਤਮ ਨਹੀਂ ਹੋਣੇ। ਜ਼ਿੰਦਗੀ ਹੀ ਥੱਕ-ਹਾਰ ਮੁੱਕ ਜਾਂਦੀ ਹੈ ਇਕ ਦਿਨ।

ਉਧਰ ਗਿਆ ਮੈਂ ਆਪਣੇ ਪਰਿਵਾਰ ਲਈ ਸਾਂ। ਕਿੰਨਾਂ ਵੱਡਾ ਪਰਿਵਾਰ ਸੀ ਸਾਡਾ ਪੰਜ ਭਰਾ ਅਤੇ ਤਿੰਨ ਭੈਣਾਂ। ਮਾਂ-ਪਿਉ ਨੇ ਸਾਨੂੰ ਜੰਮਣ ਲੱਗਿਆਂ ਰਤਾ ਵੀ ਝਿਜਕ ਨਹੀਂ ਕੀਤੀ ਸੀ। ਪਿਉ ਕੋਲ ਜ਼ਮੀਨ ਵੀ ਨਾ-ਮਾਤਰ। ਵੱਡੇ ਦੋਵੇਂ ਭਰਾ ਇਸੇ ਜ਼ਮੀਨ ਦੀ ਭੇਂਟ ਚੜ੍ਹ ਛੜੇ ਰਹਿ ਗਏ। ਭੈਣਾਂ ਨੂੰ ਵੀ ਅੱਧਖੜ ਹੀ ਮਸਾਂ ਢੁੱਕੇ। ਇਕ ਭਰਾ ਇਸੇ ਹੋਣੀ ਦੇ ਚੱਲਦਿਆਂ ਕਿਸੇ ਦੀ ਕੁੜੀ ਕੱਢ ਕੇ ਯੂ.ਪੀ. ਵੱਲ ਚਲਾ ਗਿਆ। ਇਕ ਭਰਾ ਦਾ ਵਿਆਹ ਵੀ ਮੈਂ ਕਮਾ ਕੇ ਕੀਤਾ। ਮਕਾਨ ਪੱਕਾ ਬਣਵਾ ਤਾ। ਪਿੰਡ ਹੁਣ ਮੈਂ ਘੱਟ ਵੱਧ ਹੀ ਜਾਂਦਾ ਸਾਂ, ਉਹ ਵੀ ਬੁੱਢੇ ਮਾਂ-ਪਿਉ ਨੂੰ ਵੇਖਣ। ਕੁਝ ਪੈਸੇ ਦੇ ਕੇ ਮੁੜ ਆਉਂਦਾ ਸਾਂ। ਭਰਾ ਮੇਰੇ ਨਾਲ ਅੱਖ ਨਾ ਮਿਲਾਉਂਦਾ। ਭਰਜਾਈ ਪਿੰਡ ਦੀਆਂ ਹੋਰ ਤੀਵੀਂਆਂ ਵਾਂਗ ਮਿਹਣੇ ਦਿੰਦੀ। ਅਜਿਹੇ ਮਾਹੌਲ 'ਚ ਜਾ ਕੇ ਮੇਰਾ ਕਿੱਥੇ ਜੀਅ ਲੱਗਣਾ ਸੀ। ਮਾਂ-ਪਿਉ ਦੇ ਤੁਰ ਜਾਣ ਤੋਂ ਬਾਅਦ ਤਾਂ ਮੈਂ ਪੱਕਾ ਹੀ ਮਨ ਬਣਾ ਲਿਆ, ਹੁਣ ਮੁੜ ਕੇ ਇੱਧਰ ਕਦੇ ਨਹੀਂ ਆਉਣਾ।

ਪਰ ਵਾਪਸ ਇਹੋ ਜਿਹੀ ਜ਼ਿੰਦਗੀ 'ਚ ਮੈਨੂੰ ਆਉਣਾ ਹੀ ਪਿਆ। ਉਹ ਵੀ ਨੂਰੀ ਕਰਕੇ, ਉਸਦੀ ਹੀ ਜ਼ਿੱਦ ਸੀ।

"ਵੇਖ ਜੀਤੇ, ਸਾਡੇ ਤਾਂ ਰੱਬ ਨੇ ਕਰਮ ਹੀ ਅਜਿਹੇ ਬਣਾਏ ਹਨ.....ਪਰ ਤੂੰ ਕਿਉਂ ਆਪਣੇ ਕਰਮਾਂ ਨੂੰ ਨਰਕ 'ਚ ਠੇਲਦਾਂ ਏਂ।" ਨੂਰੀ ਦੇ ਬੋਲਾਂ ਨੇ ਮੈਨੂੰ ਲਾਚਾਰ ਕਰ ਦਿੱਤਾ ਸੀ ਉਦੋਂ।

ਮੈਨੂੰ ਅੱਜ ਵੀ ਯਾਦ ਹੈ, ਉਦੋਂ ਮੈਂ ਬੀਬੀ ਪਾਸ਼ੀ ਦੇ ਗਰੁੱਪ 'ਚ ਸਾਂ। ਸਾਡੇ ਗਰੁੱਪ 'ਚ ਅਸੀਂ ਦੋ ਹੀ ਬੰਦੇ ਸਾਂ। ਬਾਕੀ ਤਿੰਨ ਕੁੜੀਆਂ ਸਨ। ਬੀਬੀ ਪਾਸ਼ੀ ਸਾਡੇ ਗਰੁੱਪ ਦੀ ਸੰਚਾਲਕ ਸੀ। ਬਹੁਤ ਤਿੱਖੇ ਸੁਭਾਅ ਵਾਲੀ। ਮੇਰੇ ਤੇ ਰਾਜੀ ਨਾਲ ਵੀ ਉਹ ਬਹੁਤ ਸਾਂਝ ਨਹੀਂ ਰੱਖਦੀ ਸੀ। ਉਹ ਹਮੇਸ਼ਾ ਸਾਡੇ ਤੋਂ ਦੂਰ ਦੂਰ ਹੀ ਰਹਿੰਦੀ। ਉਹਦਾ ਚਿਹਰਾ ਕਰੂਪ ਜਿਹਾ ਸੀ। ਸਾਨੂੰ ਵੀ ਉਹ ਚੰਗੀ ਨਹੀਂ ਸੀ ਲੱਗਦੀ। ਬੱਸ ਮਜਬੂਰੀ 'ਚ ਹੀ ਰਹਿ ਰਹੇ ਸਾਂ ਅਸੀਂ। ਬੀਬੀ ਪਾਸ਼ੀ ਅਕਸਰ ਸਾਡੇ 'ਤੇ ਖਿੱਝੀ ਹੀ



ਰਹਿੰਦੀ। ਕਦੇ ਔਖੀ ਹੋ ਆਖ ਵੀ ਦਿੰਦੀ, "ਸਾਡੇ 'ਚ ਰਹਿਣਾ ਤਾਂ ਪੱਕਾ ਹੀ ਸਾਡੇ ਨਾਲ ਜੁੜਨਾ ਪਊ....ਸਾਡੇ ਵਾਂਗ ਬਣ ਕੇ।"

ਰਾਜੀ ਵੀ ਪਹਿਲਾਂ ਮੇਰੇ ਵਾਂਗ ਸਬੂਤਾ ਸੀ। ਪਰ ਸਾਲਾਨਾ ਮੇਲੇ ਦਾ ਦਿਨ ਨੇੜੇ ਆ ਰਿਹਾ ਸੀ। ਸਾਰੇ ਗਰੁੱਪ ਇਕੱਠੇ ਹੋ ਰਹੇ ਸਨ। ਬੀਬੀ ਪਾਸ਼ੀ ਨੇ ਵੀ ਸਪੱਸ਼ਟ ਆਖ ਦਿੱਤਾ ਸੀ ਕਿ ਐਤਕੀ ਮੇਲੇ 'ਤੇ ਜਾਣ ਤੋਂ ਪਹਿਲਾਂ ਰਾਜੀ ਨੂੰ ਬਲੀ ਦੇਣੀ ਹੀ ਪਊ। ਦਰਅਸਲ ਬੀਬੀ ਪਾਸ਼ੀ ਨੂੰ ਇਹ ਡਰ ਰਹਿੰਦਾ ਸੀ ਕਿ ਕਿਤੇ ਸਾਨੂੰ ਇਹ ਛੱਡ ਕੇ ਨਾ ਚਲੇ ਜਾਣ।

ਇਹ ਬਲੀ ਦੇਣ ਦੀ ਪਰੰਪਰਾ ਵੀ ਥੋੜ੍ਹਾ ਚਿਰ ਪਹਿਲਾਂ ਹੀ ਸ਼ੁਰੂ ਹੋਈ ਸੀ। ਇਸ ਵਿਚ ਕਿਸੇ ਦਾ ਇਕ ਮੱਤ ਨਹੀਂ ਸੀ। ਜ਼ਿਆਦਾ ਗਰੁੱਪ ਇਸ ਬਲੀ ਦੇ ਉਲਟ ਸਨ। ਕਿਉਂਕਿ ਇਸ ਗੱਲ ਦੀ ਬਾਹਰ ਭਿਣਕ ਲੱਗ ਜਾਣ 'ਤੇ ਸਭ ਦੀ ਬਦਨਾਮੀ ਜ਼ਿਆਦਾ ਸੀ। ਪਰ ਬੀਬੀ ਪਾਸ਼ੀ ਵਰਗੀਆਂ ਕਈ ਅੱਖੜ ਵੀ ਸਨ। ਜਿਨ੍ਹਾਂ ਉਤੇ ਇਸ ਗੱਲ ਦਾ ਭੋਰਾ ਵੀ ਡਰ ਨਹੀਂ ਸੀ। ਨਾ ਹੀ ਇਨ੍ਹਾਂ ਅੰਦਰ ਕੋਈ ਤਰਸ ਦੀ ਭਾਵਨਾ ਸੀ।

ਰਾਜੀ ਨੇ ਵੀ ਬੀਬੀ ਪਾਸ਼ੀ ਦੀ ਗੱਲ 'ਚ ਹਾਂ ਮਿਲਾ ਦਿੱਤੀ ਸੀ। ਉਹ ਕਹਿੰਦਾ, "ਬੀਬੀ ਮੈਂ ਹੋਰ ਕਿੱਥੇ ਜਾਣਾ ਏ....ਮੇਰਾ ਹੋਰ ਹੈ ਵੀ ਕੌਣ.......ਮੇਰੇ ਲਈ ਤਾਂ ਤੁਸੀਂ ਹੀ ਚੰਗੇ ਹੋ.........ਜੋ ਤੁਸੀਂ ਆਖੋਂਗੇ ਸਿਰ ਮੱਥੇ।"

"ਚੰਗਾ ਫਿਰ ਐਤਕੀਂ ਸ਼ਨੀਵਾਰ ਨੂੰ ਤਿਆਰ ਰਹੀਂ........ਕਾਲੀ ਮਾਤਾ ਦਾ ਦਿਨ ਐ.......ਬਹੁਤ ਵਧੀਆ।" ਬੀਬੀ ਪਾਸ਼ੀ ਇਹ ਆਖ ਆਪਣੇ ਕਮਰੇ ਵਿਚ ਚਲੀ ਗਈ ਸੀ।

ਬੀਬੀ ਪਾਸ਼ੀ ਦਾ ਰਹਿਣ-ਸਹਿਣ ਵੀ ਅਦਭੁੱਤ ਸੀ। ਉਸਦੇ ਕਮਰੇ 'ਚ ਕੋਈ ਜਾਣਾ ਉਸਦੀ ਆਗਿਆ ਤੋਂ ਬਿਨ੍ਹਾਂ ਨਹੀਂ ਜਾ ਸਕਦਾ ਸੀ। ਸ਼ਨੀਵਾਰ ਨੂੰ ਉਹ ਕਦੇ ਬਾਹਰ ਨਹੀਂ ਜਾਂਦੀ ਸੀ। ਸਾਰਾ ਦਿਨ ਕਮਰੇ 'ਚ ਹੀ ਰਹਿੰਦੀ। ਇਸ ਦਿਨ ਉਸਨੇ ਵਰਤ ਰੱਖਿਆ ਹੁੰਦਾ। ਉਹ ਸਾਰਾ ਦਿਨ ਕੁਝ ਨਾ ਖਾਂਦੀ-ਪੀਂਦੀ। ਸੂਰਜ ਛਿਪਣ ਤੋਂ ਬਾਅਦ ਉਸਦਾ ਵਰਤ ਖੁੱਲ੍ਹਦਾ। ਉਸ ਰਾਤ ਸਭ ਨੂੰ ਸ਼ਰਾਬ ਵਰਤਾਈ ਜਾਂਦੀ। ਸਭ ਲੋਟ ਪੋਟ ਹੋ ਜਾਂਦੇ। ਇਸ ਦਿਨ ਸ਼ਰਾਬ ਤੋਂ ਕੋਈ ਨਾਂਹ ਨਹੀਂ ਕਰ ਸਕਦਾ ਸੀ। ਸ਼ਰਾਬ ਚੜ੍ਹਦਿਆਂ ਹੀ ਕੋਈ ਰੋਣ ਲੱਗ ਜਾਂਦਾ, ਤੇ ਕੋਈ ਹੱਸਣ, ਕੋਈ ਬਿਲਕੁੱਲ ਹੀ ਬੁੱਤ ਬਣ ਜਾਂਦਾ।

ਪਰ ਇਸ ਵਾਰ ਲੱਗਦਾ ਸੀ ਬੀਬੀ ਪਾਸ਼ੀ ਨੇ ਵਰਤ ਨਹੀਂ ਰੱਖਣਾ। ਕਿਉਂ ਜੋ ਇਸ ਵਾਰ ਉਸਨੇ ਰਾਜੀ ਦੀ ਬਲੀ ਦੇਣ ਦਾ ਪੱਕਾ ਹੀ ਧਾਰ ਲਿਆ ਹੋਇਆ ਸੀ। ਬੀਬੀ ਪਾਸ਼ੀ ਆਪਣੀ ਹਿੰਡ ਦੀ ਪੱਕੀ ਸੀ। ਅਸੀਂ ਸੁਣਿਆ ਸੀ ਉਸਨੇ ਪਹਿਲਾਂ ਵੀ ਇਕ-ਦੋ ਜਣਿਆਂ ਦੀ ਬਲੀ ਲਈ ਸੀ। ਇਸ ਦਾ ਅੰਦਰਖਾਤੇ ਵਿਰੋਧ ਵੀ ਹੋਇਆ ਸੀ ਪਰ ਬੀਬੀ ਪਾਸ਼ੀ ਵੀ ਕਾਫ਼ੀ ਤੇਜ਼ ਤਰਾਰ ਸੀ। ਇਹਨੇ ਸਾਫ਼ ਆਖ ਦਿੱਤਾ ਸੀ, "ਮੈਂ ਕਦੇ ਕਿਸੇ ਨੂੰ ਜ਼ਬਰਦਸਤੀ ਨਾਲ ਨਹੀਂ ਕਹਿੰਦੀ.......ਇਹ ਆਪ ਹੀ ਤਿਆਰ ਹੁੰਦੇ ਹਨ। ਇਸ ਤਰ੍ਹਾਂ ਕਰਾਉਣ ਲਈ..........ਫਿਰ ਸਾਨੂੰ ਕੀ ਹਰਜ਼ ਐ........ਸਾਡੇ ਲਈ ਤਾਂ ਸਗੋਂ ਇਹ ਸ਼ੁੱਭ ਹੈ। ਜਦੋਂ ਸਾਡੇ 'ਚ ਰਹਿੰਦੇ ਨੇ, ਖਾਂਦੇ-ਪੀਂਦੇ

ਨੇ.........ਕਮਾਉਂਦੇ ਨੇ........ਫਿਰ ਸਾਡੇ 'ਚ ਸ਼ਾਮਲ ਹੋ ਜਾਣਾ ਕਿੱਥੋਂ ਦਾ ਪਾਪ ਹੋਇਆ।"

ਰਾਜੀ ਦੀ ਜਿਸ ਦਿਨ ਬਲੀ ਹੋਣੀ ਸੀ, ਉਸ ਦਿਨ ਅੰਦਰੋਂ ਕਾਫ਼ੀ ਉਹ ਟੁੱਟਾ ਜਿਹਾ ਲੱਗ ਰਿਹਾ ਸੀ। ਮੈਂ ਉਸਨੂੰ ਕਿਹਾ ਸੀ, "ਵੇਖ ਰਾਜੀ, ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ-ਜੇ ਤੈਨੂੰ ਚੰਗਾ ਨਹੀਂ ਲੱਗਦਾ....ਦੌੜ ਜਾਂ ਇਥੋਂ। ਮੈਂ ਆਪੇ ਸੰਭਾਲ ਲੂੰ ਬਾਅਦ 'ਚ ਸਭ ਨੂੰ।"

ਕਾਲੋ ਅਤੇ ਚੰਦੋ ਵੀ ਉਦਾਸ ਸਨ, "ਵੇ ਅੜਿਆ.....ਤੇਰੇ ਨਾਲ ਇਕੋ ਸਾਂਝ ਬਣਾਈ ਸੀ, ਜਿਸ ਨਾਲ ਇਹ ਰੇਤਲੇ ਜਿਸਮ ਵੀ ਅੰਗਿਆਰ ਬਣ ਮੱਘ ਉਠਦੇ.....ਹੁਣ ਸਾਡਾ ਕੀ ਬਣੂੰ ? ਸਾਡੇ ਮੰਜਿਆਂ ਦਾ ਤਾਂ ਨਿੱਘ ਹੀ ਖੋਹ ਲੈਣਾ ਏ ਇਸ ਕੁਲੈਹਣੀ ਪਾਸ਼ੀ ਨੇ। ਅਸੀਂ ਤਾਂ ਕਹਿਨੇ ਆਂ ਦੌੜ ਜਾ ਚੰਦਰਿਆ ਇਥੋਂ.........ਅਸੀਂ ਆਪੇ ਮਿਲ ਜਾਇਆ ਕਰਾਂਗੇ ਤੈਨੂੰ।"

ਪਰ ਉਹ ਨਹੀਂ ਮੰਨਿਆ ਸੀ। ਉਂਝ ਜੇ ਉਹ ਦੌੜ ਵੀ ਜਾਂਦਾ ਤਾਂ ਕਿੱਥੇ ਜਾਂਦਾ ? ਅੱਗਾ-ਪਿੱਛਾ ਉਹਦਾ ਕੋਈ ਨਹੀਂ ਸੀ। ਅਨਾਥਾਂ ਵਾਂਗ ਤੁਰਿਆ ਫਿਰਦਾ ਉਹ ਬੀਬੀ ਪਾਸ਼ੀ ਦੇ ਸ਼ਰਨ 'ਚ ਆਇਆ ਸੀ, ਤੇ ਜਿਸ ਨੇ ਇਹਦੇ ਹੱਥਾਂ 'ਚ ਛੈਣਿਆਂ ਦੀ ਛਣਕਾਰ ਬਖਸ਼ੀ ਸੀ, ਇਹੋ ਛਣਕਾਰ ਜਿਸ ਉਤੇ ਬੀਬੀ ਪਾਸ਼ੀ, ਚੰਦੋ ਅਤੇ ਕਾਲੋ ਦੇ ਪੈਰ ਨੱਚਦਿਆਂ ਧਰਤੀ 'ਤੇ ਨਹੀਂ ਲੱਗਦੇ ਸਨ। ਉਹੋ ਬੀਬੀ ਪਾਸ਼ੀ ਹੁਣ ਉਸਨੂੰ ਪੱਕੇ ਤੌਰ 'ਤੇ ਮਾਤਾ ਸਾਹਮਣੇ ਆਪਣੇ ਪਰਿਵਾਰ 'ਚ ਸ਼ਾਮਲ ਕਰ ਰਹੀ ਸੀ।

ਤੇ ਸ਼ਾਮ ਦੇ ਘੁੱਸਮੁਸੇ 'ਚ ਜਦੋਂ ਰਾਜੀ ਦੀ ਬਲੀ ਦਿੱਤੀ ਜਾ ਰਹੀ ਸੀ, ਉਹ ਬਿਲਕੁੱਲ ਸ਼ਾਂਤ ਮੰਜੇ 'ਤੇ ਲੇਟਿਆ ਰਿਹਾ। ਬੀਬੀ ਪਾਸ਼ੀ ਅਤੇ ਕਾਲੋ ਦੋਵੇਂ ਕਮਰੇ ਦੇ ਅੰਦਰ ਸਨ। ਮੈਂ ਅਤੇ ਚੰਦੋ ਬਾਹਰ ਬੈਠੇ ਗ਼ਹਿਰੀ ਚਿੰਤਾ 'ਚ ਸਾਂ। ਪਲਾਂ ਵਿਚ ਹੀ ਇਕ ਚੀਕ ਨੇ ਸਾਰਾ ਕਮਰਾ ਗੂੰਜਣ ਲਾ ਦਿੱਤਾ।

"ਬੱਸ...ਬੱਸ। ਹੋ ਗਈ ਮਾਂ ਖੁਸ਼।" ਬੀਬੀ ਪਾਸ਼ੀ ਇੱਕ ਵੱਖਰੀ ਖੁਸ਼ੀ 'ਚ ਇਕ ਥਾਲ ਲੈ ਬਾਹਰ ਹੱਸਦੀ ਹੋਈ ਨਿਕਲੀ ਸੀ। ਮੈਂ ਵੇਖਿਆ ਸਾਰਾ ਥਾਲ ਲਹੂ ਨਾਲ ਭਰਿਆ ਪਿਆ ਸੀ ਤੇ ਵਿਚਕਾਰ ਰਾਜੀ ਦਾ ਲਿੰਗ ਕਿਸੇ ਭਰੂਣ ਵਾਂਗ ਨਿਰਜੀਵ ਪਿਆ ਸੀ। ਬੀਬੀ ਪਾਸ਼ੀ ਖੁਸ਼ੀ 'ਚ ਖੀਵੀ ਹੋਈ ਲੱਡੂਆਂ ਦਾ ਭੋਗ ਵੰਡ ਰਹੀ ਸੀ।

ਤੇ ਕੁਝ ਘੰਟਿਆਂ ਬਾਅਦ ਰਾਜ਼ੀ ਮੇਰੇ ਕਮਰੇ 'ਚ ਨਾਲ ਦੇ ਮੰਜੇ 'ਤੇ ਮਰੀਜ਼ ਬਣਿਆ ਪਿਆ ਸੀ। ਮੇਰੇ ਤੋਂ ਉਸਦਾ ਅਜਿਹਾ ਜਿਸਮ ਵੇਖਿਆ ਨਹੀਂ ਸੀ ਜਾ ਰਿਹਾ। ਸਾਰੀ ਰਾਤ ਮੈਨੂੰ ਨੀਂਦ ਨਹੀਂ ਆਈ। ਮਨ 'ਚ ਕਈ ਸਵਾਲ ਤੈਰਨ ਲੱਗੇ ਸਨ। ਰਾਜੀ ਦੀ ਅਜਿਹੀ ਹੋਣੀ ਨੇ ਮੈਨੂੰ ਧੁਰ ਅੰਦਰੋਂ ਕੰਬਾ ਕੇ ਰੱਖ ਦਿੱਤਾ ਸੀ। ਪਰ ਕੁਝ ਦਿਨਾਂ 'ਚ ਹੀ ਉਹ ਇਸ ਸਦਮੇ ਤੋਂ ਬਾਹਰ ਨਿਕਲ ਆਇਆ ਸੀ। ਬੀਬੀ ਪਾਸ਼ੀ ਵੀ ਉਸ ਨਾਲ ਅੱਗੇ ਤੋਂ ਜ਼ਿਆਦਾ ਪਿਆਰ ਕਰਨ ਲੱਗੀ ਸੀ। ਜਦੋਂ ਕਦੇ ਅਸੀਂ ਇਕੱਲੇ ਹੁੰਦੇ, ਉਹ ਸ਼ਰਾਬ ਪੀਤੀ 'ਚ ਰੋਣ ਲੱਗ ਪੈਂਦਾ, "ਜੀਤੇ ਮੈਨੂੰ ਲੱਗਦੈ, ਮੈਂ ਆਪਣੇ ਆਪ ਨਾਲ ਧੋਖਾ ਕੀਤੈ, ਕੁਦਰਤੀ ਦਾਤ ਨੂੰ ਨਸ਼ਟ ਕੀਤਾ ਹੈ।"



ਅਜਿਹੇ ਸਮੇਂ 'ਚ ਮੇਰਾ ਦਿਲ ਵੀ ਪੰਘਰ ਜਾਂਦਾ। ਅਸੀਂ ਉਸ ਰਾਤ ਖ਼ੂਬ ਰੋਏ। ਬੀਬੀ ਪਾਸ਼ੀ ਇਸ ਵਾਰ ਮੇਲੇ ਨਹੀਂ ਜਾ ਸਕੀ। ਬੀੜੀਆਂ ਤੇ ਸ਼ਰਾਬ ਨਾਲ ਤਪਦਿਕ ਦੀ ਬਿਮਾਰੀ ਹੋ ਗਈ। ਮਹੀਨੇ ਭਰ 'ਚ ਹੀ ਉਹ ਸੁੱਕ ਕੇ ਤੀਲਾ ਹੋ ਗਈ ਸੀ। ਡਾਕਟਰੀ ਇਲਾਜ਼ ਵੱਲ ਉਸ ਮੂੰਹ ਹੀ ਨਾ ਕਰਿਆ। ਆਪਣੇ ਹੀ ਓਹੜ-ਪੋਹੜ ਕਰਦੀ ਰਹੀ। ਉਸ ਦੇ ਬਿਮਾਰ ਪੈਣ 'ਤੇ ਸਾਡਾ ਕੰਮ ਚੰਦੋ ਨੇ ਸਾਂਭ ਲਿਆ ਸੀ। ਇਕ ਦਿਨ ਜ਼ੋਰ ਦੀ ਛਿੜੀ ਖੰਘ ਨਾਲ ਉਸਨੂੰ ਖ਼ੂਨ ਦੀਆਂ ਇੰਨੀਆਂ ਉਲਟੀਆਂ ਆਈਆਂ ਕਿ ਵਿਹੜੇ 'ਚ ਬੀਬੀ ਪਾਸ਼ੀ ਢਹਿ ਢੇਰੀ ਹੋ ਗਈ। ਬੀਬੀ ਪਾਸ਼ੀ ਦੇ ਮਰਨ ਦੀ ਖ਼ਬਰ ਸਾਰੇ ਫ਼ਿਰਕੇ 'ਚ ਦੂਰ ਦੂਰ ਫੈਲ ਗਈ। ਉਸਦੇ ਮਰਨ ਦੀ ਦੇਰ ਸੀ ਕਿ ਚੰਦੋ, ਕਾਲੋ ਅਤੇ ਰਾਜੀ ਮੰਜੇ ਤੋਂ ਹੇਠਾਂ ਲਾਹ ਉਸਨੂੰ ਛਿੱਤਰ ਮਾਰਨ ਲੱਗ ਪਏ। ਰਾਜੀ ਤਾਂ ਜਿਵੇਂ ਪਾਗਲ ਹੀ ਬਣ ਗਿਆ ਸੀ। ਉਹ ਛਿੱਤਰ ਮਾਰਦਾ ਉਚੀ ਚੀਕਣ ਲੱਗ ਜਾਂਦਾ। ਫਿਰ ਉਸਨੇ ਬੀਬੀ ਪਾਸ਼ੀ ਦੇ ਕਮਰੇ 'ਚੋਂ ਦਾਰੂ ਦੀ ਬੋਤਲ ਚੁੱਕੀ, ਪੀਤੀ ਤੇ ਬੀਬੀ ਪਾਸ਼ੀ ਦੇ ਕੋਲ ਬੈਠ ਲਲਕਾਰੇ ਪਾਉਣ ਲੱਗ ਪਿਆ।

"ਕੁੱਤੀ, ਕੰਜਰੀ, ਖੁਸ਼ੀ....ਭੈਣ ਚੋ......। ਕਾਲੀ ਮਾਂ ਤਾਂ ਅੱਜ ਖੁਸ਼ ਹੋਈ ਐ.........ਪਾਸ਼ੀਏ।"

ਕਾਲੋ ਤੇ ਚੰਦੋ ਉਸਨੂੰ ਫੜ੍ਹ ਕੇ ਕਮਰੇ 'ਚ ਲੈ ਗਈਆਂ ਸਨ।

ਅਗਲੇ ਦਿਨ ਤੱਕ ਡੇਰੇ 'ਚ ਸੈਂਕੜੇ ਲੋਕਾਂ ਦੀ ਭੀੜ ਜੁੱਟ ਗਈ ਸੀ। ਕੋਈ ਉਚੀ-ਉਚੀ ਰੋ ਰਿਹਾ ਸੀ। ਕੋਈ ਉਚੀ ਉਚੀ ਹੱਸ ਰਿਹਾ ਸੀ। ਕੋਈ ਦਾਰੂ ਪੀ ਕੇ ਭੰਗੜੇ ਪਾ ਰਿਹਾ ਸੀ ਤੇ ਕੋਈ ਬੀਬੀ ਪਾਸ਼ੀ ਦੇ ਦੇਹ 'ਤੇ ਠੁੱਡੇ ਮਾਰ ਰਿਹਾ ਸੀ। ਇਸੇ ਹੀ ਭੀੜ 'ਚ ਮੈਂ ਪਹਿਲੇ ਵਾਰ ਨੂਰੀ ਨੂੰ ਵੇਖਿਆ ਸੀ। ਵੇਖਿਆ ਕੀ, ਵੇਖਦਾ ਹੀ ਰਹਿ ਗਿਆ ਸਾਂ। ਕਿੰਨੀ ਸੋਹਣੀ-ਸੁਨੱਖੀ, ਲੰਮੀ ਪਤਲੀ ਛਮਕ। ਇੰਨੀ ਸੁੰਦਰਤਾ, ਜਿਵੇਂ ਰੱਬ ਨੇ ਸਾਰਾ ਹੁਸਨ ਉਸੇ 'ਤੇ ਕੁਰਬਾਨ ਕਰ ਦਿੱਤਾ ਹੋਵੇ। ਸਾਰੇ ਕੁਨਬੇ ਦੀਆਂ ਔਰਤਾਂ-ਕੁੜੀਆਂ ਤੋਂ ਉਹ ਅਲੱਗ ਦਿੱਸ ਰਹੀ ਸੀ। ਉਹ ਬੀਬੀ ਪਾਸ਼ੀ ਦੀ ਲਾਸ਼ ਦੁਆਲੇ ਹੋ ਨੱਚਣ ਲੱਗ ਪਈ। ਮੇਰੇ ਤੋਂ ਵੀ ਰਿਹਾ ਨਾ ਗਿਆ। ਮੈਂ ਢੋਲਕੀ ਚੁੱਕ ਉਸ ਕੋਲ ਆ ਥਾਪ ਖੜਕਾ ਦਿੱਤੀ। ਉਸਨੇ ਗਾਉਣਾ ਸ਼ੁਰੂ ਕਰ ਦਿੱਤਾ-

ਸਾਡੇ ਕੁਨਬੇ 'ਚ ਹੋਈ ਏ ਮੌਤ,
ਅਸੀਂ ਖੁਸ਼ੀ ਮਨਾਈਏ ਕਿ ਸੋਗ,
ਰੱਬਾ ਸਾਨੂੰ ਮੁੜ ਜੂਨੀ ਨਾ ਪਾਵੀਂ.....ਉਏ ਰੱਬਾ ਸਾਨੂੰ...........।

ਨੂਰੀ ਦੇ ਮਗਰ-ਮਗਰ ਸਭ ਗਾਣ ਲੱਗ ਪਏ ਸਨ। ਉਸਦੇ ਗੀਤ ਸਾਰੀ ਫ਼ਿਜਾ 'ਚ ਉਦਾਸੀ ਘੋਲ ਦਿੱਤੀ ਸੀ। ਫ਼ਿਰ ਬੀਬੀ ਪਾਸ਼ੀ ਦੀ ਦੇਹ ਨੂੰ ਇਹੋ ਗੀਤ ਗਾਉਂਦੇ ਸਿਵਿਆਂ ਤੱਕ ਲੈ ਜਾਇਆ ਗਿਆ। ਸਭ ਤੋਂ ਵੱਡੀ ਉਮਰ ਦੀ ਮਹੰਤ ਨੇ ਬੀਬੀ ਦੀ ਚਿਖਾ ਨੂੰ ਅਗਨੀ ਭੇਂਟ ਕੀਤੀ ਤੇ ਉਸ ਦੇ ਸਿਵੇ ਦੁਆਲੇ ਛਿੱਤਰ ਮਾਰੇ। ਵੇਖਦੇ-ਵੇਖਦੇ ਹੀ ਬੀਬੀ ਪਾਸ਼ੀ ਨੂੰ ਅੱਗ ਦੀਆਂ ਲਪਟਾਂ ਨੇ ਘੇਰ ਲਿਆ। ਸਭ ਭੰਗੜੇ ਪਾਉਣ ਲੱਗੇ। ਛਿੱਤਰ ਮਾਰਨ ਲੱਗੇ ਅਤੇ ਉਚੀ ਉਚੀ ਬੋਲਣ ਲੱਗੇ। ਮੁੜ ਕੇ ਇਸ ਜੂਨੀ 'ਚ ਨਾ ਪਾਵੀਂ ਰੱਬਾ।

ਸੰਸਕਾਰ ਤੋਂ ਮਗਰੋਂ ਦੋ-ਤਿੰਨ ਦਿਨ ਮੇਲੇ ਵਰਗਾ ਮਾਹੌਲ ਬਣਿਆ ਰਿਹਾ। ਸਾਰਾ ਖਰਚਾ ਸਭ ਨੇ ਰਲ ਮਿਲਕੇ ਕੀਤਾ। ਸਭ ਨੇ ਇਕੱਠਿਆਂ ਵਿਚਾਰ ਕੀਤਾ। ਸਭ ਤੋਂ ਵੱਡੀ ਮਹੰਤ ਨੇ ਬੀਬੀ ਪਾਸ਼ੀ ਦੀ ਥਾਂ 'ਤੇ ਨੂਰੀ ਨੂੰ ਮਹੰਤ ਥਾਪ ਦਿੱਤਾ। ਕਿਸੇ ਨੇ ਵੀ ਬੁਰਾ ਨਹੀਂ ਮਨਾਇਆ। ਚੰਦੋ, ਕਾਲੋ, ਰਾਜੀ, ਮੈਂ ਤੇ ਨੂਰੀ ਸਾਡਾ ਪੰਜ ਜਣਿਆ ਦਾਂ ਗਰੁੱਪ ਬਣ ਗਿਆ ਸੀ।

ਦੋ-ਤਿੰਨ ਦਿਨਾਂ 'ਚ ਹੀ ਨੂਰੀ ਸਾਡੇ ਨਾਲ ਰੱਚ-ਮਿੱਚ ਗਈ ਸੀ। ਉਸਦਾ ਵਤੀਰਾ ਹਰ ਇਕ ਨਾਲ ਬਹੁਤ ਮਿਲਵਰਤਨ ਵਾਲਾ ਸੀ। ਬਾਕੀ ਸਾਰੇ ਉਸਨੂੰ ਨੂਰੀ ਅੰਮਾਂ ਆਖਣ ਲੱਗ ਪਏ। ਮੈਂ ਕਿਹਾ ਤਾਂ ਕਹਿਣ ਲੱਗੀ ਨਹੀਂ ਤੂੰ ਨੂਰੀ ਹੀ ਕਿਹਾ ਕਰ। ਮੈਨੂੰ ਵੀ ਚੰਗਾ ਲੱਗੇਗਾ। ਬੀਬੀ ਪਾਸ਼ੀ ਜਿਸ ਕਮਰੇ 'ਚ ਕਿਸੇ ਨੂੰ ਆਗਿਆ ਬਿਨ੍ਹਾਂ ਵੜ੍ਹਨ ਨਹੀਂ ਦਿੰਦੀ ਸੀ। ਅਸੀਂ ਸਾਰੇ ਉਸ ਕਮਰੇ 'ਚ ਇਕੱਠੇ ਬਹਿੰਦੇ ਗੱਲਾਂ ਕਰਦੇ ਸਾਂ। ਬਾਹਰ ਫੇਰੇ 'ਤੇ ਜਾਣਾ ਹੁੰਦਾ ਤਾਂ ਵੀ ਉਹ ਬਹੁਤ ਚਾਂਈ-ਚਾਂਈ ਸਭ ਨਾਲ ਵਿਚਰਦੀ ਸੀ। ਹਫ਼ਤੇ ਵਿਚ ਇਕ ਵਾਰ ਸਭ ਇਕੱਠਿਆਂ ਪੈੱਗ ਲਾਉਂਦੇ। ਨੂਰੀ ਨਸ਼ੇ ਦੇ ਸਰੂਰ 'ਚ ਸਾਨੂੰ ਬਹੁਤ ਵਧੀਆਂ ਗੱਲਾਂ ਸੁਣਾਉਂਦੀ, ਕਦੇ ਗੀਤ ਗਾਉਂਦੀ ਤੇ ਕਦੇ ਆਪਣੀ ਮਾਂ ਬਾਰੇ ਸੋਚਦੇ ਰੋਣ ਲੱਗ ਪੈਂਦੀ ਸੀ।

ਉਹ ਦੱਸਦੀ ਕਿ ਮੇਰੀ ਮਾਂ ਨੇ ਮੈਨੂੰ ਲੁਕੋ ਕੇ ਰੱਖਣਾ ਚਾਹਿਆ ਸੀ। ਪਰ ਪਿਉ ਨੇ ਕਿਹਾ ਕਿ ਮੈਂ ਇਹਨੂੰ ਆਪਣੇ ਘਰ ਨਹੀਂ ਰੱਖਣਾ। ਜਦੋਂ ਮੈਨੂੰ ਲੈਣ ਆਏ, ਉਦੋਂ ਮੈਂ ਬਹੁਤ ਛੋਟੀ ਸਾਂ। ਮਾਂ ਨੇ ਬਹੁਤ ਰੌਲਾ ਪਾਇਆ। ਮੇਰੀ ਧੀ ਨੂੰ ਨਾ ਲੈ ਜਾਓ। ਪਰ ਪਿਉ ਮੇਰਾ ਆਪ ਮਹੰਤਾਂ ਨੂੰ ਦੱਸ ਕੇ ਆਇਆ ਸੀ। ਮੈਨੂੰ ਦੇਬੀ ਅੰਮਾ ਨੇ ਬੜੇ ਚਾਅ ਨਾਲ ਪਾਲਿਆ-ਪੋਸਿਆ। ਮੇਰੇ ਲਈ ਚਾਂਦੀ ਦੀਆਂ ਪੰਜੇਬਾਂ ਲਿਆਂਦੀਆਂ। ਮੈਨੂੰ ਗੀਤ ਗਾਉਣੇ ਅਤੇ ਨੱਚਣਾ ਵੀ ਉਸ ਨੇ ਸਿਖਾਇਆ। ਉਹ ਅਕਸਰ ਦੱਸਦੀ ਹੁੰਦੀ ਸੀ ਕਿ ਤੇਰੀ ਸ਼ਕਲ ਸੂਰਤ ਬਿਲਕੁੱਲ ਤੇਰੀ ਮਾਂ ਵਰਗੀ ਹੈ। ਮੈਂ ਕਈ ਵਾਰ ਉਸ ਤੋਂ ਆਪਣੇ ਪਰਿਵਾਰ ਬਾਰੇ, ਪਿੰਡ ਬਾਰੇ ਪੁੱਛਣਾ ਚਾਹਿਆ ਪਰ ਉਹਨੇ ਇਹੋ ਹੀ ਕਿਹਾ ਹੁਣ ਸਮਝ ਲੈ ਤੇਰਾ ਇਥੇ ਹੀ ਸਭ ਕੁੱਝ ਹੈ। ਉਹ ਤੈਨੂੰ ਵੇਖਣਾ ਹੀ ਨਹੀਂ ਚਾਹੁੰਦੇ। ਤੇ ਤੇਰੀ ਮਾਂ ਤਾਂ ਸੁਣਿਐ ਤੈਨੂੰ ਲੈ ਜਾਣ ਪਿੱਛੋਂ ਹੀ ਗਮ ਲਾ ਕੇ ਕੁਝ ਸਾਲਾਂ ਬਾਅਦ ਚੱਲ ਵਸੀ। ਇਹ ਸੁਣ ਮੇਰਾ ਮਨ ਵੀ ਪਸੀਜ ਗਿਆ। ਮੁੜ ਕੇ ਮੈਂ ਕਦੇ ਦੇਬੀ ਅੰਮਾ ਤੋਂ ਆਪਣੇ ਮਾਪਿਆਂ ਬਾਰੇ ਕੋਈ ਗੱਲ ਨਾ ਪੁੱਛੀ।

ਨੂਰੀ ਨਾਲੇ ਸਾਨੂੰ ਦੱਸ ਰਹੀ ਸੀ ਅਤੇ ਨਾਲੇ ਆਪਣੀਆਂ ਅੱਖਾਂ ਨੂੰ ਪੂੰਝ ਰਹੀ ਸੀ। ਮੇਰੇ ਮਨ 'ਚ ਨੂਰੀ ਪ੍ਰਤੀ ਹੋਰ ਵੀ ਹਮਦਰਦੀ ਪੈਦਾ ਹੋ ਗਈ ਸੀ। ਇਸ ਤੋਂ ਬਾਅਦ ਤਾਂ ਮੈਂ ਨੂਰੀ ਦੇ ਹੋਰ ਵੀ ਨਜ਼ਦੀਕ ਆ ਗਿਆ ਸਾਂ। ਉਸ ਵਿਚ ਪਤਾ ਨਹੀਂ ਅਜਿਹੀ ਕਿਹੜੀ ਖਿੱਚ ਸੀ, ਜਿਸ ਨਾਲ ਮੇਰਾ ਰੋਮ-ਰੋਮ ਉਤਸ਼ਾਹਿਤ ਹੋ ਜਾਂਦਾ ਸੀ। ਮਨ ਹੀ ਮਨ ਮੈਂ ਸੋਚਦਾ ਕਾਸ਼ ਨੂਰੀ ਮੈਨੂੰ ਸਦਾ ਲਈ ਆਪਣਾ ਬਣਾ ਲਵੇ। ਮੈਨੂੰ ਇਸ ਤੋਂ ਬਿਨ੍ਹਾਂ ਹੋਰ ਕੁਝ ਨਹੀਂ ਚਾਹੀਦਾ ਸੀ। ਨੂਰੀ ਜਦੋਂ ਆਪਣੀਆਂ ਤਿਰਛੀਆਂ ਅੱਖਾਂ ਨਾਲ ਮੇਰੇ ਵੱਲ ਵੇਖਦੀ ਅੰਦਰੋਂ ਭਾਵ ਮੇਰੇ ਅੰਦਰ ਜਵਾਲਾ ਭਟਕਦੀ ਪਰ ਬਾਹਰੋਂ ਮੇਰੇ ਤੋਂ ਉਸ ਦੀਆਂ ਨਜ਼ਰਾਂ ਦਾ ਮੁਕਾਬਲਾ ਨਾ ਹੁੰਦਾ। ਮੈਂ ਸ਼ਰਮਿੰਦਗੀ 'ਚ ਆਪਣੀਆਂ ਅੱਖਾਂ ਨੀਵੀਆਂ ਕਰ ਲੈਂਦਾ ਸਾਂ।



ਇਕ ਵਾਰ ਉਸਨੇ ਆਪਣੇ ਹੁਸਨ ਦੀ ਚਰਚਾ ਵਾਲੀ ਗੱਲ ਵੀ ਸੁਣਾਈ ਸੀ। ਉਦੋਂ ਸ਼ਾਇਦ ਚੰਦੋ ਨੇ ਹੀ ਨੂਰੀ ਦੀ ਸੁੰਦਰਤਾ ਦੀ ਤਾਰੀਫ਼ ਕੀਤੀ ਸੀ। ਨੂਰੀ ਖੁਸ਼ੀ 'ਚ ਖੀਵੀ ਹੋ ਦੱਸਣ ਲੱਗੀ ਕਿ ਇਕ ਵਾਰ ਮੈਂ ਦੇਬੀ ਅੰਮਾਂ ਨਾਲ ਕਿਸੇ ਪਿੰਡ 'ਚ ਜ਼ਿੰਮੀਦਾਰਾਂ ਦੇ ਘਰ ਵਧਾਈ ਲੈਣ ਗਈ। ਮੈਂ ਬਹੁਤ ਨੱਚੀ ਟੱਪੀ। ਸਾਨੂੰ ਉਨ੍ਹਾਂ ਵਧਾਈ ਵੀ ਕਾਫ਼ੀ ਦਿੱਤੀ। ਜ਼ਿੰਮੀਦਾਰਾਂ ਦਾ ਛੋਟਾ ਮੁੰਡਾ ਅਜੇ ਕੁਆਰਾ ਸੀ, ਉਹ ਮੇਰੇ ਹੁਸਨ 'ਤੇ ਲੱਟੂ ਹੋ ਗਿਆ। ਦੇਬੀ ਅੰਮਾ ਵੀ ਘਰ ਨਹੀਂ ਸੀ। ਮੇਰੇ ਕੋਲ ਆ ਕਹਿਣ ਲੱਗਾ, "ਨੂਰੀ ਤੂੰ ਮੈਨੂੰ ਬਹੁਤ ਸੋਹਣੀ ਲੱਗਦੀ ਏ। ਮੈਨੂੰ ਆਪਣੇ ਕੋਲ ਹੀ ਰੱਖ ਲੈ। ਮੈਂ ਤੇਰੇ ਬਿਨ੍ਹਾਂ ਨਹੀਂ ਰਹਿ ਸਕਦਾ। ਮੈਂ ਤਾਂ ਤੇਰੇ ਨਾਲ ਹੀ ਵਿਆਹ ਕਰਵਾਊਂ।"

ਮੈਂ ਬਥੇਰਾ ਸਮਝਾਇਆ, ਕਹਿੰਦਾ ਮੇਰੇ ਪਿਉ ਕੋਲ ਬਹੁਤ ਪੈਸਾ ਏ ਜ਼ਮੀਨ ਏ, ਰਾਜ ਕਰੇਂਗੀ, ਜਿੰਨਾ ਮਰਜ਼ੀ ਕੁਝ ਲੈ ਲਵੀਂ। ਮਸ੍ਹਾਂ ਖਹਿੜਾ ਛੁਡਵਾਇਆ, ਉਸ ਪਾਗਲ ਤੋਂ। ਭਲਾ ਸਾਡੇ ਨਾਲ ਵੀ ਕੋਈ ਵਿਆਹ ਕਰਾ ਸਕਦਾ ਏ? ਨੂਰੀ ਹੱਸ ਹੱਸ ਕੇ ਲੋਟ ਪੋਟ ਹੋ ਰਹੀ ਸੀ। ਮੈਂ ਉਹਦੇ ਚਿਹਰੇ ਵੱਲ ਹੀ ਵੇਖੀ ਜਾ ਰਿਹਾ ਸਾਂ। ਮਨ 'ਚ ਆਵੇ ਨੂਰੀ ਤੈਨੂੰ ਵੇਖ ਕੇ ਕੌਣ ਇੰਝ ਕਹੂ ਕਿ ਤੇਰੇ ਨਾਲ ਵਿਆਹ ਨਹੀਂ ਕਰਵਾਉਣਾ।

"ਜੀਤੇ ਕਿੱਥੇ ਗੁਆਚਿਆ ਫਿਰਦਾ ਏਂ.....ਕਿਤੇ ਤੂੰ ਵੀ ਤਾਂ ਨਹੀਂ ਨੂਰੀ ਅੰਮਾ 'ਤੇ ਲੱਟੂ ਹੋਇਆ ਫਿਰਦਾ।" ਕਾਲੋ ਨੇ ਮੇਰੇ ਪੱਟ 'ਤੇ ਚੂੰਢੀ ਵੱਢਦਿਆਂ ਮੈਨੂੰ ਹਲੂਣਿਆ ਸੀ।

"ਕੀ ਪਤਾ, ਲੱਛਣ ਤਾਂ ਮੈਨੂੰ ਇਹਦੇ ਵੀ ਚੰਗੇ ਨਹੀਂ ਲੱਗਦੇ ਦਿੱਸਦੇ...ਕਿਉਂ ਵੇ?" ਨੂਰੀ ਦੇ ਬੋਲ ਸੁਣਦੇ ਮੈਂ ਠਠੰਬਰ ਜਿਹਾ ਗਿਆ ਸਾਂ। ਲੱਗਦਾ ਸੀ ਜਿਵੇਂ ਕਿਸੇ ਨੇ ਮੇਰੀ ਚੋਰੀ ਰੰਗੇ ਹੱਥੀਂ ਫੜ੍ਹ ਲਈ ਹੋਵੇ।

"ਇਹ ਤਾਂ ਢੋਲਕੀ 'ਤੇ ਹੀ ਲੱਟੂ ਐ......ਹੋਰ ਇਹਨੇ ਕੀ ਵਜਾਉਣਾ।" ਚੰਦੋ ਨੇ ਭਾਵੇਂ ਟਿੱਚਰ ਹੀ ਕੀਤੀ ਸੀ ਪਰ ਗੱਲ ਆਈ ਗਈ ਹੋ ਗਈ ਸੀ। ਮੈਂ ਬਾਹਰ ਪਿਸ਼ਾਬ ਕਰਨ ਦਾ ਬਹਾਨਾ ਲਾ ਆ ਗਿਆ ਸਾਂ। ਅੰਦਰੋਂ ਤਾਂ ਮੈਂ ਟਲਿਆ ਹੀ ਸਾਂ। ਮੇਰੇ ਤੋਂ ਅੱਖ ਜੂ ਨਹੀਂ ਸੀ ਮਿਲਾ ਹੁੰਦੀ।

ਪਰ ਨੂਰੀ ਸਭ ਕੁਝ ਭਾਂਪ ਗਈ ਸੀ। ਇਕ ਦਿਨ ਜਦੋਂ ਮੇਰੇ ਸਿਵਾ ਕੋਈ ਨਹੀਂ ਸੀ। ਨੂਰੀ ਨੇ ਮੈਨੂੰ ਕੋਲ ਬੁਲਾ ਕੇ ਕਿਹਾ, "ਜੀਤਿਆ, ਮੈਨੂੰ ਪਤੈ ਤੂੰ ਵੀ ਉਸ ਪਾਗਲ ਵਾਂਗ ਮੈਨੂੰ ਚਾਹੁੰਦਾ ਏ.......ਮੈਨੂੰ ਵੀ ਤੂੰ ਚੰਗਾ ਲੱਗਦਾ ਏਂ.......ਤਾਹੀਓਂ ਤਾਂ ਮੈਂ ਤੈਨੂੰ ਅੰਮਾ ਨਹੀਂ ਕਹਿਣ ਦਿੰਦੀ।"

ਮੇਰੇ ਮੂੰਹੋਂ ਜਿਵੇਂ ਸ਼ਬਦ ਹੀ ਗੁਆਚ ਗਏ ਸਨ। ਇਸ ਤੋਂ ਬਾਅਦ ਮੈਨੂੰ ਨੂਰੀ ਹੋਰ ਵੀ ਚੰਗੀ ਲੱਗਣ ਲੱਗ ਪਈ ਸੀ। ਨੂਰੀ ਦਾ ਮੇਰੇ ਪ੍ਰਤੀ ਝੁਕਾਅ ਵੀ ਕਾਫ਼ੀ ਹੋ ਗਿਆ ਸੀ। ਕਦੇ ਉਹ ਨਹਾਉਂਦੇ ਸਮੇਂ ਮੈਨੂੰ ਆਵਾਜ਼ ਮਾਰ ਕੇ ਬੁਲਾ ਲੈਂਦੀ, "ਵੇ ਜੀਤੇ...ਆਹ ਜ਼ਰਾ ਮੇਰੀ ਪਿੱਠ 'ਤੇ ਸਾਬਣ ਲਾ ਦੇ।" ਮੈਂ ਬਾਥਰੂਮ ਦੇ ਗੇਟ ਕੋਲ ਡਰਦਾ ਡਰਦਾ ਜਾਂਦਾ ਤਾਂ ਉਹ ਅੰਦਰੋਂ ਹੀ ਪੈਰਾਂ ਦਾ ਖੜਾਕ ਸੁਣ ਹੱਸ ਕੇ ਕਹਿਣ ਲੱਗਦੀ, "ਕਮਲ਼ਿਆ, ਮੈਂ ਤਾਂ ਮਜ਼ਾਕ ਕਰਦੀ ਸਾਂ।"

ਪਰ ਅਜਿਹਾ ਮਜ਼ਾਕ ਬਹੁਤ ਦੇਰ ਨਾ ਚੱਲਿਆ। ਇਸੇ ਮਜ਼ਾਕ-ਮਜ਼ਾਕ 'ਚ ਸਾਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਅਸੀਂ ਇਕ ਦੂਜੇ ਦੇ ਕਾਫ਼ੀ ਨੇੜੇ ਹੁੰਦੇ ਜਾ ਰਹੇ ਸਾਂ। ਮੇਰੇ ਮਨ 'ਚ ਉਸਨੂੰ ਪਾ ਲੈਣ ਦਾ ਵੇਗ ਸੀ। ਇਸ ਵੇਗ ਨੂੰ ਵੀ ਰਾਜੀ ਨੇ ਉਤਸ਼ਾਹਿਤ ਕੀਤਾ ਸੀ। ਚੰਦੋ ਅਤੇ ਕਾਲੋ ਨਾਲ ਆਪਣੇ ਸੰਬੰਧਾਂ ਦੀਆਂ ਗੱਲਾਂ ਸੁਣਾ ਸੁਣਾ ਕੇ। ਰਾਜੀ ਦੀ ਬਲੀ ਤੋਂ ਬਾਅਦ ਉਹਨਾਂ ਨੇ ਮੈਨੂੰ ਵੀ ਆਪਣੇ ਵੱਲ ਆਕਰਸ਼ਿਤ ਕਰਨਾ ਚਾਹਿਆ ਸੀ। ਪਰ ਮੈਨੂੰ ਉਹ ਦੋਵੇਂ ਪਹਿਲੇ ਦਿਨ ਤੋਂ ਹੀ ਚੰਗੀਆਂ ਨਹੀਂ ਲੱਗੀਆਂ ਸਨ। ਪਰ ਨੂਰੀ ਦੀ ਤਾਂ ਗੱਲ ਹੀ ਵੱਖਰੀ ਸੀ। ਮੇਰਾ ਮਨ ਉਸਦੇ ਨੰਗੇਜ਼ ਦੀ ਕਲਪਨਾ 'ਚ ਉਡਾਰੀਆਂ ਲਾਉਂਦਾ। ਮੈਂ ਸੋਚਦਾ ਉਹ ਕਿਹੋ ਜਿਹੀ ਮਿੱਟੀ ਦੀ ਬਣੀ ਹੈ। ਆਖ਼ਰ ਉਸ 'ਚ ਦੂਜੀਆਂ ਔਰਤਾਂ ਤੋਂ ਘੱਟ ਕਿਹੜੀ ਗੱਲ ਹੈ। ਮੈਂ ਵੀ ਅੱਗੋਂ ਨਾਲੋਂ ਕਾਫ਼ੀ ਨਟਖਟ ਹੋ ਗਿਆ ਸਾਂ। ਕਦੇ ਨੂਰੀ ਇਕੱਲੀ ਹੁੰਦੀ ਤਾਂ ਮੈਂ ਜਾਣ-ਜਾਣ ਉਸ ਕੋਲ ਜਾਂਦਾ। ਨੂਰੀ ਵੀ ਮੇਰੇ ਨਾਲ ਸ਼ਰਾਰਤੀ ਹੋ ਗਈ ਸੀ। ਇਕ ਵਾਰ ਇੰਝ ਹੀ ਉਸਨੇ ਮੈਨੂੰ ਕਲਾਵੇ ਵਿਚ ਘੁੱਟ ਲਿਆ। ਮੈਂ ਉਸਨੂੰ ਪਾਗਲਾਂ ਵਾਂਗ ਚੁੰਮਣ ਲੱਗ ਪਿਆ ਸਾਂ। ਉਹ ਵੀ ਸੰਮੋਹਿਤ ਹੁੰਦੀ ਜਾ ਰਹੀ ਸੀ। ਮੈਂ ਕੁਝ ਹੋਰ ਅਗਾਂਹ ਵੱਧਣਾ ਚਾਹਿਆ ਤਾਂ ਉਸਨੇ ਮੇਰੇ ਹੱਥਾਂ ਨੂੰ ਫੜ ਕੇ ਰੋਕ ਲਿਆ, "ਨਹੀਂ ਜੀਤੇ, ਜੋ ਕੁਝ ਤੂੰ ਭਾਲਦਾ ਏ, ਉਹੋ ਜਿਹਾ ਇਥੇ ਕੁਝ ਵੀ ਨਹੀਂ..........ਜ਼ਰਖੇਜ਼ ਮਿੱਟੀ ਐ.........ਤੈਨੂੰ ਕੁੱਝ ਹਾਸਲ ਨਹੀਂ ਹੋਵੇਗਾ ਇਥੋਂ।" ਪਰ ਮੇਰੇ ਅੰਦਰ ਤਾਂ ਜਿਵੇਂ ਕੋਈ ਅਗਨੀ ਦਹਿਕ ਰਹੀ ਸੀ। ਉਹ ਸ਼ਾਂਤ ਹੋ ਕੇ ਹੀ ਹਟੀ। ਸਾਡੇ 'ਚ ਗੈਰ-ਕੁਦਰਤੀ ਸਬੰਧ ਸਥਾਪਤ ਹੋ ਗਏ ਸਨ।

ਇਸ ਤੋਂ ਬਾਅਦ ਮੈਂ ਨੂਰੀ ਬਾਰੇ ਹੋਰ ਵੀ ਵੱਧ ਸੋਚਣ ਲੱਗ ਪਿਆ ਸਾਂ। ਉਸ ਵਿਚ ਸਾਰਾ ਕੁਝ ਇਨਸਾਨਾਂ ਵਾਲਾ ਤਾਂ ਹੈ ਫਿਰ ਵੀ ਉਹ ਅਧੂਰੀ ਕਿਉਂ ਸੀ? ਕੀ ਉਸਦਾ ਵੀ ਚਿੱਤ ਨਹੀਂ ਕਰਦਾ ਉਹ ਕਿਸੇ ਨੂੰ ਪਿਆਰ ਕਰੇ, ਵਿਆਹ ਕਰਵਾਵੇ, ਬੱਚੇ ਜੰਮੇ। ਪਰ ਨੂਰੀ ਦੇ ਮੂੰਹੋਂ ਸੁਣੇ ਸ਼ਬਦ 'ਜ਼ਰਖੇਜ਼ ਮਿੱਟੀ' ਬਾਰੇ ਸੋਚ ਮੈਂ ਚੁੱਪ ਹੋ ਜਾਂਦਾ ਸਾਂ।

ਬੀਬੀ ਪਾਸ਼ੀ ਦੀ ਮੌਤ ਤੋਂ ਬਾਅਦ ਉਹੋ ਪਿੰਡ ਨੂਰੀ ਦੇ ਹਿੱਸੇ ਆ ਗਏ ਸਨ। ਨੂਰੀ ਨੇ ਆਪਣੀ ਮਿੱਠੀ ਬੋਲੀ ਅਤੇ ਵਿਹਾਰ ਨਾਲ ਸਭ ਦਾ ਦਿਲ ਮੋਹ ਲਿਆ ਸੀ। ਵੇਖਦਿਆਂ ਹੀ ਵੇਖਦਿਆਂ ਸਾਡੇ ਗਰੁੱਪ ਕੋਲ ਪੰਦਰਾਂ-ਵੀਹ ਪਿੰਡ ਜੁੜ ਗਏ ਸਨ। ਬੀਬੀ ਪਾਸ਼ੀ ਕੋਲ ਸਿਰਫ਼ ਪੰਜ-ਛੇ ਪਿੰਡ ਹੀ ਸਨ। ਉਂਝ ਪਹਿਲਾਂ ਤਾਂ ਉਸ ਕੋਲ ਵੀ ਇੰਨੇ ਹੀ ਪਿੰਡ ਸਨ ਪਰ ਉਸਦੇ ਵਿਹਾਰ ਤੋਂ ਤੰਗ ਆ ਕੇ ਕਈ ਪਿੰਡ ਟੁੱਟ ਗਏ ਸਨ। ਬੀਬੀ ਪਾਸ਼ੀ ਦਾ ਵਿਹਾਰ ਹੀ ਵੱਖਰਾ ਸੀ। ਅਸੀਂ ਤਾਂ ਉਸ ਅੱਗੇ ਬੋਲ ਹੀ ਨਹੀਂ ਸਕਦੇ ਸਾਂ। ਉਹ ਮੁੰਡੇ ਦੀ ਵਧਾਈ ਲੈਣ ਵੇਲੇ ਆਪ ਰੁਪਏ ਮੰਗਦੀ ਸੀ। ਕਈ ਲੋਕ ਉਸਦੀ ਇਸ ਹਰਕਤ ਤੋਂ ਪ੍ਰੇਸ਼ਾਨ ਸਨ। ਕਈ ਵਾਰ ਤਾਂ ਉਹ ਰੁਪਏ ਘੱਟ ਹੋਣ 'ਤੇ ਵਧਾਈ ਹੀ ਸੁੱਟ ਕੇ ਮੁੜ ਆਉਂਦੀ। ਕਦੇ ਉਹ ਬੱਚੇ ਨੂੰ ਜਾਂ ਘਰ ਦੇ ਜੀਆਂ ਨੂੰ ਸ਼ਰਾਪ ਦੇ ਕੇ ਜਾਣ ਦਾ ਢੌਂਗ ਕਰਦੀ। ਕਦੇ ਮੁੰਡਾ ਖੋਹ ਕੇ ਲੈ ਜਾਣ ਦੀ ਧਮਕੀ ਵੀ ਦੇ ਦਿੰਦੀ। ਨੱਚਦੇ ਅਤੇ ਗਾਉਂਦੇ ਵਕਤ ਵੀ ਉਸਦਾ ਵਤੀਰਾ ਅਨੋਖਾ ਹੁੰਦਾ। ਉਹ ਨੱਚਦੀ ਘੱਟ, ਮੁੰਡਿਆਂ ਵੱਲ ਅੱਖਾਂ ਵੱਧ ਮਟਕਾਉਂਦੀ। ਕਦੇ ਕਿਸੇ ਗੱਭਰੂ ਦੇ



ਮੋਢੇ 'ਤੇ ਆਪਣੀਆਂ ਛਾਤੀਆਂ ਜਾ ਸਰਕਾਉਂਦੀ । ਕਦੇ ਕਿਸੇ ਅੱਲੜ੍ਹ ਦਾ ਗੁਪਤ ਅੰਗ ਹੀ ਨੱਚਦੇ ਨੱਚਦੇ ਆਪਣੇ ਹੱਥਾਂ ਨਾਲ ਹਿਲਾ ਦਿੰਦੀ। ਕਦੇ ਕਿਸੇ ਘਰ ਵਧਾਈ ਪੂਰੀ ਨਾ ਦੇਣ 'ਤੇ ਨੰਗੇ ਹੋਣ ਦਾ ਡਰਾਵਾ ਹੀ ਦੇ ਦਿੰਦੀ ਸੀ।

ਉਸਦੀਆਂ ਅਜਿਹੀਆਂ ਹਰਕਤਾਂ ਤੋਂ ਤੰਗ ਆਏ ਕਈ ਪਿੰਡਾਂ ਦੇ ਲੋਕਾਂ ਨੇ ਉਸ ਦਾ ਬਾਈਕਾਟ ਹੀ ਕਰ ਦਿੱਤਾ ਸੀ। ਅਜਿਹੇ ਪਿੰਡਾਂ 'ਚ ਜਦੋਂ ਨੂਰੀ ਨੇ ਜਾਣਾ ਸ਼ੁਰੂ ਕੀਤਾ ਤਾਂ ਲੋਕਾਂ ਨੇ ਬਹੁਤ ਪਿਆਰ ਅਤੇ ਸਨੇਹ ਵਿਖਾਇਆ ਸੀ। ਉਸਦੇ ਵਿਹਾਰ ਤੋਂ ਸਾਰੇ ਖੁਸ਼ ਸਨ। ਨੂਰੀ ਨੇ ਕਦੇ ਕਿਸੇ ਤੋ ਵਧਾਈ ਲੈਣ ਵੇਲੇ ਆਪੇ ਮੰਗ ਨਹੀਂ ਕੀਤੀ ਸੀ। ਉਹ ਸਭ ਨਾਲ ਪਿਆਰ 'ਚ ਪੇਸ਼ ਆਉਂਦੀ। ਹੋਰਾਂ ਨਾਲੋਂ ਉਸਦੀ ਆਵਾਜ਼ ਵੀ ਸੋਹਣੀ ਸੀ। ਉਸਦੀ ਆਵਾਜ਼ ਕੁੜੀਆਂ ਵਰਗੀ ਸੀ।ਤੇ ਇਸਦੇ ਉਲਟ ਜਦੋਂ ਬੀਬੀ ਪਾਸ਼ੀ ਗਾਉਂਦੀ ਹੁੰਦੀ ਸੀ ਤਾਂ ਲੱਗਦਾ ਸੀ ਜਿਵੇਂ ਪਾਟਿਆ ਢੋਲ ਵੱਜ ਰਿਹਾ ਹੋਵੇ।

ਅਸੀਂ ਮਹੀਨੇ 'ਚ ਦਿਨ ਬੰਨੇ ਹੋਏ ਸਨ। ਇਕ ਪਿੰਡ ਦੀ ਵਾਰੀ ਮਹੀਨੇ ਬਾਅਦ ਹੀ ਆਉਂਦੀ। ਕੁਝ ਦਿਨ ਅਸੀਂ ਘਰ ਹੀ ਰਹਿੰਦੇ ਸਾਂ। ਕਿਤੋਂ ਆਟਾ, ਦਾਲ ਵੀ ਮਿਲ ਜਾਂਦਾ। ਤਿਉਹਾਰਾਂ ਵੇਲੇ ਅਸੀਂ ਖ਼ਾਸ ਫੇਰਾ ਪਾਉਂਦੇ ਸਾਂ। ਇਕ ਵਾਰ ਇਵੇਂ ਹੀ ਇਕ ਪਿੰਡ 'ਚ ਸਰਦਾਰਾਂ ਦੇ ਤਕੜੇ ਘਰੇ ਅਸੀਂ ਦੀਵਾਲੀ ਦੀ ਵਧਾਈ ਲੈਣ ਗਏ। ਸਰਦਾਰਾਂ ਦੀ ਨੂੰਹ ਨੂਰੀ ਅੱਗੇ ਰੋਣ ਲੱਗ ਪਈ। ਨੂਰੀ ਨੇ ਪੁੱਛਿਆ, "ਬੀਬੀ ਕੀ ਗੱਲ ਏ?"

ਉਹ ਹੋਰ ਤੇਜ਼ ਡੁਸਕਣ ਲੱਗੀ ਕਹਿੰਦੀ, "ਅੰਮਾ ਜੀ, ਮੇਰੇ ਘਰ ਕੋਈ ਔਲਾਦ ਨੀਂ, ਤੁਸੀਂ ਹੀ ਕਰੋ ਕੋਈ ਦੁਆ। ਰੱਬ ਤਾਂ ਮੇਰੇ ਨਾਲ ਨਾਰਾਜ਼ ਲੱਗਦਾ ਏ।"

ਨੂਰੀ ਨੇ ਕਿਹਾ, "ਕੋਈ ਨੀ ਬੀਬੀ, ਉਹ ਉਪਰ ਵਾਲਾ ਦੇਖਦਾ ਏ, ਉਹਦੇ ਘਰ ਦੇਰ ਏ ਹਨੇਰ ਨਹੀਂ।"

ਉਸ ਦਾਣਿਆਂ ਨਾਲ ਭਰੀ ਬੋਰੀ ਸਾਨੂੰ ਦੇ ਦਿੱਤੀ। ਅਸੀਂ ਉਥੋਂ ਵਾਪਸ ਪਰਤ ਆਏ। ਤੇ ਫਿਰ ਕਿੰਨੇ ਚਿਰ ਬਾਅਦ ਪਤਾ ਲੱਗਾ ਕਿ ਰੱਬ ਨੇ ਉਸਦੀ ਸੁਣ ਲਈ ਸੀ। ਅੱਠ ਸਾਲਾਂ ਬਾਅਦ ਉਨ੍ਹਾਂ ਦੇ ਘਰ ਔਲਾਦ ਹੋਈ ਸੀ। ਸਾਡੇ ਡੇਰੇ ਉਹ ਆਪ ਸਰਦਾਰ-ਸਰਦਾਰਨੀ ਆਏ। ਵਧਾਈ 'ਚ ਉਨ੍ਹਾਂ ਨਵੀਂ ਕਾਰ ਦੀ ਚਾਬੀ ਨੂਰੀ ਨੂੰ ਫੜਾਉਂਦਿਆਂ ਕਿਹਾ, "ਤੁਹਾਡੇ ਬੋਲਾਂ ਨੇ ਹੀ ਸਾਡੇ ਘਰ ਰੱਬ ਨੂੰ ਕਿਲਕਾਰੀ ਵਜਾਉਣ ਲਈ ਮਜਬੂਰ ਕੀਤਾ ਏ।"

ਇਸ ਘਟਨਾ ਦੀ ਆਸੇ-ਪਾਸੇ ਪਿੰਡਾਂ ਵਿਚ ਵੀ ਚਰਚਾ ਹੋ ਗਈ। ਇਸ ਤੋਂ ਬਾਅਦ ਤਾਂ ਨੂਰੀ ਦੀ ਇੱਜ਼ਤ ਹੋਰ ਵੀ ਵੱਧ ਗਈ ਸੀ। ਪਰ ਨੂਰੀ ਉਤੇ ਇਸ ਗੱਲ ਦਾ ਕੋਈ ਅਸਰ ਹੀ ਨਹੀਂ ਸੀ। ਉਸ ਮੈਨੂੰ ਕਿਹਾ, "ਜੀਤੇ ਮੇਰੇ ਬੋਲਾਂ ਨਾਲ ਅਜਿਹਾ ਕੁਝ ਨਹੀਂ ਹੋਇਆ.......ਜੇ ਇੱਦਾਂ ਹੀ ਰੱਬ ਮੇਰੇ 'ਤੇ ਮਿਹਰਬਾਨ ਹੁੰਦਾ ਤਾਂ ਮੈਂ ਵੀ ਕਿਸੇ ਔਰਤ ਵਾਂਗ ਅੱਜ ਆਪਣੇ ਘਰ, ਪਰਿਵਾਰ 'ਚ ਬੱਚਿਆਂ ਦਾ ਪਾਲਣ-ਪੋਸ਼ਣ ਕਰ ਰਹੀ ਹੁੰਦੀ।"

ਮੈਂ ਵੇਖਿਆ ਉਹ ਬਹੁਤ ਉਦਾਸ ਹੋ ਗਈ ਸੀ। ਮੈਂ ਖੜ੍ਹਾ ਹੋ ਕੇ ਉਸਦਾ ਮੱਥਾ

ਚੁੰਮ ਲਿਆ। ਇੰਨੇ ਨੂੰ ਚੰਦੋ ਆ ਗਈ...... "ਅੰਮਾ ਜੀ, ਵੱਡੇ ਗੁਰੂ ਦਾ ਫੁਰਮਾਨ ਆਇਆ ਕਿ ਇਕ ਘਰ 'ਚ ਕੁੜੀ ਨੇ ਦਸਤਕ ਦਿੱਤੀ ਏ......ਜਾ ਕੇ ਚੁੱਕ ਲਿਆਓ।"

ਨੂਰੀ ਹੋਰ ਉਦਾਸ ਹੋ ਗਈ ਸੀ। ਪਰ ਜਾਣਾ ਤਾਂ ਪੈਣਾ ਹੀ ਸੀ। ਅਸੀਂ ਕਾਰ 'ਚ ਬੈਠ ਤੁਰ ਪਏ। ਨੂਰੀ ਸਾਰੇ ਰਸਤੇ ਰੋਂਦੀ ਗਈ। ਕਹਿੰਦੀ, "ਜੀਤਿਆ, ਇਹ ਦਿਨ ਮੈਨੂੰ ਕਿਉਂ ਵੇਖਣਾ ਪੈ ਰਿਹਾ ਹੈ। ਮੈਂ ਕਿਸੇ ਮਾਂ ਦੀ ਗੋਦ 'ਚੋਂ ਕਿਵੇਂ ਕੁੜੀ ਚੁਕਾਂਗੀ। ਮੈਨੂੰ ਤਾਂ ਆਪਣੀ ਯਾਦ ਆਉਂਦੀ ਏ। ਮੈਨੂੰ ਵੀ ਦੇਬੀ ਅੰਮਾ ਇਵੇਂ ਚੁੱਕਣ ਗਈ ਹੋਵੇਗੀ। ਜੀਤਿਆ, ਇਹ ਸਿਲਸਿਲਾ ਕਿੰਨਾ ਚਿਰ ਚੱਲਦਾ ਰਹੇਗਾ?" ਅਸੀਂ ਉਸ ਘਰ ਅੱਪੜੇ ਤਾਂ ਚੰਦੋ ਨੇ ਬਾਹਰੋਂ ਹੀ ਤਾੜੀ ਮਾਰ ਦਿੱਤੀ। ਕੁੜੀ ਦੀ ਮਾਂ ਪੈਰੀਂ ਪੈ ਗਈ। ਚੀਕਾਂ ਨਾਲ ਸਾਰਾ ਘਰ ਭਰ ਦਿੱਤਾ। ਕਹਿੰਦੀ ਰੱਬ ਦਾ ਵਾਸਤਾ ਏ ਮੇਰੀ ਧੀ ਨੂੰ ਨਾ ਲੈ ਕੇ ਜਾਓ। ਗੁਆਂਢ ਇਕੱਠਾ ਹੋ ਗਿਆ। ਸਭ ਉਸਨੂੰ ਕੁੜੀ ਦੇਣ ਲਈ ਆਖਣ ਲੱਗੇ। ਨੂਰੀ ਉਸਦੇ ਕੋਲ ਗਈ ਤੇ ਬੜੇ ਪਿਆਰ ਨਾਲ ਮਨਾਉਣ ਲੱਗੀ। ਕਹਿੰਦੀ, "ਵੇਖ ਮਾਈ, ਮੈਨੂੰ ਵੀ ਕੋਈ ਇਸੇ ਤਰ੍ਹਾਂ ਚੁੱਕ ਕੇ ਲਿਆਇਆ ਸੀ। ਜੇ ਅਸੀਂ ਇਸਨੂੰ ਇਥੇ ਛੱਡ ਵੀ ਗਏ ਤਾਂ ਵੀ ਲੋਕਾਂ ਨੇ ਤੁਹਾਨੂੰ ਜੀਉਣ ਨਹੀਂ ਦੇਣਾ, ਪਰ ਸਾਡੇ ਕੋਲ ਇਹ ਸਭ ਤੋਂ ਵੱਧ ਖੁਸ਼ ਰਹੂ..........ਰੱਬ ਨੇ ਇਹਦਾ ਇਹੋ ਟਿਕਾਣਾ ਬਣਾਇਆ ਏ। ਅਸੀਂ ਇਹ ਨਹੀਂ ਸੋਚਦੇ......ਅਸੀਂ ਤਾਂ ਕਹਿੰਦੇ ਹਾਂ ਕਿ ਅਸੀਂ ਵੀ ਤੁਹਾਡੇ ਵਾਂਗ ਘਰਾ 'ਚ ਰਹੀਏ, ਖੇਡੀਏ, ਪੜ੍ਹੀਏ, ਨੌਕਰੀ ਕਰੀਏ ਪਰ ਸਮਾਜ ਹੀ ਸਾਨੂੰ ਅਧੂਰੇ ਮਨੁੱਖ ਸਮਝਦਾ ਹੈ।"

"ਚੰਗਾ ਧੀਏ, ਇਹਨੂੰ ਪਿਆਰ ਨਾਲ ਰੱਖੀਂ।" ਮਸ੍ਹਾਂ ਹੀ ਬੋਲ ਪਾਈ ਸੀ ਉਹ।

ਜਦੋਂ ਅਸੀਂ ਡੇਰੇ ਆ ਗਏ ਤਾਂ ਸਾਰੇ ਕੁਨਬੇ 'ਚ ਖ਼ਬਰ ਫੈਲ ਗਈ। ਸਾਰੇ ਮਹੰਤ ਇਕੱਠੇ ਹੋ ਗਏ ਅਗਲੇ ਦਿਨ। ਸਭ ਨੇ ਖੁਸ਼ੀ ਮਨਾਈ। ਸ਼ਗਨ ਪਾਇਆ। ਤਿੰਨ-ਚਾਰ ਦਿਨ ਕੁੜੀ ਰੋਣੋਂ ਹੀ ਨਾ ਹਟੀ। ਫਿਰ ਆਪੇ ਸੰਭਲ ਗਈ। ਨੂਰੀ ਨੇ ਉਸਨੂੰ ਆਪਣੀਆਂ ਧੀਆਂ ਵਾਂਗ ਰੱਖਿਆ। ਉਸਦੇ ਖਾਣ-ਪੀਣ, ਖੇਡਣ ਲਈ ਸਭ ਕੁਝ ਲਿਆ ਕੇ ਦਿੱਤਾ। ਉਹ ਉਸਨੂੰ ਕੁੱਛੜ ਚੁੱਕ ਖਿਡਾਉਂਦੀ ਰਹਿੰਦੀ। ਮੈਨੂੰ ਕਹਿੰਦੀ, "ਜੀਤੇ, ਇਸਨੂੰ ਲੋਰੀਆਂ ਦਿੰਦਿਆਂ ਤਾਂ ਮੈਨੂੰ ਇੰਝ ਮਹਿਸੂਸ ਹੁੰਦੈ ਜਿਵੇਂ ਮੇਰੀਆਂ ਛਾਤੀਆਂ 'ਚ ਵੀ ਦੁੱਧ ਦੀਆਂ ਛੱਲਾਂ ਵੱਗ ਪਈਆਂ ਹੋਣ।"

"ਨੂਰੀ ਅੰਮਾਂ, ਆਪਾਂ ਇਹਨੂੰ ਵੀ ਮੇਲੇ 'ਤੇ ਲੈ ਕੇ ਜਾਵਾਂਗੇ।" ਕਾਲੋ ਨੇ ਖੁਸ਼ੀ ਖੁਸ਼ੀ ਆ ਕੇ ਕਿਹਾ ਸੀ।

"ਹਾਂ, ਕਿਉਂ ਨਹੀਂ ਆਪਾਂ ਸਾਰੇ ਚੱਲਾਂਗੇ ਪੂਰੀ ਸ਼ਰਧਾ ਨਾਲ। ਮੇਲਾ ਕਿਹੜਾ ਰੋਜ਼-ਰੋਜ਼ ਆਉਂਦਾ ਏ" ਨੂਰੀ ਨੇ ਜੁਆਬ ਦਿੱਤਾ ਸੀ।

ਇਸ ਤੋਂ ਬਾਅਦ ਤਾਂ ਸਾਰੇ ਗਰੁੱਪ 'ਚ ਮੇਲੇ 'ਤੇ ਜਾਣ ਬਾਰੇ ਹੀ ਚਰਚਾ ਹੋਣ ਲੱਗੀ ਸੀ। ਕੇਵਲ ਮੈਂ ਹੀ ਸਾਂ, ਜੋ ਪਹਿਲੀ ਵਾਰ ਮੇਲੇ ਜਾ ਰਿਹਾ ਸਾਂ। ਰਾਜੀ ਮੇਲੇ ਬਾਰੇ ਸੋਚ ਉਦਾਸ ਹੋ ਗਿਆ ਸੀ। ਉਹ ਸ਼ਾਮ ਨੂੰ ਬੋਤਲ ਲਿਆਇਆ, ਅਸੀਂ ਸਾਰੇ ਪੀਣ ਲੱਗ ਪਏ। ਦੋ-ਤਿੰਨ ਪੈੱਗਾਂ ਤੋਂ ਬਾਅਦ ਉਹ ਰੋਣ ਲੱਗ ਪਿਆ, "ਬੀਬੀ



ਪਾਸ਼ੀ ਜੇ ਦੋ ਮਹੀਨੇ ਪਹਿਲਾਂ ਮਰ ਜਾਂਦੀ ਤਾਂ ਮੈਂ ਵੀ ਅੱਜ ਜੀਤੇ ਤੇਰੇ ਵਾਂਗ ਸਾਬਤ-ਸਬੂਤ ਹੋਣਾ ਸੀ।"

ਉਸਨੂੰ ਰੋਂਦੇ ਵੇਖ ਸਾਰਾ ਗਰੁੱਪ ਬੀਬੀ ਪਾਸ਼ੀ ਨੂੰ ਗਾਲ੍ਹਾਂ ਕੱਢਣ ਲੱਗ ਪਿਆ। "ਜੇ ਅੱਜ ਉਹ ਜਿਉਂਦੀ ਹੁੰਦੀ ਤਾਂ ਜੀਤਿਆਂ ਤੇਰਾ ਵੀ ਨੰਬਰ ਲੱਗ ਜਾਂਦਾ।" ਚੰਦੋ ਨੇ ਟਿੱਚਰ ਕਰਦਿਆਂ ਕਿਹਾ।

"ਮੈ ਤਾਂ ਹੁਣ ਵੀ ਰਾਜੀ ਹਾਂ..........ਤੁਸੀਂ ਨੂਰੀ ਨੂੰ ਪੁੱਛ ਕੇ ਵੇਖ ਲਵੋ।" ਮੈਂ ਵੀ ਸਰੂਰ ਜਿਹੇ 'ਚ ਉਤਰ ਦਿੱਤਾ।

"ਨਹੀਂ ਵੇ ਭੈੜਿਆ, ਅਜਿਹੀਆਂ ਗੱਲਾਂ ਨਹੀਂ ਕਰੀਦੀਆਂ.....ਤੂੰ ਕਿਉਂ ਚੰਗੀ ਭਲੀ ਜ਼ਿੰਦਗੀ ਛੱਡ ਕੇ ਸਾਡੀ ਨਰਕਾਂ ਲਈ ਜੂਨ 'ਚ ਪਵੇਂ ਸੁੱਖਾਂ ਨਾਲ.......ਮੈਂ ਤਾਂ ਤੇਰੇ ਵਿਆਹ ਦੀ ਗੱਲ ਵੀ ਦੇਬੀ ਅੰਮਾ ਕੋਲ ਕਰ ਦਿੱਤੀ ਹੈ। ਉਹਦਾ ਸੁਨੇਹਾ ਆਇਆ ਹੀ ਸਮਝ। ਅਸੀਂ ਸਾਰੇ ਖੁਸ਼ੀ-ਖੁਸ਼ੀ ਤੇਰਾ ਵਿਆਹ ਕਰਾਂਗੇ...ਇਹੋ ਰੀਝ ਹੈ ਮੇਰੀ ਤਾਂ।" ਨੂਰੀ ਬੋਲੀ ਤਾਂ ਮੈਂ ਜਿਵੇਂ ਸੁੰਨ ਹੀ ਹੋ ਗਿਆ। ਵਿਆਹ ਉਹ ਵੀ ਮੇਰਾ। ਮੈਂ ਨਹੀਂ ਕਰਵਾਉਣਾ ਵਿਆਹ ਵਿਊ। ਮੈਂ ਮਨ ਹੀ ਮਨ ਸੋਚਾਂ 'ਚ ਪੈ ਗਿਆ। ਇੱਕ-ਦੋ ਪੈਗ ਇਸੇ ਉਧੇੜ ਬੁਣ 'ਚ ਹੋਰ ਸੰਘੋ ਲੰਘ ਗਏ। ਨਸ਼ੇ ਦੇ ਸਰੂਰ 'ਚ ਬਾਕੀ ਸਭ ਆਪੋ-ਆਪਣੇ ਬਿਸਤਰਿਆਂ 'ਚ ਜਾ ਡਿੱਗੇ। ਮੈਂ ਇਕੱਲਾ ਹੀ ਬੈਠਾ ਰਿਹਾ। ਨੂਰੀ ਕੁਝ ਦੇਰ ਬਾਅਦ ਮੇਰੇ ਕੋਲ ਆ ਬੋਲੀ.........." ਕਿਉਂ ਤੂੰ ਨਹੀਂ ਸੌਂਣਾ.....ਚੱਲ ਪੈ ਜਾ।"

"ਮੈਂ ਨਹੀਂ ਸੌਂਣਾ ਮੇਰੀ ਨੀਂਦ ਤਾਂ ਤੂੰ ਆਪਣੀ ਗੱਲ ਆਖ ਕੇ ਭਜਾ ਦਿੱਤੀ ਹੈ।"

"ਕਮਲਾ ਨਾ ਬਣ, ਚੱਲ.....।" ਉਹ ਮੈਨੂੰ ਬਾਹੋਂ ਫੜ੍ਹ ਕਮਰੇ 'ਚ ਲੈ ਗਈ ।

"ਨੂਰੀ ਮੈਂ ਤੇਰੇ ਬਿਨ੍ਹਾਂ ਨਹੀਂ ਰਹਿ ਸਕਦਾ.........ਮੇਰੇ ਵਿਆਹ ਬਾਰੇ ਨਾ ਸੋਚੀਂ, ਮੈਂ ਤਾਂ ਤੇਰੇ ਕੋਲ ਹੀ ਰਹਿਣਾ ਚਾਹੁੰਨਾ ਉਮਰ ਭਰ।"

"ਨਹੀਂ........ਵੇ ਕਮਲਿਆ.........ਮੈਂ ਸਾਰੀ ਉਮਰ ਇਹ ਦਾਗ਼ ਨਹੀਂ ਲਵਾ ਸਕਦੀ.........ਜੇ ਤੈਨੂੰ ਪਿਆਰ ਕਰਦੀ ਹਾਂ.......ਤਾਂ ਹੀ ਤੇਰੇ ਬਾਰੇ ਇੰਨਾ ਸੋਚਦੀ ਹਾਂ.......ਮੈਂ ਚਾਹੁੰਨੀ ਹਾਂ ਤੂੰ ਵਿਆਹ ਕਰਵਾਏਂ, ਬੱਚੇ ਜੰਮੇਂ.....ਮੈਨੂੰ ਲੱਗੇ ਜਿਵੇਂ ਮੇਰਾ ਹੀ ਪਿਆਰ ਵੱਧ ਫੁੱਲ ਰਿਹਾ ਹੈ........ਮੇਰੀਆਂ ਦੁਆਵਾਂ ਸਾਰੀ ਉਮਰ ਤੇਰੇ ਕੋਲ ਰਹਿਣਗੀਆਂ।" ਉਹ ਕਿੰਨਾਂ ਚਿਰ ਬੋਲਦੀ ਰਹੀ ਸੀ ਪਰ ਮੈਨੂੰ ਛੇਤੀ ਨੀਂਦ ਨੇ ਆ ਘੇਰਿਆ ਸੀ।

ਅਗਲੇ ਸਵੇਰ ਉਠਦਿਆਂ ਹੀ ਅਸੀਂ ਮੇਲੇ ਦੀ ਤਿਆਰੀ 'ਚ ਰੁੱਝ ਗਏ। ਮੇਲੇ 'ਤੇ ਸਾਡੇ ਸਾਰੇ ਕੁਨਬੇ ਦਾ ਬਹੁਤ ਇਕੱਠ ਹੁੰਦਾ ਸੀ। ਉਥੇ ਬਾਬੇ ਦੀ ਸਮਾਧ ਸੀ, ਜਿੱਥੇ ਸਾਰਾ ਕੁਨਬਾ ਮੱਥਾ ਟੇਕਦਾ ਸੀ। ਬੀਬੀ ਪਾਸ਼ੀ ਦੱਸਦੀ ਹੁੰਦੀ ਸੀ ਕਿ ਇਥੇ ਇਕ ਵਾਰ ਇਕ ਖੁਸਰੇ ਦੇ ਬੱਚਾ ਪੈਦਾ ਹੋ ਗਿਆ ਸੀ। ਬੱਸ ਉਸ ਤੋਂ ਬਾਅਦ ਸਾਡੇ ਸਾਰੇ ਕੁਨਬੇ ਵਾਲਿਆਂ 'ਚ ਮਾਨਤਾ ਹੋ ਗਈ। ਹੁਣ ਇਥੇ ਸਾਲ 'ਚ ਦੋ ਵਾਰ ਮੇਲਾ ਜੁੜਦਾ ਹੈ। ਸਭ ਮੇਲੇ 'ਤੇ ਧੂਮ-ਧੜੱਕੇ ਨਾਲ ਪਹੁੰਚਦੇ। ਢੋਲਕੀਆਂ ਛੈਣੇ ਵਜਾਉਂਦੇ, ਗਾਉਂਦੇ, ਨੱਚਦੇ-ਟੱਪਦੇ ਆਉਂਦੇ। ਬਾਬੇ ਦੀ ਉਸਤਤ 'ਚ ਗੀਤ

ਗਾਉਂਦੇ ਤੇ ਤੀਜੇ ਦਿਨ ਅੰਤਿਮ ਦਿਨ, ਸਾਰੇ ਪਾਸੇ ਉਦਾਸੀ ਫੈਲ ਜਾਂਦੀ। ਸਭ ਰੋਣਹਾਕੇ ਹੋਏ ਬਾਬੇ ਅੱਗੇ ਝੋਲੀਆਂ ਅੱਡ, ਦੁਆਵਾਂ ਕਰਦੇ ਬਾਬਾ ਸਾਨੂੰ ਮੁੜ ਇਹੀ ਜੂਨੀ ਨਾ ਪਾਵੀਂ। ਇਹ ਉਦਾਸੀ ਕਿੰਨੇ ਕਿੰਨੇ ਦਿਨ ਮਨਾਂ 'ਚ ਉਕਰੀ ਰਹਿੰਦੀ ਸੀ।

ਮੇਲੇ 'ਚੋਂ ਹੀ ਦੇਬੀ ਅੰਮਾ ਸਾਡੇ ਨਾਲ ਕਾਰ 'ਚ ਬੈਠ ਕੇ ਆ ਗਈ ਸੀ। ਉਸ ਨੂਰੀ ਨਾਲ ਮਿਲ ਕੇ ਮੈਨੂੰ ਕੁੜੀ ਵਿਖਾਉਣ ਦਾ ਮਨ ਬਣਾਇਆ ਹੋਇਆ ਸੀ। ਪੰਮੀ ਨੂੰ ਜਦੋਂ ਮੈਂ ਪਹਿਲੀ ਵਾਰ ਵੇਖਿਆ ਤਾਂ ਮੈਨੂੰ ਉਹ ਨੂਰੀ ਦੇ ਮੁਕਾਬਲੇ ਕੁਝ ਵੀ ਨਾ ਲੱਗੀ। ਮੈਂ ਨੂਰੀ ਨੂੰ ਜੁਆਬ ਦੇ ਦਿੱਤਾ। ਪਰ ਨੂਰੀ ਨਾਂਹ ਸੁਣਨ ਲਈ ਰਾਜੀ ਹੀ ਨਹੀਂ ਸੀ। ਜਦੋਂ ਉਸ ਮੈਨੂੰ ਪੰਮੀ ਬਾਰੇ ਦੱਸਿਆ ਤਾਂ ਮੇਰਾ ਮਨ ਵੀ ਪਸੀਜ ਜਿਹਾ ਗਿਆ। ਪੰਮੀ ਨੂੰ ਵੀ ਬਿੰਦਰੀ ਮਹੰਤ ਨੇ ਪਾਲਿਆ-ਪੋਸਿਆ ਸੀ। ਉਸਨੂੰ ਆਪਣੀ ਧੀ ਬਣਾ ਪੜ੍ਹਾਇਆ-ਲਿਖਾਇਆ ਸੀ। ਤੇ ਹੁਣ ਉਹ ਨੂਰੀ ਦੀ ਜ਼ਿੱਦ ਕਾਰਨ ਹੀ ਪੰਮੀ ਦਾ ਵਿਆਹ ਮੇਰੇ ਨਾਲ ਕਰਨ ਲਈ ਰਾਜੀ ਹੋਏ ਸਨ।

"ਵੇਖ ਜੀਤੇ..........ਮੈਂ ਤਾਂ ਆਪਣਾ-ਆਪ ਗੁਆ ਚੁੱਕਾ ਹਾਂ.........ਤੂੰ ਤਾਂ ਜ਼ਿੰਦਗੀ ਜਿਉਂ....ਮੇਰਾ ਵੀਰ ਏਂ ਤਾਂ ਸਾਡੀ ਮੰਨ..।" ਰਾਜੀ ਵੀ ਰੋਣ ਲੱਗ ਪਿਆ ਸੀ।

"ਹਾਂ ਵੇ ਅੜਿਆ......ਸਾਨੂੰ ਵੀ ਲੱਗੇਗਾ ਸਾਡਾ ਕਿਤੇ ਪਰਿਵਾਰ ਏ।" ਚੰਦੋ ਨੇ ਵੀ ਉਸਦੀ ਹਾਮੀ ਭਰੀ ਸੀ।

ਫਿਰ ਮੈਨੂੰ ਵੀ ਉਨ੍ਹਾਂ ਦੀ ਹਾਂ 'ਚ ਹਾਂ ਮਿਲਾਉਣੀ ਪਈ। ਸਭ ਨੇ ਬੜ੍ਹੇ ਚਾਵਾਂ ਨਾਲ ਸਾਡਾ ਵਿਆਹ ਕੀਤਾ। ਮੈਨੂੰ ਮਕਾਨ ਪਾ ਕੇ ਦਿੱਤਾ। ਪੰਮੀ ਨੂੰ ਸੋਨੇ ਨਾਲ ਲੱਦ ਦਿੱਤਾ। ਪੰਮੀ ਦੋ-ਤਿੰਨ ਦਿਨਾਂ 'ਚ ਹੀ ਮੇਰੇ ਨਾਲ ਰਚ-ਮਿੱਚ ਗਈ। ਉਸਨੇ ਦੱਸਿਆ ਕਿ ਮੈਨੂੰ ਮੇਰੇ ਮਾਪੇ ਦੋ ਦਿਨਾਂ ਦੀ ਨੂੰ ਸੜਕ 'ਤੇ ਸੁੱਟ ਕੇ ਚਲੇ ਗਏ ਸਨ। ਬਿੰਦਰੀ ਅੰਮਾ ਨੇ ਮੈਨੂੰ ਆਪਣੀਆਂ ਧੀਆਂ ਵਾਂਗ ਪਾਲਿਆ ਸੀ। ਪੰਮੀ ਦੇ ਨਿੱਘ 'ਚ ਮੈਂ ਨੂਰੀ ਨੂੰ ਬਹੁਤ ਭੁੱਲਣ ਦੀ ਕੋਸ਼ਿਸ਼ ਕੀਤੀ ਪਰ ਫਿਰ ਵੀ ਉਹ ਮੇਰੇ ਮਨ 'ਤੇ ਛਾਈ ਰਹੀ ਸੀ।

"ਐਂ ਕਰ.....ਹੁਣ ਸਾਡੇ ਵੱਲ ਮੁੜ ਕੇ ਨਾ ਵੇਖੀਂ।" ਉਸ ਦੇ ਕਹੇ ਅਖੀਰੀ ਬੋਲ ਮੈਨੂੰ ਅੱਜ ਵੀ ਵਲੂੰਧਰ ਜਾਂਦੇ ਹਨ।



# ਕੰਨ 'ਚ ਪਾਇਆ ਬੂੰਦਾ

## ਰਸ਼ੀਦ ਅੱਬਾਸ

ਚਾਚੇ ਬੂੰਦੂ ਨੂੰ ਗੱਲ ਕਰਦੇ ਸਮੇਂ ਤਾੜੀ ਮਾਰਨ ਦੀ ਆਦਤ ਸੀ। ਗੁੱਸੇ ਵਿੱਚ ਹੁੰਦਾ ਤਾਂ ਉਸਦੀ ਤਾੜੀ ਵਿਚਲਾ ਖੜਾਕ ਸਾਰੇ ਘਰ ਵਿੱਚ ਗੂੰਜਣ ਲੱਗ ਪੈਂਦਾ। ਖੁਸ਼ ਹੁੰਦਾ ਤਾਂ ਉਸ ਦੀ ਤਾੜੀ ' ਚੋਂ ਹਾਸੇ ਦੀ ਟੁਣਕਾਰ ਸੁਣਾਈ ਦਿੰਦੀ। ਪਰ ਉਸਦੀ ਤਾੜੀ ਵਿਚਲੀ ਟੁਣਕਾਰ ਕਦੋਂ ਖੜਾਕ ਬਣ ਜਾਵੇ ਕੋਈ ਨਹੀਂ ਸੀ ਜਾਣਦਾ। ਮੈਨੂੰ ਖ਼ੁਦ ਵੀ ਸਮਝ ਨਹੀਂ ਸੀ ਪਈ ਕਿ ਉਸਦਾ ਸੁਭਾਅ ਇੰਝ ਪਲ ਵਿੱਚ ਤੋਲਾ ਤੇ ਪਲ ਵਿੱਚ ਮਾਸ਼ਾ ਕਿਉਂ ਹੋ ਜਾਂਦਾ ਸੀ ਪਰ ਸੱਤ ਸਾਲ ਦੀ ਉਮਰ ਵਿੱਚ ਇੰਨੀ ਸਮਝ ਆ ਵੀ ਕਿਵੇਂ ਸਕਦੀ ਸੀ।

ਜਿਸ ਦਿਨ ਚਾਚੇ ਨੇ ਗੁੱਸੇ ਵਿੱਚ ਤਾੜੀਆਂ ਮਾਰ-ਮਾਰ ਘਰ ਸਿਰ 'ਤੇ ਚੁੱਕਿਆ ਹੁੰਦਾ ਉਹ ਮੈਨੂੰ ਬਹੁਤ ਬੁਰਾ ਲੱਗਦਾ। ਕਈ ਕਈ ਦਿਨ ਮੈਂ ਉਸ ਤੋਂ ਕਟਿਆ ਕਟਿਆ ਰਹਿੰਦਾ। ਜੇ ਉਹ ਬੁਲਾਉਂਦਾ ਵੀ ਤਾਂ ਮੈਂ ਉਸਦੇ ਨੇੜੇ ਨਾ ਜਾਂਦਾ। ਗੁੱਸੇ ਵਿੱਚ ਕਹੀ ਉਸ ਦੀ ਇਕ-ਇਕ ਗੱਲ ਦਿਲ ਵਿੱਚ ਕਟਾਰ ਵਾਂਗ ਚੁਭਦੀ ਰਹਿੰਦੀ। ਇਕ ਵਾਰ ਗੁੱਸੇ ਵਿੱਚ ਉਸਦੇ ਡੈਡੀ ਨੂੰ ਕਿਹਾ ਇਕ ਵਾਕ ਕਈ ਦਿਨ ਕੰਨਾਂ ਦੇ ਨਾਲ-ਨਾਲ ਜ਼ਿਹਨ ਵਿੱਚ ਵੀ ਗੂੰਜਦਾ ਰਿਹਾ ਸੀ:

"ਸਿਰਫ ਜਵਾਕ ਜੰਮਣਾ ਮਰਦਾਨਗੀ ਨੀ ਹੁੰਦੀ ਸ਼ਿੰਦਿਆ...।"

ਪਰ ਜਦੋਂ ਚਾਚਾ ਬੂੰਦੂ ਖੁਸ਼ ਹੁੰਦਾ ਤਾਂ ਬਿਨਾਂ ਗੱਲੋਂ ਪੈਸਿਆਂ ਦਾ ਮੀਂਹ ਵਰ੍ਹਾਉਂਦਾ ਰਹਿੰਦਾ। ਮਿੰਟ-ਮਿੰਟ ਬਾਅਦ ਖੀਸੇ ਵਿੱਚ ਹੱਥ ਪਾ ਕੇ ਸਾਰੇ ਜਵਾਕਾਂ ਨੂੰ ਪੰਜ-ਪੰਜ ਦਾ ਨੋਟ ਦੇ ਛੱਡਦਾ। ਉਸ ਵੇਲੇ ਉਹ ਦੁਨੀਆਂ ਦਾ ਸਭ ਤੋਂ ਚੰਗਾ ਆਦਮੀ ਜਾਪਦਾ। ਜੀਅ ਕਰਦਾ ਕਿ ਉਹ ਹਮੇਸ਼ਾ ਲਈ ਸਾਡੇ ਨਾਲ ਰਹੇ। ਸਾਡਾ ਆਪਣਾ ਬਣਕੇ!

ਹਾਂ! ਚਾਚਾ ਬੂੰਦੂ ਸਾਡਾ ਆਪਣਾ ਨਹੀਂ ਸੀ। ਮੇਰੇ ਡੈਡੀ ਦਾ ਦੋਸਤ ਸੀ ਬਚਪਨ ਦਾ। ਬਹੁਤ ਪਿਆਰਾ। ਬੇਬੇ ਦੱਸਦੀ ਹੁੰਦੀ ਸੀ ਪਈ ਡੈਡੀ ਨੇ ਉਸ ਦਾ ਕੀਤਾ ਵੀ ਬਹੁਤ ਸੀ। ਬਚਪਨ ਵਿੱਚ ਜਦੋਂ ਖੇਡ-ਖੇਡ 'ਚ ਸਾਥੀਆਂ ਨੇ ਕੋਈ ਰੜਕਵੀਂ ਗੱਲ ਚਾਚੇ ਨੂੰ ਕਹਿਣੀ ਤਾਂ ਡੈਡੀ ਉਨ੍ਹਾਂ ਨਾਲ ਲੜਨ ਲਈ ਤਿਆਰ ਹੋ ਜਾਂਦਾ ਪਰ ਚਾਚੇ ਨੇ ਉਸ ਨੂੰ ਸਮਝਾਉਣਾ:

"ਰਹਿਣ ਦੇ ਸ਼ਿੰਦਿਆ...ਮਰਦ ਨੀ ਹੁੰਦੇ ਅਜਿਹੀਆਂ ਗੱਲਾਂ ਕਰਨ ਆਲੇ...ਨਾਲੇ ਗੁੱਸੇ ਵਿੱਚ ਮੂਰਖ ਬਣਨਾ ਵੀ ਮਰਦ ਦੀ ਨਿਸ਼ਾਨੀ ਨਹੀਂ...।"

ਪਰ ਫੇਰ ਚਾਚਾ ਆਪ ਹੀ ਬਹੁਤ ਗੁੱਸੇ ਵਿੱਚ ਆਉਣ ਲੱਗ ਪਿਆ ਸੀ। ਉਸ ਦੇ ਗੁੱਸੇ ਤੋਂ ਕਦੇ-ਕਦੇ ਤਾਂ ਮੰਮੀ ਵੀ ਖਿਝ ਜਾਂਦੀ:

"ਤੂੰ ਕਿਵੇਂ ਝੱਲਦੈਂ ਇਸ ਦੀਆਂ ਚੁਭਵੀਆਂ ਗੱਲਾਂ ਸ਼ਿੰਦਿਆ...।"

"ਬਸ ਜੀਤੋ...ਬੇਲੀ ਐ ਮੇਰਾ...।"

"ਪਰ ਬੋਲਦਾ ਤਾਂ ਦੇਖ ਕਿਵੇਂ ਹੁੰਦੈ...ਕੜ ਪਾਟ ਜਾਂਦੈ ਇਹਦੀਆਂ ਗੱਲਾਂ

ਸੁਣਕੇ...।”

“ਬਸ ਇਹਨੂੰ ਰੋਸੈ...ਰੱਬ ਨਾਲ...ਸਮਾਜ ਨਾਲ...ਆਪਣੇ ਆਪ ਨਾਲ...ਤੈਨੂੰ ਪਤਾ ਈ ਐ...ਰੋਸਾ ਤਾਂ ਹੋ ਹੀ ਜਾਂਦੈ...।”

“ਹਾਂ...ਗੱਲ ਤਾਂ ਇਹ ਵੀ ਠੀਕ ਐ।”

ਰੋਸਾ ਤਾਂ ਸਾਡੇ ਨਾਲ ਚਾਚੇ ਬੂੰਦੂ ਦੇ ਭਰਾ ਨੂੰ ਵੀ ਸੀ। ਉਸਨੂੰ ਚਾਚੇ ਦਾ ਸਾਡੇ ਘਰ ਆਉਣਾ ਬਿਲਕੁਲ ਵੀ ਪਸੰਦ ਨਹੀਂ ਸੀ। ਉਸ ਨੂੰ ਲੱਗਦਾ ਸੀ ਕਿ ਅਸੀਂ ਚਾਚੇ ਬੂੰਦੂ ਨੂੰ ਭਲੋ ਕੇ ਉਸ ਤੋਂ ਪੈਸੇ ਲੈਂਦੇ ਹਾਂ। ਇਹ ਠੀਕ ਐ ਕਿ ਹੱਥ ਤੰਗ ਹੋਣ ਵੇਲੇ ਡੈਡੀ ਚਾਚੇ ਨਾਲ ਹੀ ਬੁੱਕਲ ਸਾਂਝੀ ਕਰਦਾ। ਉਸੇ ਤੋਂ ਪੈਸੇ ਉਧਾਰ ਫੜਦਾ ਪਰ ਇਸ ਪਿੱਛੇ ਕਦੇ ਕੋਈ ਚਾਲ ਜਾਂ ਮੰਦ ਭਾਵਨਾ ਨਹੀਂ ਸੀ ਹੁੰਦੀ। ਚਾਚਾ ਵੀ ਪੈਸਿਆਂ ਲਈ ਡੈਡੀ ਨੂੰ ਕਦੇ ਜਵਾਬ ਨਾ ਦਿੰਦਾ। ਪਰ ਜਦੋਂ ਸਮੇਂ ਸਿਰ ਉਧਾਰ ਵਾਪਿਸ ਨਾ ਹੋਣ ਕਾਰਨ ਚਾਚੇ ਨੂੰ ਚੜ੍ਹੀਆਂ ਹੁੰਦੀਆਂ ਤਾਂ ਉਹ ਦਿੱਤੇ ਪੈਸਿਆਂ ਦਾ ਮਿਹਣਾ ਮਾਰਨੋਂ ਵੀ ਨਾ ਝਕਦਾ। ਬਹੁਤ ਕੌੜਾ ਬੋਲਦਾ। ਗਾਲ੍ਹਾਂ ਵੀ ਕੱਢ ਦਿੰਦਾ ਡੈਡੀ ਨੂੰ, ਪਰ ਪਤਾ ਨਹੀ ਕਿਉਂ ਪੈਸੇ ਮੰਗਣ ’ਤੇ ਹਰ ਵਾਰ ਇਹ ਕਹਿ ਕੇ ਪੈਸੇ ਦੇ ਹੀ ਦਿੰਦਾ:

“ਲੋੜਵੰਦ ਦੀ ਮਦਦ ਕਰਨਾ ਹੀ ਮਰਦ ਦਾ ਪਹਿਲਾ ਧਰਮ ਐ...।”

ਪੈਸਾ ਚਾਚੇ ਨੇ ਕਰਨਾ ਵੀ ਕੀ ਸੀ। ਨਾ ਕੋਈ ਧੀ ਨਾ ਪੁੱਤ। ਹਾਂ ਆਪਣੇ ਭਰਾ ਦੇ ਧੀ-ਪੁੱਤ ਨੂੰ ਜ਼ਰੂਰ ਉਹ ਪੜ੍ਹਾ ਰਿਹਾ ਸੀ ਅੰਤਾਂ ਦਾ ਪੈਸਾ ਖ਼ਰਚ  ਕੇ। ਉਸਨੂੰ ਕੋਠੀ ਵੀ ਵਧੀਆ ਬਣਵਾ ਦਿੱਤੀ ਸੀ। ਇਕ ਵੀ ਕੋਠੀ ਨਹੀਂ ਸੀ ਪਿੰਡ ਵਿੱਚ ਉਸਦੀ ਕੋਠੀ ਵਰਗੀ। ਕੋਠੀ ਹੀ ਨਹੀਂ ਸੀ ਬਣਵਾ ਕੇ ਦਿੱਤੀ ਸਗੋਂ ਕਾਫ਼ੀ ਜ਼ਮੀਨ ਵੀ ਖ਼ਰੀਦ ਦਿੱਤੀ ਸੀ ਚਾਚੇ ਨੇ ਆਪਣੇ ਭਰਾ ਨੂੰ। ਅੱਜ ਪਿੰਡ ਦੇ ਜ਼ਿਮੀਦਾਰਾਂ ਨਾਲੋਂ ਵੱਧ ਜ਼ਮੀਨ ਸੀ ਉਸ ਕੋਲ। ਜੇ ਕਦੇ ਚਾਚੇ ਦੇ ਸਾਥੀਆਂ ਨੇ ਉਸ ਨੂੰ ਪੈਸਾ ਸਾਂਭਣ ਦੀ ਸਲਾਹ ਦੇਣੀ ਤਾਂ ਉਸ ਦਾ ਇਕੋ ਜਵਾਬ ਹੁੰਦਾ:

“ਪੈਸੇ ਦਾ ਪੁੱਤ ਅਸਲੀ ਮਰਦ ਨਹੀਂ ਹੁੰਦਾ...।”

ਇਹ ਸਭ ਚਾਚੇ ਬੂੰਦੂ ਦਾ ਹੀ ਭਾਗ ਪ੍ਰਤਾਪ ਸੀ ਕਿ ਕਈ ਜੱਟ ਵੀ ਉਸ ਦੇ ਭਰਾ ਦੇ ਕਰਜ਼ਈ ਸਨ। ਇਕ ਉਹ ਸਮਾਂ ਸੀ ਜਦੋਂ ਅੰਤਾਂ ਦੀ ਗ਼ਰੀਬੀ ਹੁੰਦੀ ਸੀ ਉਨ੍ਹਾਂ ਦੇ ਘਰ। ਬੇਬੇ ਦੇ ਆਖਣ ਮੁਜਬ ਚਾਚੇ ਦੇ ਮਾਂ-ਬਾਪ ਲੋਕਾਂ ਦੇ ਘਰ ਭਾਂਡੇ ਧੋਇਆ ਕਰਦੇ ਸਨ ਸ਼ਾਦੀ-ਵਿਆਹ ਦੇ ਮੌਕੇ। ਉਸਦਾ ਤਾਇਆ ਟੁਣਕੀ ਪਿੰਡ ਵਿੱਚ ਡਫਲੀ ਵਜਾਉਣ ਤੁਰਿਆ ਰਹਿੰਦਾ। ਜਣੇ-ਖਣੇ ਤੋਂ ਆਪਣੇ ਨਸ਼ੇ-ਪੱਤੇ ਲਈ ਪੈਸੇ ਮੰਗਦਾ ਫਿਰਦਾ। ਆਪਣੀ ਡਫਲੀ ਉੱਪਰ ਉਸਨੇ ਵੱਡੇ-ਵੱਡੇ ਅੱਖਰਾਂ ਵਿੱਚ ‘ਟੁਣਕੀ ਮਹਿਰਾ’ ਲਿਖਵਾ ਰੱਖਿਆ ਸੀ ਇਸ ਗੱਲ ਦਾ ਚਾਚੇ ਦੇ ਬਾਪ ਨੂੰ ਬਹੁਤ ਦੁਖ ਸੀ। ਪਰ ਚਾਚੇ ਨੂੰ ਖਿਝ ਆਉਂਦੀ ਸੀ ਜਣੇ-ਖਣੇ ਤੋਂ ਪੈਸੇ ਮੰਗਣ ਵਾਲੀ ਉਸ ਦੀ ਆਦਤ ’ਤੇ। ਆਪਣੇ ਬਾਪ ਨੂੰ ਵੀ ਉਸਨੇ ਕਈ ਵਾਰ ਕਿਹਾ ਤਾਏ ਨੂੰ  ਸਮਝਾਉਣ ਲਈ ਪਰ ਟੁਣਕੀ ਨੇ ਕਦੇ ਉਹਨਾਂ ਦੀ ਪਰਵਾਹ ਨਾ ਕੀਤੀ। ਉਹ ਤਾਂ ਪਿੰਡ ਦੇ ਹਰ ਬੰਦੇ ਅੱਗੇ ਨਸ਼ੇ ਦੀ ਤੋਟ ਦਾ ਰੋਣਾ ਰੋਂਦਾ ਰਹਿੰਦਾ। ਇਕ ਦਿਨ ਤਾਂ ਦਰਵਾਜੇ ਬੈਠੇ ਆਪਣੇ ਤਾਏ ਨੂੰ ਚਾਚੇ ਨੇ ਸਭ ਦੇ ਸਾਹਮਣੇ ਕਹਿ ਹੀ ਦਿੱਤਾ:



“ਮਰਦ ਰੀਂ-ਰੀਂ ਕਰਦਾ ਚੰਗਾ ਨੀ ਲਗਦਾ ਤਾਇਆ...ਇਸ ਤੋਂ ਚੰਗੈ ਕਿਤੇ ਡੁੱਬ ਕੇ ਮਰਜੇ...।”

ਤਾਏ ਟੁਣਕੀ ਨੂੰ ਬੂੰਦੂ ਉਦੋਂ ਵਿਹੁ ਵਰਗਾ ਲੱਗਿਆ। ਉਸਨੇ ਬੂੰਦੂ ਨੂੰ ਕਦੇ ਵੀ ਨਾ ਬੁਲਾਉਣ ਦਾ ਫ਼ੈਸਲਾ ਕਰ ਲਿਆ। ਹਾਂ ਗੁਣਗੁਣੀ ਆਵਾਜ਼ ’ਚ ਇੰਨਾ ਜ਼ਰੂਰ ਉਸਨੇ ਕਹਿ ਦਿੱਤਾ ਸੀ:

“ਐਨਾ ਨੀ ਬੋਲੀ ਦਾ ਪੁੱਤ...ਕੀ ਪਤਾ ਕੱਲ੍ਹ ਨੂੰ ਤੈਨੂੰ ਵੀ ਦਰ ਦਰ ਮੰਗਣਾ ਪੈ ਜਾਵੇ...।”

ਪਰ ਚਾਚੇ ਨੂੰ ਆਪਣੀਆਂ ਬਾਹਵਾਂ ਦੇ ਜ਼ੋਰ ’ਤੇ ਮਾਣ ਸੀ। ਉਹ ਹਰ ਤਰ੍ਹਾਂ ਦੀ ਮਿਹਨਤ ਮਜ਼ਦੂਰੀ ਕਰਨ ਲਈ ਤਿਆਰ ਸੀ। ਆਪਣੇ ਭਰਾ ਨਾਲ ਦਿਹਾੜੀ ਜਾਣ ਵਿੱਚ ਵੀ ਰਤਾ ਸ਼ਰਮ ਮਹਿਸੂਸ ਨਹੀਂ ਸੀ ਕਰਦਾ। ਪਰ ਉਸਦੇ ਮਾਂ-ਬਾਪ ਉਸਨੂੰ ਘਰੋਂ ਬਹੁਤਾ ਬਾਹਰ ਨਾ ਜਾਣ ਦਿੰਦੇ। ਪਿਆਰ ਨਾਲ ਪੁਚਕਾਰ ਕੇ ਉਸਨੂੰ ਘਰ ਦੇ ਕੰਮਾਂ ਵਿੱਚ ਲਗਾਈ ਰੱਖਦੇ। ਜਦੋਂ ਕਦੇ ਦਿਹਾੜੀ-ਜੋਤਾ ਜਾਣ ਲਈ ਉਹ ਜ਼ਿੱਦ ਕਰਦਾ ਤਾਂ ਦੋਵਾਂ ਜੀਆਂ ਨੇ ਇੱਕੋ ਗੱਲ ਆਖਣੀ:

“ਸਾਰੀ ਜ਼ਿੰਦਗੀ ਦਿਹਾੜੀ ਜੋਤਾ ਈ ਕਰਨੈ...ਅਜੇ ਉਮਰ ਹੀ ਕੀ ਐ...ਤੂੰ ਪੜ੍ਹਾਈ ਵੱਲ ਧਿਆਨ ਦੇ...।”

ਪਰ ਅਸਲ ਗੱਲ ਕੁੱਝ ਹੋਰ ਸੀ। ਬੇਬੇ ਦੱਸਦੀ ਹੁੰਦੀ ਸੀ, “ਬੂੰਦੂ ਸੋਹਣਾ ਬਾਹਲਾ ਸੀ...ਨੱਚ ਵੀ ਸੋਹਣਾ ਲੈਂਦਾ ਸੀ...ਦੋਹਾਂ ਜੀਆਂ ਨੂੰ ਇਕ ਨਾ ਹੋਇਆ ਡਰ ਸਤਾਉਂਦਾ ਰਹਿੰਦਾ ਅਖੇ ਕੋਈ ਨਚਾਰ ਹੀ ਨਾ ਉਂਗਲ ਲਾ ਕੇ ਲੈ ਜਾਵੇ...ਬੰਸੋਂ, ਉਸਦੀ ਮਾਂ, ਤਾਂ ਉਸਨੂੰ ਹਾਣ ਦੇ ਮੁੰਡਿਆਂ ਨਾਲ ਵੀ ਖੇਡਣ ਤੋਂ ਵਰਜਦੀ ਰਹਿੰਦੀ ਅਖੇ ਜਮਾਨਾ ਖਰਾਬ ਐ...ਬਸ ਮੇਰੇ ਸ਼ਿੰਦੇ ਨਾਲ ਹੀ ਖੇਡ ਸਕਦਾ ਸੀ ਉਹ...”

ਸ਼ਾਇਦ ਇਸੇ ਕਰਕੇ ਉਸ ਦਾ ਡੈਡੀ ਨਾਲ ਅੰਤਾਂ ਦਾ ਮੋਹ ਸੀ। ਫਿਰ  ਇਕ ਸਮਾਂ ਅਜਿਹਾ ਆਇਆ ਜਦੋਂ ਚਾਚਾ ਬੂੰਦੂ ਡੈਡੀ ਨਾਲ ਖੇਡਣੋਂ ਵੀ ਹਟ ਗਿਆ। ਚਾਰ-ਪੰਜ ਸਾਲ ਕਿਸੇ ਨੂੰ ਪਤਾ ਹੀ ਨਾ ਲੱਗਾ ਕਿ ਬੂੰਦੂ ਕਿੱਥੇ ਰਹਿੰਦੈ। ਪੜ੍ਹਾਈ ਵੀ ਵਿਚਾਲੇ ਹੀ ਛੱਡ ਦਿੱਤੀ। ਮਹੀਨੇ-ਡੇਢ ਮਹੀਨੇ ਬਾਅਦ ਪਿੰਡ ਗੇੜਾ ਮਾਰਦਾ। ਜਦੋਂ ਪਿੰਡ ਆਉਂਦਾ ਤਾਂ ਉਸਦੀ ਟੌਹਰ ਵੇਖਣ ਵਾਲੀ ਹੁੰਦੀ। ਅੱਖਾਂ ਵਿੱਚ ਕੱਜਲ ਪਾਇਆ ਹੋਣਾ। ਵਾਲ ਫ਼ਿਲਮੀ ਐਕਟਰਾਂ ਵਾਂਗ ਸੰਵਾਰੇ ਹੋਣੇ। ਕਦੇ-ਕਦੇ ਤਾਂ ਦੰਦਾਸਾ ਵੀ ਮਲਿਆ ਹੋਣਾ। ਮਾਡਲਾਂ ਵਾਂਗ ਤੁਰਦਾ। ਲੋਕ ਉਸਨੂੰ ਖੜ੍ਹ-ਖੜ੍ਹ ਵੇਖਦੇ। ਉਸ ਬਾਰੇ ਗੱਲਾਂ ਕਰਦੇ। ਕੋਈ ਕਹਿੰਦਾ ਸ਼ਹਿਰ ਦੀ ਹਵਾ ਲੱਗ ਗਈ ਏ। ਕੋਈ ਕਹਿੰਦਾ ਜਵਾਨੀ ਦਾ ਅਸਰ ਐ। ਕੋਈ ਕੁੱਝ ਕੋਈ ਕੁਝ। ਹਰ ਕੋਈ ਆਪਣੇ ਮਨ ਦੀ ਭੜਾਸ ਕੱਢਦਾ।

ਪਰ ਸ਼ਹਿਰੋਂ ਆਇਆ ਚਾਚਾ ਉਨ੍ਹਾਂ ਦੀ ਕਿਸੇ ਵੀ ਗੱਲ ਵੱਲ ਧਿਆਨ ਨਹੀਂ ਸੀ ਦਿੰਦਾ। ਬਸ ਤਾੜੀ ਮਾਰਦਾ ਤੇ ਹੱਸ ਛੱਡਦਾ। ਚਾਚਾ ਜਦੋਂ ਵੀ ਪਿੰਡ ਆਉਂਦਾ ਡੈਡੀ ਨੂੰ ਜ਼ਰੂਰ ਮਿਲਦਾ। ਉਨ੍ਹੀ ਦਿਨੀਂ ਇਕ ਤਬਦੀਲੀ ਵੀ ਪਿੰਡ ਵਾਲਿਆਂ ਨੇ ਉਸ ਅੰਦਰ ਨੋਟ ਕੀਤੀ। ਇਹ ਤਬਦੀਲੀ ਸੀ ਉਸ ਦਾ ਬੇਬਾਕ ਹੋ ਕੇ ਅਸ਼ਲੀਲ ਗੱਲਾਂ ਕਰਨਾ। ਇੰਝ ਲਗਦਾ ਸੀ ਜਿਵੇਂ ਇਹ ਸਭ ਕੁੱਝ ਉਸ ਦੇ ਸੁਭਾਅ ਦਾ ਹਿੱਸਾ ਬਣ

ਚੁੱਕਿਆ ਹੋਵੇ।

ਫਿਰ ਚਾਚੇ ਦਾ ਪਿੰਡ ਆਉਣਾ ਤਕਰੀਬਨ ਬੰਦ ਹੀ ਹੋ ਗਿਆ। ਉਹ ਸ਼ਹਿਰ ਆਪਣੇ ਘਰ ਹੀ ਰਹਿੰਦਾ। ਆਪਣੇ 'ਜੀਆਂ' ਨਾਲ। ਕੁੱਝ ਸਾਲਾਂ ਵਿੱਚ ਹੀ ਉਸ ਨੇ ਪਿੰਡ ਵਾਲੇ ਘਰ ਦਾ ਨਕਸ਼ਾ ਬਿਲਕੁਲ ਬਦਲ ਦਿੱਤਾ। ਲੋਕਾਂ ਦੇ ਵਿਆਹਾਂ ਵਿੱਚ ਭਾਂਡੇ ਮਾਂਜਣ ਵਾਲਿਆਂ ਦੇ ਘਰ ਨਵੇਂ-ਨਵੇਂ ਭਾਂਡਿਆਂ ਦਾ ਕੋਈ ਤੋੜਾ ਨਾ ਰਿਹਾ। ਪੈਸਾ ਧੇਲਾ ਆਮ ਹੋ ਗਿਆ। ਪਰ ਅਫ਼ਸੋਸ ਕਿ ਉਸਦੇ ਮਾਂ-ਬਾਪ ਆਰਾਮ ਭਰੀ ਇਸ ਜ਼ਿੰਦਗੀ ਦਾ ਆਨੰਦ ਬਹੁਤਾ ਚਿਰ ਨਾ ਮਾਣ ਸਕੇ। ਚਾਚੇ ਦੇ ਮਨ ਅੰਦਰ ਉਨ੍ਹਾਂ ਪ੍ਰਤੀ ਬੈਠੇ ਰੋਸੇ ਨੇ ਉਨ੍ਹਾਂ ਨੂੰ ਝੋਰਾ ਲਾ ਦਿੱਤਾ। ਇਸੇ ਝੋਰੇ ਨੇ ਪਹਿਲਾਂ ਉਸਦੀ ਮਾਂ ਤੇ ਫਿਰ ਬਾਪ ਦੀ ਜਾਨ ਲੈ ਲਈ। ਦੋਹਾਂ ਜੀਆਂ ਦੇ ਮਨ ਅੰਦਰ ਹਉਕਾ ਉਦੋਂ ਬੈਠਿਆ ਜਦੋਂ ਪਿੰਡ ਮਿਲਣ ਆਏ ਬੂੰਦੂ ਨੇ ਇਕ ਦਿਨ ਆਪਣਾ ਮਨ ਫਰੋਲਿਆ ਤੇ ਆਪਣੇ ਖੱਬੇ ਕੰਨ ਵਿੱਚ ਪਾਇਆ ਬੂੰਦਾ ਹਮੇਸ਼ਾ ਲਈ ਲਾਹ ਕੇ ਵਗਾਹ ਮਾਰਿਆ:

"ਥੋਡੇ ਹਲਾਤਾਂ ਕਾਰਨ ਮੈਨੂੰ ਆਪਣਾ ਘਰ ਭਾਲਣਾ ਪਿਐ...ਨਹੀਂ ਕਿਸਦਾ ਜੀਅ ਕਰਦੈ ਇੰਝ ਆਪਣਿਆਂ ਤੋਂ ਦੂਰ ਹੋਣ ਲਈ...ਤੁਹਾਡੇ ਪਾਏ ਏਸ ਬੂੰਦੇ ਨੇ ਮੈਨੂੰ ਦਰ-ਦਰ ਰੋਲਤਾ...ਪਤਾ ਨਹੀਂ ਕਿਹੜੀ ਘੜੀ ਸੀ ਜਦੋਂ ਇਹ ਬੂੰਦਾ ਮੇਰਾ ਨਸੀਬ ਬਣ ਗਿਆ...।"

ਬੇਬੇ ਦੀ ਦੱਸ ਮੁਤਾਬਿਕ ਵਿਆਹ ਤੋਂ ਦਸ ਸਾਲ ਬਾਅਦ ਤੱਕ ਚਾਚੇ ਬੂੰਦੂ ਦੇ ਮਾਂ-ਬਾਪ ਦੇ ਘਰ ਕੋਈ ਔਲਾਦ ਪੈਦਾ ਨਹੀਂ ਸੀ ਹੋਈ। ਉਨ੍ਹਾਂ ਦੋਵਾਂ ਜੀਆਂ ਨੇ ਸੁੱਖਣਾ ਸੁੱਖੀ ਕਿ ਜੇ ਰੱਬ ਉਨ੍ਹਾਂ ਨੂੰ ਜੀਅ ਦੇ ਦੇਵੇ ਤਾਂ ਉਹ ਕੰਨ ਵਿੱਚ ਬੂੰਦਾ ਪਾ ਕੇ ਉਸ ਨੂੰ ਬੂੰਦੂ ਬਣਾਉਣਗੇ। ਕੁੱਝ ਚਿਰ ਬਾਅਦ ਹੀ ਚਾਚਾ ਬੂੰਦੂ ਆਪਣੀ ਮਾਂ ਦੇ ਪਿੰਡੇ ਪੈ ਗਿਆ ਸੀ। ਜਨਮ ਹੋਣ 'ਤੇ ਸੁੱਖ ਮੁਤਾਬਿਕ ਪਿੰਡ 'ਚੋਂ ਮੰਗ-ਮੰਗ ਇਕੱਠੇ ਹੋਏ ਪੈਸਿਆਂ ਨਾਲ ਉਸ ਦੇ ਕੰਨ ਵਿੱਚ ਬੂੰਦਾ ਪਾ ਦਿੱਤਾ ਗਿਆ। ਉਹ ਅਜੇ ਪੰਦਰਾਂ ਮਹੀਨਿਆਂ ਦਾ ਹੀ ਸੀ ਜਦੋਂ ਉਸ ਦੇ ਛੋਟੇ ਭਰਾ ਦਾ ਜਨਮ ਹੋ ਗਿਆ। ਛੋਟੇ ਮੁੰਡੇ ਦੇ ਜਨਮ ਦੀ ਖੁਸ਼ੀ ਚਾਚੇ ਦੇ ਮਾਂ-ਬਾਪ ਨੇ ਚਾਚੇ ਤੋਂ ਵੀ ਵੱਧ ਕੇ ਮਨਾਈ ਸੀ। ਬੂੰਦੂ ਵੀ ਆਪਣੇ ਭਰਾ ਨੂੰ ਅੰਤਾਂ ਦਾ ਮੋਹ ਕਰਦਾ ਸੀ। ਹਰ ਵੇਲੇ ਉਸ ਨੂੰ ਮੋਢਿਆਂ 'ਤੇ ਚੁੱਕੀ ਫਿਰਦਾ ਰਹਿੰਦਾ। ਪੂਰੇ ਪਿੰਡ ਦਾ ਗੇੜਾ ਮਾਰ ਆਉਂਦਾ। ਹਰ ਕੰਮ ਵਿੱਚ ਖ਼ੁਦ ਨਾਲੋਂ ਉਸ ਨੂੰ ਪਹਿਲ ਦਿੰਦਾ।

ਪਰ ਸਮੇਂ ਦੇ ਗੇੜ ਨਾਲ ਚਾਚੇ ਬੂੰਦੂ ਨੇ ਆਪਣੇ ਭਰਾ ਨਾਲੋਂ ਜਿਵੇਂ ਨਾਤਾ ਹੀ ਤੋੜ ਲਿਆ। ਗੱਲ ਵੀ ਕੋਈ ਛੋਟੀ ਨਹੀਂ ਸੀ। ਚਾਚੇ ਨੇ ਭਰਾ ਦੀ ਔਲਾਦ ਨੂੰ ਆਪਣੀ ਜਾਨ ਨਾਲੋਂ ਵੱਧ ਪਿਆਰ ਕੀਤਾ ਸੀ। ਉਨ੍ਹਾਂ ਦੇ ਮੂੰਹੋਂ ਨਿਕਲੀ ਕਿਸੇ ਵੀ ਗੱਲ ਨੂੰ ਭੁੰਜੇ ਨਹੀਂ ਸੀ ਡਿੱਗਣ ਦਿੱਤਾ। ਪਰ ਧੀ ਦੇ ਵਿਆਹ ਮੌਕੇ ਚਾਚੇ ਦੇ ਭਰਾ ਨੇ ਉਸਨੂੰ ਬੇਗਾਨਾ ਹੀ ਕਰ ਦਿੱਤਾ। ਚਾਚੇ ਨੇ ਬਹੁਤ ਕਿਹਾ ਕਿ ਉਹ ਆਪੇ ਕੋਈ ਨਾ ਕੋਈ ਹੀਲਾ ਕਰਕੇ ਕੁੜੀ ਨੂੰ ਬਾਹਰ ਭੇਜ ਦੇਵੇਗਾ ਪਰ ਉਸ ਦੇ ਭਰਾ ਨੂੰ ਵਿਆਹ ਹੀ ਕੁੜੀ ਨੂੰ ਵਿਦੇਸ਼ ਭੇਜਣ ਦਾ ਸਭ ਤੋਂ ਆਸਾਨ ਰਾਹ ਜਾਪਿਆ। ਚਾਚੇ ਦੇ ਇਤਰਾਜ਼ ਦੇ ਬਾਵਜੂਦ ਉਸਨੇ ਦੁੱਗਣੀ ਉਮਰ ਦੇ ਬੁੱਢੇ ਨਾਲ ਭੋਰਾ ਭਰ ਬੱਚੀ ਦਾ ਵਿਆਹ ਪੱਕਾ



ਕਰ ਦਿੱਤਾ। ਉਂਝ ਵੀ ਹੁਣ ਉਹ ਚਾਚੇ ਨਾਲ ਮਿਲਵਰਤਣ ਰੱਖਣ ਦਾ ਇਛੁੱਕ ਨਹੀਂ ਸੀ ਰਿਹਾ। ਚਾਚੇ ਨੇ ਡੈਡੀ ਨਾਲ ਹੀ ਆਪਣਾ ਮਨ ਸਾਂਝਾ ਕੀਤਾ:

"ਸ਼ਿੰਦਿਆ ਐਨੀ ਵੱਡੀ ਮੌਕਾ ਪ੍ਰਸਤੀ ਮਰਦ ਨੂੰ ਸ਼ੋਭਦੀ ਨੀ...ਉਸਨੇ ਤਾਂ ਸਾਰੇ ਪਿੰਡ 'ਚ ਸਾਡੀ ਥੂਹ-ਥੂਹ ਕਰਵਾ ਤੀ..ਅੱਜ ਤੱਕ ਮੈਂ ਵੀ ਕੋਈ ਅਜਿਹਾ ਕੰਮ ਨਹੀਂ ਕੀਤਾ ਜਿਸ ਨਾਲ ਪਰਿਵਾਰ ਦੇ ਨਾਂ ਨੂੰ ਵੱਟਾ ਲੱਗੇ ਨਾਲੇ ਹੁਣ ਮੇਰੇ ਕਿਸੇ ਕੰਮ ਨੂੰ ਲੋਕਾਂ ਨੇ ਖਾਨਦਾਨ ਨਾਲ ਨਹੀਂ ਜੋੜਣਾ... ਤੈਥੋਂ ਵੱਧ ਮੈਨੂੰ ਕੌਣ ਜਾਣਦੈ...।"

ਚਾਚੇ ਨੇ ਬਿਲਕੁਲ ਸੱਚ ਕਿਹਾ ਸੀ। ਡੈਡੀ ਤੋਂ ਵੱਧ ਉਸਨੂੰ ਕੋਈ ਨਹੀਂ ਸੀ ਜਾਣਦਾ। ਕਾਫ਼ੀ ਚਿਰ ਤੋਂ ਡੈਡੀ 'ਜੀਆਂ' ਵਾਂਗ ਉਸ ਦੇ ਘਰ ਹੀ ਰਹਿਣ ਲੱਗ ਪਿਆ ਸੀ। ਘਰੇਲੂ ਪ੍ਰੇਸ਼ਾਨੀਆਂ ਤੋਂ ਤੰਗ ਉਸਨੂੰ ਇਹੋ ਇਕ ਰਸਤਾ ਦਿਖਾਈ ਦਿੱਤਾ ਸੀ। ਚਾਚੇ ਨੇ ਡੈਡੀ ਨੂੰ ਬਹੁਤ ਸਮਝਾਇਆ ਸੀ ਪਰ ਬਚਪਨ ਦੀ ਯਾਰੀ ਦਾ ਵਾਸਤਾ ਦੇ ਕੇ ਡੈਡੀ ਨੇ ਉਸਨੂੰ ਮਜਬੂਰ ਕਰ ਦਿੱਤਾ ਸੀ। ਚਾਚਾ ਕੰਮਕਾਜ ਵਾਲੇ ਆਪਣੇ ਸਾਥੀਆਂ ਤੇ ਚੇਲਿਆਂ ਨੂੰ ਆਪਣੇ ਜੀਅ ਹੀ ਕਹਿੰਦਾ ਸੀ। ਮੁਖੀ ਹੋਣ ਨਾਤੇ ਚਾਚਾ ਤਾਂ ਘਰ ਹੀ ਰਹਿੰਦਾ। ਬਾਹਰਲਾ ਕੰਮ ਉਸਦੇ ਸਾਥੀ ਹੀ ਕਰਦੇ। ਚਾਚਾ ਡੈਡੀ ਨੂੰ ਅਕਸਰ ਆਪਣੇ ਕੋਲ ਹੀ ਰੱਖਦਾ। ਉਸ ਤੋਂ ਛੋਟੇ-ਮੋਟੇ ਘਰੇਲੂ ਕੰਮ ਕਰਵਾ ਲੈਂਦਾ।

ਜਦੋਂ ਕਦੇ ਪੈਸੇ-ਧੇਲੇ ਦੀ ਲੋੜ ਪੈਣੀ ਜਾਂ ਕੋਈ ਹੋਰ ਕਬੀਲਦਾਰੀ ਦਾ ਕੰਮ ਹੋਣਾ ਤਾਂ ਮੈਂ ਹੀ ਡੈਡੀ ਨੂੰ ਬੁਲਾਉਣ ਸ਼ਹਿਰ ਜਾਂਦਾ। ਉਸ ਵੇਲੇ ਡੈਡੀ ਕਦੇ ਚਾਚੇ ਦੇ ਸਿਰ ਦੀ ਮਾਲਸ਼ ਕਰ ਰਿਹਾ ਹੁੰਦਾ। ਕਦੇ ਉਸ ਲਈ ਪਾਨ ਜਾਂ ਹੁੱਕਾ ਤਿਆਰ ਕਰ ਰਿਹਾ ਹੁੰਦਾ। ਕਦੇ ਕਦੇ ਚਾਹ ਬਣਾ ਰਿਹਾ ਹੁੰਦਾ। ਇਹ ਵੇਖ ਮੈਨੂੰ ਬਹੁਤ ਸ਼ਰਮਿੰਦਗੀ ਮਹਿਸੂਸ ਹੋਣੀ। ਕੀ ਸਾਡੇ ਹਾਲਾਤ ਐਨੇ ਹੀ ਮਾੜੇ ਸੀ ਪਈ ਡੈਡੀ ਘਰ ਦੀ ਸਰਦਾਰੀ ਛੱਡ ਕੇ ਅਜਿਹੀ ਗ਼ੁਲਾਮੀ ਕਰਨ ਲਈ ਤਿਆਰ ਸੀ? ਇਹੋ ਜਿਹੇ ਕਿੰਨੇ ਹੀ ਸਵਾਲ ਮੇਰੇ ਦਿਲ-ਦਿਮਾਗ ਨੂੰ ਪ੍ਰੇਸ਼ਾਨ ਕਰਦੇ ਰਹਿੰਦੇ।

ਚਾਚੇ ਦੇ ਘਰ ਦਾ ਮਾਹੌਲ ਮੈਨੂੰ ਪਸੰਦ ਨਹੀਂ ਸੀ। ਡੈਡੀ ਪਤਾ ਨਹੀਂ ਕਿਵੇਂ ਉਥੇ ਰਹਿੰਦਾ ਸੀ। ਚਾਚੇ ਦੇ ਸਾਥੀ ਗੱਲਾਂ ਕਰਦੇ ਸਮੇਂ ਇਕ ਦੂਜੇ ਨੂੰ ਭੱਦੇ ਇਸ਼ਾਰੇ ਕਰਦੇ ਰਹਿੰਦੇ। ਨੰਗੀਆਂ ਗਾਲ੍ਹਾਂ ਕੱਢਦੇ ਰਹਿੰਦੇ। ਮੇਰੇ ਸਾਹਮਣੇ ਡੈਡੀ ਨੂੰ ਵੀ ਅਜਿਹੀਆਂ ਗੱਲਾਂ ਬੋਲਦੇ ਕਿ ਮੈਨੂੰ ਆਪਣੇ ਕੰਨਾਂ ਵਿੱਚ ਸੀਸਾ ਪਿਘਲਦਾ ਪ੍ਰਤੀਤ ਹੁੰਦਾ। ਡੈਡੀ ਨੂੰ ਮੇਰਾ ਉਥੇ ਆਉਣਾ ਚੰਗਾ ਨਾ ਲੱਗਦਾ ਕਿਉਂਕਿ ਹੁਣ ਮੈਨੂੰ ਉਥੋਂ ਦੇ ਮਾਹੌਲ ਦੀ ਕੁੱਝ-ਕੁੱਝ ਸਮਝ ਆਉਣ ਲੱਗ ਪਈ ਸੀ।

ਉਸ ਦਿਨ ਘਰ ਆਏ ਡੈਡੀ ਨੂੰ ਮੈ ਆਪਣੇ ਦਿਲ ਦੀ ਗੱਲ ਦੱਸ ਹੀ ਦਿੱਤੀ ਸੀ:

"ਕੀ ਗੱਲ ਮੇਰੀ ਗੁੱਡੋ ਅੱਜ ਚੁੱਪ-ਚੁੱਪ ਕਿਉਂ ਐ? "ਡੈਡੀ ਨੇ ਪਿਆਰ ਨਾਲ ਮੈਨੂੰ ਪੁੱਛਿਆ ਸੀ।

ਮੈਂ ਚੁੱਪ ਰਿਹਾ।

"ਹੁਣ ਆਪਣੇ ਡੈਡੀ ਨਾਲ ਗੱਲ ਵੀ ਨੀ ਕਰਨੀ?" ਡੈਡੀ ਨੇ ਫਿਰ ਪੁੱਛਿਆ।

"ਡੈਡੀ ਤੂੰ ਸਾਡੇ ਨਾਲ ਕਿਉਂ ਨੀ ਰਹਿੰਦਾ...ਚਾਚੇ ਕੋਲ ਈ ਰਹਿਨੈ।"

"ਕਿਉਂ ਤੈਨੂੰ ਚਾਚਾ ਪਸੰਦ ਨੀ?"

"ਚਾਚੇ ਦੇ ਆੜੀ ਨੀ ਵਧੀਆ ਲੱਗਦੇ ਮੈਨੂੰ...।"

ਡੈਡੀ ਨੇ ਗੱਲ ਗੋਲ ਕਰਦਿਆਂ ਕਿਹਾ, "ਪੁੱਤ ਉਥੇ ਮੈਂ ਕੰਮ ਕਰਦਾਂ...ਜਿਵੇਂ ਤੇਰੇ ਆੜੀਆਂ ਦੇ ਡੈਡੀ ਸ਼ਹਿਰ ਜਾ ਕੇ ਕੰਮ ਕਰਦੇ ਨੇ...।"

"ਪਰ ਡੈਡੀ ਤੂੰ ਤਾਂ ਉਥੇ ਨੌਕਰਾਂ ਵਾਲੇ ਕੰਮ ਕਰਦਾ ਹੁੰਨੈ...।"

ਡੈਡੀ ਨਿਰ-ਉਤਰ ਸੀ। ਉਸ ਦੇ ਚਿਹਰੇ ਤੇ ਉਦਾਸੀ ਛਾ ਗਈ ਸੀ। ਉਹ ਦਿਨ ਡੈਡੀ ਲਈ ਸਚਮੁੱਚ ਬੜਾ ਭਾਰੀ ਸੀ। ਰਾਤ ਦੀ ਰੋਟੀ ਵੇਲੇ ਮੰਮੀ ਨੇ ਵੀ ਡੈਡੀ ਨਾਲ ਬਹੁਤ ਕਲੇਸ਼ ਕੀਤਾ। ਡੈਡੀ ਨੇ ਉਸਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਮੰਮੀ ਨੇ ਉਸ ਦੀ ਇਕ ਨਾ ਸੁਣੀ। ਨਾਲੇ ਰੋਂਦੀ ਰਹੀ ਨਾਲੇ ਲੋਕਾਂ ਦੇ ਮਿਹਣੇ ਉਸ ਨੂੰ ਸੁਣਾਉਂਦੀ ਰਹੀ। ਇਕੱਲੀ ਜਵਾਨ ਔਰਤ ਵੱਲ ਲੋਕਾਂ ਦੀ ਝਾਕਣੀ ਪ੍ਰਤੀ ਸ਼ਿਕਾਇਤਾਂ ਕਰਦੀ ਸੀ। ਸਾਨੂੰ ਪੰਜਾਂ ਭੈਣ ਭਰਾਵਾਂ ਨੂੰ ਇਕੱਲਿਆਂ ਨਾ ਸਾਂਭ ਸਕਣ ਦੀ ਗੱਲ ਵੀ ਆਖੀ। ਕਾਫ਼ੀ ਰਾਤ ਹੋਇਆਂ ਮੇਰੀ ਅੱਖ ਖੁੱਲ੍ਹੀ ਤਾਂ ਦੋਵੇਂ ਜੀਅ ਪਤਾ ਨਹੀਂ ਉਦਾਸੀ ਵਿੱਚ ਡੁੱਬੇ ਹੌਲੀ-ਹੌਲੀ ਕੀ ਗੱਲਾਂ ਕਰ ਰਹੇ ਸਨ।

ਪਹੁ ਫੁਟਾਲੇ ਵੇਲੇ ਮੈਨੂੰ ਜਾਗ ਆਈ ਤਾਂ ਦ੍ਰਿਸ਼ ਬੜਾ ਡਰਾਉਣਾ ਸੀ। ਡੈਡੀ ਛੱਤ ਵਾਲੇ ਪੱਖੇ ਨਾਲ ਝੂਲ ਰਿਹਾ ਸੀ। ਮੈਂ ਇਹ ਦੱਸਣ ਲਈ ਮੰਮੀ ਨੂੰ ਭਾਲਿਆ ਪਰ ਦੂਜੇ ਕਮਰੇ ਵਿੱਚ ਉਹ ਵੀ....। ਘਰ ਵਿੱਚ ਚੀਕ ਚਿਹਾੜਾ ਮਚ ਗਿਆ। ਆਂਢ-ਗੁਆਂਢ ਕੱਠਾ ਹੋ ਗਿਆ। ਗੱਲ ਉੱਡਦੀ-ਉੱਡਦੀ ਚਾਚੇ ਬੂੰਦੂ ਤੱਕ ਵੀ ਪਹੁੰਚ ਗਈ।

ਉਹ ਪਿੰਡ ਪਹੁੰਚਿਆ ਤਾਂ ਦੋਵੇਂ ਲੋਥਾਂ ਵਿਹੜੇ ਵਿੱਚ ਪਈਆਂ ਸਨ। ਮੰਮੀ ਵਾਲਾ ਮੰਜਾ ਔਰਤਾਂ ਵਿੱਚ ਤੇ ਡੈਡੀ ਵਾਲਾ ਆਦਮੀਆਂ ਵਿਚ। ਕੋਈ ਕੁੱਝ ਕਹਿ ਰਿਹਾ ਸੀ ਕੋਈ ਕੁੱਝ। ਚਾਚਾ ਡੈਡੀ ਵਾਲੇ ਮੰਜੇ ਕੋਲ ਆ ਬੈਠਿਆ:

"ਇਹ ਕੀ ਕੀਤਾ ਸ਼ਿੰਦਿਆ...ਮਰਦ ਜ਼ਿੰਮੇਦਾਰੀਆਂ ਤੋਂ ਇੰਝ ਨੀ ਭੱਜਦਾ ਹੁੰਦਾ ਯਾਰ...।"

ਫਿਰ ਭੀੜ 'ਚੋਂ ਇਕ ਆਵਾਜ਼ ਉਭਰੀ, "ਇਨ੍ਹਾਂ ਭੋਰਾ ਭਰ ਬੱਚਿਆਂ ਦਾ ਕੀ ਬਣੂੰ...ਯਤੀਮ ਹੋ ਗੇ ਵਿਚਾਰੇ...।"

ਇਹ ਗੱਲ ਜਿਵੇਂ ਚਾਚੇ ਬੂੰਦੂ ਨੂੰ ਚੁਭ ਗਈ। ਉਸਨੇ ਤਾੜੀ ਮਾਰ ਕੇ ਕਿਹਾ, ਸਭ ਕੁੱਝ ਬਣੂੰ ਇਨ੍ਹਾਂ ਦਾ....ਯਤੀਮ ਨੀ ਹੋਏ ਇਹ...।"

ਫੇਰ ਉਹ ਇਕਦਮ ਜਵਾਲਾ ਮੁਖੀ ਵਾਂਗ ਫਟ ਪਿਆ:

"ਲੋਕੋ! ਥੋਨੂੰ ਪਤੈ ਰੱਬ ਨੇ ਮੈਨੂੰ ਹਿਜੜਾ ਕਿਉਂ ਪੈਦਾ ਕੀਤੈ...ਏਸ ਲਈ ਬੀ ਮੈਂ ਇਨ੍ਹਾਂ ਜਵਾਕਾਂ ਦੀ ਮਾਂ ਵੀ ਬਣਾ ਤੇ ਪਿਓ ਵੀ....ਅੱਜ ਮੈਨੂੰ ਆਪਣੇ ਹਿਜੜਾ ਹੋਣ ਦਾ ਦੁੱਖ ਨੀ ਰਿਹਾ....ਵਾਹ ਓਏ ਰੱਬਾ! ਬਹੁਤ ਦੂਰ ਦੀ ਸੋਚ ਕੇ ਭੇਜਿਐ ਮੈਨੂੰ ਦੁਨੀਆਂ 'ਤੇ ।"

ਇੰਨਾ ਕਹਿ ਕੇ ਚਾਚੇ ਨੇ ਸਾਨੂੰ ਭੈਣ-ਭਰਾਵਾਂ ਨੂੰ ਬੁੱਕਲ ਵਿੱਚ ਲੈ ਲਿਆ।



# ਘੁੰਗਰੂ-ਕਥਾ

**ਜਸਵੀਰ ਰਾਣਾ**

"ਉਈ ਅੱਲਾ !.... ਮੈਂ ਮਰ ਜਾਵਾਂ !... ਕਿਆ ਹੁਸਨ ਐ...!" ਸ਼ੀਸ਼ਾ ਵੇਖ ਮੈਂ ਹੇਠਲਾ ਬੁੱਲ੍ਹ ਟੁੱਕਿਆ

ਨਖਰੇ ਨਾਲ ਨੱਕ ਵੱਟਿਆ। ਮੇਰੀ ਨੱਥ-ਮਛਲੀ ਕੰਬ ਉੱਠੀ ।

ਮੈਂ ਸ਼ੀਸ਼ੇ ਨੂੰ ਅੱਖ ਮਾਰੀ, "ਕਿਉ ਵੇ ਮੋਇਆ !... ਦੱਸ ਨਾ ਮੈਂ ਕੌਣ ਆਂ...?"

ਪਰ ਉਹ ਬੋਲਿਆ ਨਹੀਂ। ਮਰ ਜਾਣਾ ਮਰਦਾਂ ਵਾਂਗ ਚੁੱਪ ਕਰ ਗਿਆ। ਮੈਂ ਕਿੰਨਾਂ ਚਿਰ ਔਰਤਾਂ ਵਾਂਗ ਉਸ ਵੱਲ ਵੇਖਦੀ ਰਹੀ। ਜਦੋਂ ਨਾ ਬੋਲਿਆ। ਮੈਂ ਤਾੜੀ ਮਾਰੀ, "ਆਏ ਹਾਏ !... ਵੇ ਜਾਹ ਪਰ੍ਹੇ !... ਤੂੰ ਵੀ ਉਹੀ ਨਿੱਕਲਿਆ...!"

ਆਪਣਾ ਹੁਸਨ ਵੇਖ ਮੇਰੀ ਭੁੱਬ ਨਿੱਕਲ ਗਈ।

ਮੈਂ ਲਾਲ ਚੂੜੀਆਂ ਵੱਲ ਵੇਖਣ ਲੱਗ ਪਈ। ਵਾਲਾਂ ਦੀ ਲਟ ਮੇਰੇ ਮੱਥੇ 'ਤੇ ਆ ਡਿੱਗੀ। ਮੈਂ ਗੁੱਟ 'ਤੇ ਬੰਨ੍ਹੀ ਘੁੰਗਰੂਆਂ ਵਾਲੀ ਖੰਮਣੀ ਚੁੰਮ ਲਈ। ਅੱਗ ਲੱਗਣੀ ਸੂਟ ਨਾਲ ਮੇਲ ਖਾਂਦੀ ਸੀ। ਮੇਰਾ ਅੱਖਾਂ ਵੱਲ ਧਿਆਨ ਗਿਆ। ਉਫ ! ਇਹ ਹੰਝੂ। ਮੇਰਾ ਕਜਲਾ ਗੱਲ੍ਹਾਂ 'ਤੋਂ ਦੀ ਵਹਿ ਤੁਰਿਆ। ਮੈਂ ਦੋਵਾਂ ਹੱਥਾਂ ਨਾਲ ਮੂੰਹ ਲੁਕੋ ਲਿਆ।

"ਮੂੰਹ ਲੁਕੋਣ ਨਾਲ ਪਛਾਣ ਨਹੀਂ ਲੁਕਦੀ ਹੁੰਦੀ ਰੀਨਾ !... ਇਨ੍ਹਾਂ ਦਾ ਸਾਹਮਣਾ ਕਰ ...!" ਮੈਨੂੰ ਮੀਨਾ ਮਹੰਤ ਦੀ ਚਪੇੜ ਯਾਦ ਆ ਗਈ

ਜਦੋਂ ਮੈਂ ਪਹਿਲੀ ਵਾਰ ਆਪਣਾ ਮੂੰਹ ਲੁਕੋਇਆ। ਉਹਨੇ ਮੇਰੇ ਚਪੇੜ ਕੱਢ ਮਾਰੀ ਸੀ।

ਮੈਂ ਹੌਲੀ-ਹੌਲੀ ਮੂੰਹ ਨੰਗਾ ਕੀਤਾ। ਤਿਰਛੀ ਅੱਖ ਨਾਲ ਸ਼ੀਸ਼ੇ ਵੱਲ ਝਾਕੀ।

"ਗੱਲਾਂ ਦੇਖ ਮਖਿਆ !... ਇਹ ਸ਼ੀਸ਼ਾ ਵੀ ਮਰਦਾਂ ਦਾ ਈ ਬਣਾਇਆ ਹੋਇਆ।... ਇਹਨੇ ਤੈਨੂੰ ਕੁਝ ਨੀ ਦੱਸਣਾ !... ਤੂੰ ਆਪਣੇ ਪੈਰਾਂ ਵੱਲ ਦੇਖ...!" ਮੰਜੀ 'ਤੇ ਬੈਠਾ ਹਾਜੀ ਮੇਰੇ ਪੈਰੀਂ ਬੰਨ੍ਹੇ ਘੁੰਗਰੂਆਂ ਵੱਲ ਹੱਥ ਕੱਢਣ ਲੱਗ ਪਿਆ।

ਪਾਨ ਚੱਬੀਂ ਜਾਂਦਾ ਉਹ ਕਦੋਂ ਦਾ ਮੇਰੀਆਂ ਹਰਕਤਾਂ ਵੇਖੀਂ ਜਾਂਦਾ ਸੀ।

ਅਸੀਂ ਅਜੀਬ ਹਾਲਤ ਵਿਚੋਂ ਦੀ ਲੰਘ ਰਹੇ ਸਾਂ।

ਹਰਾਮੀ ਰੱਬ ਨੇ ਵੀ ਸਾਡੇ ਨਾਲ ਮਾੜੀ ਕੀਤੀ। ਸਭ ਕੁਝ ਅੱਧਾ-ਅਧੂਰਾ ਬਣਾ ਛੱਡਿਆ। ਸਾਡੇ ਵਿਚੋਂ ਨਾ ਕੋਈ ਔਰਤ ਸੀ ਨਾ ਮਰਦ। ਉਂਝ ਸਾਡੀ ਦੇਹ ਵਿਚ ਔਰਤ ਵੀ ਵਸਦੀ ਸੀ ਮਰਦ ਵੀ।

"ਨਹੀਂ ਰੀਨਾ !... ਆਪਣੇ ਅੰਦਰ ਕੁਝ ਨਹੀਂ ਵਸਦਾ...!" ਪਾਨ ਚੱਬਦਾ-ਚੱਬਦਾ ਹਾਜੀ ਦੰਦ ਪੀਹਣ ਲੱਗ ਪਿਆ

ਜਦੋਂ ਮੈਂ ਨਾ ਹਟੀ। ਉਹਨੇ ਪਾਨ ਲਿੱਬੜੀ ਥੁੱਕ ਦੀ ਪਿਚਕਾਰੀ ਔਹ ਮਾਰੀ।

ਉਹਦਾ ਨਖਰਾ ਵੇਖ ਮੈਂ ਤੜਫ ਉੱਠੀ, "ਰੁਕ ਜਾ ਹਾਜੀ !... ਹੁਣ ਹੋਰ ਨਾ ਬੋਲੀਂ !... ਮੈਂ ਬੋਲ ਰਹੀ ਆਂ ...!"

ਮੇਰੀ ਗੱਲ ਸੁਣ ਉਹ ਵੱਟ ਖਾ ਗਿਆ। ਉੱਠ ਕੇ ਅੰਦਰ ਨੂੰ ਚਲਿਆ ਗਿਆ।

ਮੈਂ ਬਾਹਰ ਨੂੰ ਤੁਰੇ ਜਾਂਦੇ ਜੈਲੇ ਵਾਂਗ ਉਹਦੀ ਪਿੱਠ ਵੱਲ ਵੇਖਦੀ ਰਹੀ।

ਪਰ ਨਾ ਉਹ ਪਰਤਿਆ ਨਾ ਜੈਲਾ।

ਜੇਕਰ ਮੈਂ ਜਾਣਦੀ ਹੁੰਦੀ। ਜੈਲੇ ਨੂੰ ਕਦੀ ਨਾ ਛੇੜਦੀ। ਮੈਂ ਤਾਂ ਮਜ਼ਾਕ ਕੀਤਾ ਸੀ, "ਵੇ ਜਾਹ ਪਰ੍ਹੇ !... ਉਹੀ ਨਚਾਰ ਦਾ ਨਚਾਰ ਈ ਰਿਹਾ ਨਾ ....!"

ਕੀ ਪਤਾ ਸੀ ਉਹ ਐਨਾ ਟੁੱਟਿਆ ਪਿਆ !

ਅੱਗ ਲੱਗਣੀ ਗੱਲ ਵੀ ਕੋਈ ਖਾਸ ਨਹੀਂ ਸੀ ਹੋਈ। ਨਹੀਂ ਗੱਲ ਤਾਂ ਖਾਸ ਹੀ ਹੋਈ ਸੀ। ਮੈਂ ਐਥੀ ਖੜ੍ਹੀ ਸੀ ਸ਼ੀਸ਼ੇ ਅੱਗੇ। ਜਿਸ ਵਕਤ ਜੈਲਾ ਆਇਆ। ਆਉਣ ਸਾਰ ਹੀ ਮਰ ਜਾਣਾ ਦੇਵ ਮਿਸਤਰੀ ਦੀ ਗੱਲ ਦੱਸਣ ਲੱਗ ਪਿਆ। ਅੱਗੇ ਵੀ ਦੱਸਦਾ ਰਹਿੰਦਾ ਸੀ। ਮੈਂ ਕੋਈ ਧਿਆਨ ਨਾ ਦਿੱਤਾ। ਮੋਟੀ ਜਿਹੀ ਗੱਲ ਸੁਣਦੀ ਰਹੀ। ਪਰ ਉਹਦੀ ਗੱਲ ਬਰੀਕ ਸੀ। ਸੂਈ ਵਾਂਗ ਚੁਭ ਗਈ। ਉਹ ਤੜਫ ਉੱਠਿਆ। ਮੈਨੂੰ ਧੱਕਾ ਮਾਰਿਆ। ਆਪ ਸ਼ੀਸ਼ਾ ਵੇਖਣ ਲੱਗ ਪਿਆ। ਮੈਂ ਖੜ੍ਹੀ ਉਸ ਵੱਲ ਵੇਖਦੀ ਰਹੀ। ਜੈ ਖਾਣੀ ਦਾ ਅਜੀਬ ਹਰਕਤਾਂ ਕਰੀ ਜਾਂਦਾ ਸੀ। ਕਦੀ ਸਿਰ 'ਤੇ ਵਾਲਾਂ ਦਾ ਜੂੜਾ ਕਰ ਲੈਂਦਾ। ਕਦੀ ਗੁੱਤ ਕਰ ਲੈਂਦਾ। ਕਦੀ ਚੁੰਨੀ ਲੈਣ ਕਦੀ ਪਰਨਾ ਬੰਨ੍ਹਣ ਲੱਗ ਪੈਂਦਾ। ਦੋ ਕੁ ਮਿੰਟ ਸ਼ੀਸ਼ਾ ਵੇਖਦਾ। ਫਿਰ ਕਾਂਟਾ ਬਦਲ ਦਿੰਦਾ। ਟੂਟੀ ਤੋਂ ਮੂੰਹ ਧੋਂਦਾ। ਪਰਨੇ ਨਾਲ ਸਾਫ ਕਰਦਾ। ਫਿਰ ਗੁੱਤ ਕਦੀ ਜੂੜਾ ਕਰਨ ਲੱਗ ਪੈਂਦਾ। ਉਹਦਾ ਕਮਲ ਵੇਖ ਮੈਂ ਧੱਕਾ ਮਾਰਿਆ, "ਵੇ ਜਾਹ ਪਰ੍ਹੇ !... ਉਹੀ ....!"

"ਰੀਨਾ ਤੂੰ ਵੀ ਮੈਨੂੰ ....!"ਲੋਕਾਂ ਦਾ ਧੱਕਿਆ ਉਹ ਮੇਰਾ ਧੱਕਾ ਨਾ ਸਹਾਰ ਸਕਿਆ

ਪਰਨੇ ਨਾਲ ਅੱਖਾਂ ਪੂੰਝਦਾ ਬਾਹਰਲਾ ਗੇਟ ਲੰਘ ਗਿਆ।

ਮੈਂ ਭੱਜ ਕੇ ਬੀਹੀ ਵਿਚ ਵੀ ਗਈ। ਕਿੰਨੀਆਂ ਅਵਾਜ਼ਾਂ ਮਾਰੀਆਂ, "ਵੇ ਜੈਲਿਆ!.... ਮੁੜਿਆ ਜ਼ਾਲਮਾ ...!"

"ਜਾਹ ਨਾ ਮੁੜ ਪਾਪੀਆ ....!" ਮੈਂ ਸ਼ੀਸ਼ੇ ਵੱਲ ਵੇਖ ਜੀਭ ਕੱਢੀ

ਨੱਕ ਵੱਟਿਆ। ਤਾੜੀਆਂ ਮਾਰਦੀ ਬਾਹਰ ਆ ਗਈ।

ਵਿਹੜੇ ਵਿਚ ਆ ਧਰਤੀ 'ਤੇ ਅੱਡੀ ਮਾਰੀ। ਘੁੰਗਰੂ ਛਣਕ ਉੱਠੇ। ਮੈਂ ਗਾਉਣ ਲੱਗ ਪਈ, "ਘੁੰਗਰੂ ਕੀ ਤਰਹ, ਵੱਜਤਾ ਹੀ ਰਹਾ ਹੂੰ ਮੈਂ ...!"

"ਕਭੀ ਇਸ ਪਗ ਮੇਂ, ਕਭੀ ਉਸ ਪਗ ਮੇਂ ...ਬੰਧਤਾ ਹੀ ਰਹਾ ਹੂੰ ਮੈਂ...!!" ਅੰਦਰੋਂ ਬਾਹਰ ਨੂੰ ਆਉਂਦਾ ਹੋਇਆ ਹਾਜੀ ਵੀ ਗਾਉਣ ਲੱਗ ਪਿਆ

ਮੇਰੀ ਅੱਡੀ। ਉਹਦੀ ਤਾੜੀ। ਮੇਰੇ ਘੁੰਗਰੂ। ਉਹਦੇ ਬੋਲ।

ਸਾਨੂੰ ਕੋਈ ਕਮਲ ਚੜ੍ਹ ਗਿਆ।

"ਘੁੰਗਰੂ ਕੀ ਤਰਹ... ਘੁੰਗਰੂ ਕੀ ਤਰਹ... ਘੁੰਗਰੂ ਕੀ ਤਰਹ...!!" ਮੈਂ ਹਾਜੀ ਨਾਲ ਪਾਗਲਾਂ ਵਾਂਗ ਨੱਚਣ ਲੱਗ ਪਈ।

ਮਨ ਵਿਚ ਜੈਲਾ-ਜੈਲਾ ਕਰਦੀ ਪਤਾ ਨਹੀਂ ਕਿੰਨੀ ਕੁ ਦੇਰ ਨੱਚਦੀ ਰਹੀ।

ਜਦੋਂ ਸੁਰਤ ਆਈ। ਡੁੱਬ ਜਾਣੀ ਧਰਤੀ ਘੁੰਮ ਰਹੀ ਸੀ। ਮੈਨੂੰ ਚੱਕਰ ਚੜ੍ਹ ਪਿਆ। ਹਫਿਆ ਹੋਇਆ ਹਾਜੀ ਮੰਜੀ ਉੱਪਰ ਜਾ ਡਿੱਗਿਆ। ਉਸ ਨੂੰ ਅੱਖ ਮਾਰ ਮੈਂ ਕੰਧ ਨਾਲ ਜਾ ਲੱਗੀ। ਕੁਝ ਪਲ ਖੜ੍ਹੀ ਰਹੀ। ਫਿਰ ਹੌਲੀ-ਹੌਲੀ ਹੇਠਾਂ ਬੈਠ ਗਈ।

ਬੈਠਣ ਸਾਰ ਮੇਰੀ ਅੱਖ ਬਾਹਰ ਜਾ ਲੜੀ। ਕੋਈ ਰੱਬ ਦਾ ਬੰਦਾ ਗੇਟ ਖੜ੍ਹਕਾ ਰਿਹਾ ਸੀ।



ਸ਼ਾਇਦ ਜੈਲਾ ਪਰਤ ਆਇਆ ਸੀ !

ਮਰ ਜਾਣੀ ਸ਼ਰਾਰਤ ਦੀ ਮਾਰੀ ਮੈਂ ਫਿਰ ਛੇੜ ਬੈਠੀ, "ਇਸ ਘਰ ਦਾ ਗੇਟ ਖੜਕਾਉਣ ਦੀ ਲੋੜ ਨੀ ਸੋਹਣਿਆ !... ਆ ਜਾ ਤੂੰ ਕੌਣ ਐਂ ...!"

"ਮੈਂ ਆਂ ਰੀਨਾ ...!" ਹਰਾਮੀ ਕੋਕਾ ਪੰਡਤ ਤੁਰਿਆ ਆ ਰਿਹਾ ਸੀ

ਸੀ ਤਾਂ ਉਹ ਮੰਦਰ ਦਾ ਪੁਜਾਰੀ। ਪਰ ਦਫੇ ਹੋਣੇ ਨੂੰ ਪੁੱਠੀ ਆਦਤ ਸੀ। ਉਹ ਮੁੰਡਿਆਂ ਨੂੰ 'ਸੁਹਾਗਰਾਤ' ਮਨਾਉਣ ਦੀਆਂ ਗੱਲਾਂ ਦੱਸਦਾ ਰਹਿੰਦਾ। ਉਸ ਕੋਲ 'ਕੋਕ-ਸ਼ਾਸ਼ਤਰ' ਸੀ। ਉਸ ਵਿਚੋਂ ਪੜ੍ਹ ਕੇ ਦੱਸਦਾ। ਮੁੰਡਿਆਂ ਨੇ ਉਸ ਦਾ ਨਾਂ ਕੋਕਾ ਪੰਡਤ ਧਰ ਲਿਆ।

"ਹਾਂ ਪੰਡਤਾ !... ਫਿਰ ਸਾਡੇ ਬਾਰੇ ਕੀ ਕਹਿੰਦਾ ਤੇਰਾ ਰਾਮ ਰਾਜ ....!" ਮੰਜੀ ਤੋਂ ਉੱਠਦਾ ਹੋਇਆ ਹਾਜੀ ਅੱਖ ਨਾਲ ਕੁਰਸੀ ਵੱਲ ਇਸ਼ਾਰਾ ਕਰ ਗਿਆ

ਪੰਡਤ ਪ੍ਰਾਹੁਣਾ ਬਣ ਬੈਠ ਗਿਆ।

ਚਿੱਟੇ ਵਾਲ। ਹਰਾਮੀ ਅੱਖਾਂ। ਗਲ ਰਾਮ-ਨਾਮ ਦਾ ਪਰਨਾ। ਤਿਲਕ। ਮਾਲਾ !

ਮੇਰੇ ਵੱਲ ਵੇਖ ਔਤਰਾ ਮੂੰਹ ਸਾਫ ਕਰਨ ਲੱਗ ਪਿਆ।

ਉਹਦੀ ਧੋਤੀ ਵੱਲ ਵੇਖ ਮੈਂ ਟਿੱਚਰ ਮਾਰੀ, "ਆਏ ਹਾਏ ਵੇ ਪੰਡਤਾ !... ਮੈਂ ਮਰ ਜਾਵਾਂ !... ਲਿਆ ਫਿਰ ਖੋਲ੍ਹ ਧੋਤੀ...!"

"ਰਾਮ-ਰਾਮ...ਰੀਨਾ...!ਰਾਮ-ਰਾਮ...ਰਾਮ-ਰਾਮ...!!" ਮੇਰੀ ਰਮਜ਼ ਸਮਝ ਮਰ ਜਾਣਾ ਥੁੱਕ ਸਿੱਟਣ ਲੱਗ ਪਿਆ।

ਮੈਨੂੰ ਅੱਗ ਲੱਗ ਉੱਠੀ। ਮੈਂ ਤਾੜੀ ਮਾਰੀ। ਉੱਠ ਕੇ ਕੋਲ ਜਾ ਰਹੀ। ਪਾਖੰਡੀ ਦੀ ਬੋਦੀ ਫੜ ਉਸ ਦੀਆਂ ਅੱਖਾਂ ਵਿਚ ਝਾਕਣ ਲੱਗ ਪਈ, "ਨਾ ਗੱਲ ਸੁਣ ਮਰ ਜਾਣਿਆ !... ਜੇ ਤੇਰਾ ਧਰਮ ਸਾਡੀ ਥਾਂ ਨਹੀਂ ਦੁਆ ਸਕਦਾ !... ਫਿਰ ਭਲਾਂ ਰਾਮ ਦੀ ਗੰਗਾ ਮੈਲੀ ਕਿਉਂ ਕਰਦਾ ਫਿਰਦੈਂ !... ਜਾਹ ਦਫਾ ਹੋ ਜਾ ਐਥੋਂ !... ਨਹੀਂ ਆਹ ਬੋਦੀ ਪੱਟ ਕੇ ਮਗਰ ਦੇ ਦਊਂ ਹਰਾਮੀ ਦੇ ....!"

ਮੇਰਾ ਗੁੱਸਾ ਵੇਖ ਪਾਪੀ ਡਰ ਗਿਆ। ਉਹਨੇ ਧੋਤੀ ਸੰਭਾਲੀ। ਗੇਟ ਵੱਲ ਨੂੰ ਤੁਰ ਪਿਆ। ਮੈਂ ਉਹਦੇ ਸਿਰ ਵਿਚ ਠੋਲਾ ਮਾਰਿਆ। ਉਹ ਕੱਚਾ ਜਿਹਾ ਹੋ ਗਿਆ। ਜਦੋਂ ਗੇਟ ਕੋਲ ਪਹੁੰਚਿਆ। ਧਰਤੀ 'ਤੇ ਅੱਡੀ ਮਾਰ ਹਾਜੀ ਨੇ ਤਾੜੀ ਮਾਰੀ, "ਅਖੇ ਧਰਮ ਦਾ ਠੇਕੇਦਾਰ !... ਗੱਲਾਂ ਦੇਖ ਮਖਿਆ ...!"

ਉਹ ਕਿਹੜੀ ਗਲੀ ਜਿੱਥੇ ਰੀਨਾ ਨਹੀਂ ਖਲੀ। ਸਾਥੋਂ ਭਲਾਂ ਕੀ ਭੁੱਲਿਆ। ਜਿਹੜੀ ਗੱਲ ਪਿੱਛੇ ਉਹ ਜੈਲੇ ਮਗਰ ਫਿਰਦਾ ਸੀ। ਉਹੀ ਗੱਲ ਮੈਨੂੰ ਆਖਣ ਲੱਗ ਪਿਆ। ਉਸ ਨੂੰ ਮੇਰੀ ਸੋਹਣੀ ਸੂਰਤ ਭਾਅ ਗਈ ਸੀ। ਇਕ ਦਿਨ ਮੈਂ ਮੰਦਰ ਵਾਲੀ ਬੀਹੀ ਲੰਘੀ ਜਾਂਦੀ ਸੀ। ਉਹ ਭੱਜ ਕੇ ਬਾਹਰ ਆ ਗਿਆ। ਮੈਨੂੰ ਕਹਿੰਦਾ, "ਤੈਨੂੰ ਹਿਜੜਾ ਕਿਹੜਾ ਕਹਿ ਦੂ ਰੀਨਾ !... ਤੂੰ ਤਾਂ ਕੁੜੀਆਂ ਨੂੰ ਵੀ ਮਾਤ ਪਾਉਨੀ ਐਂ...!"

"ਫਿਰ ਮੈਨੂੰ ਘਰੇ ਵਸਾ ਲੈ ਜਾਨੀ ...!" ਮੇਰੀ ਗੱਲ ਸੁਣ ਪਾਖੰਡੀ ਮੰਦਰ ਵਿਚ ਜਾ ਵੜਿਆ ਸੀ

"ਸਾਲਾ ਪਾਪੀ ਆਦਮੀ !...ਆਖਿਰ ਸਾਡਾ ਵੀ ਕੋਈ ਦੀਨ-ਧਰਮ ਐ...!" ਕੋਕਾ ਪੰਡਤੀ ਧਰਮ ਵੇਖ ਮੈਨੂੰ ਇਕ ਰਾਮ-ਕਥਾ ਯਾਦ ਆ ਗਈ

ਇਹ ਮੈਨੂੰ ਮੀਨਾ ਮਹੰਤ ਨੇ ਸੁਣਾਈ ਸੀ। ਉਹ ਕਹਿੰਦੀ ਜਦੋਂ ਰਾਮ ਚੰਦਰ ਜੀ ਚੌਦਾਂ ਸਾਲ ਦਾ ਬਨਵਾਸ ਕੱਟਣ ਲਈ ਘਰੋਂ ਤੁਰੇ। ਉਨ੍ਹਾਂ ਪਿੱਛੇ ਲੋਕਾਂ ਦੀ ਵੱਡੀ ਭੀੜ ਤੁਰ ਪਈ। ਜਦੋਂ ਰਾਮ ਜੰਗਲ ਵਿਚ ਪ੍ਰਵੇਸ਼ ਕਰਨ ਲੱਗੇ। ਉਨ੍ਹਾਂ ਕਿਹਾ ਨਰ ਤੇ ਨਾਰੀ ਵਾਪਿਸ ਪਰਤ ਜਾਣ। ਗੱਲ ਸੁਣ ਸਾਰੇ ਨਰ-ਨਾਰੀ ਵਾਪਿਸ ਪਰਤ ਗਏ। ਪਰ ਭੀੜ ਵਿਚ ਕੁਝ ਸਾਡੇ ਵਰਗੇ ਲੋਕ ਵੀ ਸਨ। ਉਹ ਨਾ ਨਰ ਸਨ ਨਾ ਨਾਰੀ। ਉਹ ਉੱਥੇ ਹੀ ਖੜ੍ਹੇ ਰਹੇ। ਮੀਨਾ ਕਹਿੰਦੀ ਜਦੋਂ ਰਾਮ ਚੰਦਰ ਚੌਦਾਂ ਸਾਲ ਦਾ ਬਨਵਾਸ ਕੱਟ ਵਾਪਿਸ ਪਰਤੇ। ਉਨ੍ਹਾਂ ਮਹੰਤ ਲੋਕਾਂ ਨੂੰ ਉੱਥੇ ਹੀ ਖੜ੍ਹੇ ਵੇਖਿਆ। ਉਨ੍ਹਾਂ ਦੀਆਂ ਦੇਹਾਂ 'ਤੇ ਘਾਹ-ਫੂਸ ਉੱਗ ਆਇਆ ਸੀ। ਸ਼੍ਰੀ ਰਾਮ ਨੇ ਉਨ੍ਹਾਂ ਨਾਲ ਆਪਣਾ ਅੰਗੂਠਾ ਛੁਹਾਇਆ। ਦੇਹਾਂ ਨੂੰ ਘਾਹ-ਫੂਸ ਤੋਂ ਮੁਕਤ ਕੀਤਾ। ਪ੍ਰਭੂ ਨੇ ਉਨ੍ਹਾਂ ਨੂੰ ਵਰ ਦਿੱਤਾ ਕਿ ਅੱਜ ਤੋਂ ਬਾਅਦ ਤੁਸੀਂ ਲੋਕਾਂ ਦੀਆਂ ਖੁਸ਼ੀਆਂ ਮੰਗੋਗੇ। ਖੁਸ਼ੀ ਦੇ ਮੌਕੇ ਕੋਈ ਵੀ ਤੁਹਾਨੂੰ ਵਧਾਈ ਦੇਣ ਤੋਂ ਨਾਂਹ ਨਹੀਂ ਕਰੇਗਾ।

"ਹੁਣ ਤਾਂ ਸਾਰੀ ਦੁਨੀਆਂ ਈ ਨਾਂਹ ਕਰੀਂ ਜਾਂਦੀ ਐ ਰੀਨਾ ...!" ਇਕ ਦਿਨ ਨੱਚ-ਨੱਚ ਥੱਕਿਆ ਪਿਆ ਜੈਲਾ 'ਰਾਮ-ਨਾਮ ਸੱਤ' ਕਰਨ ਲੱਗ ਪਿਆ ਸੀ।

ਮੈਂ ਉਹਦੀ ਗੱਲ ਸੁਣ ਸੋਚੀਂ ਪੈ ਗਈ। ਰਾਮ-ਲੀਲਾ ਵੇਖਣ ਵਾਲੀ ਦੁਨੀਆਂ ਕਿੰਨੀ ਲੁੱਚੀ ਹੋ ਗਈ ਸੀ। ਡੁੱਬ ਜਾਣੀ ਵੇਖਣ-ਸੁਣਨ ਤਾਂ ਰਾਮ-ਕਥਾ ਆਉਂਦੀ। ਪਰ ਮਨ ਵਿਚ 'ਜੈਲੇ ਦੀ ਲੀਲ੍ਹਾ' ਚੱਲ ਰਹੀ ਹੁੰਦੀ।

ਵੇਖਾਂ ਤਾਂ ਸਹੀ। ਉੱਥੇ ਹੁੰਦਾ ਕੀ ਸੀ ! ਰਾਮ-ਵਸ ਹੋਈ ਇਕ ਦਿਨ ਮੈਂ ਰਾਮ-ਲੀਲ੍ਹਾ ਵੇਖਣ ਚਲੀ ਗਈ।

'ਥਾਣੇ-ਬਾਰ' ਅੱਗੇ ਵਿਹਲੀ ਪਈ ਥਾਂ ਉੱਪਰ ਸਟੇਜ ਲੱਗੀ ਹੋਈ ਸੀ।

ਮੈਂ ਲੋਕਾਂ ਦੀ ਭੀੜ ਵਿਚ ਜਾ ਖੜ੍ਹੀ।

ਆਰਤੀ ਤੋਂ ਬਾਅਦ ਜਦੋਂ ਰਾਮ-ਸੀਤਾ ਦਾ ਪ੍ਰਸੰਗ ਸ਼ੁਰੂ ਹੋਇਆ। ਲੋਕਾਂ ਦੀ ਭੀੜ ਖਿੰਡਣੀ ਸ਼ੁਰੂ ਹੋ ਗਈ। ਅੱਧੀ ਦੁਕਾਨਾਂ ਅੱਗੇ ਬਣੀਆਂ ਚੌਂਕੜੀਆਂ ਉੱਪਰ ਜਾ ਬੈਠੀ। ਅੱਧੀ ਸੜਕਾਂ ਉੱਪਰ ਘੁੰਮਣ ਲੱਗੀ।

"ਮੰਤਰੀ ਜੀ !.... ਗਾਨੇ ਵਾਲੀ ਕੋ ਪੇਸ਼ ਕੀਆ ਜਾਏ ...!" ਜਿਉਂ ਹੀ ਸਟੇਜ ਉੱਪਰ ਪ੍ਰਸੰਗ ਬਦਲਿਆ।

ਰਾਵਣ ਬਣੇ ਹੋਏ ਦੁਰਗੇ ਹਲਵਾਈ ਦੀ ਬਾਂਹ ਹਵਾ ਵਿਚ ਲਹਿਰਾਈ।

ਸਪੀਕਰ ਵਿਚ 'ਬਿਜਲੀ ਗਿਰਾਨੇ ਮੈਂ ਹੂੰ ਆਈ...' ਗੀਤ ਵੱਜਣ ਲੱਗਿਆ।

ਖਿੰਡੀ ਹੋਈ ਭੀੜ ਹਨੇਰੀ ਵਾਂਗ ਆ ਚੜ੍ਹੀ। ਵੇਖਣ ਵਾਲਿਆਂ ਦਾ ਧੱਕਾ ਪੈਣ ਲੱਗਿਆ।

ਕਈ ਸਾਲਾਂ ਤੋਂ ਰਾਮ-ਲੀਲ੍ਹਾ ਵਿਚ ਨਚਾਰ ਬਣ ਨੱਚਦਾ ਆ ਰਿਹਾ ਜੈਲਾ ਸ਼੍ਰੀ ਦੇਵੀ ਵਾਂਗ ਲੱਕ ਮਾਰ-ਮਾਰ ਨੱਚਣ ਲੱਗਿਆ।

ਉਹਦਾ ਨਾਚ ਵੇਖ ਮੈਂ ਤਾੜੀਆਂ ਮਾਰਨ ਲੱਗ ਪਈ, "ਵਾਹ ਜੈਲਿਆ ਵਾਹ!... ਵਾਹ ਤੇਰੀ ਲੀਲ੍ਹਾ !... ਵਧਾਈਆਂ ਜੀ ਵਧਾਈਆਂ ...!!"

"ਵਧਾਈਆਂ ਜੇਠਾ ਤੈਨੂੰ... ਵੇ ਤੈਂ ਮਸਾਂ ਡੂੰਮਣਾ ਚੋਇਆ ...!" ਹਾਜੀ ਨੂੰ ਛੇੜਦੀ ਹੋਈ ਮੈਂ ਮੁੜ ਸ਼ੀਸ਼ੇ ਅੱਗੇ ਜਾ ਖੜ੍ਹੀ



ਮੇਕ-ਅਪ ਠੀਕ ਕਰਨ ਲੱਗੀ। ਹਾਜੀ ਸਾਜੀਆਂ ਨੂੰ ਅਵਾਜ਼ਾਂ ਮਾਰਨ ਲੱਗ ਪਿਆ, "ਓਏ ਰਾਜੂ !... ਓਏ ਬਾਬੂ !... ਕਿੱਥੇ ਮਰ ਗਏ ਜ਼ਾਲਮੋ !... ਲਿਆਓ ਖਾਂ ਵਾਜਾ-ਢੋਲਕੀ !... ਵਧਾਈ ਮੰਗਣ ਚੱਲੀਏ ...!"

ਮੰਗਣਾ ਸਾਡਾ ਕਿੱਤਾ ਸੀ। ਨੱਚਣਾ ਸਾਡੀ ਹੋਣੀ। ਜੇਕਰ ਨਾ ਨੱਚਦੇ। ਥਕਾਵਟ ਨਹੀਂ ਸੀ ਹੁੰਦੀ। ਅੱਗ ਲੱਗਣਾ ਪੈਸਾ ਨਹੀਂ ਬਣਦਾ। ਜੈਲੇ ਵਾਂਗ ਪੈਸਾ ਹੀ ਨਚਾਉਂਦਾ ਸੀ। ਜਿਹੜੀ ਵੀ ਕਮਾਈ ਹੁੰਦੀ। ਸਾਰੀ ਗੁਰੂ ਨੂੰ ਲਿਜਾ ਕੇ ਦੇਣੀ ਪੈਂਦੀ। ਜੇ ਕੋਈ ਮਾੜੀ ਕਿਸਮਤ ਵਾਲਾ ਨਾ ਦਿੰਦਾ। ਨੰਗੀ ਪਿੱਠ 'ਤੇ ਗਰਮ ਚਿਮਟੇ ਪੈਂਦੇ ਸਨ। ਚਮੜੀ ਉੱਧੜ ਜਾਂਦੀ। ਨੀਲ ਪੈ ਜਾਂਦੇ। ਇਹਦੇ ਨਾਲੋਂ ਤਾਂ ਥਕਾਵਟ ਚੰਗੀ ਸੀ। ਨੱਚ-ਨੱਚ ਦੇਹ ਥੱਕ ਜਾਂਦੀ। ਬੀਹੀਆਂ ਵਿਚ ਫਿਰਦਿਆਂ ਰੂਹ ਅੱਕ ਜਾਂਦੀ। ਚੜ੍ਹੀ-ਲੱਥੀ ਦੀ ਕੋਈ ਸੁਰਤ ਨਾ ਰਹਿੰਦੀ।

"ਵੇ ਹਾਜੀ !... ਬਿਮਲਾ ਨੂੰ ਸੁਰਤ ਆਈ ਕਿ ਨਹੀਂ !... ਉਠਾਲ ਚੰਦਰੀ ਨੂੰ...!" ਕਜਲੇ ਦੀ ਧਾਰ ਤਿੱਖੀ ਕਰਦੀ ਹੋਈ ਮੈਂ ਹਾਜੀ ਨੂੰ ਅਵਾਜ਼ਾਂ ਮਾਰਨ ਲੱਗ ਪਈ

"ਉਹ ਤਾਂ ਕਦੋਂ ਦੀ ਉੱਠੀ ਬੈਠੀ ਐ !... ਤੇਰਾ ਈ ਫੈਸ਼ਨ ਨੀ ਮੁੱਕਦਾ !... ਫੈਸ਼ਨਾਂ ਪਿੱਟੀ ਦਾ ...!" ਹਾਜੀ ਦੀ ਗੱਲ ਸੁਣ ਮੈਂ ਸਿਰ ਨੂੰ ਝਟਕਾ ਦਿੱਤਾ

ਕੰਜਰੀ ਗੁੱਤ ਘੁੰਮ ਕੇ ਛਾਤੀ ਨਾਲ ਆ ਵੱਜੀ। ਉਹਦੀ ਡੋਰੀ ਠੀਕ ਕਰਦੀ ਹੋਈ ਮੈਂ ਬਿਮਲਾ ਵੱਲ ਝਾਕੀ। ਉਹ ਨਕਲੀ ਜਿਹਾ ਹੱਸੀ। ਮੇਰੀ ਛਾਤੀ ਵਿਚ ਚੀਸ ਉੱਠੀ। ਖਾਲੀ ਅੱਖਾਂ ਨਾਲ ਉਹ ਗੇਟ ਵੱਲ ਵੇਖਣ ਲੱਗ ਪਈ।

"ਆਏ ਹਾਏ ਨੀ !... ਮੈਂ ਮਰ ਜਾਵਾਂ !.... ਕਿਸ ਨੂੰ ਉਡੀਕਦੀ ਰਹਿੰਨੀ ਐਂ ਚੰਦਰੀਏ !... ਇਸ ਘਰ ਵਿਚ ਕਿਸੇ ਨੇ ਨੀ ਆਉਣਾ ਬਿਮਲਾ !.... ਚੱਲ ਚੱਲੀਏ ਸ਼ਿਮਲਾ ...!" ਨਾਗਣ ਗੁੱਤ ਨੂੰ ਪਿਛਾਂਹ ਸਿੱਟ ਮੈਂ ਤਾੜੀਆਂ ਮਾਰਨ ਲੱਗੀ

ਤਾੜੀਆਂ ਮਾਰਦੀ ਬਿਮਲਾ ਸਾਜੀਆਂ ਵੱਲ ਨੂੰ ਤੁਰ ਪਈ।

ਊਈ ਮਾਂ ! ਉਹਦਾ ਦਰਦ ਮੇਰੀ ਰਗ-ਰਗ ਵਿਚ ਫਿਰ ਗਿਆ। ਮੇਰੇ ਵਾਂਗ ਉਹ ਵੀ ਦਰਦ ਪੀਣ ਲਈ ਜੰਮੀ ਸੀ। ਘਰਦਿਆਂ ਤੋਂ ਵਿਛੜਨ ਲਈ ਜੰਮੀ ਸੀ। ਨਾ ਰਹਿਣੀ ਕਈ ਦਿਨਾਂ ਦੀ ਬਿਮਾਰ ਸੀ। ਮੈਂ ਉਹਦਾ ਬੜਾ ਖਿਆਲ ਰੱਖਦੀ। ਪਰ ਉਹ ਹਰ ਵਾਰ ਮੇਰੀ ਜਾਨ ਕੱਢ ਲੈਂਦੀ, "ਵੇਖੀਂ ਆਪਣੀ ਖਬਰ ਲੈਣ ਆਲਾ ਕੋਈ ਨੀ!... ਡੇਰੇ ਵਿਚਲੀ ਸੁੰਨ ਮੈਨੂੰ ਖਾ ਰਹੀ ਐ ਰੀਨਾ...!"

ਹਾਲਤ ਤਾਂ ਮੇਰੀ ਵੀ ਇਹੀ ਸੀ। ਜਿਸ ਵਕਤ ਮੈਂ ਇਕੱਲੀ ਪਈ ਹੁੰਦੀ। ਡੇਰੇ ਵਿਚਲੀ ਸੁੰਨ ਮੇਰੀ ਦੇਹ ਨੂੰ ਚੜ੍ਹਨ ਲੱਗਦੀ। ਰੂਹ ਸੁੰਨ ਹੋਣ ਲੱਗਦੀ। ਮੈਂ ਪਾਗਲਾਂ ਵਾਂਗ ਉੱਠਦੀ। ਸ਼ੀਸ਼ੇ ਅੱਗੇ ਜਾ ਖੜ੍ਹਦੀ। ਉਸ ਨਾਲ ਗੱਲਾਂ ਕਰਨ ਲੱਗਦੀ। ਜਦੋਂ ਮਰ ਜਾਣਾ ਨਾ ਬੋਲਦਾ। ਮੈਂ ਖਿਝ ਉੱਠਦੀ।

"ਖਿਝ ਨਾ ਮੇਰੀ ਭੈਣ !... ਮੂੰਹ 'ਤੇ ਹਾਸਾ ਲਿਆ !... ਮਾੜ੍ਹਾ ਜਿਹਾ ਨਖਰੇ ਨਾਲ ਤੁਰ ਡੁੱਬ ਜਾਣੀਏ ....!" ਬਿਮਲਾ ਨੂੰ ਖੁਸ਼ ਕਰਨ ਲਈ ਮੈਂ ਲੱਕ ਮਾਰ-ਮਾਰ ਤੁਰਨ ਲੱਗੀ

ਪਰ ਉਹਦੀ ਥੱਕੀ ਹੋਈ ਤੋਰ ਵਿਚ ਨਖਰਾ ਨਾ ਆਇਆ।

ਤੀਜੀ ਵਾਰ ਤੀਜੀ ਥਾਂ ਵਿਕਣ ਦਾ ਦਰਦ ਉਹਦੀ ਤੋਰ ਵਿਚਲਾ ਨਖਰਾ ਖਾ ਗਿਆ ਸੀ।

ਟਿਕੀ ਰਾਤ ਵਿਚ ਉਹ ਅਕਸਰ ਦੱਸਣ ਲੱਗ ਪੈਂਦੀ, "ਪਹਿਲੀ ਵਾਰ ਕਾਲੀ ਮਹੰਤ ਮੈਨੂੰ ਰਾਜਸਥਾਨ ਲੈ ਗਿਆ !... ਉਸ ਵਕਤ ਮੇਰੀ ਉਮਰ ਫੁੱਲ ਭਰ ਸੀ !... ਉਹਨੇ ਹੀ ਮੈਨੂੰ ਨੱਚਣਾ ਸਿਖਾਇਆ !... ਮੈਂ ਦਸ ਸਾਲ ਉਸ ਨੂੰ ਕਮਾਈ ਕਰਕੇ ਦਿੰਦੀ ਰਹੀ !... ਬਾਅਦ ਵਿਚ ਉਹਨੇ ਮੈਨੂੰ ਸਵਾ ਲੱਖ 'ਚ ਲਵਲੀ ਮਹੰਤ ਕੋਲ ਵੇਚ ਦਿੱਤਾ !... ਉਹ ਮੈਨੂੰ ਮੋਗੇ ਵੱਲ ਲਿਆਇਆ !... ਕਈ ਸਾਲ ਮੈਂ ਉਸ ਨਾਲ ਵਧਾਈ ਮੰਗਣ ਜਾਂਦੀ ਰਹੀ !... ਇਕ ਰਾਤ ਉਹਨੇ ਵੀ ਮੈਨੂੰ ਸ਼ੀਰਾ ਤਾਜੀ ਕੋਲ ਵੇਚ ਦਿੱਤਾ ...!!"

"ਆਏ ਹਾਏ ਵੇ ਤੇਰਾ ਕੱਖ ਨਾ ਰਹੇ ਪਾਪੀਆ...!" ਮੇਰਾ ਹੁੰਗਾਰਾ ਸੁਣ ਉਹ ਰੋਣ ਲੱਗ ਪੈਂਦੀ, "ਜਿਸ ਦਿਨ ਹਰਾਮੀ ਤਾਜੀ ਨੇ ਕਿਹਾ ਬਿਮਲਾ ਮੈਂ ਤੇਰਾ ਗੁਰੂ ਹਾਂ!... ਚੇਲੇ ਕਦੇ ਗੁਰੂ ਦਾ ਹੁਕਮ ਨਹੀਂ ਮੋੜਦੇ !... ਆਪਣੇ ਕੁਨਬੇ 'ਚ ਅਸਲੀ ਚੇਲਾ ਉਹੀ ਹੁੰਦਾ ਜਿਸ ਨੂੰ ਮੁੱਲ ਤਾਰ ਕੇ ਖਰੀਦਿਆ ਹੋਵੇ !... ਇਸ ਲਈ ਹੁਣ ਤੂੰ ਗੰਗਾਨਗਰ ਕਮਲਾ ਮਹੰਤ ਕੋਲ ਚਲੀ ਜਾਵੀਂ !... ਮੈਂ ਤੈਨੂੰ ਉਸ ਕੋਲ ਤਿੰਨ ਲੱਖ ਵਿਚ ਵੇਚ ਦਿੱਤਾ ਏ !... ਜ਼ਾਲਮ ਦੀ ਗੱਲ ਸੁਣ ਮੈਂ ਉਹਦੇ ਢਿੱਡ ਵਿਚ ਟੱਕਰ ਮਾਰੀ ਰੀਨਾ !... ਉਹ ਤਾਅ ਖਾ ਗਿਆ !... ਉਹਨੇ ਗਰਮ ਕੀਤਾ ਚਿਮਟਾ ਚੁੱਕ ਲਿਆ !... ਪਾਪੀ ਉਦੋਂ ਤੱਕ ਮੇਰੀ ਨੰਗੀ ਪਿੱਠ 'ਤੇ ਮਾਰਦਾ ਰਿਹਾ !... ਜਦੋਂ ਤੱਕ ਮੈਂ ਬੇਸੁਰਤ ਹੋ ਡਿੱਗ ਨਾ ਪਈ...!!"

ਆਪਣੀ ਦਰਦ-ਕਹਾਣੀ ਸੁਣਾਉਂਦੀ ਬਿਮਲਾ ਅੰਦਰ ਅੱਗ ਮੱਚਣ ਲੱਗ ਪੈਂਦੀ ਸੀ।

"ਮੈਂ ਤਾਂ ਮੱਚਦੀ ਅੱਗ ਉੱਪਰ ਵੀ ਨੱਚ ਲੈਨਾ ਰੀਨਾ ...!" ਅੱਗ ਨਾਲ ਮੱਚੇ ਪੈਰਾਂ ਦਾ ਦਰਦ ਲੋਕੋਂਦਾ ਹੋਇਆ ਜੈਲਾ ਠੰਡਾ ਹੋ ਜਾਂਦਾ ਸੀ

ਉਹ ਮੱਚਦੀ ਅੱਗ ਦੇ ਕੋਲਿਆਂ ਉੱਪਰ ਨੱਚਣ ਲਈ ਦੂਰ-ਦੂਰ ਤੱਕ ਮਸ਼ਹੂਰ ਸੀ।

ਜਦੋਂ ਕੋਈ ਹਰਾਮੀ ਆਖਦਾ, "ਨੱਚਦਾ ਕਾਹਦੈ ਸਹੁਰਾ !... ਉਈਂ ਅੱਗ ਲਾ ਦਿੰਦਾ ...!"

"ਮੈਂ ਕਾਹਨੂੰ ਨੱਚਦਾ ਪਾਪੀਆ!... ਇਹ ਤਾਂ ਮੇਰੀ ਕਿਸਮਤ ਨੱਚਦੀ ਐ...!" ਦੰਦਾਂ ਹੇਠਾਂ ਜੀਭ ਲੈ ਉਹ ਅੱਲ੍ਹਾ-ਅੱਲ੍ਹਾ ਕਰਨ ਲੱਗ ਪੈਂਦਾ

ਅੱਲ੍ਹਾ ਉਸ ਉੱਪਰ ਮੈਥੋਂ ਵੱਧ ਮਿਹਰਬਾਨ ਸੀ। ਐਨਾ ਸੁਨੱਖਾ। ਗੋਰਾ-ਚਿੱਟਾ ਰੰਗ। ਲੰਬੇ ਕਾਲੇ ਵਾਲ । ਤਰਾਸ਼ਿਆਂ ਬਦਨ। ਸ਼ਰਾਬੀ ਅੱਖਾਂ। ਅੱਖਾਂ ਵਿਚ ਕਜਲਾ ਪਾ ਉਹ ਲੱਕ ਮਾਰ-ਮਾਰ ਤੁਰਦਾ। ਸ਼ੇਵ ਕਰਵਾ ਕੇ ਮਰ ਜਾਣਾ ਕੁੜੀ ਹੀ ਲੱਗਦਾ ਸੀ। ਜਿਸ ਬੀਹੀ ਵਿਚ ਦੀ ਵੀ ਲੰਘਦਾ। ਕੋਈ ਨਾ ਕੋਈ ਛੇੜ ਲੈਂਦਾ, "ਕਿਵੇਂ ਐ ਫਿਰ ਭਾਬੀ...!"

"ਵੇ ਠੀਕ ਆਂ ...ਅੱਗ ਲੱਗਣਿਆ...!" ਅੱਖ ਮਾਰ ਉਹ ਲੱਕ ਵਾਂਗ ਬਾਹਾਂ ਮਾਰ-ਮਾਰ ਤੁਰਨ ਲੱਗ ਪੈਂਦਾ ਸੀ

"ਨੀ ਲੱਕ ਹਿੱਲੇ ਮਜਾਜਣ ਜਾਂਦੀ ਦਾ ...!" ਬਿਮਲਾ ਨੂੰ ਖੁਸ਼ ਕਰਨ ਲਈ ਮੈਂ ਜੈਲੇ ਵਾਂਗ ਤੁਰਨ ਲੱਗ ਪਈ

ਮਰ ਜਾਣੀ ਹੱਸ ਪਈ। ਮੇਰਾ ਰੋਣਾ ਨਿੱਕਲ ਗਿਆ। ਮੈਂ ਭੱਜ ਕੇ ਪਿਸ਼ਾਬ ਕਰਨ ਜਾ ਵੜੀ। ਜਦੋਂ ਬਾਹਰ ਆਈ। ਮੋਇਆ ਹਾਜੀ ਤਾਂਗਾ ਜੋੜੀਂ ਖੜ੍ਹਾ ਸੀ। ਪਿਛਲੀ ਸੀਟ 'ਤੇ ਰਾਜੂ ਤੇ ਬਾਬੂ ਢੋਲਕੀ-ਵਾਜਾ ਚੁੱਕੀਂ ਬੈਠੇ ਸਨ। ਅਗਲੀ ਸੀਟ 'ਤੇ ਬਿਮਲਾ ਬੈਠੀ ਸੀ। ਮੈਂ ਛਾਲ ਮਾਰ ਕੇ ਉਹਦੇ ਨਾਲ ਜਾ ਬੈਠੀ।



"ਮਰਗੀ.... ਨੀ ਮਾਂ ....!!" ਬਿਮਲਾ ਨੇ ਚੀਕ ਮਾਰੀ

ਬੈਠਣ ਲੱਗਿਆਂ ਮੈਥੋਂ ਉਹਦਾ ਪੈਰ ਮਿੱਧਿਆ ਗਿਆ ਸੀ

ਮੈਂ ਉਸ ਨੂੰ ਜੱਫੀ ਪਾ ਲਈ, "ਪੈਰ ਬਚਾ ਕੇ ਰੱਖਿਆ ਕਰ ਮੇਰੀ ਜਾਨ !... ਆਪਣੇ ਤਾਂ ਦੁਨੀਆਂ ਈ ਪੈਰ ਨੀ ਲੱਗਣ ਦਿੰਦੀ...!"

"ਚੱਲ ਬੱਕੀਏ ...!" ਬਿਮਲਾ ਦਾ ਪੈਰ ਪਲੋਸਦੇ ਹੋਏ ਹਾਜੀ ਨੇ ਘੋੜੀ ਦੀ ਪਿੱਠ 'ਤੇ ਛਾਂਟਾ ਮਾਰਿਆ

"ਵੇ ਹੌਲੀ ਮਾਰ ਜ਼ਾਲਮਾ !.... ਇਹ ਵੀ ਆਪਣੇ ਵਰਗੀ ਐ ..." ਘੋੜੀ ਦੀ ਪਿੱਠ ਦਾ ਛਾਂਟਾ ਮੇਰੀ ਪਿੱਠ 'ਤੇ ਚਿਮਟੇ ਵਾਂਗ ਵੱਜਿਆ

ਦਰਦ ਨਾਲ ਮੈਂ ਹੇਠਲਾ ਬੁੱਲ੍ਹ ਟੁੱਕ ਲਿਆ। ਮੂੰਹ 'ਤੇ ਹਾਸੀ ਚਿਪਕਾ ਲਈ। ਨਜ਼ਰ ਸੜਕ ਵੱਲ ਕਰ ਸਿੱਧੀ ਹੋ ਬੈਠ ਗਈ।

ਤਾਂਗਾ ਬਾਗੜੀਆਂ ਵੱਲ ਨੂੰ ਦੌੜਿਆ ਜਾ ਰਿਹਾ ਸੀ।

ਪਿੰਡ ਦੀ ਜੂਹ ਵੜਨ ਸਾਰ ਹਾਜੀ ਨੇ ਲਗਾਮ ਖਿੱਚ ਲਈ। ਘੋੜੀ ਹੌਲੀ ਹੋ ਗਈ। ਤਾਂਗਾ ਕੀੜੀ ਦੀ ਤੋਰ ਤੁਰਨ ਲੱਗਿਆ।

"ਸਾਡੇ ਤਾਂਗੇ ਨੇ ਮੜਕ ਨਾਲ ਜਾਣਾ, ਔਖੀ ਐਂ ਤਾਂ ਰੇਲ ਚੜ੍ਹ ਜਾ...!" ਮੈਂ ਕੋਲ ਦੀ ਲੰਘੇ ਜਾਂਦੇ ਸਰਪੰਚ ਵੱਲ ਚੁੰਮੀ ਵਗਾਹ ਮਾਰੀ

"ਜਾਣਦੇ ...ਰੀਨਾ ਮਹੰਤਾ... ਜਾਣਦੇ...!" ਸਰਪੰਚ ਦਾ ਮੋਟਰ ਸਾਇਕਲ ਪੱਕੀ ਸੜਕ ਤੋਂ ਕੱਚੀ ਥਾਂ ਲਹਿ ਗਿਆ।

"ਆਏ ਹਾਏ ਵੇ ਸਰਪੰਚਾ !... ਜਾਣਦੇ ਆਂ !... ਅਸੀਂ ਸਭ ਕੁਸ਼ ਜਾਣਦੇ ਆਂ....!... ਪਰ ਤੁਸੀਂ ਨੀ ਸਾਨੂੰ ਜਾਣਿਆ ...!" ਮੈਂ ਤਾਂਗੇ ਤੋਂ ਹੇਠਾਂ ਛਾਲ ਮਾਰੀ

ਗੁੱਤ ਘੁੰਮਾਉਂਦੀ। ਲੱਕ ਮਾਰਦੀ। ਸੜਕ ਕਿਨਾਰੇ ਖੜ੍ਹੇ ਸਰਪੰਚ ਕੋਲ ਜਾ ਖੜ੍ਹੀ। ਮਰ ਜਾਣਾ ਮੈਨੂੰ ਕੁਰਸੀ ਵਰਗਾ ਜਾਪਿਆ। ਮੈਂ ਟਿੱਚਰ ਮਾਰੀ, "ਲਿਆ ਫੇਰ ਸਰਪੰਚਾ !... ਹੁਣ ਸਾਨੂੰ ਵੀ ਥਾਂ ਦਿਵਾ ਦੇ ...!"

ਮੇਰੀ ਗੱਲ ਸੁਣ ਦਫੇ ਹੋਣਾ ਹਿੱਲ ਗਿਆ। ਕਹਿੰਦਾ, "ਤੁਸੀਂ ਜਦ ਵੀ ਕਰੋਂਗੇ!.... ਸਾਲੀ ਪੁੱਠੀ ਗੱਲ ਈ ਕਰੋਂਗੇ...!"

"ਨਾ ਵੇ ਵੈਰੀਆ ? ਐਂ ਨਾ ਬੋਲ ! ... ਗੁੱਸੇ 'ਚ ਵੇਖ ਕਿੰਨਾ ਸੋਹਣਾ ਲੱਗਦੈਂ!... ਜ਼ਰਾ ਸਿੱਧਾ ਹੋ ਕੇ ਵੇਖ !... ਇਹ ਪੁੱਠੀ ਨੀ ਸਿੱਧੀ ਗੱਲ ਐ...!" ਮੈਂ ਉਹਦੀ ਗੱਲ੍ਹ ਨੂੰ ਹੱਥ ਲਾ ਕੇ ਛੇੜਿਆ।'

ਇਕ ਵਾਰ ਜੈਲਾ ਦੱਸਦਾ ਸੀ, "ਇਹ ਸਰਪੰਚ ਜੀਹਦੀ ਵੀ ਜੰਨ ਜਾਂਦਾ !.... ਉੱਥੇ ਪੈਸੇ ਦੇਣ ਦੇ ਬਹਾਨੇ ਮੇਰੀਆਂ ਗੱਲ੍ਹਾਂ ਨੂੰ ਹੱਥ ਲਾ ਲਾ ਛੇੜੀਂ ਜਾਂਦਾ ਹੁੰਦਾ...!"

ਮੇਰੀ ਗੱਲ ਸੁਣ ਹਰਾਮੀ ਭੜਕ ਪਿਆ, "ਚਲ ਜੈਲਾ ਤਾਂ ਫੇਰ ਵੀ ਕੁਸ਼ ਹੈਗਾ!... ਤੁਸੀਂ ਨਾ ਬੰਦੇ ਓਂ ਨਾ ਤੀਮੀਆਂ !... ਨਾ ਤਿੰਨ 'ਚ ਓਂ ਨਾ ਤੇਰਾਂ 'ਚ !... ਘਰ-ਦਰ ਥੋਡਾ ਨੀ !...ਮੰਗ ਕੇ ਖਾਨੇ ਓਂ !... ਨਵੀਂ ਓ ਗੱਲ !... ਅਖੇ ਥਾਂ ਦਿਵਾ ਦੇ !... ਕੱਲ੍ਹ ਨੂੰ ਕਹੋਂਗੇ ਸਾਡੇ ਨਾਲ ਆਪਣੇ ਮੁੰਡੇ-ਕੁੜੀਆਂ ਵਿਆਹ ਦੇ...!"

"ਲਿਆ ਵਿਆਹ ਦੇ ਫੇਰ !... ਥੋਡੇ ਨਾਲੋਂ ਤਾਂ ਚੰਗੇ ਆਂ !... ਕਿਸੇ ਨੂੰ ਜੰਮਣ ਤੋਂ ਪਹਿਲਾਂ ਤਾਂ ਨੀ ਮਾਰਦੇ ਅਸੀਂ ....!" ਮੈਂ ਤਾਅ ਖਾ ਗਈ

ਬਿਮਲਾ ਨੇ ਮੇਰੀ ਬਾਂਹ ਫੜ ਲਈ। ਹਾਜੀ ਵੀ ਕੋਲ ਆ ਖੜ੍ਹਿਆ।

ਸਰਪੰਚ ਪੂਰਾ ਕੁੱਤੇ ਦਾ ਵੱਢਿਆ ਸੀ। ਉਹ ਕੀ ਕਹਿੰਦੇ ਮਰ ਜਾਣਾ ਐਮ.ਐਲ.ਏ. ਦਾ ਬੰਦਾ ਸੀ। ਸਾਨੂੰ ਅੱਖਾਂ ਕੱਢਣ ਲੱਗ ਪਿਆ, "ਦੇਖ ਮਹੰਤਾ !... ਜਿਹੜਾ ਕੰਮ ਕਰਨ ਆਏ ਓਂ ਕਰਕੇ ਤੁਰਦੇ ਬਣੋ !... ਐਵੀਂ ਨੀ ਸਮਾਜਿਕ ਕੰਮਾਂ 'ਚ ਲੱਤ ਅੜਾਈਦੀ !... ਕਿਤੇ ਹੋਰ ਈ...!"

"ਕਿਤੇ ਹੋਰ ਈ ਕੀ ਵੇ !... ਹੈਂਅ !... ਸਾਡਾ ਵੀ ਜਿਉਂਣ ਨੂੰ ਜੀਅ ਕਰਦਾ!.... ਅਸੀਂ ਵੀ ਉਹੀ ਕਰਤਾਰ ਦੇ ਘੜੇ ਹੋਏ ਆਂ!... ਇਹ ਕੀ ਗੱਲ ਹੋਈ ਭਲਾਂ !... ਅਖੇ ਥੋਡੀ ਥਾਂ ਈ ਨੀ...!" ਮੈਂ ਸਰਪੰਚ ਦੀਆਂ ਅੱਖਾਂ ਵਿਚ ਅੱਖਾਂ ਪਾ ਮਰ ਜਾਣੇ ਨੂੰ ਚਾਰ-ਪੰਜ ਅੱਖਾਂ ਮਾਰ ਦਿੱਤੀਆਂ

ਉਹ ਦੰਦ ਪੀਹ ਕੇ ਰਹਿ ਗਿਆ। ਮੋਟਰ ਸਾਇਕਲ ਨੂੰ ਕਿੱਕ ਮਾਰੀ। ਔਹ ਗਿਆ।

"ਕਹਿੰਦਾ ਸਾਰੀ ਥਾਂ 'ਤੇ ਸਾਡਾ ਕਬਜ਼ਾ !.... ਗੱਲਾਂ ਦੇਖ ਮਖਿਆ ....!" ਹਾਜੀ ਮੈਨੂੰ ਵਧਾਈ ਵਾਲੇ ਘਰ ਵੱਲ ਨੂੰ ਖਿੱਚਣ ਲੱਗ ਪਿਆ

ਗੁੱਤ ਘੁੰਮਾਉਂਦੀ ਹੋਈ ਮੈਂ ਆਲੇ-ਦੁਆਲੇ ਝਾਕੀ।

ਘਰਾਂ ਅੱਗੇ ਖੜ੍ਹੀਆਂ ਔਰਤਾਂ ਓਪਰਿਆਂ ਵਾਂਗ ਝਾਕ ਰਹੀਆਂ ਸਨ।

ਜੁਆਕਾਂ ਨੇ ਖੇਡਣਾ ਛੱਡ ਦਿੱਤਾ। ਸਾਡੇ ਦੁਆਲੇ ਇਕੱਠ ਕਰ ਲਿਆ।

ਮੈਂ ਸਾਰਿਆਂ ਵੱਲ ਜੀਭ ਕੱਢ ਅੱਗੇ ਲੱਗ ਤੁਰੀ। ਹਾਜੀ, ਬਿਮਲਾ, ਰਾਜੂ ਤੇ ਬਾਬੂ। ਮੇਰੇ ਪਿੱਛੇ ਲੱਗ ਤੁਰੇ।

ਮੈਂ ਤਾੜੀਆਂ ਮਾਰਦੀ ਉੱਡੀ ਜਾ ਰਹੀ ਸੀ।

ਇਕ ਘਰ ਅੱਗੇ ਖੜ੍ਹੀਆਂ ਔਰਤਾਂ ਵਿਚੋਂ ਅਵਾਜ਼ ਆਈ, "ਦੇਖੋ ਨੀ ਕਿੰਨਾਂ ਸੋਹਣਾ ਹਿਜੜਾ !.... ਕੁੜੀਆਂ ਨੂੰ ਵੀ ਮਾਤ ਪਾਉਂਦਾ ਜੈ ਵੱਢਾ !... ਪਤਾ ਨੀ ਰੱਬ ਨੇ ਕਾਹਦੀ ਸਜ਼ਾ ਦਿੱਤੀ ਐ ...!"

"ਨੀ ਸਜ਼ਾ ਕਾਹਦੀ !... ਇਹ ਤਾਂ ਕਰਮਾਂ ਦੀ ਖੱਟੀ ਐ ....!" ਗੁਲਾਬੀ ਚੁੰਨੀ ਵਾਲੀ ਔਰਤ ਜੈਲੇ ਵਾਂਗ ਬੋਲ ਰਹੀ ਸੀ

ਜੈਲਾ ਔਰਤਾਂ ਵਾਂਗ ਬੋਲਦਾ ਸੀ। ਜਿਸ ਦਿਨ ਉਹ ਵਿਆਹ ਲਾ ਕੇ ਆਉਂਦਾ। ਸਜਿਆ- ਸਜਾਇਆ ਮੇਰੇ ਕੋਲ ਆ ਵੜਦਾ ਸੀ।

ਮੈਂ ਉਹਦੀ ਲੀਰਾਂ ਪਾ ਕੇ ਉਭਾਰੀ ਅੰਗੀ ਵੱਲ ਵੇਖ-ਵੱਖ ਹੱਸਣ ਲੱਗਦੀ। ਉਹ ਅੰਗੀ ਵਿਚੋਂ ਨੋਟ ਕੱਢ-ਕੱਢ ਦਿਖਾਉਣ ਲੱਗਦਾ, "ਵੇਖ ਰੀਨਾ !... ਇਹ ਐ ਆਪਣੀ ਕਰਮਾਂ ਦੀ ਖੱਟੀ ...!"

ਜਿਸ ਵਕਤ ਨਿਕਰਮਾ ਸੌ-ਪੰਜਾਹ ਦਾ ਨੋਟ ਕੱਢਦਾ। ਮੈਂ ਉਸ ਉੱਪਰ ਝਪਟ ਪੈਂਦੀ। ਉਹ ਛਾਲ ਮਾਰ ਕੇ ਪਰ੍ਹਾਂ ਜਾ ਖੜ੍ਹਦਾ। ਮੈਂ ਉਹਦੀ ਚੁੰਨੀ ਧੂਹ ਲੈਂਦੀ।

ਉਹ ਹੱਸਣ ਲੱਗ ਪੈਂਦਾ, "ਲਾਹ ਲੈ ਚੁੰਨੀ !.... ਲਾਹ ਕੇ ਕੀ ਕਰੇਂਗੀ !... ਚੁੰਨੀ ਲਾਹੁਣ ਨਾਲ ਮੇਰੀ ਇੱਜ਼ਤ ਲਹਿਣੀ ਨੀ !... ਤੇਰੀ ਇੱਜ਼ਤ ਬਣਨੀ ਨੀ....!"

"ਵੇ ਆਹ ਫੜ ਚੁੰਨੀ !... ਮੈਂ ਕੀ ਕਰਨੀ ਐ !.. ਮੋਇਆ ਨਾ ਹੋਵੇ !.... ਮੈਂ ਤਾਂ ਆਹ ਸ਼ਗਨਾਂ ਦਾ ਨੋਟ ਮੰਗਦੀ ਆਂ !... ਕਿਤੇ ਕੋਈ ਸ਼ਗਨ ਈ ਪੈ ਜਾਵੇ ...!" ਮੇਰੀ ਗੱਲ ਸੁਣ ਉਹ ਨਜ਼ਦੀਕ ਆ ਜਾਂਦਾ



ਇਕ ਹੱਥ ਨਾਲ ਚੁੰਨੀ ਫੜਦਾ। ਦੂਜੇ ਹੱਥ ਨਾਲ ਅੰਗੀ ਵਿਚੋਂ ਸੌ ਦਾ ਨੋਟ ਕੱਢ ਨੋਟ ਵਾਲੀ ਬਾਂਹ ਉੱਚੀ ਕਰ ਲੈਂਦਾ, "ਵੇਖ ਐਂ ਮਿਲਦੇ ਨੇ ਨੋਟ !... ਸਾਲੇ ਦੋ ਕੌਡੀ ਦੇ ਬੰਦੇ ਨੀ ਹੁੰਦੇ !... ਨੋਟ ਦਿਖਾ ਕੇ ਮੈਨੂੰ ਲੁੱਚੇ ਇਸ਼ਾਰੇ ਕਰਨਗੇ !... ਕੋਈ ਮੇਰੇ ਨਾਲ ਖਹਿ-ਖਹਿ ਲੰਘੂ !... ਕੋਈ ਲੱਤ 'ਚ ਲੱਤ ਅੜਾ ਕੇ ਭੰਗੜਾ ਪਾਊ ! ... ਜਦੋਂ ਮੈਂ ਨੋਟ ਫੜਨ ਲੱਗਦਾਂ !....ਅਗਲਾ ਨੋਟ ਵਾਲੀ ਬਾਂਹ ਉੱਚੀ ਕਰ ਦਿੰਦਾ !... ਮੈਂ ਝਪਟਾ ਮਾਰਨ ਲੱਗ ਪੈਨਾ !... ਬਾਂਹ ਹੋਰ ਉੱਚੀ ਹੋ ਜਾਂਦੀ ਐ !... ਕਿਤੇ ਸੌਖਾ ਪਿਆ !.... ਵੀਹ ਛਾਲਾਂ ਮਾਰ ਕੇ ਮਸਾਂ ਨੋਟ ਮਿਲਦਾ !.... ਲੈ ਫੜ ਤੂੰ ਵੀ ਲੈ ਲਾ ....!"

ਨੋਟ ਦਿਖਾ ਉਹ ਬਾਹਰ ਨੂੰ ਭੱਜ ਲੈਂਦਾ। ਮੈਂ ਉਹਦੇ ਪਿੱਛੇ-ਪਿੱਛੇ ਭੱਜ ਲੈਂਦੀ।

"ਆਜੋ ਓਏ ਪਿੱਛੇ-ਪਿੱਛੇ ਚੱਲੀਏ !.... ਮਾਸਟਰ ਕੇ ਨੱਚਣਗੇ !... ਓਥੇ ਦੇਖਾਂਗੇ ....!" ਸਾਡੇ ਪਿੱਛੇ ਤੁਰੀ ਆ ਰਹੀ ਜੁਆਕਾਂ ਦੀ ਡਾਰ ਮੈਨੂੰ ਚੰਗੀ ਲੱਗ ਰਹੀ ਸੀ

"ਓਏ ਮੂਹਰਲਾ ਹਿਜੜਾ ਦੇਖੋ ਕਿੰਨਾ ਸੋਹਣਾ ....!" ਜਿਊਣ ਜੋਗਾ ਇਕ ਛੋਟਾ ਜਿਹਾ ਬੋਲਿਆ

"ਖੜ੍ਹ ਜਾ ਤੇਰੀ ਮਾਂ ਨੂੰ ਲੈ ਜਾਣ ਚੋਰ !... ਐਧਰ ਆ ਤੈਨੂੰ ਦੱਸਾਂ ....!" ਮੈਂ ਭੱਜ ਕੇ ਉਸ ਨੂੰ ਫੜ ਲਿਆ

ਜੁਆਕਾਂ ਦੀ ਡਾਰ ਪਰ੍ਹਾਂ ਨੂੰ ਭੱਜ ਲਈ। ਉਹ ਰੋਣ ਲੱਗ ਪਿਆ।

ਮੈਂ ਉਸ ਨੂੰ ਗੋਦੀ ਵਿਚ ਚੁੱਕ ਲਿਆ, "ਰੋ ਨਾ ਰਾਜਿਆ !.... ਤੇਰਾ ਕੋਈ ਕਸੂਰ ਨੀ !... ਪਰ ਜੇ ਅੱਗੇ ਤੋਂ ਬੋਲਿਆ ਨਾ !... ਆਹ ਤੋਤੋ ਪੱਟ ਕੇ ਹੱਥ 'ਚ ਫੜਾ ਦੂੰ ...!"

ਇਕ ਚੁੰਮੀ ਲੈ ਮੈਂ ਜੁਆਕ ਦੀ ਨੀਕਰ ਲਾਹ ਕੇ ਨਾਲ ਦੀ ਨਾਲ ਉਤਾਂਹ ਕਰ ਦਿੱਤੀ।

ਦਰਾਂ ਵਿਚ ਖੜ੍ਹੀਆਂ ਔਰਤਾਂ ਖੁਸ਼ ਹੋ ਗਈਆਂ। ਜੁਆਕਾਂ ਵਿਚ ਹਾਸੜ ਮੱਚ ਗਈ।

ਮੇਰੀ ਗੋਦੀ ਵਿਚੋਂ ਉਤਰ ਮੁੰਡਾ ਗੋਲੀ ਵਾਂਗ ਭੱਜਿਆ।

ਉੱਚੀ-ਉੱਚੀ ਹੱਸਦੀ ਮੈਂ ਅਗਾਂਹ ਨੂੰ ਤੁਰ ਪਈ।

ਜਿਸ ਘਰ ਅੱਗੇ ਬਾਂਦਰ-ਵੇਲ ਬੰਨ੍ਹੀ ਸੀ। ਸਾਡੀ ਟੋਲੀ ਉੱਥੇ ਰੁਕ ਗਈ।

ਤਾੜੀਆਂ ਵੱਜਣ ਲੱਗ ਪਈਆਂ।

ਦੇਹਲੀ ਟੱਪਣ ਸਾਰ ਮੈਂ ਉੱਚੀ ਸਾਰੀ ਆਵਾਜ਼ ਮਾਰੀ, " ਆਏ ਹਾਏ ਨੀ ਵਧਾਈਆਂ ਹੋਣ ਬੀਬੀ !...ਕਿੱਥੇ ਐ ਨੀ ਨੂੰਹ ਰਾਣੀ !... ਮੁੰਡਾ ਕਿੱਥੇ ਐ ਨੀ ਮੇਰਾ!....ਨੀ ਬਿਮਲਾ !.... ਓਏ ਹਾਜੀ !... ਓਏ ਰਾਜੂ....ਵੇ ਬਾਬੂ !... ਬੈਠੋ ਕੇਰਾਂ ਸਾਜ਼ ਛੇੜੋ।"

ਰਸੋਈ ਕੋਲ ਵਾਹਵਾ ਇਕੱਠ ਸੀ। ਮੰਜਿਆਂ 'ਤੇ ਔਰਤਾਂ ਬੈਠੀਆਂ। ਕੁਰਸੀਆਂ 'ਤੇ ਬੰਦੇ ਬੈਠੇ। ਆਲੇ-ਦੁਆਲੇ ਜੁਆਕ ਖੜ੍ਹੇ। ਉਨ੍ਹਾਂ ਵਿਚ ਉਹ ਵੀ ਖੜ੍ਹਾ ਸੀ। ਜਿਸ ਦੀ ਮੈਂ ਨੀਕਰ ਲਾਹੀ ਸੀ।

ਉਸ ਵੱਲ ਵੇਖ ਮੈਂ ਰੱਬ ਦਾ ਨਾਂ ਲਿਆ।

ਰਾਜੂ ਨੇ ਢੋਲਕੀ 'ਤੇ ਹੱਥ ਮਾਰਿਆ। ਬਾਬੂ ਨੇ ਵਾਜਾ ਖੋਲ੍ਹ ਲਿਆ। ਹਾਜੀ ਤੇ ਬਿਮਲਾ ਤਾੜੀਆਂ ਮਾਰਨ ਲੱਗ ਪਏ।

ਅੱਡੀ ਨਾਲ ਘੁੰਗਰੂ ਛਣਕਾਉਂਦੀ ਮੈਂ ਤਾੜੀਆਂ ਮਾਰਨ ਲੱਗ ਪਈ, "ਹੋ ਤੁਮਨੇ ਮੁਝੇ ਬੁਲਾਇਆ ਸ਼ੇਰਾਂ ਵਾਲੀਏ !... ਮੈਂ ਆਇਆ ਮੈਂ ਆਇਆ ਸ਼ੇਰਾਂ ਵਾਲੀਏ ....!!"

"ਹੋ ਤੁਮਨੇ ਮੁਝੇ ਬੁਲਾਇਆ ਸ਼ੇਰਾਂ ਵਾਲੀਏ...!!" ਜਿਉਂ ਹੀ ਨਾਲ ਦਿਆਂ ਨੇ ਬੋਲ ਚੁੱਕਿਆ, ਮੈਂ ਭੱਜ ਕੇ ਨੂੰਹ ਰਾਣੀ ਦੀ ਗੋਦੀ ਵਿਚੋਂ ਮੁੰਡਾ ਚੁੱਕ ਲਿਆ।

ਬਿਮਲਾ ਤੇ ਹਾਜੀ ਨੇ ਲੋਰੀ ਛੇੜ ਲਈ, "ਮੋਰੀਆਂ...ਮੋਰੀਆਂ...ਮੋਰੀਆਂ ਨੀ...!"

"ਮੁੰਡਾ ਲੈਂਦਾ ਪਿਆ ਮਾਵਾਂ ਦੀਆਂ ਲੋਰੀਆਂ ਨੀ !...ਕਾਕਾ ਲੈਂਦਾ ਪਿਆ ਦਾਦੀ ਦੀਆਂ...!!!" ਮੇਰਾ ਬੋਲ ਪੂਰਾ ਹੋਣ ਤੋਂ ਪਹਿਲਾਂ ਹੀ ਬਿਮਲਾ ਉੱਠ ਖੜ੍ਹੀ

ਮੈਥੋਂ ਮੁੰਡਾ ਫੜ ਉਹਨੇ ਨੋਟ ਵਾਲੀ ਬਾਂਹ ਉਹਦੇ ਸਿਰ ਦੁਆਲੇ ਘੁੰਮਾ ਦਿੱਤੀ, "ਵੇਲ...ਮੁੰਡੇ ਦੀ ਦਾਦੀ ਦੀ ਵੇਲ !...ਸੌ ਰੁਪੱਈਏ ਦੀ ਵੇਲ !... ਭਾਗ ਲੱਗੇ ਰਹਿਣ !...ਦਰ ਖੁੱਲ੍ਹੇ ਰਹਿਣ !...ਰੱਬ ਮਿਹਰਾਂ ਕਰੇ ਭਾਗਾਂ ਵਾਲਿਓ....!"

"ਲਿਆ ਵੇ ਮਾਸਟਰਾ !...ਆਹ ਤੂੰ ਕੀ ਜੋੜ-ਘਟਾਓ ਜਿਹਾ ਕਰੀਂ ਜਾਨੈਂ !... ਖੁਸ਼ੀਆਂ ਦਾ ਮੌਕਾ ਏ !.... ਲਿਆ ਅੱਜ ਤੈਨੂੰ ਇਕ ਜਲਵਾ ਦਿਖਾਵਾਂ !...ਸੁਣਾਵਾਂ ਇਕ ਚੋਂਦਾ-ਚੋਂਦਾ !.... ਹਾਂ ਜੀ ਸੁਣਨਾ ਜ਼ਰਾ...!" ਇਕੱਠ ਵੱਲ ਬਾਂਹ ਕੱਢ ਮੈਂ ਰਾਜੂ ਤੇ ਬਾਬੂ ਨੂੰ ਅੱਖ ਦੱਬ ਦਿੱਤੀ

ਢੋਲਕੀ ਤੇਜ ਹੋ ਗਈ। ਵਾਜਾ ਉੱਚੀ ਵੱਜਣ ਲੱਗ ਪਿਆ। ਹਾਜੀ ਨਾਲ ਬਿਮਲਾ ਉੱਠ ਖੜ੍ਹੀ। ਉਹ ਗੇੜੇ ਦੇਣ ਲੱਗੇ। ਮੈਂ ਗਾਉਣ ਲੱਗ ਪਈ, "ਹਾਏ ਤੀਮੀਆਂ ਵਾਲੇ ਲੈਣ ਨਜ਼ਾਰੇ, ਦੋ-ਦੋ ਵਿਆਹ ਕਰਵਾਕੇ...!"

"ਹਈ ਗੁਰੂ !...ਇਕ ਵੀ ਨੀ ਮਿਲਦੀ...!" ਚਾਦਰਾ ਉੱਪਰ ਚੁੱਕ ਹਾਜੀ ਨੇ ਪਿੜ ਵਿਚ ਛਾਲ ਮਾਰੀ

ਉਹਦੀ ਪਿੱਠ 'ਤੇ ਲੱਤ ਮਾਰ ਮੈਂ ਫਿਰ ਗੀਤ ਛੋਹ ਲਿਆ, "ਹਾਏ ਤੀਮੀਆਂ ਵਾਲੇ ਲੈਣ ਨਜ਼ਾਰੇ, ਦੋ-ਦੋ ਵਿਆਹ ਕਰਵਾ ਕੇ ....!"

"ਰੁਲਦੂ ਨੇ ਚਿੱਤ ਪਰਚਾ ਲੈਣਾ, ਖੋਤੀ 'ਤੇ ਚੁੰਨੀ ਪਾ ਕੇ !...ਰੁਲਦੂ ਨੇ ਚਿੱਤ ਪਰਚਾ ਲੈਣਾ...!!" ਵਾਜੇ-ਢੋਲਕੀ ਦੀ ਅਵਾਜ਼ ਉੱਚੀ ਹੋ ਗਈ

ਰਾਜੂ ਤੇ ਬਾਬੂ ਗਾਉਣ ਲੱਗ ਪਏ। ਬਿਮਲਾ ਤਾੜੀਆਂ ਮਾਰਨ ਲੱਗ ਪਈ।

ਮੈਂ ਦੋਵਾਂ ਹੱਥਾਂ ਨਾਲ ਸਿਰ ਦੀ ਚੁੰਨੀ ਲਹਿਰਾ-ਲਹਿਰਾ ਨੱਚਣ ਲੱਗ ਪਈ। ਹਾਜੀ ਮੇਰੀ ਚੁੰਨੀ ਦੀ ਥਾਂ ਹੇਠਾਂ ਨੱਚਣ ਲੱਗ ਪਿਆ।

ਸਾਡੇ ਉੱਪਰ ਨੋਟਾਂ ਦਾ ਮੀਂਹ ਵਰਨ ਲੱਗ ਪਿਆ। ਔਰਤਾਂ ਵਿਛਾਈ ਹੋਈ ਚਾਦਰ 'ਤੇ ਕਣਕ-ਦਾਣੇ ਪਾਉਣ ਲੱਗ ਪਈਆਂ। ਦਫੇ ਹੋਣੇ ਜੁਆਕ ਨੀਕਰਾਂ ਉੱਪਰ ਨੂੰ ਖਿੱਚਣ ਲੱਗ ਪਏ।

ਜਦੋਂ ਢੋਲਕੀ-ਵਾਜਾ ਬੰਦ ਹੋਇਆ। ਮੁੰਡੇ ਦੀ ਦਾਦੀ ਨੇ ਸੂਟ ਨਾਲ ਇਕਵੰਜਾ ਸੌ ਲਾ ਕੇ ਇਕ ਕਣਕ ਦਾ ਥੈਲਾ ਦੇ ਛੱਡਿਆ।

ਵਧਾਈਆਂ ਦਿੰਦਾ ਹੋਇਆ ਇਕੱਠ ਖਿਸਕਣ ਲੱਗ ਪਿਆ।

ਬਾਬੂ ਤਾਂਗੇ ਵਿਚ ਥੈਲਾ ਰੱਖਣ ਚਲਿਆ ਗਿਆ। ਬਾਕੀ ਹੱਥ ਬਾਕੀ ਸਮਾਨ ਸੰਭਾਲਣ ਲੱਗ ਪਏ।

ਮੈਂ ਦੁਆਵਾਂ ਦੇਣ ਲੱਗ ਪਈ, "ਥੋਡੀਆਂ ਸੱਤੇ ਖੈਰਾਂ ਹੋਣ !....ਲੰਬੀਆਂ ਉਮਰਾਂ ਹੋਣ !....ਜੜ੍ਹ ਲੱਗੀ ਰਹੇ !...ਵੇਲ ਵਧਦੀ ਰਹੇ !... ਅਗਲੇ ਸਾਲ ਹੋਰ ਮੁੰਡਾ ਜੰਮੇ...!!"

ਸਾਡੇ ਦੁਆਵਾਂ ਦਿੰਦੇ ਹੱਥ ਦੇਹਲੀ ਤੋਂ ਬਾਹਰ ਆ ਗਏ !



"ਆ ਗਏ ਓਏ !...ਭੱਜ ਲੋ...!!" ਕੰਧ ਓਹਲੇ ਖੜ੍ਹੇ ਜੁਆਕਾਂ ਵਿਚ ਭਾਜੜ ਪੈ ਗਈ।

ਬਾਬੂ ਵਾਪਿਸ ਮੁੜ ਆਇਆ। ਸਮਾਨ ਚੁੱਕ ਸਾਡੀ ਟੋਲੀ ਤਾਂਗੇ ਵੱਲ ਨੂੰ ਤੁਰ ਪਈ।

ਮੈਂ ਕਾਹਲੇ ਕਦਮੀਂ ਤੁਰਨ ਲੱਗੀ। ਪੈਰਾਂ ਹੇਠਾਂ ਅੱਗ ਮੱਚ ਉੱਠੀ।

ਜਿਸ ਦਿਨ ਅਸੀਂ ਵਧਾਈ ਲੈ ਕੇ ਮੁੜਦੇ। ਮੈਨੂੰ ਜੈਲਾ ਚਿੰਬੜ ਜਾਂਦਾ ਸੀ। ਡਰਿਆ ਹੋਇਆ। ਮੇਰੀ ਰੂਹ ਵਿਚ ਰੋਈਂ ਜਾਂਦਾ। ਮੈਂ ਉਸ ਨੂੰ ਚੁੱਪ ਕਰਵਾਉਂਦੀ ਰਹਿੰਦੀ। ਉਹ ਮੋਇਆ ਇਕ ਹੀ ਗੱਲ ਪੁੱਛੀਂ ਜਾਂਦਾ, "ਉਹ ਕੌਣ ਐ ਗੀਨਾ...?"

"ਵੇ ਉਹ ਕੌਣ !...ਕਿਸੇ ਮੋਈ ਦਾ ਨਾਂ ਵੀ ਲੈ ਫਾਹਿਆ...!" ਇਕ ਹੀ ਸਵਾਲ ਸੁਣ-ਸੁਣ ਜਦੋਂ ਮੈਂ ਖਿਝ ਉੱਠਦੀ

ਉਹ ਹੋਰ ਵੀ ਡਰ ਜਾਂਦਾ। ਮੈਂ ਉਹਦੀ ਠੋਡੀ ਉਤਾਂਹ ਚੁੱਕ ਅੱਖ ਮਾਰਦੀ, "ਵੇ ਦੱਸ ਨਾ ਕੌਣ ਐ ਉਹ...?"

ਉਹ ਦੱਸਣ ਲੱਗ ਪੈਂਦਾ, "ਉਹ...ਜਿਹੜੀ ਮੇਰੀ ਬੈਠਕ ਵਿਚ ਨੱਚਦੀ ਹੁੰਦੀ ਐ !...ਉਹਦਾ ਜਿਸਮ ਤਾਂ ਬੰਦਿਆਂ ਆਲਾ ਹੁੰਦਾ !...ਪਰ ਕੱਪੜੇ ਤੀਮੀਆਂ ਆਲੇ ਹੁੰਦੇ ਨੇ !...ਪਹਿਲਾਂ ਉਹ ਖਿੜਕੀ ਵਿਚ ਖੜ੍ਹੀ ਹੁੰਦੀ ਐ !...ਫੇਰ ਮੇਰੀ ਹਿੱਕ 'ਤੇ ਆ ਚੜ੍ਹਦੀ ਐ !...ਨੱਚੀਂ ਜਾਂਦੀ ਐ !...ਨੱਚੀਂ ਜਾਂਦੀ ਐ !....ਉਹਦਾ ਨਾਚ ਵੇਖ ਮੈਂ ਜੱਫੀ ਪਾਉਣ ਲੱਗ ਪੈਨਾਂ !...ਉਹ ਹੱਸਣ ਲੱਗ ਪੈਂਦੀ ਐ....!!"

"ਅੱਛਿਆ !...ਫੇਰ...!" ਮੈਂ ਉਹਦੀ ਗੱਲ੍ਹ 'ਤੇ ਚੂੰਢੀ ਵੱਢ ਲੈਂਦੀ

ਉਹ ਦਰਦ ਨਾਲ ਤੜਫ ਜਾਂਦਾ, "ਬੱਸ ਫੇਰ ਕੀ !...ਉਹ ਮੇਰੇ ਅੰਦਰ ਵੜ ਜਾਂਦੀ ਐ !....ਜਦੋਂ ਹੋਸ਼ ਆਉਂਦੀ ਐ !....ਮੈਂ ਆਪਣੇ ਆਪ ਨੂੰ ਈ ਜੱਫੀ ਪਾਈ ਖੜ੍ਹਾ ਹੁੰਨਾ...!"

ਉਹਦੀ ਗੱਲ ਸੁਣ ਮੈਂ ਉਸ ਨੂੰ ਜੱਫੀ ਪਾ ਲੈਂਦੀ। ਉਹ ਡਰ ਨਾਲ ਕੰਬਣ ਲੱਗ ਪੈਂਦਾ, "ਮੇਰੇ ਅੰਦਰ ਵੜ ਕੇ ਉਹ ਪਤਾ ਕੀ ਪੁੱਛਦੀ ਹੁੰਦੀ ਐ....!"

"ਕੀ...!!" ਮੈਂ ਉਹਦੇ ਖੁੱਲ੍ਹੇ ਵਾਲ ਬੰਨ੍ਹਣ ਲੱਗ ਪੈਂਦੀ

ਉਹ ਮਰ ਜਾਣਾ ਰੋਣ ਲੱਗ ਪੈਂਦਾ, "ਉਹ ਪੁੱਛਦੀ ਹੁੰਦੀ ਐ !.... ਵੇ ਤੇਰੇ ਅੰਦਰਲਾ ਮਰਦ ਕਿੱਧਰ ਗਿਆ ਜੈਲਿਆ !...ਮੈਂ ਤਾਂ ਤੈਨੂੰ ਸਾਰਾ ਫਰੋਲ ਮਾਰਿਆ !....ਚਾਰੇ ਪਾਸੇ ਨਚਾਰ ਈ ਨਚਾਰ ਐ...!!"

ਪਾਪੀ ਦੀ ਗੱਲ ਸੁਣ ਮੈਂ ਵੀ ਡਰ ਜਾਂਦੀ। ਉਹ ਮੈਨੂੰ ਚਿੰਬੜ ਜਾਂਦਾ ਸੀ, "ਮੈਂ ਨਚਾਰ ਨੀ ਗੀਨਾ !...ਮੈਂ....!!"

"ਵੇ ਮੈਂ ਦੱਸ ਕੀ ਆਖਾਂ !...ਇਹ ਅੱਗ ਲੱਗਣੀ ਮੈਂ ਹੀ ਤੂੰ ਨੀ ਬਣਦੀ...!" ਹਾਜੀ ਤੇ ਬਿਮਲਾ ਦੀਆਂ ਅੱਖਾਂ ਵਿਚ ਵੇਖ ਮੈਨੂੰ ਕੁਝ ਹੋ ਜਾਂਦਾ ਸੀ

ਮੈਂ ਜਾਣ ਸਾਰ ਮੰਜੀ ਉੱਪਰ ਜਾ ਡਿਗਦੀ। ਜੈਲੇ ਵਾਂਗ ਕੋਈ ਮੇਰੀ ਹਿੱਕ 'ਤੇ ਆ ਚੜ੍ਹਦਾ। ਛਾਤੀ ਵਿਚ ਦੁੱਧ ਉੱਤਰ ਆਉਂਦਾ। ਬਾਹਵਾਂ ਵਿਚ ਜੁਆਕ ਖੇਡਣ ਲੱਗਦਾ। ਮੈਂ ਸਾਰੀ ਰਾਤ ਉਸ ਨਾਲ ਗੱਲਾਂ ਕਰਦੀ ਰਹਿੰਦੀ, "ਬੱਸ ਇਕ ਵਾਰੀ ਮਾਂ ਕਹਿ ਦੇ ਮੈਨੂੰ...!!"

"ਮਾਂ ਰੀਨਾ !...ਜੇ ਬੁਰਾ ਨਾ ਮਨਾਓ !...ਮੈਂ ਤੁਹਾਡੇ ਨਾਲ ਕੁੱਝ ਗੱਲਾਂ ਕਰਨੀਆਂ ਸੀ...!" ਅਵਾਜ਼ ਸੁਣ ਮੇਰੀ ਸੁਰਤੀ ਟੁੱਟ ਗਈ

ਮੈਂ ਨਖਰੇ ਨਾਲ ਪਿਛਾਂਹ ਨੂੰ ਝਾਕੀ। ਅੱਗ ਲੱਗਣੀ ਗੁੱਤ ਫਿਰ ਛਾਤੀ ਵਿਚ ਆ ਵੱਜੀ

ਯਾਅ ਅੱਲਾ ! ਕਿੰਨਾ ਸੋਹਣਾ ਮੁੰਡਾ ਸੀ। ਹਰੀ ਟੀ-ਸ਼ਰਟ। ਨੀਲੀ ਜੀਨ। ਸਿਰ ਤੋਂ ਰੋਡਾ। ਜੈ ਵੱਢਾ ਸਲਮਾਨ ਖਾਨ ਵਰਗਾ ਸੀ। ਮੈਨੂੰ ਚੰਗਾ ਲੱਗਾ। ਮਰ ਜਾਣਾ ਦਿਲ ਵਿਚ ਵੜ ਗਿਆ। ਸਾਨੂੰ ਤਾਂ ਕੋਈ ਸਿੱਧੇ ਮੂੰਹ ਨਹੀਂ ਬੁਲਾਉਂਦਾ ਸੀ। ਉਹਨੇ ਕਿੰਨੇ ਪਿਆਰ ਨਾਲ ਬੁਲਾਇਆ। ਬੈਠਕ ਵਿਚ ਸੋਫਿਆਂ 'ਤੇ ਬਿਠਾਇਆ। ਆਪ ਚਾਹ ਪਾਣੀ ਲੈਣ ਚਲਿਆ ਗਿਆ। ਮੈਂ ਆਲਾ-ਦੁਆਲਾ ਵੇਖਣ ਲੱਗ ਪਈ। ਬੈਠਕ ਵਿਚ ਕਿੰਨੀਆਂ ਅਲਮਾਰੀਆਂ। ਸਾਰੀਆਂ ਕਿਤਾਬਾਂ ਨਾਲ ਭਰੀਆ ਪਈਆਂ ਸਨ। ਹਾਜੀ ਨੇ ਮੈਨੂੰ ਕੂਹਣੀ ਮਾਰੀ, "ਇਹਨੇ ਆਪਾਂ ਤੋਂ ਕੀ ਪੁੱਛਣਾ !...ਕਿਤੇ ਹਰਾਮੀ ਕੋਕੇ ਪੰਡਿਤ ਨਾਲ ਦਾ ਤਾਂ ਨੀ...!"

"ਨਹੀਂ... ਮੈਂ ਇਕ ਲੇਖਕ ਹਾਂ !....ਤੁਹਾਡੀ ਜ਼ਿੰਦਗੀ ਬਾਰੇ ਕੁੱਝ ਗੱਲਾਂ ਪੁੱਛਣੀਆਂ ਚਾਹੁੰਨਾ...!" ਮੇਜ 'ਤੇ ਚਾਹ ਵਾਲੀ ਟਰੇਅ ਰੱਖਦਾ ਹੋਇਆ ਉਹ ਭੇਤ ਖੋਲ੍ਹ ਗਿਆ

ਕਿਆ ਬਾਤ ਸੀ। ਹੀਰੋ ਵਾਪਿਸ ਮੁੜ ਗਿਆ। ਫਿਰ ਮੁੜ ਆਇਆ। ਹੱਥਾਂ ਵਿਚ ਨਮਕੀਨ-ਬਿਸਕੁਟਾਂ ਵਾਲੀ ਪਲੇਟ ਸੀ।

ਮੈਥੋਂ ਰਿਹਾ ਨਾ ਗਿਆ। ਮੈਂ ਉਹਦਾ ਹੱਥ ਚੁੰਮ ਲਿਆ। ਮਰ ਜਾਣਾ ਸੰਗ ਗਿਆ। ਮੂੰਹ ਲਾਲ ਹੋ ਗਿਆ। ਨੀਵੀਂ ਪਾ ਸਾਨੂੰ ਚਾਹ ਫੜਾਉਣ ਲੱਗ ਪਿਆ। ਜਦੋਂ ਨਮਕੀਨ-ਬਿਸਕੁਟਾਂ ਵਾਲੀ ਪਲੇਟ ਅੱਗੇ ਕਰੀ। ਮੇਰੀਆਂ ਅੱਖਾਂ ਭਰ ਆਈਆਂ, "ਵੇ ਐਨੀ ਇੱਜ਼ਤ ਨਾ ਕਰ ਵੈਰੀਆ !....ਸਹਿ ਨਹੀਂ ਹੁੰਦੀ !...ਤੂੰ ਪੁੱਛ !...ਕੀ ਪੁੱਛਣਾ ਸੀ....!"

"ਅੱਛਾ ਇਹ ਦੱਸੋ ਤੁਹਾਡਾ ਰੱਬ ਨੂੰ ਕੀ ਉਲਾਂਭਾ !...ਜੇ ਉਹਨੇ ਹਿਸਾਬ ਮੰਗਿਆ ਤਾਂ...?" ਮਰ ਜਾਣੇ ਦਾ ਪਹਿਲਾ ਸਵਾਲ ਹੀ ਦਿਲ ਚੀਰ ਗਿਆ

ਮੈਂ ਤਾੜੀ ਮਾਰ ਫਰਸ਼ 'ਤੇ ਅੱਡੀ ਮਾਰੀ, "ਉਲਾਂਭਾ !...ਹੂੰਅ !....ਰੱਬ ਨੇ ਸਾਡੇ ਨਾਲ ਚੰਗੀ ਨਹੀਂ ਕੀਤੀ !...ਜਿਸ ਦਿਨ ਮਰੀ !...ਉਹ ਖਸਮ ਕੋਲ ਈ ਜਾਊਂਗੀ !...ਉਹਨੇ ਸਾਨੂੰ ਦਿੱਤਾ ਈ ਕੀ ਸੀ !...ਜਿਸ ਦਾ ਹਿਸਾਬ ਮੰਗੂ !...ਮੈਂ ਦਊਂ ਉਸ ਨੂੰ ਹਿਸਾਬ !...ਆਹ ਠੇਂਗਾ ਮੇਰਾ....!"

ਮੇਰਾ ਅੰਗੂਠਾ ਵੇਖ ਮੁੰਡਾ ਹੱਸਣ ਲੱਗ ਪਿਆ। ਕਹਿੰਦਾ, "ਮੈਂ ਸੁਣਿਆ ਜੇ ਤੁਹਾਨੂੰ ਕੋਈ ਮੂੰਹ ਮੰਗੀ ਵਧਾਈ ਨਾ ਦੇਵੇ !....ਤੁਸੀ ਅੜ ਜਾਨੇ ਓਂ !...ਬਦ-ਦੁਆ ਦੇ ਦਿੰਨੇ ਓਂ !...ਜੇ ਕੋਈ ਫਿਰ ਵੀ ਨਾ ਮੰਨੇ !... ਤੁਸੀਂ ਨੰਗੇ ਹੋ ਕੇ ਨੱਚਣ ਲੱਗ ਪੈਨੇ ਓਂ...?"

ਹੇ ਰਾਮ ! ਮੈਂ ਇਹ ਕੀ ਸੁਣ ਰਹੀ ਸੀ। ਐਨਾ ਕੁਫਰ ! ਮੈਂ ਬਿਮਲਾ ਵੱਲ ਝਾਕੀ। ਉਹ ਬੈਠੀ ਸਿਰ ਮਾਰ ਰਹੀ ਸੀ। ਮੈਂ ਤਾੜੀ ਮਾਰੀ। ਉਹਨੇ ਲਾਹਣਤ ਪਾਈ। ਦੁਨੀਆਂ ਭਾਵੇਂ ਸਾਨੂੰ ਬੇਸ਼ਰਮ ਆਖਦੀ। ਪਰ ਸ਼ਰਮ ਵਾਲੀ ਗੱਲ ਸੀ। ਪਤਾ ਮੈਨੂੰ ਵੀ ਸੀ। ਕੁਝ ਬੇਸ਼ਰਮਾਂ ਕਾਰਨ ਸਾਡਾ ਕੁਨਬਾ ਹੀ ਬਦਨਾਮ ਹੋ ਚੱਲਿਆ ਸੀ। ਪਰ ਮੈਂ ਫ਼ਖਰ ਨਾਲ ਬੋਲੀ, "ਤੂੰ ਠੀਕ ਸੁਣਿਆ ਮੁੰਡਿਆ !...ਸਾਡੇ ਵਿਚ ਕਈ ਐਸੇ ਵੀ ਹੈਗੇ ਨੇ !...ਉਹ ਸਭ ਤੋਂ



ਨੀਵੀਂ ਜ਼ਾਤ ਐ !....ਪਰ ਅਸੀਂ ਤਾਂ ਵਜ਼ੀਰ ਬਾਬਿਆਂ 'ਚੋਂ ਆਂ !...ਇਹ ਸਭ ਤੋਂ ਉੱਚੀ ਜ਼ਾਤ ਐ !...ਜਦੋਂ ਸਾਡੇ ਕੁਨਬੇ 'ਚ ਕੋਈ ਜ਼ਸ਼ਨ ਹੋਵੇ !...ਵਜ਼ੀਰ ਬਾਬਿਆਂ ਦੀ ਉਡੀਕ ਕੀਤੀ ਜਾਂਦੀ ਐ !...ਜਦੋਂ ਤੱਕ ਉਹ ਨਾ ਪਹੁੰਚਣ !....ਰੋਟੀ ਤੋਂ ਕੱਪੜਾ ਨਹੀਂ ਚੁੱਕਿਆ ਜਾਂਦਾ !....ਸਾਡੇ ਪਹੁੰਚਣ 'ਤੇ ਰੋਟੀ ਸ਼ੁਰੂ ਕੀਤੀ ਜਾਂਦੀ ਐ !...ਜੇ ਨਾ ਪਹੁੰਚੀਏ !....ਭਾਵੇਂ ਲੱਖਾਂ ਲੱਗੇ ਹੋਣ !...ਰੋਟੀ ਸ਼ੁਰੂ ਨਹੀਂ ਕੀਤੀ ਜਾਂਦੀ !...ਮੰਦਰ-ਗੁਰਦੁਆਰੇ ਚੜ੍ਹਾ ਆਉਂਦੇ ਨੇ !...ਹੁਣ ਤੂੰ ਹੀ ਦੱਸ ਅਸੀਂ ਬਦ-ਦੁਆ ਕਿਵੇਂ ਦੇ ਸਕਦੇ ਆਂ !....ਨੰਗਾ ਨੱਚਣਾ ਤਾਂ ਉਈਂ ਬੇਯਕੀਨੀ ਹੁੰਦੀ ਐ....!"

"ਤਾਂ ਫਿਰ ਤੁਹਾਡਾ ਯਕੀਨ ਕਿਸ ਗੱਲ ਵਿਚ ਹੈ....?" ਇਹ ਤਾਂ ਮਰ ਜਾਣਾ ਉਈਂ ਧੁਰ ਦੀਆਂ ਪੁੱਛੀਂ ਜਾਂਦਾ ਸੀ

"ਹਾਏ ਹਾਏ ਵੇ ਮੈਂ ਤੈਨੂੰ ਕੀ ਦੱਸਾਂ !...ਕਿਸ ਗੱਲ ਵਿਚ ਯਕੀਨ ਐ !....ਅਸੀਂ ਤਾਂ ਸਭ ਦੀ ਜੜ੍ਹ ਅਗਾਂਹ ਤੁਰਨ ਦੀ ਦੁਆ ਮੰਗਦੇ ਆਂ !...ਅਸੀਂ ਬੰਦੇ ਨੂੰ ਬੰਦੇ ਨਾਲ ਜੋੜਨ ਵਿਚ ਯਕੀਨ ਰੱਖਦੇ ਆਂ...!" ਹੇਠਲਾ ਬੁੱਲ ਟੁੱਕਦਿਆਂ ਮੈਂ ਹਾਜੀ ਤੇ ਬਿਮਲਾ ਦਾ ਹੱਥ ਫੜ ਲਿਆ

ਮੁੰਡਾ ਡਰ ਗਿਆ। ਮੈਂ ਉਹਦੀ ਪਿੱਠ ਥਾਪੜੀ, "ਡਰ ਨਾ ਜਿਉਣ-ਜੋਗਿਆ !...ਹੋਰ ਪੁੱਛ...!"

"ਜਦੋਂ ਤੁਸੀਂ ਕਿਸੇ ਘਰ ਵਿਚੋਂ ਹਿਜੜਾ ਬੱਚਾ ਚੁੱਕ ਕੇ ਲਿਜਾਨੇ ਓਂ !...ਉਸ ਵਕਤ ਕੀ-ਕੀ ਹੁੰਦਾ ? ... ਡੇਰੇ ਵਿਚ ਬੱਚੇ ਦੀ ਪੜ੍ਹਾਈ-ਲਿਖਾਈ ਵੀ ਕਰਵਾਉਨੇ ਓਂ...?" ਸਵਾਲ ਸੁਣ ਮੈਨੂੰ ਗਸ਼ੀ ਪੈਣ ਵਾਲੀ ਹੋ ਗਈ।

ਉਹ ਦਿਨ ਯਾਦ ਆ ਗਿਆ। ਜਿਸ ਦਿਨ ਮੈਂ ਰਾਣੀ ਨੂੰ ਚੁੱਕ ਕੇ ਲਿਆਈ। ਉਸ ਵਕਤ ਮੇਰੀ ਕੀ ਹਾਲਤ ਹੋਈ। ਇਹ ਮੈਂ ਹੀ ਜਾਣਦੀ ਸੀ। ਜਾਂ ਮੇਰਾ ਰੱਬ ਜਾਣਦਾ। ਇਹ ਕੀ ਪੁੱਛ ਲਿਆ ਸੀ ਜ਼ਾਲਮ ਨੇ। ਮੇਰੇ ਮੂੰਹ ਵੱਲ ਝਾਕ ਰਿਹਾ ਸੀ। ਕੀ ਦੱਸਦੀ ਕੀ ਛੱਡਦੀ। ਮੈਂ ਪੂਰੀ ਗੱਲ ਤਾਂ ਅੰਦਰ ਹੀ ਦੱਬ ਲਈ। ਅੱਧੀ ਗੱਲ ਦੱਸਣ ਲੱਗ ਪਈ, "ਜਾਹ ਵੇ ਵੱਡਾ ਪੜ੍ਹਿਆ-ਲਿਖਿਆ ਆਇਆ !....ਸਾਡਾ ਵੀ ਜੀਅ ਕਰਦਾ !...ਜੁਆਕਾਂ ਨੂੰ ਪੜ੍ਹਾ-ਲਿਖਾ ਕੇ ਥੋਡੇ ਵਾਂਗ ਅਫਸਰ ਬਣਾਈਏ !...ਪਰ ਦਫੇ ਹੋਣਿਆਂ ਨੂੰ ਸਕੂਲ ਕਿਵੇਂ ਭੇਜੀਏ ? ...ਸਕੂਲ ਦੇ ਫਾਰਮਾਂ ਵਿਚ ਤਾਂ ਮੁੰਡੇ-ਕੁੜੀ ਦਾ ਖਾਨਾ ਈ ਹੁੰਦਾ !...ਸਾਡੇ ਜੁਆਕਾਂ ਲਈ ਤਾਂ ਫਾਰਮ ਵਿਚ ਥਾਂ ਹੀ ਨਹੀਂ ਹੁੰਦੀ !...ਉਨ੍ਹਾਂ ਨੂੰ ਦੱਸ ਕਿਸ ਖਾਨੇ ਪਾਈਏ !...ਤੁਸੀਂ ਤਾਂ ਸਾਡਾ ਖਾਨਾ ਈ ਖਰਾਬ ਕਰ ਛੱਡਿਆ !....ਪਰ ਐਸੀ ਗੱਲ ਨੀ ਮੁੰਡਿਆ !....ਪੜ੍ਹਨ ਆਲੇ ਪੜ੍ਹ ਈ ਜਾਂਦੇ ਨੇ !...ਸਾਡੀ ਬਿਰਾਦਰੀ ਦੀ ਇਕ ਮੋਨਾ ਅਹਿਮਦ ਐ !...ਉਹਨੇ ਆਪਣੀ ਜੀਵਨ-ਕਹਾਣੀ ਦੀ ਕਿਤਾਬ 'ਮੈਂ ਮੋਨਾ ਅਹਿਮਦ' ਲਿਖੀ ਐ !...ਜੇ ਨਹੀਂ ਯਕੀਨ ਤਾਂ ਪੜ੍ਹ ਲਈਂ...!"

"ਕਿਉਂ ਵੇ ਮੁੰਡਿਆ !....ਆ ਗਈ ਯਾਦ ਪੜ੍ਹਾਈ !...ਵੇਖੀਆਂ ਸਾਡੀ ਰੀਨਾ ਦੀਆਂ ਗੱਲਾਂ ....!" ਰਾਜੂ ਤੇ ਬਾਬੂ ਨੂੰ ਅੱਖਾਂ ਮਾਰਦਾ ਹਾਜੀ ਚੌੜਾ ਹੋਇਆ ਬੈਠਾ ਸੀ।

ਉਸ ਨਾਲ ਬੈਠੀ ਬਿਮਲਾ ਨੂੰ ਕੋਫਤ ਹੋ ਰਹੀ ਸੀ। ਡੁੱਬ ਜਾਣੀ ਉੱਠ ਚੱਲਣ ਦਾ ਇਸ਼ਾਰਾ ਕਰੀਂ ਜਾਂਦੀ ਸੀ। ਜਦੋਂ ਮੈਂ ਉਸ ਵੱਲ ਵੇਖਦੀ। ਉਹਦੀ ਖੱਬੀ ਅੱਖ ਉੱਪਰ ਵਾਲਾਂ ਦੀ ਤਿੱਖੀ ਕੀਤੀ ਧਾਰੀ ਉਤਾਂਹ ਨੂੰ ਉੱਠਦੀ। ਬਾਹਰ ਨੂੰ ਇਸ਼ਾਰਾ ਕਰਦੀ। ਉਹ

ਮੁੰਡੇ ਤੋਂ, ਮੈਂ ਉਸ ਤੋਂ ਔਖੀ ਹੋਈ ਬੈਠੀ ਸੀ। ਦਿਲ ਕਰਦਾ ਸੀ ਹੋਰ ਗੱਲਾਂ ਦੱਸਾਂ। ਮਸੀਂ ਤਾਂ ਕਿਸੇ ਨੇ ਬਾਤ ਪੁੱਛੀ ਸੀ। ਨਹੀਂ ਸਾਡੀ ਕਿਹੜਾ ਸੁਣਦਾ ਸੀ।

ਮੁੰਡੇ ਨੇ ਮੇਰੀ ਰਮਜ਼ ਪਛਾਣ ਲਈ। ਹਰਾਮੀ ਹੌਸਲਾ ਫੜ ਗਿਆ। ਕਹਿੰਦਾ, "ਇਹ ਸਾਰਾ ਕੁਝ ਕਰਦਿਆਂ-ਜ਼ਰਦਿਆਂ ਤੁਹਾਡੇ ਅੰਦਰ, ਤੁਹਾਡੀ ਰੂਹ ਵਿਚ ਕੀ-ਕੁਝ ਚੱਲਦਾ ਰਹਿੰਦਾ ਹੈ....?"

ਉਫ! ਮਰ ਜਾਣੇ ਨੇ ਸਵਾਲ ਕਾਹਦਾ ਪੁੱਛਿਆ। ਉਈਂ ਕਾਲਜਾ ਕੱਢ ਲਿਆ।

ਮੇਰੀ ਰੂਹ ਕੰਬੀ। ਮੈਂ ਤੜਫ ਉੱਠੀ। ਕੀ ਕਰਦੀ। ਤਿੰਨ-ਚਾਰ ਤਾੜੀਆਂ ਮਾਰੀਆਂ।

ਰਾਜੂ ਨੇ ਢੋਲਕੀ 'ਤੇ ਹੱਥ ਮਾਰਿਆ। ਹਾਜੀ ਨੇ ਅੱਡੀ। ਬਿਮਲਾ ਨੇ ਤਾੜੀ ਮਾਰੀ।

ਪੂਰੀ ਬੈਠਕ ਗੂੰਜ ਉੱਠੀ!

ਮੈਂ ਇਕੋ ਝਟਕੇ ਨਾਲ ਉੱਠ ਖੜ੍ਹੀ ਹੋਈ, "ਬੱਸ ਕਰ ਵੇ ਮੁੰਡਿਆ !...ਮਹੰਤਾਂ ਨੂੰ ਇਹੋ ਜਿਹੀਆਂ ਗੱਲਾਂ ਨੀ ਪੁੱਛੀਦੀਆਂ...!"

ਕਾਗਜ਼ ਪੈੱਨ ਚੁੱਕੀਂ ਖੜ੍ਹਾ ਉਹ ਵੇਖਦਾ ਹੀ ਰਹਿ ਗਿਆ।

ਮੈਂ ਹਵਾ ਵਾਂਗ ਬੈਠਕ ਵਿਚੋਂ ਬਾਹਰ ਨਿੱਕਲੀ।

ਹਾਜੀ, ਬਿਮਲਾ, ਰਾਜੂ ਤੇ ਬਾਬੂ ! ਸਾਰੀ ਟੋਲੀ ਮੇਰੇ ਪਿੱਛੇ-ਪਿੱਛੇ ਤੁਰਨ ਲੱਗੀ।

ਸਾਨੂੰ ਵੇਖਣ ਲਈ ਖੜ੍ਹੀਆਂ ਔਰਤਾਂ ਖਚਰੀ ਅੱਖ ਨਾਲ ਵੇਖ ਰਹੀਆਂ ਸਨ।

ਉਨ੍ਹਾਂ ਵੱਲ ਵੇਖ ਮੈਨੂੰ ਜੈਲੇ ਦੀ ਆਖੀ ਗੱਲ ਯਾਦ ਆ ਗਈ। ਉਹ ਦੱਸਦਾ ਸੀ, "ਇਹ ਲੁੱਚੀਆਂ ਨੇ ਸਾਰੀਆਂ !...ਇਨ੍ਹਾਂ ਨੇ ਮੇਰਾ ਲੰਘਣਾ ਔਖਾ ਕੀਤਾ ਪਿਆ...!"

"ਜਿਨ੍ਹਾਂ ਨੇ ਤੈਨੂੰ ਔਖਾ ਕੀਤਾ ਪਿਆ !...ਉਨ੍ਹਾਂ ਨੂੰ ਕਹਿ !....ਸਾਰੀਆਂ ਨੂੰ ਲੁੱਚੀਆਂ ਨਾ ਕਹਿ ਵੈਰੀਆ ....!" ਮੈਂ ਤਾਂ ਉਸ ਨੂੰ ਮਜ਼ਾਕ ਕੀਤਾ ਸੀ

ਪਰ ਉਹ ਔਰਤਾਂ ਵਾਂਗ ਬੋਲਣ ਲੱਗ ਪਿਆ, "ਇਹ ਮੇਰਾ ਵਿਆਹ ਨੀ ਹੋਣ ਦਿੰਦੀਆਂ ਰੀਨਾ !...ਨਚਾਰ-ਨਚਾਰ ਕਹਿ ਕੇ ਇਨ੍ਹਾਂ ਨੇ ਮੇਰਾ ਅੱਗਾ ਮਾਰ ਦਿੱਤਾ!....ਇਹ ਲੁੱਚਪੁਣਾ ਨੀ ਹੋਰ ਕੀ ਐ...!!"

ਔਰਤ ਬਿਨ੍ਹਾਂ ਔਰਤਾਂ ਤੋਂ ਕਿੰਨਾਂ ਔਖਾ ਸੀ ਵਿਚਾਰਾ !

ਉਸ ਅੰਦਰ ਸਾਰੀਆਂ ਔਰਤਾਂ ਦੇ ਖਿਲਾਫ ਜ਼ਹਿਰ ਭਰਿਆ ਪਿਆ ਸੀ।

ਉਹ ਜਿੱਧਰ ਦੀ ਵੀ ਲੰਘਦਾ। ਇਕ ਹੀ ਅਵਾਜ਼ ਆਉਂਦੀ, "ਨੀ ਔਹ ਜਾਂਦਾ ਨਚਾਰ...!"

ਜਿਸ ਦੇ ਜੁਆਕ ਹੋਣਾ ਹੁੰਦਾ। ਉਸ ਨੂੰ ਆਖਦੀਆਂ, "ਨੀ ਜੈਲੇ ਦੇ ਮੱਥੇ ਨਾ ਲੱਗਜੀਂ ਕਿਤੇ !.... ਨਹੀਂ ਤਾਂ ਨਚਾਰ ਈ ਜੰਮੂ....!"

"ਖੜ੍ਹ ਜੋ ਥੋਡੀ ਮਾਂ ਨੂੰ ਜੈਲਾ ਵਿਆਹ ਕੇ ਲੈ ਜੇ....!" ਮੇਰੀ ਤਾੜੀ ਸੁਣ ਨੀਕਰਾਂ ਨੂੰ ਹੱਥ ਪਾਈਂ ਜੁਆਕਾਂ ਦੀ ਡਾਰ ਪਰ੍ਹਾਂ ਨੂੰ ਭੱਜ ਲਈ

ਪਰ੍ਹਾਂ ਮੋੜ ਵਾਲੀ ਨਿੰਮ ਹੇਠਾਂ ਤਾਂਗਾ ਖੜ੍ਹਾ ਸੀ।

ਮੈਂ ਮਸਾਂ ਬੀਹੀ ਪਾਰ ਕੀਤੀ। ਸਭ ਤੋਂ ਪਹਿਲਾਂ ਤਾਂਗੇ ਵਿਚ ਚੜ੍ਹੀ। ਬਿਮਲਾ ਮੇਰੇ ਨਾਲ ਆ ਬੈਠੀ। ਰਾਜੂ ਤੇ ਬਾਬੂ ਨੇ ਪਿਛਲੀ ਸੀਟ ਮੱਲ ਲਈ।

"ਚੱਲ ਛੰਨੋ !...ਇੱਥੇ ਤੇਰੀ ਕੋਈ ਥਾਂ ਨਹੀਂ....!" ਐਧਰ ਮੈਂ ਬੁੱਲ੍ਹ ਟੁੱਕ ਤਾੜੀ ਮਾਰੀ, ਉੱਧਰ ਹਾਜੀ ਨੇ ਘੋੜੀ ਦੀ ਪਿੱਠ 'ਤੇ ਛਾਂਟਾ ਮਾਰਿਆ



ਮੈਂ ਦਰਦ ਨਾਲ ਦੂਹਰੀ ਹੋ ਗਈ, "ਹੌਲੀ ਮਾਰ ਜ਼ਾਲਮਾ !...ਤੂੰ ਵੀ ਲੋਕਾਂ ਵਰਗਾ ਈ ਹੋ ਗਿਆ....!"

"ਲੋਕਾਂ ਵਰਗੀ ਹੁੰਦੀ ਐ ਮੇਰੀ ਜੁੱਤੀ !... ਗੱਲਾਂ ਦੇਖ ਮਖਿਆ ....!" ਮੈਨੂੰ ਜੁੱਤੀ ਦਿਖਾ ਕੇ ਹਾਜੀ ਨੇ ਘੋੜੀ ਦੀ ਪੂਛ ਨੂੰ ਹੱਥ ਲਾ ਦਿੱਤਾ

ਤਾਂਗਾ ਹਵਾ ਨਾਲ ਗੱਲਾਂ ਕਰਨ ਲੱਗਿਆ। ਮੈਂ ਰਾਹੀਆਂ ਨੂੰ ਪਛਾਨਣ ਲੱਗੀ।

ਸ਼ਕਲਾਂ ਪਛਾਣਦਿਆਂ ਉਮਰ ਲੰਘ ਚੱਲੀ ਸੀ। ਪਰ ਕੋਈ ਰਿਸ਼ਤਾ ਨਾ ਲੱਭਾ। ਅੱਗ ਲਾਉਣੇ ਰਿਸ਼ਤਿਆਂ ਦੀ ਤਾਂਘ ਕੀ ਹੁੰਦੀ ਹੈ ! ਇਹ ਮੈਨੂੰ ਹੀ ਪਤਾ ਸੀ। ਮੇਰਾ ਵੀ ਦਿਲ ਕਰਦਾ ਸੀ ਕਿਸੇ ਦੀ ਘਰਵਾਲੀ ਹੋਵਾਂ। ਕੋਈ ਮੇਰੀ ਉਡੀਕ ਕਰੇ। ਮੈਂ ਕਿਸੇ ਦੀ ਉਡੀਕ ਕਰਾਂ। ਆਟਾ ਗੁੰਨਾ। ਰੋਟੀ ਪਕਾਵਾਂ। ਕਿਸੇ ਦੇ ਰੱਖੜੀ ਬੰਨ੍ਹਾ। ਕੋਈ ਮੇਰਾ ਸਿਰ ਪਲੋਸੇ। ਪਰ ਕਮਲੀ ਦੇ ਭਾਗਾਂ ਵਿਚ ਘਰ ਕਿੱਥੇ। ਘਰ ਦਾ ਖਿਆਲ ਮੇਰੀ ਜਾਨ ਕੱਢਦਾ ਸੀ। ਜਿਸ ਵਕਤ ਇਹ ਖਿਆਲ ਆਉਂਦਾ। ਮੈਂ ਸ਼ੋਖ-ਰੰਗਾਂ ਦਾ ਮੇਕ-ਅਪ ਕਰਦੀ। ਮਹਿੰਗੇ ਤੋਂ ਮਹਿੰਗਾ ਸੂਟ ਪਾਉਂਦੀ। ਸੋਨੇ ਦੇ ਗਹਿਣੇ ਪਾਉਂਦੀ। ਸਭ ਤੋਂ ਵਧੀਆ ਸੈਂਟ ਲਾਉਂਦੀ। ਪਰ ਕੋਈ ਵੀ ਸ਼ੈਅ ਮੈਨੂੰ ਰਿਸ਼ਤਾ ਨਾ ਦੇ ਸਕਦੀ। ਮੈਂ ਆਪਣੀ ਬੇਵਸੀ ਉੱਪਰ ਹੱਸ ਪੈਂਦੀ।

"ਐਨਾ ਹੱਸੀਂ ਜਾਨੀ ਐਂ !... ਵੇਖੀਂ ਕਿਤੇ....!" ਹਾਜੀ ਦੀ ਟਿੱਚਰ ਸੁਣ ਮੈਂ ਹੋਰ ਹੱਸਣ ਲੱਗ ਪਈ, "ਵੇਖੀ ਤਾਂ ਜਾਨੀ ਆਂ ਖਸਮਾਂ !....ਤੂੰ ਹੀ ਨੀ ਵੇਖਦਾ !...ਜ਼ਰਾ ਰਾਹੀਆਂ ਦੇ ਮੂੰਹਾਂ ਵੱਲ ਵੇਖ...!"

"ਵੇਖੀਂ ਔਹ ਸਾਇਕਲ ਆਲਾ ਭਾਈ ਮੇਰੇ ਪਿਉ ਵਰਗਾ ਸੀ ....!" ਪਿਛਾਂਹ ਨੂੰ ਝਾਕਦੀ ਹੋਈ ਬਿਮਲਾ ਦਾ ਮੂੰਹ ਉੱਡ ਗਿਆ

ਮਰ ਜਾਣਾ ਹਾਜੀ ਹੱਸਣ ਲੱਗ ਪਿਆ, "ਜਿਹੜੇ ਘਰ ਆਪਾਂ ਵਧਾਈ ਲੈਣ ਗਏ ਸੀ !...ਉੱਥੇ ਬੈਠੀਆਂ ਔਰਤਾਂ 'ਚ ਮੇਰੀ ਭੈਣ ਵਰਗੀ ਸੀ !...ਖੜ੍ਹੇ ਬੰਦਿਆਂ 'ਚ ਇਕ ਮੇਰੇ ਭਰਾ ਵਰਗਾ ਸੀ...!"

"ਰੋਕ-ਰੋਕ-ਰੋਕ...ਐਥੀ ਤਾਂਗਾ ਰੋਕ ਲੈ ਵੈਰੀਆ !...ਔਹ ਘਰ ਵਿਚ ਮੇਰੀ ਮਾਂ ਵਰਗੀ ਰਹਿੰਦੀ ਐ ...!" ਸੜਕ ਕਿਨਾਰੇ ਬਣੇ ਘਰ ਵੱਲ ਹੱਥ ਕੱਢ ਮੈਂ ਤਾਂਗਾ ਰੁਕਵਾ ਲਿਆ

ਹੇ ਰਾਮ ! ਮੈਂ ਮਰ ਜਾਵਾਂ। ਇਹ ਕੀ ਹੋਇਆ। ਘਰ ਵਿਚ ਇਕੱਠ ਕਾਹਦਾ ਸੀ। ਬਾਹਰ ਵੀ ਲੋਕ ਖੜ੍ਹੇ ਸਨ। ਅੱਲ੍ਹਾ ਖੈਰ ਕਰੇ ! ਜਦੋਂ ਲੰਘੇ ਸਾਂ। ਉਸ ਵਕਤ ਤਾਂ ਕੁਝ ਨਹੀਂ ਸੀ। ਮੈਂ ਘਬਰਾ ਗਈ। ਕਾਹਲੇ ਕਦਮੀਂ ਹੋ ਤੁਰੀ। ਜਦੋਂ ਅੰਦਰ ਗਈ। ਮਾਂ ਵਰਗੀ ਹੇਠਾਂ ਲਾਹੀ ਪਈ ਸੀ। ਚੀਕਾਂ ਪੈ ਰਹੀਆਂ ਸਨ। ਮੈਂ ਲਾਸ਼ ਨੂੰ ਜੱਫੀ ਪਾ ਲਈ, "ਨੀ ਜਾਹ ਪਰ੍ਹੇ !... ਉਹ ਮਾਂ ਊਂ ਨਾ ਰਹੀ !... ਤੂੰ ਊਂ ਨਾ ਰਹੀ !... ਇਹ ਸਾਲੇ ਰਿਸ਼ਤੇ ਵੀ ਬੜਾ ਖੂਨ ਪੀਂਦੇ ਨੇ ...!"

ਮੋਏ ਰਿਸ਼ਤੇ ਦਾ ਮੂੰਹ ਵੇਖ ਮੈਂ ਕੰਧ ਕੋਲ ਜਾ ਬੈਠੀ।

ਪਤਾ ਨਹੀਂ ਕਿਸ ਹਰਾਮੀ ਦਾ ਮੂੰਹ ਵੇਖਿਆ। ਸਵੇਰ ਦਾ ਹੀ ਕੀ ਦਾ ਕੀ ਹੋਈਂ ਜਾਂਦਾ ਸੀ।

ਸਾਡੇ ਵੱਲ ਕਿਸੇ ਦਾ ਧਿਆਨ ਨਹੀਂ ਸੀ। ਹਰ ਰਿਸ਼ਤਾ ਰੋਈਂ ਜਾਂਦਾ ਸੀ। ਨਾ ਰੋਣ

ਵਾਲੇ ਅਰਥੀ ਚੁੱਕਣ ਲਈ ਕਾਹਲੇ ਸਨ। ਬਿੰਦ-ਘੜੀ ਦਾ ਮੇਲਾ ਸੀ। ਮੋਈ ਦੇਹ ਨੂੰ ਅੱਗ ਲਾਈ। ਰਿਸ਼ਤਾ ਖਤਮ। ਡੁੱਬ ਜਾਣੀ ਕੈਸੀ ਦੁਨੀਆਂ ਸੀ।

ਮੈਂ ਜੰਮੀ ਤਾਂ ਇਸ ਦੁਨੀਆਂ ਵਿਚ ਹੀ। ਪਰ ਮੇਰੀ ਦੁਨੀਆਂ ਹੋਰ ਸੀ। ਉਹਦਾ ਦਸਤੂਰ ਵੱਖਰਾ ਸੀ। ਜਿਸ ਵਕਤ ਦੁਆਰਕਾ ਮਾਸੀ ਮਰੀ। 'ਜੀਵਨ-ਚਾਰਾ' ਦੀ ਰਸਮ ਹੋਈ ਸੀ। ਦੋ ਮਹੰਤਾਂ ਨੂੰ ਤਿਆਰ ਕੀਤਾ ਗਿਆ। ਮਹਿੰਦੀ ਲਾਈ। ਚੂੜਾ ਪਾਇਆ। ਸ਼ੋਖ ਰੰਗਾਂ ਦਾ ਮੇਕ-ਅਪ ਕੀਤਾ। ਇਕ ਨੂੰ ਲਾੜਾ। ਦੂਜੇ ਨੂੰ ਲਾੜੀ ਬਣਾਇਆ ਗਿਆ। ਵਿਆਹ ਵਾਲਾ ਜੋੜਾ ਪਹਿਨਾਇਆ। ਦੋਵਾਂ ਨੂੰ ਪਾਲਕੀ ਵਿਚ ਬਿਠਾਇਆ ਗਿਆ। ਖੂਬ ਜਸ਼ਨ ਹੋਇਆ। ਨਾਚ ਦਾ ਧਮੱਚੜ ਮੱਚਿਆ। ਸ਼ਿਕਵੇ-ਸ਼ਿਕਾਇਤਾਂ ਦੂਰ ਹੋਈਆਂ। ਕੋਈ ਮਕਾਣ ਨਹੀਂ। ਬਰਾਤ ਗਈ ਸੀ।

ਇਕ ਪਾਸੇ ਮੌਤ ਦਾ ਸੋਗ। ਦੂਜੇ ਪਾਸੇ ਮੌਤ ਦੀ ਘੜੀ ਵੀ ਜਸ਼ਨ ਜਾਰੀ ਰੱਖਣ ਦਾ ਐਲਾਨ !

ਕਿਹੜੀ ਦੁਨੀਆਂ ਦਾ ਸੱਚ ਮੇਰਾ ਸੀ। ਅੱਗ ਲੱਗਣੀ ਕੋਈ ਸਮਝ ਨਾ ਆਈ।

ਮੈਂ ਜੈਲੇ ਵਾਂਗ ਸੱਥਰ 'ਤੇ ਸਜੀ ਬੈਠੀ ਸੀ।

ਲੋਕ ਇਕ ਦੂਜੇ ਨੂੰ ਕੂਹਣੀਆਂ ਮਾਰ ਰਹੇ ਸਨ, "ਦੇਖੋ ਸਾਲਾ ਨਚਾਰ ਕਿਵੇਂ ਸਜਿਆ ਬੈਠਾ...!"

ਜਿਸ ਦਿਨ ਜੈਲੇ ਦੀ ਮਾਂ ਮਰੀ। ਉਹ ਵਿਆਹ ਲਾ ਕੇ ਮੁੜਿਆ ਸੀ। ਜੈ ਵੱਢਾ ਮਨ ਦਾ ਮੌਜੀ ਸੀ। ਦਿਲ ਕਰਦਾ ਕੱਪੜੇ ਬਦਲ ਲੈਂਦਾ। ਮਨ ਦੀ ਮੌਜ ਹੁੰਦੀ ਸਜਿਆ-ਸਜਾਇਆ ਹੀ ਪਿੰਡ ਆ ਵੜਦਾ।

ਡੁੱਬ ਜਾਣਾ ਉਸ ਦਿਨ ਮੇਰੇ ਵਾਂਗ ਸਜਿਆ ਸਜਾਇਆ ਹੀ ਸੱਥਰ ਉੱਪਰ ਆ ਬੈਠਿਆ।

ਨਾ ਰੋਇਆ। ਨਾ ਕੁਝ ਬੋਲਿਆ। ਓਪਰਿਆਂ ਵਾਂਗ ਬੈਠਾ ਰਿਹਾ।

ਲੋਕਾਂ ਨੇ ਹੀ ਅੰਤਿਮ-ਇਸ਼ਨਾਨ ਕਰਵਾਇਆ। ਕਫਨ ਪਾਇਆ। ਅਰਥੀ ਤਿਆਰ ਕੀਤੀ।

"ਚੱਲ ਜੈਲਿਆ !...ਉੱਠ ਕੇ ਮੋਢਾ ਲਾ ਭਾਈ...!" ਜਦੋਂ ਸਿਆਣਿਆਂ ਨੇ ਅਰਥੀ ਨੂੰ ਮੋਢਾ ਲਾਉਣ ਲਈ ਆਖਿਆ।

ਜੈਲਾ ਸਾਰੀਆਂ ਹੀ ਹੱਦਾਂ ਟੱਪ ਗਿਆ।

ਉਹ ਉੱਠਿਆ। ਮੂੰਹ ਉੱਪਰ ਚੁੰਨੀ ਲਈ। ਅਰਥੀ ਕੋਲ ਨੱਚਣ ਲੱਗ ਪਿਆ।

ਉਹਦੇ ਅੰਦਰ ਨਾਚ ਦਾ ਧਮੱਚੜ ਖਿਝ ਉੱਠਿਆ।

ਮਰਗਤ ਉੱਪਰ ਆਈ ਦੁਨੀਆਂ ਡਰ ਗਈ। ਗੱਲਾਂ ਹੋਣ ਲੱਗੀਆਂ, "ਪਾਗਲ ਹੋ ਗਿਆ !...ਬੁੜ੍ਹੀ ਨਾਲੋਂ ਤਾਂ ਇਹ ਮਰ ਜਾਂਦਾ...!"

"ਮਰ ਜਾਣਿਆ !...ਤੂੰ ਇਹ ਕੀ ਕੀਤਾ ਸੀ..." ਭੋਗ ਤੋਂ ਬਾਅਦ ਜਦੋਂ ਮੈਂ ਪੁੱਛਿਆ

ਜੈਲਾ ਰੋਣ ਲੱਗ ਪਿਆ, "ਉਹ ਵੀ ਮੈਨੂੰ ਨਚਾਰ ਕਹਿੰਦੀ ਹੁੰਦੀ ਸੀ....!"

ਉਹਦੀ ਗੱਲ ਸੁਣ ਮੇਰੀ ਚੀਕ ਨਿੱਕਲ ਗਈ। ਮੈਂ ਹਾਜੀ ਹੋਰਾਂ ਵੱਲ ਝਾਕੀ। ਉਨ੍ਹਾਂ ਦੇ ਮੂੰਹ ਉੱਤਰੇ ਪਏ ਸਨ।



ਪਰ ਇਕ ਬੰਦਾ ਖੁਸ਼ ਸੀ। ਮੈਂ ਹਰਾਮੀ ਦੀ ਅੱਖ ਪਛਾਣ ਲਈ।

ਉਹ ਸਾਡਾ ਜਵਾਈ ਸੀ। ਰਾਜੂ ਤੋਂ ਪਹਿਲਾਂ ਇਸ ਮੋਈ ਮਾਂ ਦਾ ਮੁੰਡਾ ਸਾਡੇ ਨਾਲ ਢੋਲਕੀ ਵਜਾਉਂਦਾ ਹੁੰਦਾ। ਉਹ ਬਾਅਦ ਵਿਚ ਕਿਸੇ ਹੋਰ ਡੇਰੇ ਜਾ ਟਿਕਿਆ। ਉਹਦੀ ਮਾਂ ਵਿਚ ਮੈਨੂੰ ਆਪਣੀ ਮਾਂ ਦਿਸੀ ਸੀ। ਮੈਂ ਉਸ ਨੂੰ ਧਰਮ ਦੀ ਮਾਂ ਬਣਾ ਲਿਆ। ਉਹਦੀ ਇਕ ਕੁੜੀ ਸੀ। ਮੈਂ ਚੰਦਰੀ ਨੂੰ ਗੋਦ ਲੈ ਲਿਆ। ਰੀਝਾਂ ਨਾਲ ਪਾਲੀ-ਪਲੋਸੀ। ਰਿਸ਼ਤਿਆਂ ਦੀ ਲੱਜ ਪਾਲੀ। ਜਦੋਂ ਵੱਡੀ ਹੋਈ। ਵਿਆਹ ਦਿੱਤੀ। ਮਾਰ ਕੇ ਐਨਾ ਦਾਜ ਦਿੱਤਾ। ਮੇਰਾ ਲੱਖਾਂ ਲੱਗਿਆ। ਪਰ ਪਹਿਲੇ ਦਿਨ ਹੀ ਮੇਰੀ ਅੱਖ ਫਰਕੀ ਸੀ। ਜਿਸ ਦਿਨ ਕੁੜੀ ਮੁੜਦੀ ਗੱਡੀ ਆਈ। ਜਵਾਈ ਭਾਈ ਹੋਰ ਹੀ ਪੁੱਠੀਆਂ-ਸਿੱਧੀਆਂ ਮਾਰਨ ਲੱਗ ਪਿਆ।

ਹਰਾਮੀ ਸ਼ਗਨਾਂ ਵਾਲੇ ਦਿਨ ਕੈਸੀਆਂ ਗੱਲਾਂ ਮਾਰੀਂ ਜਾਂਦਾ ਸੀ।

ਮੇਰਾ ਦਿਲ ਕੀਤਾ ਉਹਦੇ ਨਾਲੇ ਆਪਣੇ ਸਿਰ ਵਿਚ ਛਿੱਤਰ ਮਾਰ ਲਵਾਂ।

ਪਰ ਕੁਝ ਨਾ ਕਰ ਸਕੀ। ਕੁੜੀ ਲਈ ਸਭ ਪੁੱਠੀਆਂ ਸਿੱਧੀਆਂ ਜ਼ਰ ਗਈ।

ਕਸਮ ਪੈਦਾ ਕਰਨ ਵਾਲੇ ਦੀ। ਹੋਰ ਕਿੰਨਾਂ ਕੁ ਚਿਰ ਜ਼ਰਦੀ। ਸੱਚ ਸੁਣਨਾ ਹੀ ਪੈਣਾ ਸੀ।

ਉਹ ਵਿਆਹ ਤੋਂ ਸਾਲ ਕੁ ਬਾਅਦ ਸੁਣ ਲਿਆ। ਇਕ ਦਿਨ ਡਰੀ ਹੋਈ ਕੁੜੀ ਡੇਰੇ ਆਈ। ਮੈਨੂੰ ਜੱਫੀ ਪਾ ਰੋਣ ਲੱਗ ਪਈ, "ਮਾਂ !...ਹੁਣ ਮੈਂ ਥੋਨੂੰ ਮਿਲਣ ਨੀ ਆਇਆ ਕਰਦੀ...!"

"ਪਰ ਕਿਉਂ ਮਰ ਜਾਣੀਏ...!" ਮੇਰੀ ਦੇਹ ਕੰਬਣ ਲੱਗ ਪਈ।

ਉਹ ਭੁੱਬਾਂ ਮਾਰਨ ਲੱਗ ਪਈ, "ਮੇਰੇ ਘਰਆਲਾ ਕਹਿੰਦਾ !...ਹੁਣ ਤੂੰ ਹਿਜੜਿਆਂ ਨੂੰ ਮਿਲਣ ਨਾ ਜਾਇਆ ਕਰ !...ਮੇਰੀ ਬੇਇਜ਼ਤੀ ਹੁੰਦੀ ਐ...!"

"ਜਾਹ ਪਰ੍ਹੇ ਵੈਰੀਆ !...ਵੇ ਮੈਂ ਤਾਂ ਤੈਨੂੰ ਆਪਣਾ ਸਮਝਿਆ ਸੀ....!" ਕੁੜੀ ਦਾ ਸਿਰ ਪਲੋਸ ਮੈਂ ਕਿੰਨਾਂ ਹੀ ਚਿਰ ਤਾੜੀਆਂ ਮਾਰਦੀ ਰਹੀ।

ਉਸ ਰਾਤ ਮੈਂ ਕਈ ਮੌਤਾਂ ਮਰੀ। ਅੱਖਾਂ ਵਿਚ ਖੂਨ ਤੈਰਦਾ ਰਿਹਾ। ਮੈਂ ਸਾਰੀ ਰਾਤ ਰਿਸ਼ਤਿਆਂ ਵਿਚਲਾ ਫ਼ਰਕ ਲੱਭਦੀ ਰਹੀ।

ਸਵੇਰ ਤੱਕ ਫ਼ਰਕ ਨਾ ਲੱਭਾ। ਜਿਹੜਾ ਕੁਝ ਲੱਭਿਆ। ਉਹ ਬੜਾ ਡਰਾਉਂਣਾ ਸੀ।

"ਇਹ ਦੁਨੀਆਂ ਕਿੰਨੀ ਡਰਾਉਣੀ ਐ ਮਾਂ...!" ਸੱਥਰ 'ਤੇ ਡਰੀ ਬੈਠੀ ਮੈਂ ਹਾਜੀ ਵੱਲ ਝਾਕੀ, ਮਰ ਜਾਣਾ ਉਹ ਵੀ ਡਰਿਆ ਖੜ੍ਹਾ ਸੀ।

ਮੈਥੋਂ ਹੋਰ ਨਾ ਵੇਖ ਹੋਇਆ।

ਮੈਂ ਕਾਹਲੀ ਨਾਲ ਉੱਠੀ। ਲਾਸ਼ ਕੋਲ ਗਈ। ਮਾਂ ਦਾ ਮੂੰਹ ਵੇਖਿਆ। ਲੋਕਾਂ ਵੱਲ ਵੇਖ ਨੱਕ ਵੱਟਿਆ। ਤਾਂਗੇ ਵੱਲ ਨੂੰ ਤੁਰ ਪਈ।

ਤਾਂਗਾ ਡੇਰੇ ਵੱਲ ਨੂੰ ਤੁਰ ਪਿਆ।

ਕੋਈ ਕੁਝ ਨਾ ਬੋਲਿਆ। ਅਖੀਰ ਤੱਕ ਮੜ੍ਹੀਆਂ ਵਰਗੀ ਚੁੱਪ ਵਰਤੀ ਰਹੀ।

ਡੇਰੇ ਕੋਲ ਜਾ ਮੈਂ ਤਾੜੀ ਮਾਰੀ। ਹਾਜੀ ਨੇ ਘੋੜੀ ਦੀ ਲਗਾਮ ਖਿੱਚ ਲਈ।

ਤਾਂਗਾ ਰੁਕ ਗਿਆ। ਘੋੜੀ ਵਾਂਗ ਟੱਪਣ ਵਾਲੀ ਮੈਂ ਹੌਲੀ-ਹੌਲੀ ਹੇਠਾਂ ਉੱਤਰੀ।

ਮੇਰਾ ਮੂੰਹ ਛਿਪਦੀ ਵੱਲ ਸੀ। ਡੁੱਬ ਜਾਣਾ ਸੂਰਜ ਡੁੱਬ ਰਿਹਾ ਸੀ। ਉਹਦੀ ਲਾਲੀ

ਵੇਖ ਮੈਨੂੰ ਸ਼ਰਮ ਆ ਗਈ। ਕਾਰ ਕੋਲ ਤਾਂਗਾ ਖੜ੍ਹਾ ਹਾਜੀ ਪਰ੍ਹਾਂ ਘੋੜੀ ਬੰਨ੍ਹਣ ਚਲਿਆ ਗਿਆ। ਬਾਬੂ ਵਧਾਈ ਵਾਲਾ ਸਮਾਨ ਚੁੱਕਣ ਲੱਗ ਪਿਆ। ਰਾਜੂ ਵਾਜਾ-ਢੋਲਕੀ ਸੰਭਾਲਣ ਲੱਗ ਪਿਆ। ਹਈ ਸ਼ਾਵਾ ! ਮਰ ਜਾਣੀ ਬਿਮਲਾ ਨੂੰ ਕੀ ਹੋ ਗਿਆ। ਉਹ ਮੇਰੇ ਵੱਲ ਵੇਖ ਰਹੀ ਸੀ।

"ਨੀ ਕੀ ਵੇਖੀਂ ਜਾਨੀ ਐਂ ਦਫੇ ਹੋਣੀਏ...!" ਮੈਂ ਉਹਦੀ ਪਿੱਠ 'ਤੇ ਧੱਫਾ ਮਾਰਿਆ।

ਲੁੱਚੀ ਡੁੱਬ ਰਹੇ ਸੂਰਜ ਵੱਲ ਵੇਖਣ ਲੱਗ ਪਈ। ਕਹਿੰਦੀ, "ਬੱਸ !..ਹੁਣ ਹੋਰ ਨੀ ਵਿਕਿਆ ਜਾਂਦਾ...!"

"ਵਿਕਣ ਨੂੰ ਹੁਣ ਰਹਿ ਕੀ ਗਿਆ....!" ਅੰਦਰ ਵੜਨ ਸਾਰ ਜੈਲਾ ਵੀ ਬਿਮਲਾ ਵਾਂਗ ਬੋਲਿਆ ਸੀ।

ਉਹਦੀ ਅਵਾਜ਼ ਫਟੀ ਹੋਈ ਸੀ। ਉਹ ਕੱਲ੍ਹ ਦੀ ਦਿਹਾੜੀ ਲਾ ਕੇ ਪਰਤਿਆ ਸੀ।

ਜਿਨ੍ਹਾਂ ਦਿਨਾਂ ਵਿਚ ਵਿਆਹਾਂ ਦਾ ਸੀਜ਼ਨ ਨਾ ਹੁੰਦਾ। ਉਹ ਦੇਵ ਮਿਸਤਰੀ ਨਾਲ ਦਿਹਾੜੀ ਚਲਿਆ ਜਾਂਦਾ।

ਮੈਂ ਬਥੇਰਾ ਆਖਦੀ, "ਵੇ ਸਾਡੇ ਨਾਲ ਵਗ ਚੱਲਿਆ ਕਰ ਜੈਲਿਆ...!"

"ਤੈਨੂੰ ਨੀ ਪਤਾ ਗੀਨਾ !...ਦੇਵ ਨਾਲ ਦਿਹਾੜੀ ਜਾਣ ਦਾ ਸਵਾਦ ਈ ਹੋਰ ਐ....!" ਉਹ ਦੇਵ-ਦੇਵ ਕਰਨ ਲੱਗ ਪੈਂਦਾ

"ਕਿਉਂ ਵੇ!...ਦੇਵ ਨਾਲ ਕਾਹਦਾ ਸਵਾਦ ਐ ਲੁੱਚਿਆ...!" ਮੈਂ ਉਹਦੇ ਚੂੰਢੀ ਵੱਢਦੀ

ਉਹ ਡੇਰੇ ਦੀਆਂ ਕੰਧਾਂ ਵੱਲ ਵੇਖਣ ਲੱਗ ਪੈਂਦਾ, "ਦੇਵ ਮੈਨੂੰ ਪੁੱਤ ਕਹਿ ਕੇ ਬੁਲਾਉਂਦਾ ਹੁੰਦਾ !.... ਲਿਆ ਪੁੱਤ ਇੱਟ !... ਲਿਆ ਪੁੱਤ ਗਾਰਾ !... ਲਿਆ ਪੁੱਤ ...!"

ਪਰ ਕੱਲ੍ਹ ਉਹ ਕੁਝ ਹੋਰ ਹੀ ਕਹਿੰਦਾ ਸੀ। ਉਹਦੀ ਗੱਲ ਜੈਲੇ ਦੇ ਇੱਟ ਵਾਂਗ ਵੱਜੀ।

ਉਹ ਕੰਧ ਵਾਂਗ ਢਹਿ ਗਿਆ। ਸਾਰੀ ਰਾਤ ਡਿੱਗਿਆ ਰਿਹਾ। ਦਿਨ ਚੜ੍ਹਨ ਸਾਰ ਉੱਠਿਆ। ਡੇਰੇ ਵਿਚ ਆ ਵੜਿਆ।

ਸ਼ੀਸ਼ਾ ਤਾਂ ਬਾਅਦ ਵਿਚ ਵੇਖਣ ਲੱਗਿਆ।

ਪਹਿਲਾਂ ਦੇਵ ਮਿਸਤਰੀ ਦੀ ਆਖੀ ਗੱਲ ਦੱਸਦਾ ਸੀ। ਕਹਿੰਦਾ, "ਕੱਲ੍ਹ ਆਥਣ ਦੀ ਗੱਲ ਐ !...ਮੈਂ ਦੇਵ ਨਾਲ ਦਿਹਾੜੀ 'ਤੇ ਸੀ !...ਪੈੜ ਖਾਸੀ ਉੱਚੀ ਸੀ !...ਮੈਂ ਉਸ 'ਤੇ ਖੜ੍ਹਾ ਇੱਟਾਂ ਫੜਾ ਰਿਹਾ ਸੀ !... ਮਾੜੀ ਕਿਸਮਤ ਮੇਰੀ !...ਪੁਲਸੀਆਂ ਦੀ ਕੁੜੀ ਦਾ ਵਿਆਹ ਸੀ !... ਬਰਾਤ ਆਈ ਹੋਈ ਸੀ !...ਰੋਟੀ ਵਕਤ ਜਦੋਂ ਵਾਜਾ ਵੱਜਿਆ !...ਮੇਰੇ ਅੰਦਰ ਕੁਝ ਨੱਚਣ ਲੱਗ ਪਿਆ !....ਹੱਥ ਪੈਰ ਥਿਰਕਣ ਲੱਗ ਪਏ !... ਹੱਥ ਫੜੀ ਇੱਟ...ਪੈਰਾਂ ਕੋਲ ਪਿਆ ਤਸਲਾ !...ਹੇਠਾਂ ਡਿੱਗ ਪਏ !.... ਦੇਵ ਨੇ ਮੇਰੇ ਪੈਰਾਂ 'ਤੇ ਕਾਂਡੀ ਮਾਰੀ !.... ਕਹਿੰਦਾ ਜਾਹ ਪਰ੍ਹੇ !...ਉਹੀ ਨਚਾਰ ਦਾ ਨਚਾਰ ਈ ਰਿਹਾ ਨਾ ...!"

"ਗੱਲਾਂ ਦੇਖ ਮਖਿਆਂ !...ਸਾਲਾ ਮਿਸਤਰੀ ਕੀ ਬਣ ਗਿਆ !...ਬੰਦਾ ਪਛਾਨਣ ਤੋਂ ਈ ਹਟ ਗਿਆ....!" ਘੋੜੀ ਬੰਨ੍ਹ ਕੇ ਆਇਆ ਹਾਜੀ ਮਿਸਤਰੀ ਨੂੰ ਗਾਲ੍ਹਾਂ ਕੱਢਣ



ਲੱਗ ਪਿਆ

ਮੈਂ ਉਸ ਵੱਲ ਵੇਖ ਘੂਰੀ ਵੱਟੀ। ਅੱਖ ਮਾਰੀ। ਲੱਕ ਮਾਰਦੀ ਅੰਦਰ ਨੂੰ ਤੁਰ ਪਈ।

ਅੰਦਰ ਮੰਜੀ ਪਈ ਸੀ। ਮੈਂ ਉਸ ਉੱਪਰ ਜਾ ਡਿੱਗੀ। ਹਾਰ-ਸ਼ਿੰਗਾਰ ਮੈਨੂੰ ਵੱਢ-ਵੱਢ ਖਾਣ ਲੱਗ ਪਿਆ। ਮਨ ਕਾਹਲਾ ਪੈਣ ਲੱਗ ਪਿਆ। ਦਿਲ ਕੀਤਾ ਕਿਤੇ ਭੱਜ ਜਾਵਾਂ। ਪਰ ਕਿੱਥੇ ! ਗੁਰਦੁਆਰੇ ਵਾਲਾ ਪਾਠੀ ਕਹਿੰਦਾ ਸੀ, "ਰਹਿਣ ਕਿਥਾਊਂ ਨਾਹੀਂ...!"

"ਨਹੀਂ ਕਿਉਂ ਅੜੀਏ !...ਆਜਾ ਰੋਟੀ ਖਾ ਲੈ ਦੋ ਬੁਰਕੀਆਂ ....!" ਸਿਰਹਾਣੇ ਖੜ੍ਹੀ ਔਰਤ ਮੈਨੂੰ ਕਿਤੇ ਵੇਖੀ ਹੋਈ ਲੱਗੀ

ਊਈ ਅੱਲ੍ਹਾ ! ਇਹ ਤਾਂ ਬਿਮਲਾ ਸੀ। ਲੁੱਚੀ ਰੋਟੀ ਖਾਣ ਲਈ ਆਖ ਰਹੀ ਸੀ।

"ਅੱਜ ਸਵੇਰ ਦਾ ਬਹੁਤ ਕੁਸ਼ ਖਾ ਲਿਆ !... ਬੱਸ ਹੁਣ ਭੁੱਖ ਨਹੀਂ ਰਹੀ ...!" ਬਿਮਲਾ ਵੱਲ ਵੇਖ ਮੈਨੂੰ ਜਾਨਕੀ ਮਹੰਤ ਯਾਦ ਆ ਗਿਆ

ਜੈਲਾ ਭੁੱਲ ਗਿਆ। ਹਰਾਮੀ ਸਵੇਰ ਦਾ ਰੂਹ ਵਿਚ ਵੜਿਆ ਬੈਠਾ ਸੀ।

"ਤੁਹਾਡੇ ਅੰਦਰ, ਤੁਹਾਡੀ ਰੂਹ ਵਿਚ ਕੀ ਕੁੱਝ ਚੱਲਦਾ ਰਹਿੰਦਾ ਹੈ ... ਮੇਰੀ ਰੂਹ ਵਿਚ ਲਿਖਾਰੀ ਮੁੰਡੇ ਦਾ ਸਵਾਲ ਘੁੰਮਣ ਲੱਗ ਪਿਆ

ਮੈਂ ਉਸ ਨੂੰ ਅੱਧਾ ਜਵਾਬ ਦਿੱਤਾ ਸੀ। ਹਰਾਮੀ ਨੂੰ ਕੀ ਦੱਸਦੀ ਮੇਰੀ ਰੂਹ ਵਿਚ ਕਬਰਾਂ ਸਨ। ਉਨ੍ਹਾਂ ਕਬਰਾਂ ਵਿਚ ਇਕ ਹੌਕਾ ਗੂੰਜਦਾ ਰਹਿੰਦਾ ਸੀ।

ਜੇਕਰ ਉਸ ਚੰਦਰੀ ਨੂੰ ਨਾ ਚੁੱਕ ਕੇ ਲਿਆਉਂਦੀ...!

ਪਰ ਕਿੰਝ ਨਾ ਲਿਆਉਂਦੀ। ਗੁਰੂ ਦਾ ਹੁਕਮ ਸੀ, "ਨੀ ਮਰਜਾਣੀਓ !...ਜਾਓ ਕੁੜੀ ਨੂੰ ਲੈ ਕੇ ਆਓ !....ਹਾਂ ਸੱਚ ਅੱਜ ਤਾਂਗੇ ਵਿਚ ਨਾ ਜਾਇਓ !...ਕਾਰ ਲੈ ਕੇ ਜਾਇਓ...!"

ਤਾਂਗਾ ਮੇਰੀ ਰੂਹ ਦੀ ਸਵਾਰੀ ਸੀ। ਪਰ ਮੈਂ ਗੁਰੂ ਦਾ ਹੁਕਮ ਮੰਨਿਆ। ਤਾਂਗਾ ਛੱਡ ਦਿੱਤਾ !

ਕਾਰ ਕੱਢੀ। ਉਸ ਪਿੰਡ ਵਿਚ ਜਾ ਰਹੇ। ਜਿੱਥੋਂ ਖ਼ਬਰ ਮਿਲੀ ਸੀ।

ਮਰ ਜਾਣੇ ਸੂਹੀਏ ਨੇ ਦੱਸਿਆ। ਪਿੰਡ ਵਿਚ ਸਾਡੀ ਜਾਤ ਦੀ ਕੁੜੀ ਜੰਮੀ ਸੀ।

ਅਸੀਂ ਘਰ ਅੱਗੇ ਜਾ ਤਾੜੀ ਮਾਰੀ, "ਆਏ ਹਾਏ ਨੀ ਕੁੜੀ ਦੀ ਮਾਂ !....ਕਿੱਥੇ ਐਂ ਤੂੰ ....!"

ਸਾਨੂੰ ਵੇਖ ਘਰ ਦਾ ਦਰਵਾਜ਼ਾ ਬੰਦ ਹੋ ਗਿਆ !

ਲੋਕਾਂ ਦੀਆਂ ਖਿੜਕੀਆਂ-ਦਰਵਾਜ਼ੇ ਖੁੱਲ੍ਹ ਗਏ। ਜੁਆਕ ਬੀਹੀ ਵਿਚ ਆ ਗਏ। ਮਰਦ-ਔਰਤਾਂ ਦੀ ਅੱਖ ਤਮਾਸ਼ਾ ਵੇਖਣ ਲੱਗੀ।

ਮੈਂ ਹਰਾਮੀਆਂ ਨੂੰ ਅੱਖ ਮਾਰੀ। ਫਿਰ ਤਾੜੀ ਮਾਰ ਉੱਚੀ ਸਾਰੀ ਅਵਾਜ਼ ਮਾਰੀ, "ਨੀ ਇਹ ਤਾਂ ਔਰਤਾਂ-ਮਰਦਾਂ ਦੀ ਮੰਡੀ ਐ !... ਤੂੰ ਇਹਦਾ ਕੀ ਕਰੇਂਗੀ !... ਲਿਆ ਸਾਡੀ ਅਮਾਨਤ ਦੇ ਦੇ !.. ਇੱਥੇ ਇਹਦੀ ਕੋਈ ਥਾਂ ਨਹੀਂ ...!"

ਮੇਰੀ ਗੱਲ ਸੁਣ ਤਾੜੀਆਂ ਵੱਜਣ ਲੱਗ ਪਈਆਂ। ਬੀਹੀ ਵਿਚ ਨਾਚ ਦਾ ਧਮੱਚੜ ਪੈਣ ਲੱਗ ਪਿਆ।

ਦਰਵਾਜ਼ਾ ਖੁੱਲ੍ਹ ਗਿਆ। ਘੁੰਗਰੂਆਂ ਵਾਲੇ ਪੈਰ ਅੰਦਰ ਆ ਵੜੇ। ਮੈਂ ਸਭ ਤੋਂ ਮੂਹਰੇ

ਸੀ।
ਜੰਮਣ ਵਾਲਾ ਮਰਦ ਉਦਾਸ ਖੜ੍ਹਾ ਸੀ। ਕੰਧਾਂ ਨਾਲ ਲੱਗੀਆਂ ਔਰਤਾਂ ਰੋ ਰਹੀਆਂ ਸਨ।
ਪਰ ਕੁੜੀ ਦੀ ਮਾਂ ਕਿੱਥੇ ਸੀ ।
ਮੈਂ ਮੰਜੀ 'ਤੇ ਬੈਠੀ ਬੁੜੀ ਕੋਲ ਜਾ ਖੜ੍ਹੀ, "ਲਿਆ ਬੀਬੀ ਦੱਸ ਕਿੱਥੇ ਲੁਕੋਈ ਐ...!!"
ਉਹਨੇ ਸਿਆਣਪ ਵਰਤੀ। ਸਾਹਮਣੀ ਬੈਠਕ ਵੱਲ ਨੂੰ ਇਸ਼ਾਰਾ ਕਰ ਦਿੱਤਾ।
ਤਾੜੀਆਂ ਦੀ ਅਵਾਜ਼ ਉੱਚੀ ਹੋ ਗਈ। ਮੈਂ ਅੰਦਰ ਜਾ ਵੜੀ।
ਕੰਧ ਕੋਲ ਪੇਟੀ ਪਈ ਸੀ। ਉਸ ਵੱਲ ਵੇਖ ਮੈਂ ਤਾੜੀ ਮਾਰੀ, "ਨੀ ਮੈਂ ਮਰ ਗਈ !...ਤੂੰ ਕਿੱਥੇ ਲੁਕੀ ਬੈਠੀ ਐਂ ਜਿਊਣ ਜੋਗੀਏ....!"
"ਵੇ ਨਾ ਲਿਜਾਓ ਜ਼ਾਲਮੋ !...ਮਸਾਂ ਦਸ ਸਾਲ ਬਾਅਦ ਔਲਾਦ ਦਾ ਮੂੰਹ ਵੇਖਿਆ !...ਰੱਬ ਦਾ ਵਾਸਤਾ !... ਮੈਂ ਹੱਥ ਬੰਨ੍ਹਦੀ ਆਂ...!" ਕੁੜੀ ਦੀ ਮਾਂ ਰੋਣ ਲੱਗ ਪਈ
ਚੰਦਰੀ ਦੀਆਂ ਅੱਖਾਂ ਵੱਲ ਵੇਖ ਮੈਂ ਡਰ ਗਈ। ਮਨ ਡੋਲ ਗਿਆ। ਦਿਲ ਕੀਤਾ ਛੱਡ ਜਾਵਾਂ। ਪਰ ਕਿੱਥੇ ਜਾਂਦੀ। ਕੁਨਬੇ ਦਾ ਦਸਤੂਰ ਯਾਦ ਆ ਗਿਆ। ਮੈਂ ਮੱਚ ਉੱਠੀ। ਦਿਲ ਕੈੜਾ ਕੀਤਾ। ਮਾਂ ਦੇ ਸਿਰ 'ਤੇ ਹੱਥ ਰੱਖਿਆ। ਉਹਦੀ ਗੋਦੀ ਵਿਚੋਂ ਕੁੜੀ ਖੋਹ ਲਈ।
"ਨੀ ਚਲੋ ਹੁਣ !...ਕਿਵੇਂ ਖੜ੍ਹੀਆਂ ਨੇ ਲੁੱਚੀਆਂ...!" ਕੁੜੀ ਨੂੰ ਹਿੱਕ ਨਾਲ ਲਾ ਮੈਂ ਬਾਹਰ ਨੂੰ ਭੱਜੀ
ਅਜੇ ਦੇਹਲੀ ਵੀ ਨਹੀਂ ਟੱਪੀ ਸੀ। ਪੇਟੀ ਉਹਲੇ ਲੁਕੀ ਔਰਤ ਦਾ ਹੌਕਾ ਨਿਕਲ ਗਿਆ।
ਮੇਰਾ ਦਿਲ ਚੀਰਿਆ ਗਿਆ। ਰੂਹ ਕੰਬ ਉੱਠੀ। ਮੈਂ ਪਿਛਾਂਹ ਨੂੰ ਝਾਕੀ।
ਕੁੜੀ ਦੀ ਮਾਂ ਮਰੀ ਪਈ ਸੀ। ਮੇਰਾ ਹੌਕਾ ਨਿਕਲ ਗਿਆ।
ਘਰ ਨੂੰ ਰੋਂਦਾ ਛੱਡ ਮੈਂ ਮਸਾਂ ਡੇਰੇ ਪਹੁੰਚੀ।
ਜਿਸ ਵਕਤ ਕੁੜੀ ਪੰਘੂੜੇ ਵਿਚ ਰੱਖੀ। ਤਾੜੀਆਂ ਦਾ ਮੀਂਹ ਵਰ੍ਹ ਪਿਆ। ਸਭ ਨੇ 'ਦਾਜੀ' ਦਿੱਤੀ। ਪੈਰ੍ਹੀਂ ਘੁੰਗਰੂ ਬੰਨ੍ਹੇ। ਹਨੇਰਾ ਹੋਣ ਤੱਕ ਚੰਦਰੀ ਖੇਡ ਪੈ ਗਈ।
ਸਾਰਾ ਡੇਰਾ ਸੌਂ ਗਿਆ।
ਮੈਂ ਕੁੜੀ ਨਾਲ ਮੰਜੀ ਉੱਪਰ ਜਾ ਪਈ। ਮਰ ਜਾਣੀ ਰੋਣ ਲੱਗ ਪਈ। ਇਸ ਨੂੰ ਕਿਵੇਂ ਚੁੱਪ ਕਰਾਵਾਂ ! ਮੈਂ ਕੁੜੀ ਨਾਲ ਲਾ ਲਈ। ਯਾਅ ਅੱਲਾ ! ਇਹ ਤਾਂ ਭੁੱਖੀ ਸੀ। ਉਹ ਛੋਟੇ-ਛੋਟੇ ਹੱਥਾਂ ਨਾਲ ਮੇਰੀਆਂ ਛਾਤੀਆਂ ਲੱਭਣ ਲੱਗ ਪਈ। ਮੇਰੀ ਜਾਨ ਨਿਕਲ ਗਈ। ਉਹਦਾ ਹੌਕਾ ਨਿਕਲ ਗਿਆ। ਮੈਂ ਤੜਪ ਉੱਠੀ। ਗਿਲਾਸ ਵਿਚ ਦੁੱਧ ਲਿਆਈ। ਚਮਚਾ ਉਹਦੇ ਮੂੰਹ ਨੂੰ ਲਾਇਆ। ਪਰ ਉਹਨੇ ਮੂੰਹ ਫੇਰ ਲਿਆ। ਮੈਂ ਹੋਰ ਕਿੱਥੋਂ ਦੁੱਧ ਲਿਆਉਂਦੀ। ਉਹ ਮਿੰਟ ਕੁ ਬਾਅਦ ਮੇਰੇ ਸੀਨੇ 'ਤੇ ਹੱਥ ਮਾਰਦੀ। ਮੈਂ ਰੇਤ ਵਾਂਗ ਝਰਨ ਲੱਗਦੀ। ਉਹ ਰੋਣ ਲੱਗ ਪੈਂਦੀ।
ਅੱਧੀ ਕੁ ਰਾਤ ਮਸਾਂ ਚੁੱਪ ਕਰੀ। ਮੈਂ ਹਿੱਕ ਨਾਲ ਲਾ ਲਈ। ਚੰਦਰੀ ਸੌਂ ਗਈ।
ਮਰ ਜਾਣੀ ਸੁੱਤੀ ਕਾਹਦੀ। ਵਿਹੁ ਮਾਤਾ ਨਾਲ ਗੱਲਾਂ ਕਰਨ ਲੱਗ ਪਈ। ਕਦੇ



ਬੁੱਲ੍ਹ ਟੇਰਦੀ। ਕਦੇ ਹੱਸਣ ਲੱਗਦੀ। ਕਦੇ ਡਰ ਜਾਂਦੀ। ਡੁੱਬ ਜਾਣੀ ਅਗਲੀਆਂ-ਪਿਛਲੀਆਂ ਨਾਲ ਖੇਡ ਰਹੀ ਸੀ।
ਉਹਦੇ ਮਨ ਵਿਚ ਕੀ ਸੀ। ਮੈਂ ਸਾਰੀ ਰਾਤ ਸੋਚਦੀ ਰਹੀ।
ਮਸਾਂ ਸਵੇਰ ਹੋਈ। ਗੁਰਦੁਆਰੇ ਵਿਚੋਂ ਪਾਠੀ ਦੀ ਅਵਾਜ਼ ਆਈ। ਸ਼ਿਵ ਮੰਦਰ ਵਿਚ ਘੰਟੀਆਂ ਖੜਕੀਆਂ।
ਜਿਸ ਦਿਨ ਢੋਲਕੀ ਵੱਜੀ। ਵਾਜਾ ਵੱਜਿਆ। ਕੁੜੀ ਦੇ ਪੈਰੀਂ ਬੰਨ੍ਹੇ ਘੁੰਗਰੂ ਖੜਕਣ ਲੱਗ ਪਏ।
ਨਾ ਰਹਿਣੀ ਦਿਨਾਂ ਵਿਚ ਹੀ ਜਵਾਨ ਹੋ ਗਈ।
ਕੁਸ਼ ਮਿੱਟੀ ਚੜ੍ਹੀ ਸੀ ਲੁੱਚੀ 'ਤੇ। ਕੁਸ਼ ਹੁਸਨ ਚੜ੍ਹਿਆ। ਤੌਬਾ ਮੇਰੀ ਤੌਬਾ !
ਮੈਂ ਉਹਦਾ ਨਾਂ ਰਾਣੀ ਰੱਖਿਆ ਸੀ।
"ਇਸ ਰਾਣੀ ਦੀ ਥਾਂ ਹੁਣ ਬਦਲ ਗਈ ਏ !...ਜਿਸ ਨੇ ਇਹਦਾ ਚਾਰ ਲੱਖ ਤਾਰਿਆ !... ਇਹ ਹੁਣ ਉਹਦੇ ਡੇਰੇ ਦੀ ਰਾਣੀ ਏ...!" ਜਿਸ ਦਿਨ ਗੁਰੂ ਨੇ ਉਸ ਨੂੰ ਜਾਨਕੀ ਮਹੰਤ ਕੋਲ ਵੇਚਣ ਦੀ ਗੱਲ ਦੱਸੀ।
ਮੇਰੀ ਚੀਕ ਅੰਬਰ ਨਾਲ ਜਾ ਲੱਗੀ। ਮੈਂ ਕੰਧ ਵਿਚ ਟੱਕਰ ਮਾਰੀ। ਗਸ਼ ਖਾ ਬੇਸੁਰਤ ਹੋ ਗਈ।
ਜਦੋਂ ਸੁਰਤ ਆਈ। ਮੇਰੀ ਜਾਨ ਨੂੰ ਜਾਨਕੀ ਮਹੰਤ ਲੈ ਗਿਆ ਸੀ।
"ਜਿੰਦ ਲੈ ਗਿਆ ਉਹ ਦਿਲ ਦਾ ਜਾਨੀ, ਇਹ ਬੁੱਤ ਬੇਜਾਨ ਰਹਿ ਗਿਆ....!" ਰਾਣੀ ਨੂੰ ਯਾਦ ਕਰ ਮੇਰਾ ਹੌਂਕਾ ਨਿਕਲ ਗਿਆ
"ਇਕ ਵਾਰ ਜਿਸ ਦੀ ਰੂਹ ਵਿਚ ਲਹਿ ਗਿਆ !... ਇਹ ਹੌਂਕਾ ਨੀ ਨਿੱਕਲਦਾ ਹੁੰਦਾ ਰੀਨਾ !...ਪੈ ਜਾਹ ਹੁਣ ....!" ਮੈਂ ਅੱਧ-ਸੁੱਤੀ ਪਈ ਬਿਮਲਾ ਵੱਲ ਝਾਕੀ
ਉਹ ਮੈਨੂੰ ਆਖ ਰਹੀ ਸੀ। ਉਸ ਵੱਲ ਵੇਖ ਮੈਂ ਬਾਹਰ ਨੂੰ ਝਾਕੀ।
ਡੇਰੇ ਦੇ ਅੰਦਰ-ਬਾਹਰ ਸੰਘਣਾ ਹਨੇਰਾ ਉੱਤਰ ਆਇਆ ਸੀ।
ਸਭ ਕੁਝ ਧੁੰਦਲਾ ਨਜ਼ਰ ਆ ਰਿਹਾ ਸੀ।
ਹਾਜੀ ਸੁੱਤਾ ਪਿਆ ਸੀ। ਪਰ੍ਹਾਂ ਕੰਧ ਕੋਲ ਰਾਜੂ ਤੇ ਬਾਬੂ ਪਏ ਸਨ।
ਸੁੱਤੀਆਂ ਦੇਹਾਂ ਵੱਲ ਵੇਖ ਮੈਂ ਮੰਜੀ ਛੱਡ ਦਿੱਤੀ।
ਗੁੱਟ 'ਤੇ ਬੰਨ੍ਹੀ ਘੁੰਗਰੂਆਂ ਵਾਲੀ ਖੰਮਣੀ ਚੁੰਮ ਸ਼ੀਸ਼ੇ ਅੱਗੇ ਜਾ ਖੜ੍ਹੀ।
ਮਰ ਜਾਣਾ ਮੈਨੂੰ ਵੇਖਣ ਲੱਗ ਪਿਆ। ਮੈਂ ਉਸ ਨੂੰ ਚੁੰਨੀ ਨਾਲ ਸਾਫ਼ ਕਰਨ ਲੱਗ ਪਈ, "ਕਿਉਂ ਵੇ ਗੂੰਗਿਆ !.... ਹੁਣ ਤਾਂ ਕੁਸ਼ ਬੋਲ !...ਸਾਨੂੰ ਥਾਂ ਚਾਹੀਦੀ ਐ...!!"
ਟੁੱਟ ਜਾਣਾ ਕੁਝ ਨਹੀਂ ਬੋਲਿਆ। ਜੇਕਰ ਬੋਲਦਾ ਹੁੰਦਾ। ਮੇਰੇ 'ਤੇ ਆਸ਼ਕ ਨਾ ਹੋ ਜਾਂਦਾ।
"ਇਹ ਸ਼ੀਸ਼ਾ ਥੋੜਾ ਨਹੀਂ !...ਸਾਡੀ ਮੁੱਖ ਧਾਰਾ ਦਾ ਸ਼ੀਸ਼ਾ ਹੈ...!" ਇਹ ਕੌਣ ਬੋਲਿਆ ਸੀ
ਮੈਂ ਡਰ ਗਈ ! ਹਰਾਮੀ ਸਰਪੰਚ ਨਾਲ ਕੋਕਾ ਪੰਡਿਤ ਸੀ।
ਕੁਰਸੀ 'ਤੇ ਬੈਠਾ ਸਰਪੰਚ ਫੁੱਲਾਂ ਦਾ ਗਜ਼ਰਾ ਸੁੰਘ ਰਿਹਾ ਸੀ। ਘੁੰਗਰੂ ਬੰਨ੍ਹੀ ਪੰਡਿਤ ਨੱਚ ਰਿਹਾ ਸੀ।

ਨੀ ਮੈਂ ਮਰ ਗਈ। ਸ਼ੀਸ਼ੇ ਵਿਚ ਇਹ ਕੀ ਦਿਸਣ ਲੱਗ ਪਿਆ।

"ਵੇ ਮੈਂ ਤਾਂ ਥੋਨੂੰ ਮਰਦ ਸਮਝਿਆ ਸੀ...!" ਹੇਠਲਾ ਬੁੱਲ ਟੁੱਕ ਮੈਂ ਅੱਖ ਮਾਰੀ। ਸ਼ੀਸ਼ਾ ਤਿੜਕ ਗਿਆ !

"ਲੁੱਚਾ ਸਾਲਾ...!" ਉਸ ਵੱਲ ਘੂਰੀ ਵੱਟ ਮੈਂ ਬਾਹਰ ਨੂੰ ਝਾਕੀ

ਕੋਈ ਬਾਹਰਲਾ ਗੇਟ ਖੜਕਾ ਰਿਹਾ ਸੀ, "ਰੀ....ਨਾ....!!"

"ਇਸ ਵਕਤ ਕੌਣ ਹੋਇਆ ....!" ਲੱਕ ਮਾਰਦੀ ਮੈਂ ਗੇਟ ਵੱਲ ਨੂੰ ਤੁਰ ਪਈ

ਜਿਉਂ ਹੀ ਕੁੰਡੀ ਖੋਲ੍ਹੀ। ਉਈ ਅੱਲ੍ਹਾ ! ਅੱਗ ਲਾਉਣਾ ਜੈਲਾ ਖੜ੍ਹਾ ਸੀ।

"ਕਿਉਂ ਵੇ ਅੱਗ ਲੱਗਣਿਆ !... ਮੈਂ ਤੈਨੂੰ ਐਨੀਆਂ 'ਵਾਜਾਂ ਮਾਰੀਆਂ ਸੀ!....ਹੁਣ ਦੱਸ ਕੀ ਲੈਣ ਆਇਆਂ...!" ਮੈਂ ਉਹਦੇ ਮੂੰਹ ਵੱਲ ਵੇਖ ਤਾੜੀ ਮਾਰੀ

ਉਹ ਕੁਝ ਨਾ ਬੋਲਿਆ। ਬੀਹੀ ਵਿਚ ਹਨੇਰਾ ਸੀ।

ਹਨੇਰੇ ਵਿਚ ਖੜ੍ਹਾ ਉਹ ਕੁਝ ਹੇਠਾਂ ਰੱਖਣ ਲੱਗ ਪਿਆ।

ਮੇਰੀ ਜਾਨ ਨਿੱਕਲ ਗਈ। ਉਹ ਲੰਬੀ ਬੀਹੀ ਵੱਲ ਨੂੰ ਤੁਰ ਪਿਆ।

ਮੈਂ ਪਿੰਡ ਵੱਲ ਵੇਖ ਤਾੜੀ ਮਾਰੀ।

ਉਫ !....ਤਾੜੀ ਦੀ ਅਵਾਜ਼ ਵਾਪਿਸ ਕਿਉਂ ਪਰਤ ਆਈ ਸੀ !

ਸ਼ਾਇਦ ਮੇਰੀ ਤਾੜੀ ਵਿਚ ਦਮ ਨਹੀਂ ਰਿਹਾ। ਪਤਾ ਨਹੀਂ ਧਰਤੀ ਹੀ ਬੋਲ਼ੀ ਹੋ ਗਈ!

ਸੋਚੀਂ ਪਈ ਮੈਂ ਪਾਗਲਾਂ ਵਾਂਗ ਤਾੜੀਆਂ ਮਾਰਨ ਲੱਗ ਪਈ।

ਠੀਕ ਉਹੀ ਸਮਾਂ ਸੀ। ਜਦੋਂ ਡੇਰੇ ਅੰਦਰਲੀ ਲਾਈਟ ਜਗੀ।

ਹਾਜੀ, ਬਿਮਲਾ, ਰਾਜੂ ਤੇ ਬਾਬੂ ! ਘੁੰਗਰੂਆਂ ਵਾਲੇ ਪੈਰ ਦੇਹਲੀ ਵੱਲ ਨੂੰ ਤੁਰੇ ਆ ਰਹੇ ਸਨ।

ਡੇਰੇ ਅੰਦਰਲੀ ਲਾਈਟ ਦੀ ਇਕ ਕਾਤਰ ਬੀਹੀ ਵਿਚ ਜਾ ਰਹੀ ਸੀ।

ਬੀਹੀ ਦੇ ਐਨ ਵਿਚਕਾਰ ਚੁੰਨੀ ਤੇ ਘੁੰਗਰੂ ਪਏ ਸਨ !



# ਸੰਪਾਦਕ ਦਾ ਜੀਵਨ-ਬਿਊਰਾ

**ਨਾਂ** – ਜਸਵੀਰ ਸਿੰਘ ਰਾਣਾ

**ਜਨਮ** – 18 ਸਤੰਬਰ 1968, ਅਮਰਗੜ੍ਹ (ਸੰਗਰੂਰ)

**ਮਾਤਾ-ਪਿਤਾ** – ਸ਼੍ਰੀਮਤੀ ਚਰਨ ਕੌਰ, ਸ: ਦਰਸ਼ਨ ਸਿੰਘ

**ਪਰਿਵਾਰ** – ਸਵਰਨ ਕੌਰ ਰਾਜੂ (ਪਤਨੀ), ਲਵਲੀਨ ਕੌਰ ਸ਼ਾਲੂ (ਬੇਟੀ), ਅਨੁਤਾਸ਼ ਕੌਰ ਆਸ਼ੀਮਾ (ਬੇਟੀ), ਸ਼ਾਨਵੀਰ ਸਿੰਘ (ਬੇਟਾ), ਡਾ. ਗੁਰਮੀਤ ਕੌਰ (ਭੈਣ)

**ਵਿਦਿਅਕ ਯੋਗਤਾ** – ਐਮ.ਏ. (ਪੰਜਾਬੀ) ਬੀ.ਐਡ.

**ਕਿੱਤਾ** – ਅਧਿਆਪਕ

**ਮੌਲਿਕ ਪੁਸਤਕਾਂ** –

1. ਸਿਖਰ ਦੁਪਹਿਰਾ (ਕਹਾਣੀ-ਸੰਗ੍ਰਹਿ) 2003,2005
2. ਖਿੱਤੀਆਂ ਘੁੰਮ ਰਹੀਆਂ ਨੇ (ਕਹਾਣੀ-ਸੰਗ੍ਰਹਿ) 2008
3. ਮੈਂ ਤੇ ਮੇਰੀ ਖਾਮੋਸ਼ੀ (ਸ਼ਬਦ-ਚਿਤਰ) 2013
4. ਬਿੱਲੀਆਂ ਅੱਖਾਂ ਦਾ ਜਾਦੂ (ਕਹਾਣੀ-ਸੰਗ੍ਰਹਿ) 2015
5. ਮੇਰੀਆਂ ਬਾਲ ਕਹਾਣੀਆਂ (ਬਾਲ ਕਹਾਣੀ-ਸੰਗ੍ਰਹਿ) 2015

**ਸੰਪਾਦਿਤ ਪੁਸਤਕਾਂ** –

1. ਕਿੰਨਰਾਂ ਦਾ ਵੀ ਦਿਲ ਹੁੰਦਾ ਹੈ (ਹਿਜੜਿਆਂ ਦੀ ਜ਼ਿੰਦਗੀ ਨਾਲ ਸਬੰਧਿਤ ਕਹਾਣੀਆਂ) 2015

**ਕਹਾਣੀ-ਕਲਾ ਉਪਰ ਛਪੀਆਂ ਖੋਜ-ਪੁਸਤਕਾਂ** –

1. ਜਸਵੀਰ ਰਾਣਾ ਦੀ ਕਥਾ-ਦ੍ਰਿਸ਼ਟੀ (2013) ਰੁਪਿੰਦਰ ਕੌਰ
2. ਜਸਵੀਰ ਰਾਣਾ : ਕਹਾਣੀ ਤੇ ਵਿਸ਼ਲੇਸ਼ਣ (2014) ਸੰ: ਡਾ. ਦਿਲਬਾਰਾ ਸਿੰਘ ਬਾਜਵਾ
3. ਸਿਰਜਣ ਪ੍ਰਕਿਰਿਆ : ਪ੍ਰੋਖ ਤੋਂ ਅਪ੍ਰੋਖ ਤੱਕ, ਕਹਾਣੀਕਾਰ ਜਸਵੀਰ ਰਾਣਾ (2015) ਸੰ: ਡਾ. ਮਨਜੀਤ ਕੌਰ ਸਪਰਾ
4. ਜਸਵੀਰ ਰਾਣਾ ਦੀਆਂ ਚੋਣਵੀਆਂ ਕਹਾਣੀਆਂ (2015) ਸੰ: ਸੁਖਵਿੰਦਰ ਸੁੱਖੀ ਭੀਖੀ

**ਖੋਜ ਕਾਰਜ** –

1. ਕਹਾਣੀਆਂ ਉੱਪਰ ਵੱਖ-ਵੱਖ ਯੂਨੀਵਰਸਿਟੀਆਂ ਵਿਚ ਐਮ.ਫਿਲ., ਪੀ.ਐਚ.ਡੀ, ਪੱਧਰ ਦਾ ਖੋਜ ਕਾਰਜ ਹੋ ਰਿਹਾ ਹੈ।

2. ਕਹਾਣੀ 'ਨਸਲਘਾਤ' ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਬੀ.ਏ.II, ਇਲੈਕਟਿਵ ਪੰਜਾਬੀ, ਸਿਲੇਬਸ ਵਿਚ ਲੱਗੀ ਹੋਈ ਹੈ।
3. ਕਹਾਣੀ 'ਚੂੜ੍ਹੇ ਵਾਲੀ ਬਾਂਹ' ਖਾਲਸਾ ਕਾਲਜ, ਅੰਮ੍ਰਿਤਸਰ ਦੇ ਐੱਮ. ਏ.I, (ਪੰਜਾਬੀ) ਦੇ ਸਿਲੇਬਸ ਵਿਚ ਲੱਗੀ ਹੋਈ ਹੈ।

**ਅਨੁਵਾਦ –** ਕਈ ਕਹਾਣੀਆਂ ਹਿੰਦੀ, ਅੰਗਰੇਜ਼ੀ, ਮਲਿਆਲਮ ਭਾਸ਼ਾਵਾਂ ਵਿਚ ਛਪ ਚੁੱਕੀਆਂ ਹਨ।

**ਮਾਣ-ਸਨਮਾਨ-**

1. ਅਦਾਰਾ ਕਲਾਕਾਰ ਚੰਡੀਗੜ੍ਹ ਵਲੋਂ 'ਚਾਦਰ' ਕਹਾਣੀ ਨੂੰ ਨੰਬਰ ਇਕ ਆਉਣ ਲਈ 'ਕਰਨਲ ਨਰੈਣ ਸਿੰਘ ਭੱਠਲ' ਯਾਦਗਾਰੀ ਪੁਰਸਕਾਰ-2001
2. ਕਹਾਣੀ-ਸੰਗ੍ਰਹਿ 'ਸਿਖਰ-ਦੁਪਹਿਰਾ' ਨੂੰ ਭਾਸ਼ਾ ਵਿਭਾਗ ਪੰਜਾਬ ਦੁਆਰਾ ਪੰਜਾਬੀ ਕਹਾਣੀ ਦੀ ਸਰਵੋਤਮ ਪੁਸਤਕ ਲਈ 'ਨਾਨਕ ਸਿੰਘ ਪੁਰਸਕਾਰ -2004
3. ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਪੁਰਸਕਾਰ -2004, 2012 ਜ਼ਿਲ੍ਹਾ ਸਾਹਿਤ ਕੇਂਦਰ ਅਤੇ ਲੋਕ ਚੇਤਨਾ ਮੰਚ ਗੁਰਦਾਸਪੁਰ
4. ਕਹਾਣੀਕਾਰ ਨਵਤੇਜ ਸਿੰਘ ਪੁਰਸਕਾਰ-2005-ਪੰਜਾਬੀ ਸਾਹਿਤ ਕਲਾ ਮੰਚ- ਪ੍ਰੀਤ ਨਗਰ (ਅੰਮ੍ਰਿਤਸਰ)
5. ਸ਼ਾਕਿਰ ਪੁਰਸ਼ਾਰਥੀ ਗਲਪ ਪੁਰਸਕਾਰ-2006-ਸਾਹਿਤ ਸਭਾ ਜਗਰਾਵਾਂ (ਲੁਧਿਆਣਾ)
6. ਨਵਾਂ-ਜ਼ਮਾਨਾ ਕਹਾਣੀ ਸਰਵੇਖਣ ਵਿਚ 'ਚੂੜੇ ਵਾਲੀ ਬਾਂਹ' ਕਹਾਣੀ ਨੂੰ ਨੰਬਰ ਇਕ ਆਉਣ ਲਈ 'ਬੀਬੀ ਸਵਰਨ ਕੌਰ ਯਾਦਗਾਰੀ ਪੁਰਸਕਾਰ-2007
7. ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜਨਮ ਸ਼ਤਾਬਦੀ ਕਹਾਣੀ ਪੁਰਸਕਾਰ 2007 ਪੰਜਾਬੀ ਸਾਹਿਤ ਸਭਾ-ਧੂਰੀ
8. ਨਵਾਂ ਜ਼ਮਾਨਾ ਕਹਾਣੀ ਸਰਵੇਖਣ ਵਿਚ 'ਪੱਟ 'ਤੇ ਵਾਹੀ ਮੋਰਨੀ' ਕਹਾਣੀ ਨੂੰ ਨੰਬਰ ਇਕ ਆਉਣ ਲਈ 'ਬੀਬੀ ਸਵਰਨ ਕੌਰ ਯਾਦਗਾਰੀ ਪੁਰਸਕਾਰ 2009
9. ਲੋਕ ਕਹਾਣੀਕਾਰ ਸ੍ਰੀ ਜਰਨੈਲ ਪੁਰੀ ਪੁਰਸਕਾਰ-2013-ਸਾਹਿਤ ਸਭਾ ਸ਼ੇਰਪੁਰ (ਸੰਗਰੂਰ)


**ਪਤਾ-**

**ਜਸਵੀਰ ਸਿੰਘ ਰਾਣਾ**

**# ਸਵਰਨ ਵਿਲਾ**

**V.P.O ਅਮਰਗੜ੍ਹ (ਸੰਗਰੂਰ)**

**ਫੋਨ-98156-59220**